ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 34 | 02 September 2020 to 08 September 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਚੀਨ ਨੇ ਲੱਦਾਖ ਦੇ 1000 ਵਰਗ ਕਿਲੋਮੀਟਰ ਇਲਾਕੇ ’ਤੇ ਕਬਜ਼ਾ ਕੀਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਅਤੇ ਚੀਨ ਦੇ ਫੌਜੀਆਂ ਦਰਮਿਆਨ ਲੱਦਾਖ ਵਿਚ ਪੈਂਗੌਂਗ ਝੀਲ ਦੇ ਦੱਖਣੀ ਹਿੱਸੇ ਵਿਚ ਸ਼ਨੀਵਾਰ ਰਾਤ ਨੂੰ ਹੋਈ ਹੱਥੋਪਾਈ ਤੋਂ ਬਾਅਦ ਹੁਣ ਰਿਪੋਰਟਾਂ ਆ ਰਹੀਆਂ ਹਨ ਕਿ ਚੀਨੀ ਫੌਜ ਨੇ ਭਾਰਤ ਦੇ ਦਾਅਵੇ ਵਾਲੇ 1000 ਵਰਗ ਕਿਲੋਮੀਟਰ ਇਲਾਕੇ ‘ਤੇ ਕਬਜ਼ਾ ਕਰ ਲਿਆ ਹੈ। ਇਹਨਾਂ ਰਿਪੋਰਟਾਂ ਮੁਤਾਬਕ ਖੁਫੀਆ ਅਜੰਸੀਆਂ ਨੇ ਭਾਰਤ ਸਰਕਾਰ ਨੂੰ ਦੱਸਿਆ ਕਿ ਹੈ ਕਿ ਲੱਦਾਖ ਵਿਚ ਐਲਏਸੀ ਦੇ ਨਾਲ ਲਗਦੇ 1000 ਵਰਗ ਕਿਲੋਮੀਟਰ ਇਲਾਕੇ ‘ਤੇ ਚੀਨ ਦਾ ਹੁਣ ਪੂਰੀ ਤਰ੍ਹਾਂ ਕਬਜ਼ਾ ਹੋ ਚੁੱਕਿਆ ਹੈ।

ਚੀਨ ਅਪ੍ਰੈਲ ਮਹੀਨੇ ਤੋਂ ਲਗਾਤਾਰ ਲੱਦਾਖ ਵਿਚ ਆਪਣੀ ਫੌਜ ਦੀ ਗਿਣਤੀ ਵਧਾ ਰਿਹਾ ਹੈ ਅਤੇ ਆਪਣੇ ਟਿਕਾਣਿਆਂ ਨੂੰ ਮਜ਼ਬੂਤ ਕਰ ਰਿਹਾ ਹੈ। 15 ਜੂਨ ਨੂੰ ਭਾਰਤ ਅਤੇ ਚੀਨ ਦੇ ਫੌਜੀਆਂ ਦਰਮਿਆਨ ਹੋਈ ਝੜਪ ਵਿਚ ਭਾਰ ਤਦੇ 20 ਫੌਜੀ ਮਾਰੇ ਗਏ ਸਨ।

“ਦਾ ਹਿੰਦੂ” ਅਖਬਾਰ ਨੇ ਉੱਚ ਸਰਕਾਰੀ ਅਫਸਰ ਦੇ ਹਵਾਲੇ ਨਾਲ ਛਾਪਿਆ ਹੈ ਕਿ ਚੀਨ ਨੇ ਸਭ ਤੋਂ ਵੱਧ ਇਲਾਕਾ (900




ਵਰਗ ਕਿਲੋਮੀਟਰ ਤੋਂ ਵੱਧ) ਡੇਪਸਾਂਗ ਪਲੇਨ ਇਲਾਕੇ ਵਿਚ ਆਪਣੇ ਕਬਜ਼ੇ ‘ਚ ਕੀਤਾ ਹੈ। ਇਹ ਇਲਾਕਾ ਪੈਟਰੋਲਿੰਗ ਪੁਆਇੰਟ 10 ਅਤੇ 13 ਦੇ ਦਰਮਿਆਨ ਪੈਂਦਾ ਹੈ।

ਇਸ ਤੋਂ ਇਲਾਵਾ ਗਲਵਾਨ ਘਾਟੀ (20 ਵਰਗ ਕਿਮੀ), ਹੌਟ ਸਪ੍ਰਿੰਗ ਇਲਾਕੇ (12 ਵਰਗ ਕਿਮੀ), ਪੈਂਗੌਂਗ ਝੀਲ (65 ਵਰਗ ਕਿਮੀ) ਅਤੇ ਚੁਸ਼ੂਲ (20 ਵਰਗ ਕਿਮੀ) ਵਿਚ ਵੀ ਕਈ ਕਿਲੋਮੀਟਰ ਇਲਾਕੇ ‘ਤੇ ਚੀਨ ਕਾਬਜ਼ ਹੋ ਚੁੱਕਿਆ ਹੈ।

**ਭਾਰਤ ਦੀ ਖਾਸ ਫੌਜੀ ਟੁਕੜੀ ਦੇ ਇਕ ਜਵਾਨ ਦੀ ਮੌਤ**

ਲੱਦਾਖ ਵਿਚ ਤੈਨਾਤ ਭਾਰਤ ਦੀ ਖਾਸ ਫੌਜੀ ਟੁਕੜੀ ਦੇ ਇਕ ਤਿੱਬਤੀ ਮੂਲ ਦੇ ਫੌਜੀ ਦੀ ਚੀਨੀ ਫੌਜ ਨਾਲ ਝੜਪ ਵਿਚ ਮੌਤ ਹੋਣ ਦੀਆਂ ਖਬਰਾਂ ਸਾਹਮਣੇ ਆ ਰਹੀਆਂ ਹਨ। ਹਲਾਂਕਿ ਭਾਰਤੀ ਮੀਡੀਆ ਅਤੇ ਸਰਕਾਰ ਇਸ ਮਾਮਲੇ ‘ਤੇ ਚੁੱਪ ਹਨ ਪਰ ਜਲਾਵਤਨ ਤਿੱਬਤੀ ਪਾਰਲੀਮੈਂਟ ਦੀ ਮੈਂਬਰ ਨਮਗਿਆਲ ਡੋਲਕਰ ਲਾਗਿਆਰੀ ਨੇ ਏਐਫਪੀ ਖਬਰ ਅਜੰਸੀ ਨੂੰ ਦੱਸਿਆ ਕਿ ਸ਼ਨੀਵਾਰ ਰਾਤ ਨੂੰ ਭਾਰਤ ਅਤੇ ਚੀਨੀ ਫੌਜੀਆਂ ਦਰਮਿਆਨ ਲੱਦਾਖ ਵਿਚ ਹੋਈ ਝੜਪ ‘ਚ ਤਿੱਬਤੀ ਮੂਲ ਦਾ ਇਕ ਫੌਜੀ “ਸ਼ਹੀਦ” ਹੋ ਗਿਆ ਹੈ।

ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਤਿੱਬਤੀ ਮੂਲ ਦਾ ਇਕ ਫੌਜੀ ਜ਼ਖਮੀ ਵੀ ਹੋਇਆ ਹੈ।

ਭਾਰਤੀ ਫੌਜ ਦੀ ਇਸ ਟੁਕੜੀ ਵਿਚ ਤਿੱਬਤੀ ਮੂਲ ਦੇ ਫੌਜੀਆਂ ਨੂੰ ਸ਼ਾਮਲ ਕੀਤਾ ਗਿਆ ਹੈ ਜੋ ਤਿੱਬਤ ਦੇ ਇਲਾਕੇ ‘ਤੇ ਚੀਨ ਦੇ ਕਬਜ਼ੇ ਦਾ ਵਿਰੋਧ ਕਰਦੇ ਹਨ।


## ਅੰਦਰ ਪੜ੍ਹੋ



**10** ਵਿਸ਼ੇਸ਼ ਰਪੋਰਟ
ਚੀਨ ਤਕਰਾਰ ਤੇ ਆਰਥਿਕ ਸੰਕਟ ਭਾਰਤ ਲਈ ਵੱਡਾ ਚੈਲਿੰਜ




**18** ਵਿਸ਼ੇਸ਼ ਲੇਖ
1947 ਦੀ ਵੰਡ ਵੇਲੇ ਝੁੱਲੀ ਫ਼ਿਰਕੂ ਹਨੇਰੀ ਦਸ ਲੱਖ ਬੇਗੁਨਾਹ ਪੰਜਾਬੀਆਂ ਦੀ ਕਤਲਗਾਹ


# ਟਰੰਪ ਨੇ ਕੇਨੋਸ਼ਾ ਪਹੁੰਚ ਕੇ ਨਸਲੀ ਹਿੰਸਾ ਦੀ ਦੋਸ਼ੀ ਪੁਲਸ ਦੀ ਪਿੱਠ ਥਾਪੜੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਰਾਸ਼ਟਰਪਤੀ ਡੋਨਾਲਡ ਟਰੰਪ ਅੱਜ ਵਿਸਕਾਨਸਿਨ ਦੇ ਕੇਨੋਸ਼ਾ ਵਿਚ ਪੁਲਸ ਦੀ ਪਿੱਠ ਥਾਪੜਨ ਲਈ ਪਹੁੰਚੇ। ਕੇਨੋਸ਼ਾ ਵਿਚ ਪੁਲਸ ਨੇ ਇਕ ਕਾਲੇ ਅਫਰੀਕੀ-ਅਮਰੀਕਨ ਦੇ ਗੋਲੀਆਂ ਮਾਰ ਦਿੱਤੀਆਂ ਸੀ ਜਿਸ ਤੋਂ ਬਾਅਦ ਸ਼ਹਿਰ ਵਿਚ ਵੱਡੇ ਪੱਧਰ ‘ਤੇ ਵਿਰੋਧ ਪ੍ਰਦਰਸ਼ਨ ਹੋਏ। ਇਹਨਾਂ ਵਿਰੋਧ ਪ੍ਰਦਰਸ਼ਨਾਂ ਦੌਰਾਨ ਇਕ 17 ਸਾਲਾਂ ਦੇ ਗੋਰੇ ਨੌਜਵਾਨ ਨੇ ਪ੍ਰਦਰਸ਼ਨਕਾਰੀਆਂ ‘ਤੇ ਅੰਨੇਵਾਹ ਗੋਲੀਆਂ ਚਲਾ ਦਿੱਤੀਆਂ ਸੀ ਜਿਸ ਵਿਚ ਦੋ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਇਕ ਜ਼ਖਮੀ ਹੋਇਆ ਸੀ। ਕੇਨੋਸ਼ਾ ਵਿਚ ਪੁਲਸ ਨੇ 29 ਸਾਲਾ ਜੇਕਬ ਬਲੇਕ ਦੀ ਪਿੱਠ ਵਿਚ ਸੱਤ ਗੋਲੀਆਂ ਮਾਰੀਆਂ ਸੀ ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਅਤੇ ਉਸ ਦਾ ਸ਼ਰੀਰ ਨਕਾਰਾ ਹੋ ਗਿਆ ਹੈ। ਅਮਰੀਕਾ ਵਿਚ ਪਹਿਲਾਂ ਹੀ ਬਲੈਕ ਲਾਈਵਸ ਮੈਟਰ ਮੁਹਿੰਮ ਜ਼ੋਰ ਨਾਲ ਚੱਲ ਰਹੀ ਹੈ ਜੋ ਕਾਲੇ ਲੋਕਾਂ ‘ਤੇ ਹੁੰਦੀ ਪੁਲਸ ਹਿੰਸਾ ਦੇ ਵਿਰੋਧ ਵਿਚ ਸ਼ੁਰੂ ਕੀਤੀ ਗਈ ਹੈ। ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਲਈ ਨਵੰਬਰ ਵਿਚ ਹੋਣ ਜਾ ਰਹੀਆਂ ਚੋਣਾਂ ਦਾ ਇਹ ਵੱਡਾ ਮੁੱਦਾ ਬਣ ਚੁੱਕਿਆ ਹੈ। ਤਾਜ਼ਾ ਆਏ ਸਰਵੇਖਣਾਂ ਵਿਚ ਡੈਮੋਕਰੈਟਿਕ ਉਮੀਦਵਾਰ ਜੋਇ ਬਿਡਨ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਨੂੰ ਪਛਾੜਦੇ ਨਜ਼ਰ ਆ ਰਹੇ ਹਨ।

ਅਮਰੀਕਾ ਵਿਚ ਨਸਲੀ ਹਿੰਸਾ ਖਿਲਾਫ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਬਾਰੇ ਬਿਡਨ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਟਰੰਪ ਆਪਣੇ ਰਵੱਈਏ



ਨਾਲ ਨਸਲੀ ਹਿੰਸਾ ਨੂੰ ਵਧਾ ਰਹੇ ਹਨ ਜਦਕਿ ਟਰੰਪ ਹੁਣ ਖੁੱਲ੍ਹ ਕੇ ਪ੍ਰਦਰਸ਼ਨਕਾਰੀਆਂ ਦੇ ਖਿਲਾਫ ਆ ਗਏ ਹਨ ਅਤੇ ਉਹ ਇਹਨਾਂ ਪ੍ਰਦਰਸ਼ਨਾਂ ਨੂੰ ਅਮਰੀਕਾ ਦੇ ਅਮਨ-ਕਾਨੂੰਨ ਲਈ ਖਤਰੇ ਵਜੋਂ ਪੇਸ਼ ਕਰ ਰਹੇ ਹਨ। ਆਪਣੀ ਨੀਤੀ ਅਧੀਨ ਟਰੰਪ ਨੇ ਹੁਣ ਪ੍ਰਦਰਸ਼ਨਕਾਰੀਆਂ ਖਿਲਾਫ ਹਿੰਸਾ ਕਰ ਰਹੇ ਗੋਰਿਆਂ ਦਾ ਖੁੱਲ੍ਹੇਆਮ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ ਹੈ। ਟਰੰਪ ਨੇ ਕੇਨੋਸ਼ਾ ਵਿਚ ਪ੍ਰਦਰਸ਼ਨਕਾਰੀਆਂ ‘ਤੇ ਗੋਲੀਆਂ ਚਲਾਉਣ ਵਾਲੇ ਕਿਲੇ ਰਿਟਨਹਾਊਸ ਦਾ ਵੀ ਸਮਰਥਨ ਕੀਤਾ ਹੈ। ਟਰੰਪ ਨੇ ਆਪਣੇ ਇਸ ਦੌਰੇ ਦੌਰਾਨ ਪੁਲਸ ਨੂੰ ਹਿੰਸਾ ਤੋਂ ਬਰੀ ਕਰਦਿਆਂ ਪ੍ਰਦਰਸ਼ਨਕਾਰੀਆਂ ‘ਤੇ ਦਹਿਸ਼ਤ ਫੈਲਾਉਣ ਦਾ ਦੋਸ਼ ਲਾਇਆ।

# ਅਲਾਹਾਬਾਦ ਹਾਈ ਕੋਰਟ ਨੇ ਐਨਐਸਏ ਨੂੰ ਰੱਦ ਕਰਦਿਆਂ ਡਾਕਟਰ ਕਫੀਲ ਖ਼ਾਨ ਨੂੰ ਤੁਰੰਤ ਰਿਹਾ ਕਰਨ ਦੇ ਹੁਕਮ ਦਿੱਤੇ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਲਾਹਾਬਾਦ ਹਾਈ ਕੋਰਟ ਨੇ ਬੀਤੇ ਕੱਲ ਡਾ: ਕਫੀਲ ਖ਼ਾਨ ਖ਼ਿਲਾਫ਼ ਰਾਸ਼ਟਰੀ ਸੁਰੱਖਿਆ ਐਕਟ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਉਸ ਨੂੰ ਤੁਰੰਤ ਜੇਲ ਤੋਂ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ। ਚੀਫ਼ ਜਸਟਿਸ ਗੋਵਿੰਦ ਮਾਥੁਰ ਅਤੇ ਜਸਟਿਸ ਸੌਮਿੱਤਰਾ ਦਿਆਲ ਸਿੰਘ ਦੀ ਡਵੀਜ਼ਨ ਬੈਂਚ ਨੇ ਆਪਣੇ ਫੈਂਸਲੇ ਵਿਚ ਡਾ. ਕਫੀਲ ਖਾਨ ਦੀ ਹਿਰਾਸਤ ਦੀ ਮਿਆਦ ਵਧਾਉਣ ਦੇ ਹੇਠਲੀ ਅਦਾਲਤ ਦੇ ਫੈਂਸਲੇ ਨੂੰ ਗੈਰ ਕਾਨੂੰਨੀ ਐਲਾਨਿਆ ਹੈ। ਖਾਨ ਨੂੰ 29 ਜਨਵਰੀ ਵਾਲੇ ਦਿਨ ਮੁੰਬਈ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਸਦੀ ਇਹ ਗ੍ਰਿਫ਼ਤਾਰੀ ਅਲੀਗੜ ਦੇ ਸਿਵਲ ਲਾਈਨਜ਼ ਥਾਣੇ ਵਿਚ ਭਾਰਤੀ ਸਜ਼ਾਵਲੀ ਦੀ ਧਾਰਾ 153-ਏ ਦੇ ਤਹਿਤ ਦਰਜ ਕੀਤੇ ਕੇਸ ਦੇ ਸੰਬੰਧ ਵਿਚ ਕੀਤੀ ਗਈ ਸੀ। ਉਸ ਖਿਲਾਫ ਦੋਸ਼ ਸੀ ਕਿ ਸੀਏਏ ਕਾਨੂੰਨ ਖਿਲਾਫ ਅਲੀਗੜ ਮੁਸਲਿਮ ਯੂਨੀਵਰਸਿਟੀ ਵਿਚ ਭਾਸ਼ਣ ਦਿੰਦਿਆਂ ਉਸਨੇ ਦੋ ਧਾਰਮਿਕ ਫਿਰਕਿਆਂ ਨੂੰ ਭੜਕਾ ਕੇ ਹਿੰਸਾ



ਕਰਾਉਣ ਦੀ ਕੋਸ਼ਿਸ਼ ਕੀਤੀ ਸੀ।

10 ਫਰਵਰੀ ਨੂੰ, ਖਾਨ ਨੂੰ ਅਲਾਹਾਬਾਦ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਸੀ ਪਰ ਮਥੁਰਾ ਜੇਲ ਦੇ ਅਧਿਕਾਰੀਆਂ ਨੇ ਉਸ ਨੂੰ ਤੁਰੰਤ ਰਿਹਾ ਨਹੀਂ ਕੀਤਾ। ਉਸ ਤੋਂ ਬਾਅਦ ਉਸ ਦੇ ਪਰਿਵਾਰ ਨੇ ਹਾਈ ਕੋਰਟ ਦੇ ਆਦੇਸ਼ਾਂ ਦੀ ਉਲੰਘਣਾ ਦਾ ਮਾਮਲਾ ਅਲੀਗੜ ਦੀ ਅਦਾਲਤ ਵਿਚ ਦਰਜ ਕੀਤਾ। ਅਲੀਗੜ ਦੀ ਅਦਾਲਤ ਨੇ 13 ਫਰਵਰੀ ਨੂੰ ਰਿਹਾਈ ਦਾ ਆਦੇਸ਼ ਜਾਰੀ ਕੀਤਾ ਸੀ। ਪਰ ਇਸ ਨੂੰ ਅਮਲ ਵਿਚ ਲਿਆਉਣ ਤੋਂ ਪਹਿਲਾਂ ਯੂਪੀ ਪੁਲਸ ਨੇ ਉਸ ਦੇ ਖ਼ਿਲਾਫ਼ ਐਨਐਸਏ ਅਧੀਨ ਮਾਮਲਾ ਦਰਜ ਕਰ ਦਿੱਤਾ ਸੀ।

ਬਾਕੀ ਸਫ਼ਾ 32 ’ਤੇ





















City of Burnaby

OFFICE OF THE MAYOR

Proclamation

JASWANT SINGH KHALRA DAY

Whereas Jaswant Singh Khalra was a strong advocate for the democratic and civil rights of the people and a highly respected leader of the Sikh community; and

WHEREAS Jaswant Singh Khalra died fighting for the human rights and dignity of the Sikhs and others; and

WHEREAS September 6 is historically important date recognized by the Sikhs and South Asians all across Canada each year in commemoration of his death in 1995; and

WHEREAS the City of Burnaby honours the Sikh history and culture, Jaswant Singh Khalra's place in South Asian history, and the City's valued relationship with the Sikh community and its strong commitment to social justice.

NOW THEREFORE I, MIKE HURLEY, MAYOR OF BURNABY, DO HEREBY PROCLAIM SEPTEMBER 6 AS

"JASWANT SINGH KHALRA DAY"

IN THE CITY OF BURNABY.

Dated this Twenty-fourth Day of August, 2020 A.D.

Mike Hurley
MAYOR

# ਲਾਵਾਰਿਸ ਲਾਸ਼ਾਂ ਦਾ ਵਾਰਸ ਸ਼ਹੀਦ ਜਸਵੰਤ ਸਿੰਘ ਖਾਲੜਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:**
ਜੂਨ 1984 ਵਿਚ ਭਾਰਤੀ ਫੌਜ ਨੇ ਸਿੱਖਾਂ ਦੇ ਕੇਂਦਰੀ ਧਾਰਮਿਕ ਸਥਾਨ ਦਰਬਾਰ ਸਾਹਿਬ ਸਮੇਤ ਪੰਜਾਬ ਦੇ 40 ਤੋਂ ਵੱਧ ਗੁਰਦੁਆਰਾ ਸਾਹਿਬ 'ਤੇ ਹਮਲਾ ਕਰਕੇ ਸਿੱਖ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਸਮੇਤ ਅਨੇਕਾਂ ਸਿੱਖ ਨੌਜਵਾਨਾਂ, ਬੱਚਿਆਂ, ਬਜ਼ੁਰਗਾਂ, ਮਰਦਾਂ, ਔਰਤਾਂ ਦਾ ਕਤਲੇਆਮ ਕੀਤਾ। ਇਸ ਕਤਲੇਆਮ ਦੇ ਰੋਸ ਵਜੋਂ ਪੰਜਾਬ ਦੀ ਸਿੱਖ ਨੌਜਵਾਨੀ ਨੇ ਆਪਣੇ ਗੁਰੂ ਸਿਧਾਂਤ ਮੁਤਾਬਕ ਹਥਿਆਰਬੰਦ ਸੰਘਰਸ਼ ਦੀ ਸ਼ੁਰੂਆਤ ਕਰ ਦਿੱਤੀ। ਪੰਜਾਬ ਅਤੇ ਸਿੱਖਾਂ ਦੀਆਂ ਰਾਜਸੀ ਤੇ ਧਾਰਮਿਕ ਮੰਗਾਂ ਲਈ ਲੱਗਿਆ ਸ਼ਾਂਤਮਈ ਧਰਮ ਯੁੱਧ ਮੋਰਚਾ ਦਰਬਾਰ ਸਾਹਿਬ ਦੇ ਹਮਲੇ ਤੋਂ ਬਾਅਦ ਹਥਿਆਰਬੰਦ ਸੰਘਰਸ਼ ਦਾ ਰੂਪ ਲੈ ਗਿਆ। ਇਸ ਹੱਕੀ ਸੰਘਰਸ਼ ਨੂੰ ਦਬਾਉਣ ਲਈ ਭਾਰਤੀ ਰਾਜ ਨੇ ਆਪਣੀਆਂ ਫੌਜਾਂ (ਸੀਆਰਪੀਐਫ) ਅਤੇ ਪੰਜਾਬ ਪੁਲਸ ਨੂੰ ਕਾਨੂੰਨ ਤੋਂ ਪਰੇ ਜਾਂਦਿਆਂ ਤਾਕਤਾਂ ਦੀ ਨਜਾਇਜ ਵਰਤੋਂ ਕਰਨ ਦੀ ਖੁੱਲ ਦੇ ਦਿੱਤੀ। ਸਰਕਾਰ ਵੱਲੋਂ ਵੱਧ ਕਤਲਾਂ 'ਤੇ ਵੱਧ ਤਰੱਕੀ ਦੀ ਸਕੀਮ ਲਿਆਂਦੀ ਗਈ। ਜਿਸ ਦਾ ਸਿੱਟਾ ਇਹ ਨਿੱਕਲਿਆ ਕਿ ਪੁਲਸ ਅਫਸਰ ਤਰੱਕੀਆਂ ਦੇ ਲਾਲਚ ਵਿਚ ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿਚੋਂ ਸਿੱਖਾਂ ਨੂੰ ਚੁੱਕ ਕੇ ਥਾਣੇ ਲੈ ਜਾਂਦੇ, ਤਸ਼ੱਦਦ ਕਰਕੇ ਤੇ ਫੇਰ ਝੂਠੇ ਮੁਕਾਬਲੇ ਦੀ ਘੜੀ-ਘੜਾਈ ਕਹਾਣੀ ਬਣਾ ਕੇ ਕਤਲ ਕਰ ਦਿੰਦੇ। ਫੇਰ ਇਹਨਾਂ ਕਤਲ ਹੋਏ ਸਿੱਖਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਲਾਸ਼ਾਂ ਦਸ ਕੇ ਵੱਖ-ਵੱਖ ਸ਼ਹਿਰਾਂ, ਕਸਬਿਆਂ ਦੇ ਸ਼ਮਸ਼ਾਨ ਘਾਟਾਂ ਵਿਚ ਸਾੜ ਦਿੱਤਾ ਜਾਂਦਾ। ਸਰਕਾਰ ਦੇ ਇਸ ਜ਼ੁਲਮ ਦੀ ਦਾਸਤਾਨ ਸ਼ਾਇਦ ਹਮੇਸ਼ਾ ਲਈ ਇਹਨਾਂ ਸ਼ਮਸ਼ਾਨ ਘਾਟਾਂ ਵਿਚ ਰਾਖ ਬਣ ਜਾਂਦੀ ਪਰ ਜਸਵੰਤ ਸਿੰਘ ਖਾਲੜਾ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਸਰਕਾਰੀ ਜ਼ੁਲਮ ਦੀ ਰਾਖ ਨੂੰ ਫਰੋਲ ਇਹਨਾਂ ਅਣਪਛਾਤੀਆਂ ਲਾਸ਼ਾਂ ਦਾ ਸੱਚ ਦੁਨੀਆ ਸਾਹਮਣੇ ਪ੍ਰਗਟ ਕਰ ਦਿੱਤਾ। ਪਰ ਸਿੱਖਾਂ ਦੀਆਂ ਲਾਸ਼ਾਂ ਲੱਭਦਾ ਲੱਭਦਾ ਇਹ ਜਸਵੰਤ ਸਿੰਘ ਖਾਲੜਾ ਵੀ ਲਾਸ਼ ਬਣਾ ਦਿੱਤਾ ਗਿਆ।

**ਕੌਣ ਸੀ ਜਸਵੰਤ ਸਿੰਘ ਖਾਲੜਾ**

ਜਸਵੰਤ ਸਿੰਘ ਖਾਲੜਾ ਦਾ ਜਨਮ 2 ਨਵੰਬਰ 1952 ਨੂੰ ਲਾਹੌਰ ਅਤੇ ਪੱਟੀ ਦਰਮਿਆਨ ਪੈਂਦੇ ਪਿੰਡ ਖਾਲੜਾ ਵਿਖੇ ਸਰਦਾਰ ਕਰਤਾਰ ਸਿੰਘ ਅਤੇ ਮਾਤਾ ਮੁਖਤਿਆਰ ਕੌਰ ਦੇ ਘਰ ਹੋਇਆ। ਪੰਜਾਬ ਦੀ ਮੱਧ-ਵਰਗੀ ਕਿਸਾਨੀ ਨਾਲ ਸਬੰਧਿਤ ਇਸ ਪਰਿਵਾਰ ਦਾ ਸਬੰਧ ਉਹਨਾਂ ਸਿੰਘਾਂ ਨਾਲ ਜੁੜਦਾ ਹੈ ਜਿਹਨਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲ ਦਿੱਲੀ ਵਿਖੇ ਸ਼ਹੀਦ ਕੀਤਾ ਗਿਆ ਸੀ। ਇਹਨਾਂ ਦੇ ਵਡੇਰਿਆਂ ਵਿਚੋਂ ਬਾਬਾ ਸੂਰਾ ਸਿੰਘ ਪਿੰਡ ਵਾਂ ਵਿਖੇ ਮੁਗਲ ਹਕੂਮਤ ਨਾਲ ਹੋਈ ਜੰਗ 'ਚ ਸ਼ਹੀਦ ਹੋਏ ਸਨ। ਇਹਨਾਂ ਦੇ ਦਾਦਾ ਹਰਨਾਮ ਸਿੰਘ ਕਾਮਾਗਾਟਾਮਾਰੂ ਜਹਾਜ ਵਾਲੇ ਇਨਕਲਾਬੀ ਪਰਵਾਨਿਆਂ ਵਿੱਚੋਂ ਇੱਕ ਸਨ।

ਜਸਵੰਤ ਸਿੰਘ ਖਾਲੜਾ ਆਪਣੀ ਪੜਾਈ ਦੇ ਸਮੇਂ ਤੋਂ ਹੀ ਲੋਕ ਹੱਕੀ ਸੰਘਰਸ਼ਾਂ ਵਿਚ ਸ਼ਾਮਲ ਹੁੰਦੇ ਰਹੇ। ਜਸਵੰਤ ਸਿੰਘ ਨੇ 1969 ਵਿੱਚ ਦਸਵੀਂ ਪਾਸ ਕੀਤੀ ਤੇ ਬੀੜ ਬਾਬਾ ਬੁੱਢਾ ਕਾਲਜ, ਝਬਾਲ ਵਿੱਚ ਦਾਖਲਾ ਲਿਆ। ਇਸ ਸਮੇਂ ਦੌਰਾਨ ਪੰਜਾਬ ਅੰਦਰ ਖੱਬੇ-ਪੱਖੀਆਂ ਦੀ ਵਿਦਿਆਰਥੀ ਲਹਿਰ ਜਥੇਬੰਦ ਹੋ ਰਹੀ ਸੀ, ਜਿਸ ਵਿੱਚ ਸ. ਜਸਵੰਤ ਸਿੰਘ ਆਪਣੇ ਸੰਘਰਸ਼ੀਲ ਸੁਭਾਅ ਮੁਤਾਬਕ ਸ਼ਾਮਲ ਹੋ ਗਏ। 1981 ਦਾ ਬੱਸ ਕਿਰਾਇਆ ਘੋਲ, ਜੋ ਬੱਸਾਂ ਦੇ ਕਿਰਾਏ ਵਿੱਚ ਕੀਤੇ ਵਾਧੇ ਖਿਲਾਫ ਲੜਿਆ ਗਿਆ ਸੀ, ਅਜਿਹਾ ਪਹਿਲਾ ਵੱਡਾ ਸੰਘਰਸ਼ ਸੀ ਜਿਸ ਦੀ ਅਗਵਾਈ ਕਰਨ ਵਾਲਿਆਂ ਵਿੱਚ ਸ. ਖਾਲੜਾ ਵੀ ਸ਼ਾਮਲ ਸਨ। ਉਹ ਕਾਮਰੇਡਾਂ ਵੱਲੋਂ ਸਿਨੇਮਿਆਂ ਦੀਆਂ ਟਿਕਟਾਂ ਦੇ ਵਾਧੇ ਖਿਲਾਫ ਪਾਏ ਰੌਲੇ ਵਿਚ ਪਹਿਲੀ ਵਾਰ ਜੇਲ ਗਏ।

1973 ਵਿਚ ਕਾਲਜ ਦੀ ਪੜਾਈ ਪੂਰੀ ਕਰਕੇ ਉਹ ਪਿੰਡ ਵਾਪਸ ਆ ਗਏ ਤੇ ਉਹਨਾਂ ਮਾਝੇ ਵਿਚ ਨੌਜਵਾਨ ਭਾਰਤ ਸਭਾ ਨੂੰ ਮਜ਼ਬੂਤ ਕਰਨ ਦਾ ਕੰਮ ਕੀਤਾ। 1974 ਵਿਚ ਉਹ ਪੰਚਾਇਤ ਸਕੱਤਰ ਬਣੇ ਤਾਂ ਉਹਨਾਂ ਆਪਣੇ ਸੁਭਾਅ ਮੁਤਾਬਕ ਇੱਥੇ ਵੀ ਪੰਚਾਇਤ ਸਕੱਤਰਾਂ ਦੀ ਸੂਬਾ ਪੱਧਰੀ ਜਥੇਬੰਦੀ ਬਣਾ ਲਈ ਜਿਸਦੇ ਉਹ ਪਹਿਲੇ ਸਕੱਤਰ ਬਣੇ।

ਪਰ 1978 ਵਿਚ ਵਾਪਰੇ ਨਿਰੰਕਾਰੀ ਕਾਂਢ (ਜਿਸ ਵਿਚ 13 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ) ਤੋਂ ਬਾਅਦ ਜਿਵੇਂ ਸਿੱਖ ਜਗਤ ਵਿਚ ਵੱਡਾ ਰੋਹ ਫੈਲਿਆ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸਿੱਖਾਂ ਅੰਦਰ ਨਵੀਂ ਰਾਜਸੀ ਚੇਤਨਾ ਦਾ ਪ੍ਰਕਾਸ਼ ਹੋਇਆ ਤਾਂ ਹੋਰ ਅਨੇਕਾਂ ਖੱਬੇਪੱਖੀਆਂ ਵਾਂਗ ਜਸਵੰਤ ਸਿੰਘ ਖਾਲੜਾ ਵਿਚ ਵੀ ਸਿਫਤੀ ਵਿਚਾਰਧਾਰਕ ਤਬਦੀਲੀ ਆਈ ਤੇ ਉਹ ਖੁਦ ਨੂੰ ਸਿੱਖ ਲਹਿਰ ਦਾ ਹਿੱਸਾ ਮਹਿਸੂਸ ਕਰਨ ਲੱਗੇ।

**ਸਰਕਾਰੀ ਨੌਕਰੀ ਤੋਂ ਅਸਤੀਫਾ**

ਪੰਜਾਬ ਵਿਚ 1984 ਦੇ ਹਮਲੇ ਤੋਂ ਬਾਅਦ ਜ਼ੁਲਮ ਦੀ ਹਨੇਰੀ ਝੁੱਲ ਗਈ ਅਤੇ ਸਰਕਾਰ ਦੀਆਂ ਵਧੀਕੀਆਂ ਸਾਰੀਆਂ ਹੱਦਾਂ ਪਾਰ ਕਰ ਗਈਆਂ। ਇਸ ਸਰਕਾਰੀ ਜ਼ੁਲਮ ਦੇ ਵਿਰੋਧ ਵਜੋਂ ਭਾਈ ਜਸਵੰਤ ਸਿੰਘ ਖਾਲੜਾ ਨੇ 1987 ਵਿਚ ਆਪਣੇ ਪੰਚਾਇਤ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।



ਜਦੋਂ ਭਾਈ ਅਵਤਾਰ ਸਿੰਘ ਬ੍ਰਹਮਾ ਦੇ ਪਿੰਡ ਬ੍ਰਹਮਪੁਰ ਵਿਖੇ ਸੀ. ਆਰ. ਪੀ ਵੱਲੋਂ ਬੇਦੋਸ਼ੇ ਸਿੱਖਾਂ ਉੱਪਰ ਕਹਿਰ ਢਾਹਿਆ ਗਿਆ ਤਾਂ ਸ. ਜਸਵੰਤ ਸਿੰਘ ਖਾਲੜਾ ਨੇ ਇਸ ਦੇ ਵਿਰੋਧ ਵਿੱਚ ਠਾਣਾ ਸਿਟੀ ਤਰਨਤਾਰਨ ਵਿਖੇ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਰੱਖ ਦਿੱਤੀ, ਜਿਸ ਕਾਰਨ ਪੁਲਸ ਵੱਲੋਂ ਉਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸੰਨ 1988 ਵਿੱਚ ਜਦੋਂ ਦਰਬਾਰ ਸਾਹਿਬ ਵਿੱਚ ਪੁਲਸ ਦਾਖਲ ਹੋਈ, ਜਿਸ ਨੂੰ ਸਰਕਾਰ ਵੱਲੋਂ 'ਓਪਰੇਸ਼ਨ ਬਲੈਕ ਥੰਡਰ' ਦਾ ਨਾਂ ਦਿੱਤਾ ਗਿਆ, ਤਾਂ ਸ. ਖਾਲੜਾ ਨੇ ਇਸ ਦਾ ਵਿਰੋਧ ਕੀਤਾ, ਜਿਸ ਦੇ ਨਤੀਜੇ ਵੱਲੋਂ ਉਨਾਂ ਨੂੰ ਗ੍ਰਿਫਤਾਰ ਕਰਕੇ ਲੁਧਿਆਣਾ ਜੇਲ ਵਿੱਚ ਨਜਰਬੰਦ ਕਰ ਦਿੱਤਾ ਗਿਆ। ਸ. ਖਾਲੜਾ ਦੇ ਸਾਥੀ ਦੱਸਦੇ ਹਨ ਕਿ ਇੱਕ ਵਾਰ ਜਦੋਂ ਅੰਮ੍ਰਿਤਸਰ ਵਿਖੇ ਫਿਰਕੂ ਹਿੰਦੂਆਂ ਵੱਲੋਂ ਦਾਹੜੀ ਵਾਲਾ ਦੁਸਹਿਰਾ ਸਾੜਿਆ ਗਿਆ ਜਿਸ ਦਾ ਮਨੋਰਥ ਸਿੱਖੀ ਸਰੂਪ ਦੀ ਬੇਅਦਬੀ ਕਰਨਾ ਸੀ ਤਾਂ ਸ. ਖਾਲੜਾ ਨੇ ਇਸ ਕੋਝੀ ਹਰਕਤ ਦਾ ਸਖ਼ਤ ਵਿਰੋਧ ਕੀਤਾ।

**ਇੰਗਲੈਂਡ ਵਿਚ ਜਾ ਰਾਜਸੀ ਸ਼ਰਨ ਲਈ**

1990 ਵਿੱਚ ਸ. ਜਸਵੰਤ ਸਿੰਘ ਵਲੈਤ (ਇੰਗਲੈਂਡ) ਚਲੇ ਗਏ, ਓਥੇ ਜਾ ਕੇ ਰਾਜਸੀ ਸ਼ਰਨ ਵੀ ਲੈ ਲਈ ਤੇ ਕੰਮ ਕਰਨ ਦੀ ਮਨਜ਼ੂਰੀ ਵੀ ਲੈ ਲਈ। ਪਰ ਸੰਨ 1993 ਵਿੱਚ ਸ. ਜਸਵੰਤ ਸਿੰਘ ਖਾਲੜਾ ਅਚਾਨਕ ਬਿਨਾ ਕਿਸੇ ਨੂੰ ਦੱਸੇ ਆਪਣੇ ਵਤਨ ਪੰਜਾਬ ਪਰਤ ਆਏ। ਘਰ ਸਭ ਹੈਰਾਨ ਸਨ ਕਿ ਇਹ ਕਿਵੇਂ ਬਿਨਾ ਦੱਸੇ ਹੀ ਆ ਗਏ।

**ਅਣਪਛਾਤੀਆਂ ਲਾਸ਼ਾਂ ਦੀ ਪਛਾਣ ਕਰਨ ਵਾਲਾ**

1992 ਵਿੱਚ ਪੰਜਾਬ ਅੰਦਰ ਜਮਹੂਰੀਅਤ ਦਾ ਤਮਾਸ਼ਾ ਰਚ ਕੇ ਬੇਅੰਤ ਸਿੰਘ ਦੀ ਸਰਕਾਰ ਪੰਜਾਬ ਸਿਰ ਮੜ ਦਿੱਤੀ ਗਈ। ਇਸ ਦੇ ਨਾਲ ਹੀ ਸਿੱਖਾਂ ਉੱਪਰ ਹਕੂਮਤੀ ਕਹਿਰ ਦਾ ਇੱਕ ਨਵਾਂ ਹੀ ਦੌਰ ਸ਼ੁਰੂ ਹੁੰਦਾ ਹੈ ਜਿਸ ਤਹਿਤ ਪੁਲਸ ਵੱਲੋਂ ਵੱਡੀ ਪੱਧਰ ਉੱਪਰ ਸਿੱਖਾਂ ਨੂੰ ਘਰਾਂ ਤੋਂ ਚੁੱਕ ਕੇ ਲਾਪਤਾ ਕਰ ਦਿੱਤਾ ਗਿਆ। ਇਨਾਂ ਲਾਪਤਾ ਕੀਤੇ ਗਏ ਸਿੱਖਾਂ ਨੂੰ ਫਰਜੀ ਪੁਲਸ ਮੁਕਾਬਲਿਆਂ ਵਿੱਚ ਮਾਰ ਦਿੱਤਾ ਜਾਂਦਾ ਤੇ ਉਨਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਹਿ ਕੇ ਸਾੜ ਦਿੱਤਾ ਜਾਂਦਾ। ਇਨਾਂ ਵਿੱਚੋਂ ਬਹੁਤੇ ਤਾਂ ਅਜਿਹੇ ਸਨ ਜਿਨਾਂ ਦਾ ਹਥਿਆਰਬੰਦ ਸੰਘਰਸ਼ ਨਾਲ ਕੋਈ ਵਾਹ-ਵਾਸਤਾ ਵੀ ਨਹੀਂ ਸੀ ਤੇ ਉਹਨਾਂ ਨੂੰ ਤਾਂ ਪੰਜਾਬ ਪੁਲਸ ਦੇ ਬੁੱਚੜਾਂ ਨੇ ਫੀਤੀਆਂ ਦੀ ਭੁੱਖ ਪੂਰੀ ਕਰਨ ਲਈ ਹੀ ਮਾਰ ਮੁਕਾਇਆ ਸੀ। ਇਹ ਉਹ ਦੌਰ ਸੀ ਜਦੋਂ ਬੀਬੀਆਂ, ਬੱਚਿਆਂ ਅਤੇ ਬਜ਼ੁਰਗਾਂ 'ਤੇ ਵੀ ਕਹਿਰ ਢਾਹਿਆ ਗਿਆ। ਸ. ਜਸਵੰਤ ਸਿੰਘ ਖਾਲੜਾ ਇਸ ਸਾਰੇ ਵਰਤਾਰੇ ਤੋਂ ਕਾਫੀ ਪਰੇਸ਼ਾਨ ਸਨ ਪਰ ਇਹ ਉਲਝੀ ਤਾਣੀ ਕਿਸੇ ਪਾਸਿਓਂ ਹੱਲ ਹੁੰਦੀ ਨਜਰ ਨਹੀਂ ਸੀ ਆ ਰਹੀ। ਉਨਾਂ ਦਿਨਾਂ ਵਿੱਚ ਹੀ ਪੁਲਸ ਨੇ ਭਾਈ ਹਰਮਿੰਦਰ ਸਿੰਘ ਸੁਲਤਾਨਵਿੰਡ ਦੇ ਚਾਚਾ ਬਾਬਾ ਪਿਆਰਾ ਸਿੰਘ ਅਤੇ ਭਾਈ ਸੀਤਲ ਸਿੰਘ ਮੱਤੇਵਾਲ ਦੇ ਭਰਾ ਸ. ਅਮਰੀਕ ਸਿੰਘ ਨੂੰ ਚੁੱਕ ਕੇ ਲਾਪਤਾ ਕਰ ਦਿੱਤਾ। ਸ. ਜਸਵੰਤ ਸਿੰਘ ਨੇ ਇਨਾਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਪਰ ਉਨਾਂ ਨੂੰ ਕੋਈ ਸੂਹ ਨਾਲ ਲੱਗੇ ਕਿ ਆਖਰ ਇਨਾਂ ਨਾਲ ਕੀ ਹੋਣੀ ਵਾਪਰੀ ਹੈ ? ਇਸੇ ਸਮੇਂ ਹੀ ਸਿੱਖ ਸੰਘਰਸ਼ ਦੇ ਆਗੂ ਅਤੇ ਭਿੰਡਰਾਂਵਾਲਾ ਟਾਈਗਰ ਫੋਰਸ ਦੇ ਮੁਖੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਪੁਲਸ ਮੁਕਾਬਲੇ ਵਿੱਚ ਸ਼ਹੀਦ ਹੋ ਗਏ। ਉਦੋਂ ਸ. ਜਸਵੰਤ ਸਿੰਘ ਖਾਲੜਾ ਨੇ ਪੁਲਸ ਵਧੀਕੀਆਂ ਖਿਲਾਫ ਜਬਰ ਵਿਰੋਧੀ ਫਰੰਟ ਕਾਇਮ ਕੀਤਾ ਹੋਇਆ ਸੀ। ਦਮਦਮੀ ਟਕਸਾਲ ਤੇ ਜਬਰ ਵਿਰੋਧੀ ਫਰੰਟ ਨੇ ਬਾਬਾ ਮਾਨੋਚਾਹਲ ਦੀ ਮਿਰਤਕ ਦੇਹ ਸਰਕਾਰ ਕੋਲੋਂ ਮੰਗ ਕੇ ਇਸ ਨੂੰ ਕਸੂਤੀ ਸਥਿਤੀ ਵਿੱਚ ਫਸਾ ਦਿੱਤਾ। ਸਰਕਾਰ ਨੇ ਦੇਹ ਤਾਂ ਇਨਾਂ ਦੇ ਹਵਾਲੇ ਕਿੱਥੋਂ ਕਰਨੀ ਸੀ ਤੇ ਪੁਲਸ ਵਾਲਿਆਂ ਨੇ ਬਾਬਾ ਗੁਰਬਚਨ ਸਿੰਘ ਦਾ ਤਰਨਤਾਰਨ ਦੇ ਸ਼ਮਸ਼ਾਨਘਾਟ ਵਿੱਚ ਸੰਸਕਾਰ ਕਰ ਦਿੱਤਾ। ਜਦੋਂ ਜਸਵੰਤ ਸਿੰਘ ਖਾਲੜਾ ਨੇ ਇਸ ਦੀ ਘੋਖ-ਪੜਤਾਲ ਕੀਤੀ ਤਾਂ ਇਨਾਂ ਨੂੰ ਪਤਾ ਲੱਗਾ ਕਿ ਸਰਕਾਰ ਨੇ ਬਾਬਾ ਗੁਰਬਚਨ ਸਿੰਘ ਦੀ ਲਾਸ਼ ਲਾਵਾਰਸ ਕਰਾਰ ਦੇ ਕੇ ਇਸ ਦਾ ਸੰਸਕਾਰ ਕੀਤਾ ਸੀ। ਇੱਥੋਂ ਸ. ਜਸਵੰਤ ਸਿੰਘ ਖਾਲੜਾ ਦੇ ਹੱਥ ਅਜਿਹੀ ਤੰਦ ਲੱਗ ਗਈ ਕਿ ਉਲਝੀ ਤਾਣੀ ਸੁਲਝਾਉਣੀ ਸ਼ੁਰੂ ਹੋ ਗਈ।

**ਜ਼ੁਲਮ ਦੀਆਂ ਪਰਤਾਂ ਖੁੱਲਦੀਆਂ ਗਈਆਂ**

ਬਾਬਾ ਪਿਆਰਾ ਸਿੰਘ ਤੇ ਸ. ਅਮਰੀਕ ਸਿੰਘ ਨੂੰ ਖਤਮ ਕਰ ਦੇਣ ਤੋਂ ਬਆਦ ਉਨਾਂ ਦਾ ਸੰਸਕਾਰ ਦੁਰਗਿਆਨਾ ਮੰਦਰ ਦੇ ਸ਼ਮਸ਼ਾਨ ਘਾਟ ਵਿੱਚ ਕਰ ਦਿੱਤਾ ਗਿਆ ਸੀ, ਜਿਸ ਬਾਰੇ ਸ. ਖਾਲੜਾ ਨੇ ਪਤਾ ਲਗਾ ਲਿਆ। ਅਸਲ ਵਿੱਚ ਪੁਲਸ ਵਾਲੇ ਕਿਸੇ ਨੂੰ ਵੀ ਚੁੱਕ ਕੇ ਖਪਾ ਦਿੰਦੇ ਸਨ ਤੇ ਫਿਰ ਉਸ ਦੀ ਲਾਸ਼ ਲਾਵਾਰਸ ਕਰਾਰ ਦੇ ਕੇ ਕਿਸੇ ਸ਼ਮਸ਼ਾਨਘਾਟ ਵਿੱਚ ਸਾੜ ਦਿੰਦੇ ਸਨ। ਹੁਣ ਸ਼ਮਸ਼ਾਨਘਾਟ ਵਾਲੇ ਪੁਲਸ ਵੱਲੋਂ ਲਿਆਂਦੀਆਂ ਲਾਸ਼ਾਂ ਨੂੰ ਸਾੜਨ ਲਈ ਜਾਰੀ ਕੀਤੇ ਗਏ ਬਾਲਣ ਦਾ ਹਿਸਾਬ ਇੱਕ ਰਜਿਸਟਰ ਵਿੱਚ ਦਰਜ ਕਰ ਦਿੰਦੇ ਤੇ ਮਰਨ ਵਾਲੇ ਦੀ ਜਿੰਨੀ ਕੁ ਜਾਣਕਾਰੀ ਮਿਲਦੀ ਅਤੇ ਲਾਸ਼ ਲੈ ਕੇ ਆਉਣ ਵਾਲੇ ਪੁਲਸ ਅਫਸਰ ਦਾ ਨਾਂ ਵੀ ਲਿਖ ਲਿਆ ਜਾਂਦਾ। ਸ. ਜਸਵੰਤ ਸਿੰਘ ਖਾਲੜਾ ਆਪਣੀ ਇੱਕ ਤਕਰੀਰ ਵਿੱਚ ਆਪ ਦੱਸਦੇ ਸਨ ਕਿ ਇਹ ਅਜਿਹਾ ਰਾਹ ਸੀ ਜਿਸ ਉੱਤੇ ਚੱਲਦਿਆਂ ਉਨਾਂ ਵੇਖਿਆ ਕਿ ਪੰਜਾਬ ਦੇ ਲਾਪਤਾ ਸਿੱਖਾਂ ਦਾ ਪੂਰਾ ਹਿਸਾਬ ਲਿਖਿਆ ਪਿਆ ਸੀ। ਇਹ ਸਭ ਮੌਤ ਦੇ ਨੰਗੇ ਨਾਚ ਦੀ ਕਹਾਣੀ ਸੀ, ਜਿਸ ਤਹਿਤ ਸਿੱਖਾਂ ਨੂੰ ਖਤਮ ਕਰਨ ਲਈ ਕਿਸੇ ਕਾਨੂੰਨ ਦੀ ਲੋੜ ਨਹੀਂ ਸੀ ਸਗੋਂ ਕਾਨੂੰਨ ਦੀਆਂ ਤਾਂ ਪੈਰ-ਪੈਰ ਉੱਤੇ ਧੱਜੀਆਂ ਉਡਾਈਆ ਜਾ ਰਹੀਆਂ ਸਨ। ਉਨਾਂ ਨੇ ਤਰਨਤਾਰਨ, ਪੱਟੀ ਤੇ ਦੁਰਗਿਆਨਾ ਮੰਦਰ ਦੇ ਸ਼ਮਸ਼ਾਨ ਘਾਟਾਂ ਵਿੱਚੋਂ ਇਸ ਅਰਸੇ ਦੌਰਾਨ ਲਾਵਾਰਸ ਕਹਿ ਕੇ ਮਾਰੇ-ਸਾੜੇ ਗਏ ਸਿੱਖਾਂ ਦਾ ਵੇਰਵਾ ਇਕੱਠਾ ਕਰ ਲਿਆ ਤੇ ਫਿਰ ਅੰਮ੍ਰਿਤਸਰ ਵਿੱਚ ਪ੍ਰੈਸ ਕਾਨਫਰੰਸ ਕਰਕੇ ਸਰਕਾਰ ਤੋਂ ਆਪਣੇ ਲਾਪਤਾ ਭਰਾਵਾਂ ਦਾ ਹਿਸਾਬ ਮੰਗ ਲਿਆ। ਹੁਣ ਸਰਕਾਰ ਦੇ ਹਿਸਾਬ ਨਾਲ ਤਾਂ ਇਹ ਅਣਹੋਣੀ ਹੀ ਸੀ ਕਿ ਕੋਈ ਉਸ ਕੋਲੋਂ ਕਿਸੇ ਤਰਾਂ ਦੀ ਜਵਾਬ-ਤਲਬੀ ਕਰਨ ਦੀ ਹਿਮਾਕਤ ਕਰੇ ਤੇ ਉਹ ਵੀ ਉਸ ਸਮੇਂ ਜਦੋਂ ਕਿ ਪੰਜਾਬ ਅੰਦਰ ਉੱਚੀ ਸਾਹ ਲੈਣ ਵਾਲੇ ਦਾ ਦਮ ਸਦਾ ਲਈ ਦਬਾ ਦਿੱਤਾ ਜਾਂਦਾ ਸੀ। ਸਰਦਾਰ ਜਸਵੰਤ ਸਿੰਘ ਨੇ ਉਨਾਂ ਪਰਵਾਰਾਂ ਨਾਲ ਆਪ ਰਾਬਤਾ ਕੀਤਾ ਜਿਨਾਂ ਦੇ ਘਰਾਂ ਦੇ ਜੀਅ ਪੁਲਿਸ ਨੇ ਲਾਪਤਾ ਕਰ ਦਿੱਤੇ ਸਨ।

ਸਰਕਾਰੀ ਦਹਿਸ਼ਤ ਦੇ ਸਾਏ ਹੇਠ ਕੰਮ ਕਰਨ ਦੀ ਹਿੰਮਤ

ਹਕੂਮਤੀ ਜਬਰ ਦੇ ਲਿਤਾੜੇ ਲੋਕਾਂ ਨੂੰ ਇਨਸਾਫ ਦੀ ਕੋਈ ਆਸ ਹੀ ਨਹੀਂ ਸੀ ਤੇ ਪੁਲਸ ਦੀ ਦਹਿਸ਼ਤ ਕਾਰਨ ਉਹ ਬਹੁਤੀ ਵਾਰ ਸ. ਖਾਲੜਾ ਵੱਲੋਂ ਛੇੜੀ ਕਾਨੂੰਨੀ ਲੜਾਈ ਦਾ ਹਿੱਸਾ ਬਣਨ ਲਈ ਤਿਆਰ ਨਾ ਹੁੰਦੇ। ਕਈ ਪਰਵਾਰ ਅਜਿਹੇ ਸਨ ਜੋ ਇਹ ਮੰਨਣ ਲਈ ਤਿਆਰ ਹੀ ਨਹੀਂ ਸਨ ਕਿ ਪੁਲਸ ਵੱਲੋਂ ਚੁੱਕ ਕੇ ਲਾਪਤਾ ਕੀਤੇ ਜੀਅ ਹੁਣ ਇਸ ਦੁਨੀਆ ਵਿੱਚ ਨਹੀਂ ਰਹੇ। ਉਹ ਸ਼ਾਇਦ ਇਸੇ ਆਸ ਸਹਾਰੇ ਹੀ ਜਿੰਦਾ ਸਨ ਕਿ ਖਵਰੇ ਉਨਾਂ ਦੇ ਜੀਆਂ ਨੂੰ ਪੁਲਿਸ ਨੇ ਅਜੇ ਨਾ ਹੀ ਮਾਰਿਆ ਹੋਵੇ। ਇਹ ਪਰਵਾਰ ਸ. ਖਾਲੜਾ ਨੂੰ ਆਪਣੇ ਲਾਪਤਾ ਹੋਏ ਸਕੇ ਸਬੰਧੀਆਂ ਬਾਰੇ ਕੋਈ ਜਾਣਾਕਾਰੀ ਨਾ ਦਿੰਦੇ ਕਿ ਕਿਤੇ ਪੁਲਿਸ ਉਨਾਂ ਨੂੰ ਖਤਮ ਹੀ ਨਾ ਕਰ ਦੇਵੇ। ਪਰ ਸੱਚਾਈ ਇਹ ਹੈ ਕਿ ਇਹ ਸਿਰਫ ਇਨਾਂ ਪਰਵਾਰਾਂ ਦੇ ਮਨ ਨੂੰ ਢਾਰਸ ਦੇਣ ਵਾਲੀ ਗੱਲ ਹੀ ਸੀ ਕਿਉਂਕਿ ਪੁਲਸ ਨੇ ਚੁੱਕ ਕੇ ਲਾਪਤਾ ਕੀਤੇ ਸਿੱਖਾਂ ਨੂੰ ਪਹਿਲਾਂ ਹੀ ਮਾਰ ਕੇ ਤੇ ਲਾਵਾਰਸ ਲਾਸ਼ਾਂ ਕਹਿ ਕੇ ਸਾੜ ਦਿੱਤਾ ਸੀ। ਫਿਰ ਵੀ ਸ. ਖਾਲੜਾ ਨੇ ਕੁਝ ਪਰਿਵਾਰਾਂ ਨੂੰ ਪੁਲਸ ਖਿਲਾਫ ਅਦਾਲਤੀ ਕਾਰਵਾਈ ਕਰਨ ਲਈ ਰਜ਼ਾਮੰਦ ਕਰ ਲਿਆ ਪਰ ਇਸ ਸਮੇਂ ਤਾਂ ਅਦਾਲਤਾਂ ਵੀ ਅੱਖਾਂ ਉੱਤੇ ਪਰਦੇ ਪਾਈ, ਕੰਨਾ ਵਿੱਚ ਉਗਲਾਂ ਲਈ ਤੇ ਜੁਬਾਨ ਉੱਤੇ ਤਾਲਾ ਲਾਈ ਬੈਠੀਆਂ ਸਨ। ਮਨੁੱਖੀ ਹੱਕਾਂ ਦੇ ਇੰਨੀ ਵੱਡੀ ਪੱਧਰ 'ਤੇ ਹੋਏ ਘਾਣ ਬਾਰੇ ਉਹ ਬਿਲਕੁਲ ਨਹੀਂ ਸਨ ਬੋਲਦੀਆਂ।

**ਇਨਸਾਫ ਲਈ ਅਦਾਲਤੀ ਚਾਰਾਜ਼ੋਈ**

ਸ. ਜਸਵੰਤ ਸਿੰਘ ਖਾਲੜਾ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਪਾਈ ਕਿ ਪੁਲਸ ਵੱਲੋਂ ਲਾਪਤਾ ਕੀਤੇ ਲੋਕਾਂ ਬਾਰੇ ਸਾਨੂੰ ਜਾਣਕਾਰੀ ਦਿੱਤੀ ਜਾਵੇ। ਪਰ ਸੂਬੇ ਦੀ ਇਸ ਵੱਡੀ ਅਦਾਲਤ ਨੇ ਅੱਗੋਂ ਇਹ ਜਵਾਬ ਦਿੱਤਾ ਕਿ ਤੈਨੂੰ ਇਹ ਕੇਸ ਪਾਉਣ ਦਾ ਕੀ ਅਖ਼ਤਿਆਰ ਹੈ ? ਜਿਨਾਂ ਪਰਵਾਰਾਂ ਦੇ ਜੀਅ ਲਾਪਤਾ ਹਨ ਉਹ ਆਪ ਸਾਡੇ ਕੋਲ ਆਉਣ ਅਸੀਂ ਜਾਣਕਾਰੀ ਦਿਆਂਗੇ।

**ਬਾਕੀ ਸਫ਼ਾ 32 'ਤੇ**

# ਗੁਰਮੀਤ-ਬਾਸਾ ਧੜੇ ਵੱਲੋਂ ਪਾਈ ਰਾਹਤ ਦੀ ਅਰਜ਼ੀ ਨੂੰ ਜੱਜ ਨੇ ਕੀਤਾ ਰੱਦ

## (ਜਸਜੀਤ ਸਿੰਘ ਵੱਲੋਂ ਕੀਤੇ ਮਾਣ-ਹਾਨੀ ਦੇ ਕੇਸ ਚੱਲਣਗੇ)

**ਫਰੀਮਾਂਟ /ਏ.ਟੀ.ਨਿਊਜ਼:** ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸਿਆਸਤ ਵਿੱਚ ਗੁਰਮੀਤ ਸਿੰਘ ਧੜੇ ਦੇ ਗੁਰਸ਼ਰਨ ਸਿੰਘ ਥਿੰਦ (ਜੋ ਨਕਲੀ ਨਾਮ ਐਸ ਪੀ ਸਿੰਘ ਦੇ ਨਾਲ ਮਸ਼ਹੂਰ ਹੋਇਆ ਹੈ) ਨੇ ਪਿੱਛਲੇ 25-26 ਸਾਲ ਤੋਂ ਅਖ਼ਬਾਰਾਂ ਵਿੱਚ ਲੋਕਾਂ ਵਿਰੁੱਧ ਲਿੱਖ ਕੇ ਉਹਨਾਂ ਦਾ ਅਕਸ ਵਿਗਾੜਣ ਅਤੇ ਗੁਰਦੁਆਰਾ ਸਾਹਿਬ ਦਾ ਮਾਹੌਲ ਖਰਾਬ ਕਰਨ ਦਾ ਜਿੰਮਾ ਲਿਆ ਹੋਇਆ ਹੈ, ਇਸ ਵਾਰ ਕਨੂੰਨੀ ਕੜਿੱਕੀ ਵਿੱਚ ਫਸਦਾ ਨਜ਼ਰ ਆ ਰਿਹਾ ਹੈ। ਇਸ ਵਲੋਂ ਸਿੱਖ ਪੰਚਾਇਤ ਨੂੰ ਤੋੜਨ ਦੀਆਂ ਨਾਕਾਮ ਕੋਸ਼ਿਸ਼ਾਂ ਤੋਂ ਬਾਅਦ ਇਸ ਨੇ ਸਾਰਾ ਗੁੱਸਾ ਭਾਈ ਜਸਜੀਤ ਸਿੰਘ ਤੇ ਕੱਢਣਾ ਸ਼ੁਰੂ ਕਰ ਦਿੱਤਾ। 2019 ਦੇ ਮੱਧ ਤੋਂ ਲੈਕੇ ਇਸਨੇ ਹਰ ਹਫ਼ਤੇ ਭਾਈ ਜਸਜੀਤ ਸਿੰਘ ਵਿਰੁੱਧ ਝੂਠੀਆਂ ਤਹੁਮਤਾਂ ਤੇ ਇਲਜ਼ਾਮ-ਤਰਾਸ਼ੀ ਸ਼ੁਰੂ ਕਰ ਦਿੱਤੀ। ਇਸ ਕੰਮ ਵਿੱਚ ਬਾਸਾ ਦੇ ਰਾਣਾ ਕਾਹਲੋਂ, ਅਮਰਜੀਤ ਸਿੱਧੂ ਅਤੇ ਗੁਰਮੀਤ ਸਿੰਘ ਧੜੇ ਦੇ ਹੀ ਕੁਲਜੀਤ ਸਿੰਘ, ਹਰਮਿੰਦਰ ਸਿੰਘ ਤੇ ਹਰਜੀਤ ਸਿੰਘ ਨੇ ਵੀ ਇਸਦਾ ਸਾਥ ਦਿੱਤਾ। ਇਸ ਗਰੁੱਪ ਵਿਰੁੱਧ ਜੇ ਕਦੇ ਵੀ ਕਿਸੇ ਨੇ ਕੋਈ ਗੱਲ ਕਰ ਦਿੱਤੀ ਤਾਂ ਇਨਾਂ ਨੇ ਉਸ ਵਿਰੁੱਧ ਪਰਿਵਾਰਾਂ ਤੱਕ ਨੂੰ ਨਹੀਂ ਬਖ਼ਸ਼ਿਆ ਅਤੇ ਇਸ ਏਰੀਏ ਵਿੱਚ ਏਨੀ ਦਹਿਸ਼ਤ ਪੈਦਾ ਕਰ ਦਿੱਤੀ ਕਿ ਆਮ ਸੰਗਤ ਦੇ ਬੰਦੇ ਚੁੱਪ ਵੱਟ ਕੇ ਗੁਜ਼ਾਰਾ ਕਰਨ ਲੱਗੇ।

ਕੁੱਝ ਸਾਲ ਪਹਿਲਾਂ ਇਹਨਾਂ ਨੇ ਹਰਦੇਵ ਗਰੇਵਾਲ਼ ਅਤੇ ਉਸਦੇ ਪਰਿਵਾਰ ਬਾਰੇ ਵੀ ਲਿਖਿਆ ਸੀ ਅਤੇ ਉਸ ਵੱਲੋਂ ਵੀ ਕੋਰਟ ਵਿੱਚ ਕੇਸ ਕੀਤਾ ਗਿਆ ਸੀ। ਉਸ ਵੇਲੇ ਇਨਾਂ ਨੇ ਲੇਲੜੀਆਂ ਕੱਢ ਕੇ ਉਸ ਨਾਲ ਰਾਜ਼ੀਨਾਮਾ ਕੀਤਾ, ਮੁਆਫੀ ਮੰਗੀ ਅਤੇ ਉਸਦੇ ਵਕੀਲ ਦਾ ਖ਼ਰਚਾ ਵੀ ਦਿੱਤਾ।

ਗੁਰਮੀਤ ਸਿੰਘ ਗਰੁੱਪ ਨੂੰ ਸਤਿਕਾਰ ਨਾਲ ਸਿੱਖ ਪੰਚਾਇਤ ਵਿੱਚ ਲਿਆਉਣ ਵਾਲਾ ਜਸਜੀਤ ਸਿੰਘ ਹੀ ਸੀ। ਇਹ ਬੰਦੇ ਜਿਹੜੇ 2012 ਤੱਕ ਉਸ ਵਿਰੁੱਧ ਬੋਲਦੇ ਰਹੇ ਸਨ, ਗੁਰਦੁਆਰੇ ਦੇ ਪ੍ਰਬੰਧ ਵਿੱਚ ਆਉਣ ਲਈ ਉਸਦੀ ਸੰਗਤੀ ਰੂਪ ਵਿੱਚ ਪ੍ਰਸੰਸਾ ਕਰਨ ਲੱਗ ਪਏ। ਗੁਰਮੀਤ ਸਿੰਘ ਖਾਲਸੇ ਨੇ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸਟੇਜ ਤੋਂ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਸੰਗਤ ਨੂੰ ਸੰਬੋਧਨ ਕਰਦੇ ਹੋਏ ਜਸਜੀਤ ਸਿੰਘ ਦੀ ਪ੍ਰਸੰਸਾ ਕੀਤੀ ਅਤੇ ਗਰੁੱਪਾਂ ਵਿੱਚ ਚੱਲ ਰਹੇ ਵਿਵਾਦ ਨੂੰ ਖਤਮ ਕਰਨ ਲਈ ਧੰਨਵਾਦ ਵੀ ਕੀਤਾ। ਪਰ ਸਿੱਖ ਪੰਚਾਇਤ ਵਿੱਚ ਸ਼ਾਮਿਲ ਹੋ ਕੇ ਇਹਨਾਂ ਨੇ ਆਪਣੇ ਨਿੱਜੀ ਮੁਫ਼ਾਦ ਸਾਹਮਣੇ ਰੱਖਣੇ ਸ਼ੁਰੂ ਕਰ ਦਿੱਤੇ ਜਿਸ ਦੀ ਸਿੱਖ ਪੰਚਾਇਤ ਵੱਲੋਂ ਮਨਾਹੀ ਸੀ।

ਸਭ ਤੋਂ ਪਹਿਲਾਂ ਐਸ ਪੀ ਸਿੰਘ ਨੇ ਆਪਣੇ ਰੇਡੀਓ ਮਿਰਚੀ ਲਈ ਗੁਰਦੁਆਰਾ ਸਾਹਿਬ ਵੱਲੋਂ 2500 ਡਾਲਰ ਮਹੀਨਾ ਦੀ ਮੰਗ ਕੱਢ ਮਾਰੀ। ਕਮੇਟੀ ਵੱਲੋਂ ਉਹ ਮੰਗ ਨਾ ਮੰਨੇ ਜਾਣ ਕਰਕੇ ਇਹਨਾਂ ਨੇ ਸਿੱਖ ਪੰਚਾਇਤ ਤੋਂ ਵੱਖ ਹੋ ਕੇ ਬਾਸਾ ਨਾਲ ਏਕਤਾ ਕਰ ਲਈ। ਸਿੱਖ ਪੰਚਾਇਤ ਵਿੱਚੋਂ ਕੁੱਝ ਕੁ ਬੰਦੇ ਛੱਡ ਕੇ ਇਨਾਂ ਨਾਲ ਕੋਈ ਨਾ ਗਿਆ। ਇਨਾਂ ਵੱਲੋਂ ਬਦਮਾਸ਼ੀ ਕਰਕੇ ਗੁਰਦੁਆਰਾ ਸਾਹਿਬ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਨਾਂ ਦੇ ਧੜੇ ਨਾਲ ਲੱਗੇ ਦਰਸ਼ਨ ਸੰਧੂ ਨੇ ਦੀਵਾਨ ਹਾਲ ਵਿੱਚ ਕਮੇਟੀ ਮੈਂਬਰ ਭਾਈ ਕੰਵਲਜੀਤ ਸਿੰਘ ਦੇ ਸਿਰ ਵਿੱਚ ਸਿਰੀ ਸਾਹਿਬ ਕੱਢ ਮਾਰੀ।

ਭਾਈ ਜਸਜੀਤ ਸਿੰਘ ਨੇ ਅੰਮ੍ਰਿਤਸਰ ਟਾਈਮਜ਼ ਨਾਲ ਗੱਲ ਕਰਦੇ ਹੋਏ ਕਿਹਾ ਕਿ ਐਸ ਪੀ ਅਤੇ ਇਹਨਾਂ ਵੱਲੋਂ ਮੇਰੇ ਵਿਰੁੱਧ ਬੇਬੁਨਿਆਦ ਇਲਜ਼ਾਮ ਤਰਾਸ਼ੀ ਕੀਤੀ ਗਈ। ਮੇਰੇ ਕੋਲ ਕਨੂੰਨੀ ਕਾਰਵਾਈ ਤੋਂ ਬਿਨਾਂ ਕੋਈ ਰਾਹ ਨਹੀਂ ਸੀ ਰਹਿ ਗਿਆ। ਮੈਂ ਮਾਣ-ਹਾਨੀ ਦਾ ਕੇਸ ਇਨਾਂ 'ਤੇ ਕੀਤਾ ਤਾਂ ਜੋ ਮੇਰੇ ਤੇ ਲਾਏ ਇਲਜ਼ਾਮਾਂ ਦੇ ਇਹ ਸਬੂਤ ਪੇਸ਼ ਕਰਨ। ਹਰੇਕ ਅਖਬਾਰ ਜਾਂ ਵਿਅਕਤੀ ਕੋਲ ਹੱਕ ਹੁੰਦਾ ਹੈ ਕਿ ਉਹ ਕੋਰਟ ਕੋਲ ਐਂਟੀ ਸਲੈਪ ਪਟੀਸ਼ਨ ਪਾ ਸਕਦਾ ਹੈ ਜਿਸਦਾ ਮਤਲਬ ਹੁੰਦਾ ਹੈ ਕਿ ਜਿਸ ਵਿਰੁੱਧ ਲਿਖਿਆ ਗਿਆ ਹੈ ਉਹ ਰਾਜਸੀ ਲੀਡਰ ਹੈ, ਲਿੱਖਣ ਵਾਲੇ ਕੋਲ ਅਮਰੀਕੀ ਪਹਿਲੀ ਧਾਰਾ ਅਧੀਨ ਬੋਲਨ ਦਾ ਹੱਕ ਹੈ ਤੇ ਤੀਜਾ ਇਹ ਲੋਕਾਂ ਦੇ ਫਾਇਦੇ ਲਈ ਜਾਣਕਾਰੀ ਦੇਣੀ ਜ਼ਰੂਰੀ ਹੈ। ਜੱਜ ਨੇ ਇਨਾਂ ਦੀ ਇੱਕ ਵੀ ਗੱਲ ਨਹੀਂ ਮੰਨੀ ਜਿਸਦਾ ਭਾਵ ਹੈ ਕਿ ਹੁਣ ਕੇਸ ਇਨਾਂ ਵਿਰੁੱਧ ਚੱਲੇਗਾ ਅਤੇ ਇਨਾਂ ਨੇ ਜੋ ਵੀ ਲਿਖਿਆ ਹੈ ਉਸਦੇ ਸਬੂਤ ਪੇਸ਼ ਕਰਨੇ ਪੈਣਗੇ। ਮੈਂ ਹਰਮਿੰਦਰ ਸਿੰਘ ਅਤੇ ਹਰਜੀਤ ਸਿੰਘ ਵਿਰੁੱਧ ਵੀ ਕੇਸ ਕਰਨ ਦੀ ਸੋਚ ਰਿਹਾ ਹਾਂ ਕਿਉਂਕਿ ਉਹਨਾਂ ਵੱਲੋਂ ਵੀ ਇਹੀ ਇਲਜ਼ਾਮ ਮੇਰੇ ਵਿਰੁੱਧ ਲਾਏ ਗਏ ਸਨ।

ਰਾਣਾ ਕਾਹਲੋਂ ਅਤੇ ਅਮਰਜੀਤ ਸਿੱਧੂ ਬਾਰੇ ਬੋਲਦੇ ਹੋਏ ਭਾਈ ਜਸਜੀਤ ਸਿੰਘ ਨੇ ਕਿਹਾ ਕੁੱਝ ਹਮਦਰਦ ਬੰਦਿਆਂ ਦੇ ਕਹਿਣ ਕਰਕੇ ਮੈਂ ਇਹਨਾਂ ਵਿਰੁੱਧ ਕੇਸ ਵਾਪਿਸ ਲੈਣ ਦੀ ਪੇਸ਼ਕਸ਼ ਕੀਤੀ। ਮੈਂ ਵੀ ਸਮਝਦਾ ਸੀ ਇਨਾਂ ਨੇ ਸਿਰਫ ਇੱਕ-ਇੱਕ ਖ਼ਬਰ ਹੀ ਲਿਖੀ ਹੈ ਅਤੇ ਲਿਖੀ ਵੀ ਸ਼ਾਇਦ ਐਸ ਪੀ ਵੱਲੋਂ ਹੀ ਹੋਵੇ। ਚੋਣਾਂ ਵਿੱਚ ਅਜਿਹਾ ਹੋ ਹੀ ਜਾਂਦਾ ਹੈ ਇਸ ਲਈ ਕੇਸ ਵਾਪਿਸ ਲੈ ਲੈਂਦਾ ਹਾਂ। ਹਾਲੇ ਮੇਰੇ ਵਕੀਲ ਨੇ ਇਨਾਂ ਦੇ ਵਕੀਲ ਨਾਲ ਗੱਲ ਹੀ ਕੀਤੀ ਸੀ ਕਿ ਐਸ ਪੀ ਸਿੰਘ ਨੇ ਖ਼ਬਰ ਲਾ ਦਿੱਤੀ ਕਿ ਜਸਜੀਤ ਸਿੰਘ ਦੀਆਂ ਚੀਕਾਂ ਨਿੱਕਲ ਗਈਆਂ ਹੁਣ ਕੇਸ ਵਾਪਿਸ ਲੈਣ ਲਈ ਬੇਨਤੀ ਕਰਦਾ ਹੈ। ਬਾਕੀ ਰਾਣਾ ਕਾਹਲੋਂ ਸਾਹਿਬ ਕਹਿਣ ਲੱਗ ਪਏ ਕਿ ਜਸਜੀਤ ਸਿੰਘ ਕੇਸ ਵੀ ਵਾਪਸ ਲਏ ਅਤੇ ਨਾਲ 5000 ਡਾਲਰ ਵੀ ਦਏ। ਮੈਂ ਅਗਲੀ ਸਵੇਰ ਹੀ ਵਕੀਲ ਨੂੰ ਕਹਿ ਦਿੱਤਾ ਕਿ ਮੈਂ ਕੇਸ ਵਾਪਿਸ ਨਹੀਂ ਲੈਣਾ। ਇਹ ਕਿਵੇਂ ਸੰਭਵ ਹੈ ਕਿ ਨਾਲੇ ਆਪਦੀ ਬੇਇਜ਼ਤੀ ਕਰਵਾਉ ਤੇ ਫੇਰ ਆਪਣੀ ਜੇਬ ਵਿੱਚੋਂ 5000 ਡਾਲਰ ਵੀ ਦਿਉ, ਇਹ ਨਵੀਂ ਗੱਲ ਹੀ ਸੁਣੀ ਸੀ।

ਐਸ ਪੀ ਸਿੰਘ ਉਰਫ ਗੁਰਸ਼ਰਨ ਸਿੰਘ ਥਿੰਦ ਅਤੇ ਕੁਲਜੀਤ ਸਿੰਘ ਦੀ ਜੱਜ ਨੇ ਅਰਜ਼ੀ ਰੱਦ ਕਰ ਦਿੱਤੀ ਹੈ ਅਤੇ



ਰਾਣਾ ਕਾਹਲੋਂ ਅਤੇ ਅਮਰਜੀਤ ਸਿੱਧੂ ਵਿਰੁੱਧ ਵੀ ਜੱਜ ਨੇ ਆਰਜ਼ੀ ਫੈਸਲਾ ਦੇ ਦਿੱਤਾ ਹੈ ਜਿਸ ਵਿੱਚ ਇਹਨਾਂ ਦੀ ਅਪੀਲ ਵੀ ਖ਼ਾਰਜ ਹੋਈ ਹੈ। ਪੱਕਾ ਫੈਸਲਾ ਜੱਜ ਨੇ ਕੱਲ ਨੂੰ ਦੇ ਦੇਣਾ ਹੈ।

ਭਾਈ ਜਸਜੀਤ ਸਿੰਘ ਨੇ ਇੱਕ ਗੱਲ ਸ਼ਪਸ਼ਟ ਕੀਤੀ ਕਿ ਐਸ ਪੀ ਵਰਗੇ ਬੰਦਿਆਂ ਦਾ ਗੁਰਦੁਆਰੇ ਦੀ ਸਿਆਸਤ ਵਿੱਚ ਕੋਈ ਕੰਮ ਨਹੀਂ। ਜਿਹੜਾ ਬੰਦਾ ਕੋਈ ਅਸੂਲ ਨਹੀਂ ਰੱਖ ਸਕਦਾ ਅਤੇ ਆਪਣੇ ਕਾਰੋਬਾਰ ਲਈ ਗੁਰਦੁਆਰਿਆਂ ਵਿੱਚੋਂ ਫ਼ਾਇਦਾ ਲੈਣਾ ਚਾਹੁੰਦਾ ਹੈ ਸੰਗਤ ਨੂੰ ਉਸਤੋਂ ਸੁਚੇਤ ਰਹਿਣਾ ਚਾਹੀਦਾ ਹੈ। ਜਿਹੜੇ ਬੰਦੇ ਨੇ 30 ਸਾਲਾਂ ਵਿੱਚ ਸਿੱਖੀ ਲਈ ਇੱਕ ਵੀ ਕੰਮ ਨਾਂ ਕੀਤਾ ਹੋਵੇ ਉਹਦਾ ਕੀ ਇਖਲਾਕੀ ਫਰਜ਼ ਬਣਦਾ ਹੈ ਕਿ ਉਹ ਗੁਰਦੁਆਰਿਆਂ ਦੀ ਸਿਆਸਤ ਨੂੰ ਹੋਰ ਗੰਧਲ਼ਾ ਕਰੇ। ਮੈਨੂੰ ਪਤਾ ਲੱਗਾ ਹੈ ਕਿ ਐਸ ਪੀ ਸੈਨਹੋਜੇ ਗੁਰਦੁਆਰਾ ਸਾਹਿਬ ਤੋਂ ਰੇਡੀਓ ਲਈ 2500 ਡਾਲਰ ਲੈਂਦਾ ਰਿਹਾ ਹੈ ਅਤੇ ਇੱਕ ਅਨੁਮਾਨ ਅਨੁਸਾਰ ਹੁਣ ਤੱਕ ਇਹ 30,000 ਡਾਲਰ ਤੋਂ ਵੱਧ ਲੈ ਚੁੱਕਾ ਹੈ। ਮੇਰੀ ਇਸਨੂੰ ਬੇਨਤੀ ਹੈ ਕਿ ਇਸਨੇ ਕਿਸੇ ਵੀ ਗੁਰਦੁਆਰੇ ਨੂੰ ਜੇ ਕਦੇ ਕੋਈ ਮਾਇਕ ਸੇਵਾ ਕੀਤੀ ਹੈ ਤਾਂ ਉਹ ਸੰਗਤ ਸਾਹਮਣੇ ਨਸ਼ਰ ਕਰੇ। ਜੇ ਕੋਈ ਬੰਦਾ ਗੁਰਦੁਆਰਾ ਸਾਹਿਬ ਨੂੰ ਧੇਲਾ ਨਹੀਂ ਦਿੰਦਾ ਤਾਂ ਉਹਦਾ ਕੀ ਹੱਕ ਹੈ ਕਿ ਸੰਗਤ ਦੀ ਮਿਹਨਤ ਦੀ ਕਮਾਈ ਗੁਰਦੁਆਰੇ ਵਿੱਚੋਂ ਆਪਣੇ ਨਿੱਜੀ ਕਾਰੋਬਾਰ ਲਈ ਲਵੇ।

ਭਾਈ ਜਸਜੀਤ ਸਿੰਘ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਇਸ ਇਲਾਕੇ ਵਿੱਚ ਜਿਹੜਾ ਮਾਹੌਲ ਐਸ ਪੀ ਵਰਗਿਆਂ ਨੇ ਬਣਾਇਆ ਹੋਇਆ ਹੈ ਉਸਦਾ ਸਫਾਇਆ ਕੀਤਾ ਜਾਵੇ। ਇਹਨਾਂ ਨੇ ਸੰਗਤ ਵਿੱਚਲੇ ਬਹੁਤ ਹੀ ਸਤਿਕਾਰਯੋਗ ਭਾਈ ਹਰਿੰਦਰਪਾਲ ਸਿੰਘ, ਭੁਪਿੰਦਰ ਸਿੰਘ ਪਰਮਾਰ, ਭਾਈ ਜਸਦੇਵ ਸਿੰਘ, ਭਾਈ ਰਾਮ ਸਿੰਘ, ਭਾਈ ਕਸ਼ਮੀਰ ਸਿੰਘ, ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਬਲਜੀਤ ਸਿੰਘ ਵਿਰੁੱਧ ਬੇਹੱਦ ਬਕਵਾਸ ਕੀਤਾ ਹੈ ਜਿਸਦਾ ਹਰਜਾਨਾ ਇਨਾਂ ਨੂੰ ਭੁਗਤਣਾ ਪੈਣਾ ਹੈ। ਐਸ ਪੀ ਸਿੰਘ ਵਰਗਾ ਬੰਦਾ ਜਿਹੜਾ 7 ਸਾਲ ਵਿੱਚ 70 ਡਾਲਰ ਦੀ ਡੋਨੇਸ਼ਨ ਨਹੀਂ ਦਿਖਾ ਸਕਦਾ ਉਹ ਭਾਈ ਐਚ ਪੀ ਸਿੰਘ ਵਰਗੇ ਬੰਦਿਆਂ ਜਿਨਾਂ ਨੇ 4 ਸਾਲ ਹਰ ਹਫ਼ਤੇ 40-50 ਘੰਟੇ ਖੜੇ ਹੋ ਕੇ ਬਿਲਡਿੰਗ ਦਾ ਕੰਮ ਨੇਪਰੇ ਚਾੜਿਆ ਅਤੇ ਜਿਸਦੇ ਪਰਿਵਾਰ ਨੇ ਉਸਾਰੀ ਲਈ 50,000 ਡਾਲਰ ਤੋਂ ਵੱਧ ਸੇਵਾ ਕੀਤੀ ਉਨਾਂ 'ਤੇ ਕਿੰਤੂ ਕਰਦਾ ਹੈ ।

ਮੰਗਤੇ ਨੂੰ ਆਪਣੀ ਔਕਾਤ ਵਿੱਚ ਰਹਿਣਾ ਚਾਹੀਦਾ। ਇਹ ਬੰਦੇ ਰਾਜਸੀ ਤੌਰ ਕੇ ਖਤਮ ਕਰਨੇ ਜ਼ਰੂਰੀ ਹਨ ਨਹੀਂ ਤਾਂ ਗੁਰਦੁਆਰੇ ਨੂੰ ਆਪਣੇ ਨਿੱਜ ਲਈ ਵਰਤਣ ਤੋਂ ਇਨਾਂ ਨੂੰ ਕੋਈ ਨਹੀਂ ਰੋਕ ਸਕਦਾ। ਇਨਾਂ ਦਾ ਪਿਛੋਕੜ ਗੁਰਦੁਆਰੇ ਵਿੱਚੋਂ ਨਿੱਜੀ ਪ੍ਰੋਜੈਕਟਾਂ ਲਈ ਪੈਸੇ ਲੈਣੇ, ਇਮੀਗ੍ਰੇਸ਼ਨ ਤੇ ਵੀਜ਼ੇ ਅਪਲਾਈ ਕਰਨੇ ਵਗੈਰਾ ਹੈ। ਸੰਗਤ ਨੇ ਇਨਾਂ ਨੂੰ ਭਾਰੀ ਬਹੁਮਤ ਨਾਲ ਹਰਾ ਕੇ ਆਪਣਾ ਫੈਸਲਾ ਸੁਣਾ ਦਿੱਤਾ ਹੈ ਅਤੇ ਬਾਕੀ ਕਚਹਿਰੀ ਵਿੱਚ ਕੇਸਾਂ ਨੇ ਇਹਨਾਂ ਨੂੰ ਸਬਕ ਸਖਾ ਦੇਣਾ ਹੈ।

ਮੈਂ ਸੰਗਤ ਨੂੰ ਇੱਕ ਗੱਲ ਸ਼ਪੱਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੈਨੂੰ ਕੇਸ ਕਰਨ ਦਾ ਕੋਈ ਚਾਅ ਨਹੀਂ ਪਰ ਮੈਂ ਨਿੱਜੀ ਤੌਰ ਤੇ ਗੁਰਦੁਆਰਾ ਸਾਹਿਬ ਵਿੱਚ ਅਜਿਹਾ ਮਾਹੌਲ ਚਾਹੁੰਦਾ ਹਾਂ ਜਿੱਥੇ ਕੋਈ ਵੀ ਸੰਗਤ ਮੈਂਬਰ ਕਿਸੇ ਨੂੰ ਵੀ ਖੁੱਲ ਕੇ ਆਪਣੇ ਦਿੱਲ ਦੀ ਗੱਲ ਕਹਿ ਸਕੇ ਪਰ ਉਸ ਨੂੰ ਬੇਇਜ਼ਤੀ ਹੋਣ ਦਾ ਡਰ ਨਾ ਹੋਵੇ। ਆਉ ਆਪਾਂ ਸਾਰੇ ਰਲ ਕੇ ਇੱਕ ਸੁਖਾਵਾਂ ਮਾਹੌਲ ਸਿਰਜੀਏ ਅਤੇ ਗੁਰਮੀਤ ਸਿੰਘ ਦੇ ਧੜੇ ਤੋਂ ਨਿਜਾਤ ਪਾਈਏ। ਐਸ ਪੀ ਸਿੰਘ ਅਤੇ ਗੁਰਮੀਤ ਸਿੰਘ ਬਾਰੇ ਮੈਂ ਇੱਕ ਗੱਲ ਸੰਗਤ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਇਹ ਮੁਖ਼ਬਰ ਹਨ। ਇਹਨਾਂ ਨੇ 2003 ਵਿੱਚ ਫਰੀਮਾਂਟ ਪੁਲਿਸ ਕੋਲ ਜਾ ਕੇ ਕਿਹਾ ਕਿ ਜਸਜੀਤ ਸਿੰਘ ਪੰਜਾਬ ਵਿੱਚ ਕਤਲਾਂ ਵਿੱਚ ਲੋੜੀਂਦਾ ਹੈ ਆਦਿ। ਇਸ ਬਾਰੇ ਮੈਨੂੰ 2018 ਵਿੱਚ ਪਤਾ ਲੱਗਿਆ।

ਗੱਲ ਇੱਥੇ ਹੀ ਰੁਕੀ ਨਹੀਂ, ਇਸੇ ਲੀਹ ਤੇ ਚੱਲਦੇ ਹੋਏ ਸੁਪਰੀਮ ਕੌਂਸਲ ਦੇ ਤਿੰਨ ਮੈਂਬਰਾਂ ਨੇ ਵੀ ਪਿਛਲੇ ਸਾਲ ਪੁਲਿਸ ਮੁਖੀ ਨੂੰ ਚਿੱਠੀ ਲਿਖੀ, ਫੇਰ ਗੁਰਚਰਨ ਮਾਨ ਤੇ ਕੁਲਜੀਤ ਸਿੰਘ ਨੇ ਲਿਖੀ। ਇਹ ਮੁਖ਼ਬਰ ਬਿਰਤੀ ਦੇ ਬੰਦੇ ਇੱਕ ਜਗਾ ਇਕੱਠੇ ਹੋਏ ਹਨ ਜਿਹੜਾ ਕਿ ਗੁਰਦੁਆਰੇ ਅਤੇ ਸੇਵਾਦਾਰਾਂ ਲਈ ਬੜਾ ਖ਼ਤਰਨਾਕ ਹੈ।

ਅਸੀਂ ਸਿੱਖ ਪੰਚਾਇਤ ਵੱਲੋਂ ਸੰਗਤ ਨਾਲ ਨਾਲ ਵਾਇਦਾ ਕਰਦੇ ਹਾਂ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਵਿੱਚ ਸੁਖਾਵਾਂ ਮਾਹੌਲ ਅਤੇ ਕਿਸੇ ਵੀ ਮੈਂਬਰ ਦੇ ਨਿੱਜੀ ਕੰਮਾਂ ਲਈ ਗੁਰਦੁਆਰਾ ਸਾਹਿਬ ਦੇ ਵਸੀਲੇ ਨਹੀਂ ਵਰਤਣ ਦਿਆਂਗੇ।

# ਸਾਬਕਾ ਡਾਇਰੈਕਟਰ ਜੰਗਲਾਤ ਮਹਿਕਮੇ ਦੇ ਹਰਨੇਕ ਸਿੰਘ ਰੰਨਦੇਵ ਦੀ ਹਵਾਈ ਜਹਾਜ਼ 'ਚੋਂ ਉਤਰਦਿਆਂ ਮੌਤ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਪੰਜਾਬ ਜੰਗਲਾਤ ਮਹਿਕਮੇ ਦੇ ਆਈ.ਐਸ. ਐਫ਼. ਹਰਨੇਕ ਸਿੰਘ ਰੰਨਦੇਵ (82) ਸਾਬਕਾ ਡਾਇਰੈਕਟਰ ਛੱਤਬੀੜ ਜੂ ਅਤੇ ਡਿਵੈਲਪਮੈਂਟ ਕਮਿਸ਼ਨਰ ਕੰਡੀ ਏਰੀਆ ਡਿਵੈਲਪਮੈਂਟ ਰਹਿ ਚੁੱਕੇ ਭਾਰਤ ਤੋਂ ਸਿਆਟਲ ਪਹੁੰਚਣ ਲਈ ਸਾਨਫਰਾਂਸਿਸਕੋ ਹਵਾਈ ਅੱਡੇ ਤੇ ਉਤਰਦਿਆਂ ਹੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਹਰਨੇਕ ਸਿੰਘ ਰੰਨਦੇਵ ਪਿਛਲੇ 17-18 ਸਾਲ ਤੋਂ ਸਿਆਟਲ ਰਹਿ ਰਹੇ ਸਨ ਜੋ ਆਪਣੇ ਪਿੱਛੇ ਪਤਨੀ ਗੁਰਦੀਪ ਕੌਰ ਅਤੇ ਦੋ ਲੜਕੇ ਅਮਨਵੀਰ ਸਿੰਘ ਅਤੇ ਮਨਿੰਦਰਵੀਰ ਸਿੰਘ ਰੰਨਦੇਵ ਛੱਡ ਗਏ ਹਨ,



ਜਿਨਾਂ ਦਾ ਸੰਸਕਾਰ ਕੈਂਟ ਵਿਚ ਵੀਰਵਾਰ 3 ਸਤੰਬਰ ਨੂੰ 3 ਵਜੇ ਅਤੇ ਉਪਰੰਤ ਗੁਰਦੁਆਰਾ ਸਿੰਘ ਸਭਾ ਅੰਤਿਮ ਅਰਦਾਸ ਹੋਵੇਗੀ। ਅਵਤਾਰ ਸਿੰਘ ਆਦਮਪੁਰੀ, ਗੁਰਦੀਪ ਸਿੰਘ ਸਿੱਧੂ, ਕੁਲਵੰਤ ਸਿੰਘ ਸ਼ਾਹ, ਸੈਮ ਵਿ✡ਰਕ ਤੇ ਉਂਕਾਰ ਭੰਡਾਲ ਨੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਦੱਸਿਆ ਕਿ ਹਰਨੇਕ ਸਿੰਘ ਰੰਨਦੇਵ ਧਾਰਮਿਕ ਬਿਰਤੀ ਵਾਲੇ ਪੜੇ ਲਿਖੇ ਤੇ ਸੁਲਝੇ ਹੋਏ ਇਨਸਾਨ ਸਨ। ਸੇਮ ਵਿਰਕ ਨੇ ਦੁੱਖ ਪ੍ਰਗਟ ਕਰਦੇ ਹੋਏ ਯਾਤਰੂਆਂ ਨੂੰ ਸੁਝਾਅ ਦਿੱਤਾ ਕਿ ਲੰਮੀ ਹਵਾਈ ਯਾਤਰਾ ਸਮੇਂ ਬਲੱਡ ਕਲਾਊਟ ਦੀ ਦਵਾਈ ਲੈ ਕੇ ਸਫ਼ਰ ਕਰਨਾ ਚਾਹੀਦਾ ਹੈ।

## ਸਵਰਗਵਾਸੀ ਮਾਤਾ ਸੁਰਜੀਤ ਕੌਰ ਜੀ ਨਮਿੱਤ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਹਿਜ ਪਾਠ ਦੀ ਅਰੰਭਤਾ



ਅੰਮ੍ਰਿਤਸਰ ਟਾਈਮਜ਼ ਬਿਊਰੋ : ਭਾਰਤੀ ਫੌਜ ਦੇ ਵਹਿਸ਼ੀ ਜਰਨੈਲ ਵੈਦਿਆ ਨੂੰ ਕਰਨੀ ਦਾ ਫ਼ਲ ਭੁਗਤਾ ਕੇ ਘੱਲੂਘਾਰਾ ਜੂਨ 1984 ਦਾ ਪੰਥਕ ਰਵਾਇਤਾਂ ਅਨੁਸਾਰ ਹਿਸਾਬ ਬਰਾਬਰ ਕਰਨ ਵਾਲੇ ਮਹਾਨ ਸ਼ਹੀਦਾਂ ਦੀ ਜੋੜੀ ਭਾਈ ਹਰਜਿੰਦਰ ਸਿੰਘ ਜੀ ਜਿੰਦਾ ਤੇ ਭਾਈ ਸੁਖਦੇਵ ਸਿੰਘ ਜੀ ਸੁੱਖਾ ਵਿਚੋਂ ਭਾਈ ਸੁੱਖਾ ਦੇ ਸਤਿਕਾਰਯੋਗ ਮਾਤਾ ਜੀ ਮਾਤਾ ਸੁਰਜੀਤ ਕੌਰ 8.27.2020 ਨੂੰ ਅਕਾਲ ਚਲਾਣਾ ਕਰ ਗਏ ਸਨ। ਉਨਾਂ ਨਮਿੱਤ ਸਹਿਜ ਪਾਠ ਦੀ ਸੇਵਾ ਕਰਵਾਈ ਜਾ ਰਹੀ ਹੈ। ਸਹਿਜ ਪਾਠ ਦੀ ਅਰੰਭਤਾ 29 ਅਗਸਤ ਸ਼ਾਮੀਂ 5 ਵਜੇ ਹੋਈ ਅਤੇ ਸਹਿਜ ਪਾਠ ਦੀ ਸੰਪੂਰਨਤਾ 6 ਸਤੰਬਰ ਐਤਵਾਰ ਸ਼ਾਮੀਂ 5 ਵਜੇ ਕੀਤੀ ਜਾਵੇਗੀ।

ਸੰਗਤਾਂ ਕੋਵਿਡ-19 ਦੀਆਂ ਹਦਾਇਤਾਂ ਅਨੁਸਾਰ ਪਾਠ ਸਰਵਣ ਕਰਨ ਆ ਸਕਦੀਆਂ ਹਨ, ਆਨਲਾਈਨ ਵੀ ਸਮਾਗਮ ਵੇਖੇ ਜਾ ਸਕਣਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸਿੱਖਾਂ ਦੇ ਕਤਲੇਆਮ ਵਿਚ ਸ਼ਾਮਲ ਇਕ ਹੋਰ ਭਾਰਤੀ ਦੁਨੀਆ ਤੋਂ ਰੁਖਸਤ ਹੋਇਆ

**- ਸੁਖਵਿੰਦਰ ਸਿੰਘ**

ਬੀਤੇ ਕੱਲ ਭਾਰਤ ਦੇ ਸਾਬਕਾ ਰਾਸ਼ਟਰਪਤੀ ਪ੍ਰਨਬ ਮੁਖਰਜੀ ਦੀ ਦਿਮਾਗੀ ਬਿਮਾਰੀ ਨਾਲ ਮੌਤ ਹੋ ਗਈ। ਉਹ 84 ਸਾਲ ਦੇ ਸਨ ਅਤੇ ਭਾਰਤੀ ਰਾਜ ਦੇ ਕਈ ਉੱਚ ਅਹੁਦਿਆਂ ‘ਤੇ ਰਹੇ। ਉਹਨਾਂ ਦਾ ਪਿਛਲੇ ਮਹੀਨੇ ਦਿਮਾਗੀ ਅਪ੍ਰੇਸ਼ਨ ਹੋਇਆ ਸੀ ਅਤੇ ਉਹਨਾਂ ਦੀ ਕੋਰੋਨਾ ਰਿਪੋਰਟ ਵੀ ਪਾਜ਼ੇਟਿਵ ਆਈ ਸੀ।

**ਭਾਰਤੀ ਰਾਜ ਦਾ ਅਹਿਮ ਅੰਗ ਰਿਹਾ ਪ੍ਰਨਬ ਦਾ ਜੀਵਨ**

ਪੱਛਮੀ ਬੰਗਾਲ ਨਾਲ ਸਬੰਧਿਤ ਪ੍ਰਨਬ ਮੁਖਰਜੀ ਨੇ ਆਪਣੇ ਰਾਜਨੀਤਕ ਜੀਵਨ ਦੀ ਸ਼ੁਰੂਆਤ 1969 ਵਿਚ ਕੀਤੀ ਜਦੋਂ ਉਸ ਸਮੇਂ ਦੀ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪ੍ਰਨਬ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ। ਇੰਦਰਾ ਗਾਂਧੀ ਦੇ ਖਾਸ ਕਰੀਬੀਆਂ ਵਿਚੋਂ ਇਕ ਪ੍ਰਨਬ ਮੁਖਰਜੀ ਨੂੰ 1982 ਵਿਚ ਭਾਰਤ ਦਾ ਖਜ਼ਾਨਾ ਮੰਤਰੀ ਬਣਾਇਆ ਗਿਆ ਅਤੇ 1984 ਤਕ ਉਹ ਇਸ ਅਹੁਦੇ ‘ਤੇ ਰਹੇ। ਪ੍ਰਨਬ 1980 ਤੋਂ 1985 ਤਕ ਰਾਜ ਸਭਾ ਦੇ ਲੀਡਰ ਵੀ ਰਹੇ। ਪ੍ਰਧਾਨ ਮੰਤਰੀ ਨਰਸਿਮਾ ਰਾਓ ਦੀ ਸਰਕਾਰ ਮੌਕੇ ਪ੍ਰਨਬ ਨੂੰ 1991 ਵਿਚ ਭਾਰਤ ਦੇ ਨੀਤੀ ਕਮਿਸ਼ਨ ਦਾ ਡਿਪਟੀ ਚੇਅਰਮੈਨ ਲਾਇਆ ਗਿਆ। 1995 ਵਿਚ ਪ੍ਰਨਬ ਭਾਰਤ ਦੇ ਵਿਦੇਸ਼ ਮੰਤਰੀ ਬਣੇ। ਸੋਨੀਆ ਗਾਂਧੀ ਨੂੰ 1998 ਵਿਚ ਕਾਂਗਰਸ ਪ੍ਰਧਾਨ ਬਣਾਉਣ ਵਿਚ ਪ੍ਰਨਬ ਦੀ ਅਹਿਮ ਭੂਮਿਕਾ ਸੀ।

ਪ੍ਰਨਬ ਮੁਖਰਜੀ ਨੇ 2004 ਵਿਚ ਪਹਿਲੀ ਵਾਰ ਲੋਕ ਸਭਾ ਚੋਣ ਜਿੱਤੀ। ਮਨਮੋਹਨ ਸਿੰਘ ਦੀ ਸਰਕਾਰ ਵਿਚ ਪ੍ਰਨਬ ਮੁਖਰਜੀ ਵੱਖ-ਵੱਖ ਮਹਿਕਮਿਆਂ ਦੇ ਮੰਤਰੀ ਰਹੇ। ਰੱਖਿਆ ਮੰਤਰੀ (2004-06), ਵਿਦੇਸ਼ ਮੰਤਰੀ (2006-09) ਅਤੇ ਖਜ਼ਾਨਾ ਮੰਤਰੀ (2009-12)।

ਜੁਲਾਈ 2012 ਵਿਚ ਫੇਰ ਪ੍ਰਨਬ ਮੁਖਰਜੀ ਭਾਰਤ ਦੇ 13ਵੇਂ ਰਾਸ਼ਟਰਪਤੀ ਬਣੇ।

**ਸਿੱਖ ਕਤਲੇਆਮ ਵਿਚ ਸ਼ਮੂਲੀਅਤ**

ਪ੍ਰਨਬ ਮੁਖਰਜੀ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਖਾਸ ਬੰਦਿਆਂ ਵਿਚੋਂ ਸੀ। ਇੰਦਰਾ ਗਾਂਧੀ ਦੀ ਸਰਕਾਰ ਵਿਚ 1982 ਤੋਂ 1984 ਦਰਮਿਆਨ ਪ੍ਰਨਬ ਮੁਖਰਜੀ ਖਜ਼ਾਨਾ ਮੰਤਰੀ ਸੀ। ਜੂਨ 1984 ਵਿਚ ਦਰਬਾਰ ਸਾਹਿਬ ‘ਤੇ ਹੋਏ ਹਮਲੇ ਵਿਚ ਪ੍ਰਨਬ ਮੁਖਰਜੀ ਭਾਰਤੀ ਰਾਜ ਦੀ ਸਾਰੀ ਨੀਤੀ ਦਾ ਅਹਿਮ ਹਿੱਸਾ ਸੀ। ਇਸ ਬਾਰੇ ਪ੍ਰਨਬ ਮੁਖਰਜੀ ਨੇ ਆਪਣੀ ਜੀਵਨੀ ਬਾਰੇ ਲਿਖੀ ਕਿਤਾਬ ਵਿਚ ਜ਼ਿਕਰ ਕਰਦਿਆਂ ਦੱਸਿਆ ਕਿ ਪੰਜਾਬ ਵਿਚ ਚੱਲ ਰਹੇ ਮੋਰਚੇ ਦੌਰਾਨ ਕੇਂਦਰ ਦੀਆਂ ਅਹਿਮ ਬੈਠਕਾਂ ਵਿਚ ਸ਼ਾਮਲ ਉਹ ਹੁੰਦੇ ਸੀ।

ਆਪਣੀ ਕਿਤਾਬ ਵਿਚ ਪ੍ਰਨਬ ਮੁਖਰਜੀ ਦਰਬਾਰ ਸਾਹਿਬ ‘ਤੇ ਭਾਰਤ ਵੱਲੋਂ ਕੀਤੇ ਹਮਲੇ ਨੂੰ ਸਹੀ ਕਰਾਰ ਦਿੰਦਿਆਂ ਕਹਿੰਦੇ ਹਨ ਕਿ ਦਰਬਾਰ ਸਾਹਿਬ ‘ਤੇ ਹਮਲਾ ਕਰਨ ਦਾ ਆਖਰੀ ਫੈਂਸਲਾ ਭਾਰਤ ਸਰਕਾਰ ਦੀ ਰਾਜਨੀਤਕ ਮਾਮਲਿਆਂ ਬਾਰੇ ਕੈਬਨਿਟ ਬੈਠਕ ਵਿਚ ਲਿਆ ਗਿਆ। ਇਸ ਬੈਠਕ ਵਿਚ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਗ੍ਰਹਿ ਮੰਤਰੀ ਪੀ.ਵੀ ਨਰਸਿਮਾ ਰਾਓ, ਰੱਖਿਆ ਮੰਤਰੀ ਆਰ. ਵੈਂਕਟਰਮਨ, ਊਰਜਾ ਮੰਤਰੀ ਪੀ. ਸ਼ਿਵ ਸ਼ੰਕਰ ਅਤੇ ਪ੍ਰਨਬ ਮੁਖਰਜੀ ਸ਼ਾਮਲ ਸੀ।

**ਬਾਕੀ ਸਫ਼ਾ 31 ’ਤੇ**

# ਸ਼ਹੀਦ ਭਾਈ ਦਿਲਾਵਰ ਸਿੰਘ ਦੀ ਬਰਸੀ ਅਕਾਲ ਤਖ਼ਤ ਸਾਹਿਬ ’ਤੇ ਮਨਾਈ

**ਖਾਲਿਸਤਾਨ ਪੱਖੀ ਨਾਅਰੇ ਵੀ ਲੱਗੇ ਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਵੀ ਪੜਿਆ**



**ਅੰਮ੍ਰਿਤਸਰ /ਏ.ਟੀ.ਨਿਊਜ਼:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਲਈ ਮਨੁੱਖੀ ਬੰਬ ਬਣੇ ਸ਼ਹੀਦ ਭਾਈ ਦਿਲਾਵਰ ਸਿੰਘ ਦੀ 25ਵੀਂ ਬਰਸੀ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਮਨਾਈ ਗਈ। ਇਸ ਮੌਕੇ ਖਾਲਿਸਤਾਨ ਪੱਖੀ ਨਾਅਰੇ ਵੀ ਲੱਗੇ ਤੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਵੀ ਪੜਿਆ ਗਿਆ। ਅਰਦਾਸ ਅਤੇ ਮੁੱਖ ਵਾਕ ਮਗਰੋਂ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਵੀ ਪੜਿਆ ਗਿਆ ਜਿਸ ਵਿਚ ਭਾਈ ਦਿਲਾਵਰ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਸਮਾਗਮ ਵਿਚ ਗਰਮ ਖਿਆਲੀ ਜਥੇਬੰਦੀਆਂ ਵਿਚੋਂ ਦਲ ਖਾਲਸਾ, ਮਾਨ ਦਲ, ਹਵਾਰਾ ਕਮੇਟੀ ਸਮੇਤ ਅਖੰਡ ਕੀਰਤਨੀ ਜਥਾ ਤੇ ਹੋਰ ਸ਼ਖਸੀਅਤਾਂ ਵੀ ਹਾਜ਼ਰ ਸਨ ਗਰਮ ਖਿਆਲੀ ਆਗੂਆਂ ਵਲੋਂ ਸ਼ਹੀਦ ਭਾਈ ਦਿਲਾਵਰ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਵਿਚ ਸਥਾਪਤ ਕਰਨ ਦੀ ਮੰਗ ਕੀਤੀ ਗਈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਅਕਾਲ ਤਖ਼ਤ ਸਾਹਿਬ ਵਲੋਂ ਸ਼ਹੀਦ ਭਾਈ ਦਿਲਾਵਰ ਸਿੰਘ ਨੂੰ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ ਪਰ ਹੁਣ ਤਕ ਉਨਾਂ ਦਾ ਚਿੱਤਰ ਸਥਾਪਤ ਨਹੀਂ ਕੀਤਾ ਗਿਆ। ਉਨਾਂ ਮੰਗ ਕੀਤੀ ਕਿ ਅਜਾਇਬ ਘਰ ਵਿਚ ਸਿੱਖ ਸੰਘਰਸ਼ ਦੇ ਹੋਰਨਾਂ ਸ਼ਹੀਦਾਂ ਦੇ ਵੀ ਚਿੱਤਰ ਸਥਾਪਤ ਕੀਤੇ ਜਾਣ। ਉਨਾਂ ਸ਼੍ਰੋਮਣੀ ਕਮੇਟੀ ’ਤੇ ਇਸ ਮੰਗ ਨੂੰ ਜਾਣਬੁੱਝ ਕੇ ਅਣਗੌਲਿਆਂ ਕਰਨ ਦਾ ਦੋਸ਼ ਲਾਇਆ। ਇਸ ਮੌਕੇ ਬੱਬਰ ਖਾਲਸਾ ਜਥੇਬੰਦੀ ਦੇ ਮੁਖੀ ਵਧਾਵਾ ਸਿੰਘ ਬੱਬਰ ਦਾ ਸੰਦੇਸ਼ ਵੀ ਵੰਡਿਆ ਗਿਆ।

# ਮਾਸਕ ਪਾਉਣ ਨੂੰ ਲੈ ਕੇ ਦੋ ਧੜਿਆਂ ਵਿਚ ਵੰਡੇ ਗਏ ਹਨ ਅਮਰੀਕੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਵਾਸ਼ਿੰਗਟਨ , ਡੀ ਸੀ ਵਿਚ ਦੋ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਸ ਤੋਂ ਲੱਗਦਾ ਹੈ ਕਿ ਕੋਰੋਨਾ ਵਾਇਰਸ ਤੋਂ ਬਚਣ ਲਈ ਮਾਸਕ ਪਾਉਣ ਦੇ ਮੁੱਦੇ ‘ਤੇ ਅਮਰੀਕੀ ਵੰਡੇ ਹੋਏ ਹਨ। ਡੋਨਾਲਡ ਟਰੰਪ ਵੱਲੋਂ ਰਿਪਬਲੀਕਨ ਪਾਰਟੀ ਦੀ ਦੂਸਰੀ ਵਾਰ ਰਾਸ਼ਟਰਪਤੀ ਦੀ ਚੋਣ ਲੜਨ ਲਈ ਨਾਮਜ਼ਦਗੀ ਦੀ ਪੇਸ਼ਕਸ਼ ਸਵਿਕਾਰ ਕਰਨ ਮੌਕੇ ਹੋਏ ਸਮਾਗਮ ਵਿਚ ਸੱਦੇ ਗਏ 1000 ਤੋਂ ਵਧ ਵਿਅਕਤੀਆਂ ਦੇ ਬੈਠਣ ਲਈ ਕੁਰਸੀਆਂ ਲਾਈਆਂ ਗਈਆਂ ਸਨ ਪਰੰਤੂ ਹਾਲ ਖਚਾਖਚ ਭਰ ਗਿਆ ਸੀ ਤੇ ਬਹੁਤਿਆਂ ਨੇ ਮਾਸਕ ਵੀ ਨਹੀਂ ਪਾਏ ਹੋਏ ਸਨ। ਦੂਸਰੇ ਪਾਸੇ ਇਸੇ ਦਿਨ ਨਸਲੀ ਨਿਆਂ ਨੂੰ ਲੈ ਕੇ ਹੋਏ ਪ੍ਰਦਰਸ਼ਨ ਵਿਚ ਸ਼ਾਮਿਲ ਹਜਾਰਾਂ ਲੋਕਾਂ ਨੇ ਸਮਾਜਿਕ ਦੂਰੀ ਵੀ ਰੱਖੀ ਤੇ ਮਾਸਕ ਵੀ ਪਾਏ ਹੋਏ ਸਨ। ਮਾਰਟਿਨ ਲੂਥਰ ਕਿੰਗ-3 ਨੇ ਲਿੰਕਨ ਮੈਮੋਰੀਅਲ ਤੋਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਵਿਚ ਸਮਾਜਿਕ ਦੂਰੀ ਹੈ ਪਰ ਅਧਿਆਤਮਿੱਕ ਤੌਰ ’ਤੇ ਅਸੀਂ ਇਕ ਹਾਂ। ਅਮਰੀਕੀਆਂ ਵਿਚ ਕੋਰੋਨਾਵਾਇਰਸ ਨੂੰ ਲੈ ਕੇ ਆਪੋ ਆਪਣੀ ਪਹੁੰਚ ਦੀਆਂ ਇਹ ਤਾਜ਼ਾ ਉਦਾਹਰਣਾਂ ਹਨ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਜਾਰਜ ਫਲਾਇਡ ਮਾਮਲੇ ਵਿਚ ਬਚਾਅ ਪੱਖ ਦੇ ਵਕੀਲਾਂ ਨੇ ਕਤਲ ਦੇ ਦੋਸ਼ ਰੱਦ ਕਰਨ ਦੀ ਕੀਤੀ ਮੰਗ



**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਕਾਲੇ ਵਿਅਕਤੀ ਜਾਰਜ ਫਲਾਇਡ ਦੇ ਮਾਮਲੇ ਵਿਚ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਮਿਨੇਪੋਲਿਸ ਪੁਲਿਸ ਦੇ ਸਾਬਕਾ ਅਧਿਕਾਰੀ ਡੈਰਕ ਚੂਵਿਨ ਦੇ ਵਕੀਲਾਂ ਨੇ ਅਦਾਲਤ ਵਿਚ ਸੁਣਵਾਈ ਦੌਰਾਨ ਕਿਹਾ ਕਿ ਉਨਾਂ ਦਾ ਮੁਵੱਕਲ ਨਿਰਦੋਸ਼ ਹੈ। ਬਚਾਅ ਪੱਖ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਫਲਾਇਡ ਦੀ ਮੌਤ ਲਈ ਪੁਲਿਸ ਫੋਰਸ ਦੀ ਨਜਾਇਜ਼ ਵਰਤੋਂ ਜਿੰਮੇਵਾਰ ਨਹੀਂ ਹੈ ਬਲਕਿ ਫਲਾਇਡ ਦੀ ਨਸ਼ੀਲੇ ਪਦਾਰਥ ਖਾਣ ਦੀ ਆਦਤ ਉਸ ਦੀ ਮੌਤ ਦਾ ਕਾਰਨ ਬਣੀ ਹੈ।

ਦੂਸਰੇ ਪਾਸੇ ਚੂਵਿਨ ਤੇ 3 ਹੋਰ ਸਾਬਕਾ ਪੁਲਿਸ ਅਧਿਕਾਰੀਆਂ ਵਿਰੁੱਧ ਕੇਸ ਦੀ ਪੈਰਵਾਈ ਕਰ ਰਹੇ ਵਕੀਲਾਂ ਨੇ ਅਦਾਲਤ ਵਿਚ ਦਾਇਰ ਕੀਤੇ ਦਸਤਾਵੇਜ਼ਾਂ ਵਿਚ ਕਿਹਾ ਹੈ ਕਿ ਫਲਾਇਡ ਬੇਵੱਸ ਹੋ ਗਿਆ ਸੀ। ਉਸ ਦੇ ਹੱਥ ਬੱਧੇ ਹੋਏ ਸਨ ਤੇ ਉਸ ਨੂੰ ਜ਼ਮੀਨ ਉਪਰ ਪੁੱਠਾ ਲਿਟਾਇਆ ਹੋਇਆ ਸੀ। ਪੁਲਿਸ ਅਧਿਕਾਰੀਆਂ ਨੇ ਕਰੂਰਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। ਦਸਤਾਵੇਜ਼ਾਂ ਵਿਚ ਵਕੀਲਾਂ ਨੇ ਕਿਹਾ ਹੈ ਕਿ ਫਲਾਇਡ ਵੱਲੋਂ ਮਿੰਨਤ ਕੀਤੀ ਗਈ ਕਿ ਉਹ ਸਾਹ ਨਹੀਂ ਲੈ ਸਕਦਾ ਤੇ ਇਕ ਚਸ਼ਮਦੀਦ ਗਵਾਹ ਵੱਲੋਂ ਵੀ ਇਹ ਕਿਹਾ ਗਿਆ ਕਿ ਉਸ ਨੂੰ ਛੱਡ ਦਿੱਤਾ ਜਾਵੇ ਪਰ ਮੁੱਖ ਦੋਸ਼ੀ ਤੇ ਉਸ ਦੇ 3 ਸਾਥੀਆਂ ਨੇ ਇਕ ਨਾ ਸੁਣੀ ਤੇ ਆਖਰਕਾਰ ਸਾਹ ਘੁੱਟਣ ਕਾਰਨ ਉਸ ਦੀ ਮੌਤ ਹੋ ਗਈ। ਵਕੀਲਾਂ ਨੇ ਕਿਹਾ ਹੈ ਕਿ ਜੇਕਰ ਪੁਲਿਸ ਅਧਿਕਾਰੀ ਦੋਸ਼ੀ ਠਹਿਰਾ ਦਿੱਤੇ ਜਾਂਦੇ ਹਨ ਤਾਂ ਉਹ ਉਨਾਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਅਦਾਲਤ ਨੂੰ ਬੇਨਤੀ ਕਰਨਗੇ। ਚੂਵਿਨ ਤੋਂ ਇਲਾਵਾ ਬਾਕੀ ਤਿੰਨ ਪੁਲਿਸ ਅਧਿਕਾਰੀਆਂ ਵਿਚ ਜੇ. ਅਲੈਗਜੈਂਡਰ ਕੂਏਂਗ, ਥਾਮਸ ਲੇਨ ਤੇ ਟੌ ਥਾਓ ਸ਼ਾਮਿਲ ਹਨ। ਇਨਾਂ ਪਰ ਹੱਤਿਆ 'ਚ ਚੂਵਿਨ ਦੀ ਮੱਦਦ ਕਰਨ ਦੇ ਦੋਸ਼ ਲਾਏ ਗਏ ਹਨ। ਇਨਾਂਚਾਰਾਂਨੂੰਬਰਖ਼ਾਸਤਕਰਦਿੱਤਾਗਿਆਸੀ।

# ਚਾਰਲੀ ਹੇਬਦੋ ਨੇ ਦੁਬਾਰਾ ਮੋਹੱਮਦ ਸਾਹਿਬ ਦੇ ਕਾਰਟੂਨ ਪ੍ਰਕਾਸ਼ਿਤ ਕੀਤੇ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਫਰਾਂਸ ਦੇ ਮੈਗਜ਼ੀਨ ਚਾਰਲੀ ਹੇਬਦੋ ਨੇ ਇਸਲਾਮ ਦੇ ਪੈਗੰਬਰ ਮੋਹੱਮਦ ਸਾਹਿਬ ਦੇ ਕਾਰਟੂਨ ਮੁੜ ਪ੍ਰਕਾਸ਼ਤ ਕਰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਇਹਨਾਂ ਕਾਰਟੂਨਾਂ ਕਰਕੇ ਹੀ 2015 ਵਿਚ ਚਾਰਲੀ ਹੇਬਦੋ ਦੇ ਪੈਰਿਸ ਸਥਿਤ ਦਫਤਰ 'ਤੇ ਦੋ ਮੁਸਲਮਾਨਾਂ ਨੇ ਹਮਲਾ ਕਰ ਦਿੱਤਾ ਸੀ ਜਿਸ ਵਿਚ 12 ਲੋਕ ਮਾਰੇ ਗਏ ਸਨ। ਮਰਨ ਵਾਲਿਆਂ ਵਿਚ ਮੈਗਜ਼ੀਨ ਦੇ ਕਾਰਟੂਨ ਬਣਾਉਣ ਵਾਲੇ ਸ਼ਾਮਲ ਸਨ।

ਇਸ ਹਮਲੇ ਨਾਲ ਸਬੰਧਿਤ ਦੋਸ਼ਾਂ ਦੇ ਅਧੀਨ 14 ਲੋਕਾਂ ਖਿਲਾਫ ਚੱਲ ਰਹੇ ਮਾਮਲੇ ਦੀ ਕੱਲ ਸੁਣਵਾਈ ਹੋਣ ਜਾ ਰਹੀ ਹੈ।

ਇਸ ਮੈਗਜ਼ੀਨ ਵੱਲੋਂ ਮੋਹੱਮਦ ਸਾਹਿਬ ਦੇ ਛਾਪੇ ਕਾਰਟੂਨਾਂ ਨੇ ਦੁਨੀਆ ਭਰ ਦੇ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਸੀ। ਇਸਲਾਮੀ ਸਿਧਾਂਤ ਮੁਤਾਬਕ ਪੈਗੰਬਰ ਮੋਹੱਮਦ ਸਾਹਿਬ ਦੀ ਤਸਵੀਰ ਬਣਾਉਣਾ ਨਾ-ਮੁਆਫੀ ਯੋਗ ਗੁਨਾਹ ਹੈ। ਚਾਰਲੀ ਹੇਬਦੋ ਦੇ ਕਾਰਟੂਨਾਂ ਤੋਂ ਬਾਅਦ ਯੂਰਪ ਵਿਚ ਇਸਲਾਮ ਲਈ ਨਵੀਆਂ ਚੁਣੌਤੀਆਂ ਖੜੀਆਂ ਹੋ ਗਈਆਂ ਸਨ।

ਹੁਣ ਇਸ ਮੈਗਜ਼ੀਨ ਨੇ ਆਪਣੇ ਤਾਜ਼ਾ ਅੰਕ ਵਿਚ ਮੋਹੱਮਦ ਸਾਹਿਬ ਦੇ 12 ਕਾਰਟੂਨ ਪ੍ਰਕਾਸ਼ਿਤ ਕੀਤੇ ਹਨ। ਇਹ ਕਾਰਟੂਨ ਮੂਲ ਰੂਪ ਵਿਚ ਡੈਨਮਾਰਕ ਦੇ ਅਖਬਾਰ ਜੇਪੀ ਵਿਚ 2005 'ਚ ਛਪੇ ਸਨ, ਤੇ ਉਦੋਂ ਵੀ ਇਸਲਾਮ ਜਗਤ ਵੱਲੋਂ ਇਸਦਾ ਸਖਤ ਵਿਰੋਧ ਕੀਤਾ ਗਿਆ ਸੀ। ਇਹਨਾਂ ਕਾਰਟੂਨਾਂ ਨੂੰ ਬਾਅਦ ਵਿਚ ਚਾਰਲੀ ਹੇਬਦੋ ਨੇ ਛਾਪਿਆ ਸੀ। ਇਹਨਾਂ ਕਾਰਟੂਨਾਂ ਵਿਚੋਂ ਇਕ ਕਾਰਟੂਨ ਵਿਚ ਮੋਹਮੱਦ ਸਾਹਿਬ ਦੇ ਸਿਰ 'ਤੇ ਦਸਤਾਰ ਦੀ ਥਾਂ ਬੰਬ ਬੰਨਿਆ ਦਿਖਾਇਆ ਗਿਆ ਹੈ।

# ਟਰੰਪ ਪ੍ਰਸ਼ਾਸਨ ਨੇ ਦੇਸ਼ ਭਰ ਵਿਚ ਰਿਹਾਇਸ਼ ਖਾਲੀ ਕਰਵਾਉਣ ਉਪਰ 31 ਦਸੰਬਰ ਤੱਕ ਲਾਈ ਰੋਕ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਟਰੰਪ ਪ੍ਰਸ਼ਾਸਨ ਨੇ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਤੇ ਆਰਥਕ ਸੰਕਟ ਦੇ ਮੱਦੇਨਜਰ ਦੇਸ਼ ਭਰ ਵਿਚ ਇਸ ਸਾਲ ਦੇ ਅੰਤ ਤੱਕ ਰਿਹਾਇਸ਼ ਖਾਲੀ ਕਰਵਾਉਣ ਉਪਰ ਰੋਕ ਲਾ ਦਿੱਤੀ ਹੈ। ਇਸ ਪਾਬੰਦੀ ਦਾ ਐਲਾਨ ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਵੱਲੋਂ ਕੀਤਾ ਗਿਆ ਹੈ । ਟਰੰਪ ਪ੍ਰਸ਼ਾਸਨ ਵੱਲੋਂ ਕਾਂਗਰਸ ਨਾਲ ਸਮਝੌਤੇ ਦੀ ਅਣਹੋਂਦ ਵਿਚ ਕੋਰੋਨਾ ਮਹਾਮਾਰੀ ਕਾਰਨ ਪੈਦਾ ਹੋਏ ਆਰਥਕ ਨਿਘਾਰ ਨਾਲ ਨਜਿੱਠਣ ਲਈ ਚੁੱਕਿਆ ਗਿਆ ਇਹ ਆਖਰੀ ਕਦਮ ਹੈ। ਸਿਹਤ ਵਿਭਾਗ ਨੇ 1944 ਦੇ ਜਨਤਿਕ ਸਿਹਤ ਸਰਵਿਸ ਐਕਟ ਤਹਿਤ ਰਿਹਾਇਸ਼ ਖਾਲੀ ਕਰਵਾਉਣ ਉਪਰ ਪਾਬੰਦੀ ਲਾਉਣ ਦਾ ਕਦਮ ਚੁੱਕਿਆ ਹੈ। ਇਸ ਐਕਟ ਤਹਿਤ ਪ੍ਰਸ਼ਾਸਨ ਕੋਲ ਵਿਆਪਕ ਸ਼ਕਤੀਆਂ ਹਨ ਜਿਨਾਂ ਤਹਿਤ ਉਹ ਲੋਕਾਂ ਨੂੰ ਘਰਾਂ ਵਿਚ ਏਕਾਂਤਵਾਸ 'ਚ ਰਖ ਸਕਦਾ ਹੈ। ਇਹ ਪਾਬੰਦੀ 31 ਦਸੰਬਰ 2020 ਤੱਕ ਉਨਾਂ ਲੋਕਾਂ ਉਪਰ ਲਾਗੂ ਹੋਵੇਗੀ ਜੋ 99000 ਡਾਲਰ ਤੋਂ ਘੱਟ ਕਮਾਉਂਦੇ ਹਨ ਤੇ ਜੋ ਕਿਰਾਇਆ ਜਾਂ ਮਕਾਨ ਸਬੰਧੀ ਅਦਾਇਗੀਆਂ ਕਰਨ 'ਚ ਅਸਮਰਥ ਹਨ। ਵਾਇਟ ਹਾਊਸ ਦੇ ਬੁਲਾਰੇ ਬਰੀਅਨ ਮੋਰਜੇਨਸਟਰਨ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਸਖਤ ਮਿਹਨਤੀ ਅਮਰੀਕੀਆਂ ਦੀ ਮਦਦ ਕਰਨ ਲਈ ਵਚਨਬੱਧ ਹਨ ਤਾਂ ਜੋ ਉਹ ਕੋਰੋਨਾ ਮਹਾਮਾਰੀ ਦੇ ਮੱਦੇਨਜ਼ਰ ਆਪਣੇ ਘਰਾਂ ਵਿਚ ਰਹਿ ਸਕਣ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਦਾ ਰਲਵਾਂ ਮਿਲਵਾਂ ਪ੍ਰਤੀਕਰਮ ਵੇਖਣ ਨੂੰ ਮਿਲਿਆ ਹੈ। ਹਾਊਸਿੰਗ ਮਾਹਿਰਾਂ ਨੇ ਪ੍ਰਸੰਸਾ ਕਰਦਿਆਂ ਕਿਹਾ ਹੈ ਕਿ ਇਸ ਨਾਲ ਲੱਖਾਂ ਅਮਰੀਕੀਆਂ ਨੂੰ ਘਰਾਂ ਵਿਚ ਰਖਿਆ ਜਾ ਸਕੇਗਾ ਪ੍ਰੰਤੂ ਚਿੰਤਾ ਵਾਲੀ ਗੱਲ ਇਹ ਹੀ ਕਿ ਅਗਲੇ ਸਾਲ ਜਦੋਂ ਲੋਕ ਘਰ ਛੱਡਣਗੇ ਤਾਂ ਅਦਾਇਗੀ ਦੀ ਸਮੱਸਿਆ ਜਿਉਂ ਦੀ ਤਿਉਂ ਰਹੇਗੀ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਜਾਇਦਾਦ ਮਾਲਕ ਇਸ ਕਦਮ ਬਾਰੇ ਕੀ ਪ੍ਰਤੀਕਰਮ ਦਿੰਦੇ ਹਨ ਕਿਉਂਕਿ ਉਨਾਂ ਨੇ ਆਪਣੀਆਂ ਸਾਰੀਆਂ ਅਦਾਇਗੀਆਂ ਖੁਦ ਹੀ ਕਰਨੀਆਂ ਹੁੰਦੀਆਂ ਹਨ। ਨੈਸ਼ਨਲ ਮਲਟੀਫੈਮਿਲੀ ਹਾਊਸਿੰਗ ਕੌਂਸਲ ਦੇ ਪ੍ਰਧਾਨ ਡੌਗ ਬਿਬੀ ਨੇ ਕਿਹਾ ਹੈ ਕਿ ਉਨਾਂ ਦਾ ਸੰਗਠਨ ਨਿਰਾਸ਼ ਹੋਇਆ ਹੈ। ਪ੍ਰਸ਼ਾਸਨ ਨੇ ਕਿਰਾਏ ਤੇ ਬੇਰੁਜ਼ਗਾਰੀ ਸਹਾਇਤਾ ਲਈ ਫੰਡਾਂ ਦੀ ਵਿਵਸਥਾ ਕੀਤੇ ਬਗੈਰ ਘਰ ਖਾਲੀ ਕਰਨ ਉਪਰ ਰੋਕ ਲਾ ਦਿੱਤੀ ਹੈ। ਉਨਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਆਖਿਰਕਾਰ ਨੁਕਸਾਨ ਲੋਕਾਂ ਦਾ ਹੀ ਹੋਵੇਗਾ। ਛੋਟੇ ਮਾਲਕਾਂ ਲਈ ਵਿੱਤੀ ਜਿੰਮੇਵਾਰੀਆਂ ਪੂਰੀਆਂ ਕਰਨੀਆਂ ਅਸੰਭਵ ਹੋ ਜਾਣਗੀਆਂ ਤੇ ਉਹ ਕਿਰਾਏਦਾਰਾਂ ਨੂੰ ਆਪਣੇ ਘਰਾਂ ਵਿਚ ਨਹੀਂ ਰਖ ਸਕਣਗੇ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਕਰਮਚਾਰੀਆਂ ਨੂੰ ਸਜ਼ਾਵਾਂ ਮਿਲੀਆਂ ਪਰ ਲਾਪਤਾ ਸਰੂਪ ਕਿੱਥੇ ਹਨ ?

## ਸਿਆਸੀ ਗੁਨਾਹਗਾਰ ਜਾਂਚ ਦੇ ਘੇਰ ਤੋਂ ਬਾਹਰ ਕਿਉਂ ? ਜਥੇਦਾਰ ਹਵਾਰਾ ਕਮੇਟੀ

**ਅੰਮ੍ਰਿਤਸਰ /ਏ.ਟੀ.ਨਿਊਜ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਣਤੀ ਪੱਖੋਂ ਲਾਪਤਾ ਪਾਵਨ ਸਰੂਪਾਂ ਦੀ ਜਾਂਚ ਰੀਪੋਰਟ ਤੇ ਸ੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਕਰਮਚਾਰੀਆਂ ਵਿਰੁੱਧ ਕੀਤੀ ਕਾਰਵਾਈ ਨੂੰ ਅਧੂਰਾ ਦੱਸਦੇ ਹੋਏ ਜਾਂਚ ਅਧਿਕਾਰੀ ਨੂੰ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਸਵਾਲ ਕੀਤਾ ਕਿ ਸਿਆਸੀ ਗੁਨਾਹਗਾਰਾਂ ਤੇ ਕਮੇਟੀ ਪ੍ਰਬੰਧਕਾਂ ਨੂੰ ਜਾਂਚ ਦੇ ਘੇਰੇ ਤੋਂ ਕਿਸ ਮਜਬੂਰੀ ਕਾਰਣ ਬਾਹਰ ਰਖਿਆ ਗਿਆ ਹੈ ? ਜਾਂਚ ਦੀ ਆਰੰਭਤਾ ਤੋਂ ਪਹਿਲਾਂ 267 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੀ ਗੱਲ ਕੀਤੀ ਗਈ ਸੀ ਤੇ ਬਾਅਦ ਵਿੱਚ ਇਸ ਗਿਣਤੀ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾਂ ਉਜਾਗਰ ਹੋਈ ਸੀ।

ਹਵਾਰਾ ਕਮੇਟੀ ਨੇ ਕਿਹਾ ਕਿ ਰਿਪੋਰਟ ਆਣ ਤੋਂ ਪਹਿਲਾਂ ਹੀ ਗਿਆਨੀ ਹਰਪ੍ਰੀਤ ਸਿੰਘ ਨੇ ਸਾਜਿਸ਼ ਨਾਲ ਜਾਂਚ ਨੂੰ ਨਵੀਂ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਕਿ ਲਾਪਤਾ ਸਰੂਪ ਪ੍ਰਕਾਸ਼ਿਤ ਹੀ ਨਹੀਂ ਹੋਏ ਸਨ। ਦਰਅਸਲ ਵਿੱਚ ਉਸ ਵੇਲੇ ਹੀ ਅੰਦਾਜ਼ਾ ਲੱਗ ਗਿਆ ਸੀ ਕਿ ਲਾਪਤਾ ਸਰੂਪਾਂ ਦੀ ਜਾਂਚ ਤੇ ਪਰਦਾ ਪਾਇਆ ਜਾ ਰਿਹਾ ਹੈ। ਲੈਜਰਾ ਦੇ ਹਿਸਾਬ ਕਿਤਾਬ ਵਿੱਚ ਹੋਈ ਹੇਰਾ ਫੇਰੀ ਦਾ ਨਾਮ ਦੇ ਕੇ ਸਰੂਪਾਂ ਦੀ ਅਸਲ ਗਿਣਤੀ ਦੇ ਲਾਪਤਾ ਹੋਣ ਦੇ ਗੰਭੀਰ ਮੁੱਦੇ ਨੂੰ ਜਾਂਚ ਦੇ ਘੇਰੇ ਤੋਂ ਜਾਣ ਕੇ ਬਾਹਰ ਕੀਤਾ ਗਿਆ ਹੈ ਤਾਂ ਜੋ ਸਿਆਸੀ ਗੁਨਾਹਗਾਰਾਂ ਨੂੰ ਬਚਾਇਆ ਜਾ ਸਕੇ।

ਕਮੇਟੀ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ ਅਤੇ ਮਹਾਬੀਰ ਸਿੰਘ ਸੁਲਤਾਨਵਿੰਡ ਨੇ ਸਵਾਲ ਕੀਤਾ ਕਿ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਤੇ ਹੋਰ ਕਰਮਚਾਰੀਆਂ ਨੂੰ ਵਿਭਾਗੀ ਤੇ ਕਾਨੂੰਨੀ ਰਗੜੇ ਲਗਾਏ ਜਾਣ ਦਾ ਐਲਾਨ ਕੀਤਾ ਗਿਆ ਹੈ ਪਰ ਸਾਬਕਾ ਤੇ ਮੌਜੂਦਾ ਕਮੇਟੀ ਪ੍ਰਧਾਨ ਤੇ ਅੰਤਰਿੰਗ ਕਮੇਟੀ ਮੈਂਬਰਾਂ ਨੂੰ ਕਿਉਂ ਬਖ਼ਸ਼ਿਆ ਗਿਆ ਹੈ ? ਜਾਂਚ ਰਿਪੋਰਟ ਨੂੰ ਸਿਆਸਤ ਤੋਂ ਪ੍ਰੇਰਿਤ ਹੋਣ ਦਾ ਦੋਸ਼ ਲਗਾਉਂਦੇ ਹੋਏ ਕਮੇਟੀ ਆਗੂਆਂ ਨੇ ਕਿਹਾ ਕਿ ਦੋਸ਼ੀਆ ਦੇ ਇਕ ਧੜੇ ਨੇ ਦੂਜੇ ਨੂੰ ਬਲੀ ਦਾ ਬਕਰਾ ਬਣਾ ਕੇ ਜਾਂਚ ਦਾ ਅਸਲ ਮਨੋਰਥ ਖਤਮ ਕਰ ਦਿੱਤਾ।

ਉਨਾ ਮੰਗ ਕੀਤੀ ਕਿ ਕਮੇਟੀ ਪ੍ਰਧਾਨ ਤੇ ਅੰਤਰਿੰਗ ਕਮੇਟੀ ਮੈਂਬਰ ਇਸ ਸਾਰੇ ਘਟਨਾ ਦੇ ਦੋਸ਼ੀ ਹਨ ਇਸ ਲਈ ਉਹ ਫੋਰਨ ਆਪਣੇ ਅਹੁਦਿਆਂ ਤੋਂ ਅਸਤੀਫਾ ਦੇਣ। ਜਾਂਚ ਰਿਪੋਰਟ ਦੇਖਣ ਦਾ ਸਿੱਖ ਸੰਗਤਾਂ ਦਾ ਹੱਕ ਬਣਦਾ ਹੈ ਇਸ ਲਈ ਇਸਦੀ ਪੀਡੀਐਫ ਜਨਤਕ ਕੀਤੀ ਜਾਵੇ।

# ਸ਼ਿਕਾਗੋ ਸ਼ਹਿਰ ਵਿੱਚ ਗੋਲੀਬਾਰੀ ਚ ਇੱਕ ਦੀ ਮੌਤ, 5 ਜ਼ਖਮੀ

**ਸ਼ਿਕਾਗੋ (ਅਮਰੀਕਾ), (ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਅਮਰੀਕਾ ਵਿੱਚ ਗੋਲੀਬਾਰੀ ਹੋਣੀ ਕੋਈ ਨਵੀਂ ਚੀਜ਼ ਨਹੀਂ, ਆਏ ਦਿਨ ਅਮਰੀਕਾ ਦੇ ਵਿੱਚ ਕਿਤੇ ਨਾ ਕਿਤੇ ਗੋਲੀਬਾਰੀ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਨੇ..! ਇਸੇ ਤਰਾਂ ਦੀ ਇੱਕ ਘਟਨਾ ਸ਼ਿਕਾਗੋ ਵਿਖੇ ਵਾਪਰੀ ਜਿੱਥੇ ਇਕ ਪੈਨਕੇਕ ਹਾਊਸ ਰੈਸਟੋਰਿੰਟ ਦੇ ਬਾਹਰ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 5 ਹੋਰ ਜ਼ਖਮੀ ਹੋ ਗਏ। ਸਥਾਨਕ ਪੁਲਸ ਨੇ ਇਸ ਬਾਰੇ ਜਾਣਕਾਰੀ ਦਿੱਤੀ। ਸ਼ਿਕਾਗੋ ਪੁਲਸ ਨੇ ਦੱਸਿਆ ਕਿ ਇਹ ਹਾਦਸਾ ਸਥਾਨਕ ਸਮੇਂ ਮੁਤਾਬਕ 1.50 ਵਜੇ ਵਾਪਰਿਆ, ਜਿਸ ਵਿੱਚ ਇਕ ਵਿਅਕਤੀ ਦੀ ਮੌਤ ਹੋ ਗਈ। ਉਨਾਂ ਦੱਸਿਆ ਕਿ ਇਸ ਹਾਦਸੇ ਵਿਚ ਜ਼ਖਮੀ 5 ਲੋਕਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਸ ਨੇ ਸ਼ੁਰੂਆਤੀ ਬਿਆਨ ਵਿਚ ਕਿਹਾ ਕਿ ਇਕ ਵਿਅਕਤੀ ਬਾਹਰ ਖਾਣਾ ਖਾ ਰਿਹਾ ਸੀ, ਜਦੋਂ ਚਿੱਟੀ ਐੱਸ. ਯੂ. ਵੀ. ਗੱਡੀ ਵਿਚ ਆਏ ਲੋਕਾਂ ਨੇ ਉਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 5 ਹੋਰ ਜ਼ਖਮੀ ਹੋ ਗਏ। ਇਹ ਗੋਲੀਬਾਰੀ ਕਿਸ ਨੇ ਅਤੇ ਕਿਉਂ ਕੀਤੀ, ਹਾਲੇ ਪੁਲਿਸ ਜਾਂਚ ਜਾਰੀ ਹੈ।

# ਚੋਣ ਮੁਹਿੰਮ ਦੇ ਲੱਖਾਂ ਡਾਲਰਾਂ ਨਾਲ ਟਰੰਪ ਆਪਣੀਆਂ ਹੀ ਕੰਪਨੀਆਂ ਨੂੰ ਕਰ ਰਿਹਾ ਹੈ ਮਾਲਾਮਾਲ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਆਪਣੀ ਚੋਣ ਮੁਹਿੰਮ ਦੌਰਾਨ ਵੱਡੇ ਕਾਰੋਬਾਰੀ ਅਦਾਰਿਆਂ ਤੇ ਆਪਣੇ ਹਜਾਰਾਂ ਸਮਰਥਕਾਂ ਤੋਂ ਇਕੱਠੇ ਕੀਤੇ ਲੱਖਾਂ ਡਾਲਰਾਂ ਦੀ ਵਰਤੋਂ ਆਪਣੇ ਹੀ ਹੋਟਲਾਂ, ਰੈਸਤੋਰਾਂ ਤੇ ਕੰਪਨੀਆਂ ਦੇ ਖਾਣ ਪੀਣ ਦੇ ਬਿੱਲਾਂ ਤੇ ਕਿਰਾਇਆਂ ਦੀ ਅਦਾਇਗੀ ਕਰਨ ਲਈ ਕੀਤੀ ਜਾ ਰਹੀ ਹੈ। ਅਹੁੱਦਾ ਸੰਭਾਲਣ ਤੋਂ ਬਾਅਦ ਟਰੰਪ ਨੂੰ ਦਾਨੀਆਂ ਕੋਲੋਂ 23 ਲੱਖ ਡਾਲਰ ਮਿਲੇ ਜਿਨਾਂ ਨਾਲ ਉਸ ਨੇ ਆਪਣੀਆਂ ਕੰਪਨੀਆਂ ਨੂੰ ਮਾਲਾਮਾਲ ਕੀਤਾ। ਉਦਾਹਰਣ ਵਜੋਂ ਰਾਸ਼ਟਰਪਤੀ ਦੀ ਚੋਣ ਮੁਹਿੰਮ ਕਮੇਟੀ ਡੋਨਾਲਡ ਜੇ ਟਰੰਪ ਨਿਊ ਯਾਰਕ ਵਿਚਲੇ ਟਰੰਪ ਟਾਵਰ ਨੂੰ ਚਲਾਉਣ ਲਈ ਪ੍ਰਤੀ ਮਹੀਨਾ 37,542 ਡਾਲਰ ਖਰਚ ਕਰ ਰਹੀ ਹੈ। ਇਹ ਖੁਲਾਸਾ ਫੈਡਰਲ ਚੋਣ ਕਮਿਸ਼ਨ ਦੇ ਰਿਕਾਰਡ ਤੋਂ ਹੋਇਆ ਹੈ। 27 ਜੁਲਾਈ ਨੂੰ ਕਮੇਟੀ ਨੇ ਟਰੰਪ ਕਾਰਪੋਰੇਸ਼ਨ ਨੂੰ ਕਾਨੂੰਨੀ ਤੇ ਆਈ ਟੀ ਸਲਾਹ ਮਸ਼ਵਰੇ ਲਈ 4917 ਡਾਲਰਾਂ ਦੀ ਅਦਾਇਗੀ ਕੀਤੀ। ਟਰੰਪ ਰੈਸਟੋਰੈਂਟ ਐਲ ਐਲ ਸੀ ਨੂੰ ਹਰ ਮਹੀਨੇ ਕਿਰਾਏ ਵਜੋਂ 3000 ਡਾਲਰ ਪ੍ਰਤੀ ਮਹੀਨਾ ਦਿੱਤੇ ਗਏ। ਮਾਰਚ ਤੇ ਅਪ੍ਰੈਲ ਵਿਚ ਕੇਵਲ ਦੋ ਦਿਨਾਂ ਦੌਰਾਨ ਚੋਣ ਮੁਹਿੰਮ ਕਮੇਟੀ ਨੇ ਟਰੰਪ ਹੋਟਲ ਕੁਲੈਕਸ਼ਨ ਨੂੰ 3,80,000 ਡਾਲਰਾਂ ਦੀ ਅਦਾਇਗੀ ਕੀਤੀ। ਇਥੇ ਵਰਣਨਯੋਗ ਹੈ ਵਰਜੀਨੀਆ ਦੇ ਡੈਮਕਰੈਟਿਕ ਕਾਂਗਰਸ ਮੈਂਬਰ ਗੈਰੀ ਕੋਨੋਲੀ ਜੋ ਸਦਨ ਦੀ 'ਓਵਰਸਾਈਟ ਐਂਡ ਰਿਫਾਰਮ' ਕਮੇਟੀ ਦੇ ਸੀਨੀਅਰ ਮੈਂਬਰ ਹਨ, ਪਿਛਲੇ ਸਮੇਂ ਤੋਂ ਨਿਰੰਤਰ ਸੁਚੇਤ ਕਰਦੇ ਰਹੇ ਹਨ ਕਿ ਟਰੰਪ ਚੋਣ ਮੁਹਿੰਮ ਤੋਂ ਇਕੱਠੇ ਹੋਏ ਪੈਸੇ ਸਬੰਧੀ ਢਿੱਲੇ ਵਿੱਤੀ ਨਿਯਮਾਂ ਦਾ ਫਾਇਦਾ ਉਠਾਕੇ ਆਪਣੀਆਂ ਕੰਪਨੀਆਂ ਨੂੰ ਲਾਭ ਪਹੁੰਚਾ ਰਿਹਾ ਹੈ। ਉਨਾਂ ਇਕ ਬਿਆਨ ਵਿਚ ਕਿਹਾ ਹੈ ਕਿ ਡੋਨਾਲਡ ਟਰੰਪ ਆਪਣੀ ਚੋਣ ਮੁਹਿੰਮ ਕਮੇਟੀ ਤੇ ਸੰਘੀ ਸਰਕਾਰ ਨੂੰ ਆਪਣੀ ਨਿੱਜੀ ਬੈਂਕ ਦੀ ਤਰਾਂ ਵਰਤ ਰਿਹਾ ਹੈ। ਰਾਸ਼ਟਰਪਤੀ ਦੀ ਚੋਣ ਮੁਹਿੰਮ ਕਮੇਟੀ ਤੇ ਟਰੰਪ ਆਰਗੇਨਾਈਜੇਸ਼ਨ ਦਾ ਕੋਈ ਵੀ ਅਧਿਕਾਰੀ ਇਸ ਸਬੰਧੀ ਟਿੱਪਣੀ ਕਰਨ ਲਈ ਸਾਹਮਣੇ ਨਹੀਂ ਆਇਆ ਹੈ।

# ਲੁਜੀਆਨਾ ਰਾਜ ਵਿਚ ਸਮੁੰਦਰੀ ਤੂਫ਼ਾਨ ਨੇ ਮਚਾਈ ਤਬਾਹੀ, 14 ਮੌਤਾਂ

## ਲੱਖਾਂ ਲੋਕ ਬਿਨਾਂ ਬਿਜਲੀ ਰਹਿਣ ਲਈ ਮਜ਼ਬੂਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਮਰੀਕਾ ਦੇ ਲੁਜੀਆਨਾ ਰਾਜ ਵਿਚ ਆਏ ਲਾਰਾ ਸਮੁੰਦਰੀ ਤੂਫ਼ਾਨ ਨੇ ਭਾਰੀ ਤਬਾਹੀ ਮਚਾਈ ਹੈ। ਬਿਜਲੀ ਦੀ ਸਪਲਾਈ ਠੱਪ ਪਈ ਹੈ ਜਿਸ ਨੂੰ ਠੀਕ ਕਰਨ ਲਈ ਕਾਫੀ ਸਮਾਂ ਲੱਗ ਸਕਦਾ ਹੈ। ਲੁਜੀਆਨਾ ਸਿਹਤ ਵਿਭਾਗ ਅਨੁਸਾਰ ਇਕ 57 ਸਾਲਾ ਵਿਅਕਤੀ ਦੀ ਛੱਤ ਤੋਂ ਡਿੱਗਣ ਕਾਰਨ ਸਿਰ ਵਿਚ ਲੱਗੀ ਸੱਟ ਕਾਰਨ ਮੌਤ ਹੋ ਗਈ। ਇਕ ਹੋਰ ਵਿਅਕਤੀ ਜ਼ਹਿਰੀਲ ਗੈਸ ਚੜ ਜਾਣ ਕਾਰਨ ਮਾਰਿਆ ਗਿਆ।



ਤੂਫ਼ਾਨ ਨਾਲ ਹੁਣ ਤੱਕ 14 ਮੌਤਾਂ ਹੋ ਚੁੱਕੀਆਂ ਹਨ। 3,50,000 ਲੋਕ ਬਿਜਲੀ ਤੋਂ ਬਿਨਾਂ ਸਮਾਂ ਕੱਟਣ ਲਈ ਮਜ਼ਬੂਰ ਹਨ ਤੇ ਜਦ ਕਿ 87 ਪਾਣੀ ਸਪਲਾਈ ਸਿਸਟਮ ਬੰਦ ਹਨ ਜੋ 1,50,000 ਤੋਂ ਵਧ ਲੋਕਾਂ ਨੂੰ ਪਾਣੀ ਮੁਹੱਈਆ ਕਰਵਾਉਂਦੇ ਹਨ। ਰਾਸ਼ਟਰਪਤੀ ਟਰੰਪ ਤੂਫਾਨ ਨੂੰ ਕੁੱਦਰਤੀ ਆਫ਼ਤ ਐਲਾਨ ਚੁੱਕੇ ਹਨ ਜਿਸ ਤਹਿਤ ਪ੍ਰਭਾਵਿਤ ਖੇਤਰਾਂ ਨੂੰ ਸੰਘੀ ਫੰਡ ਦਿੱਤੇ ਜਾਣਗੇ। ਪ੍ਰਭਾਵਿਤ ਖੇਤਰਾਂ ਨੂੰ ਕਿਹਾ ਗਿਆ ਹੈ ਕਿ ਉਹ ਫੰਡ ਲੈਣ ਲਈ ਦਰਖਾਸਤਾਂ ਦੇ ਸਕਦੇ ਹਨ।


When tired of all treatments for any disease at any age TRY

HOMEOPATHIC

EXPERIENCED CONSULTANT PHYSICIAN SINCE 1973

ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ

WE SELL HOMEOPATHY MEDICINES

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA

American Red Cross

Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com

ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ

(Download Sub Rang Radio station application)



Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



BRIDE WANTED

ਸਰਸਵਤ ਬ੍ਰਾਹਮਣ ਲੜਕਾ ( ਤਲਾਕਸ਼ੁਦਾ) ਜਨਮ ਮਿਤੀ 9.11.1985, 5-8"ਯੂ, ਐਸ਼ ਏ ਵਿੱਚ ਵਰਕ ਪਰਮਿਟ ਤੇ ਹੈ ਟੱਰਕ ਡਰਾਈਵਰ ਹੈ 15 ਏਕੜ ਕਮਰਸੀਅਲ ਜ਼ਮੀਨ ਤੇ ਚਾਰ ਦੁਕਾਨਾਂ ਹਨ ਕਨੇਡੀਅਨ/ਅਮਰੀਕਨ ਲੜਕੀ ਚਾਹੀਦੀ ਹੈ ਜ਼ਾਤ ਪਾਤ ਦਾ ਕੋਈ ਬੰਧਨ ਨਹੀਂ ਹੈ"

BRAHMIN ,35, DIVORCED( BRIEF MARRIAGE) , TRUCK DRIVER, IN CALIFORNIA , WORK PERMIT. LOOKING FOR SUITABLE MATCH . CAST NO BAR.

PLEASE CALL:
785-213-2555

# Sir Speedy Tustin®

Printers to the Community

## Outdoor 3'x11' Promo Flag
Only $29/-
Pole & Spike $55/-

## Outdoor 3'x6' Durable Banner
GURU NANAK SIKH TEMPLE FAIRFIELD
Visit Our Website: www.FairfieldGurudwara.com

All weather, durable to sunlight, rain and wear & tear. Text only.
Only $69/-

## Receipt Books
Customized with your information and design. 2 part carbonless with numbering and perforation.
Call for Price

## Retractable 33"x 80" Banner
Includes stand and carry bag. Hi-res imaging, durable and Brilliant colors!
Only $225/-

## All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4

## 11" Printed Balloons
Printed with your logo and info. One color, one location. Min. qty 1000
19¢ each

## Your Printed T-Shirts
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Only $4.99

## Your Printed Caps
YOUR LOGO HERE
1 color in 1 position. Min Qty. 100
Only $4.99

## Trip Envelopes Qty 1000
DAILY TRIP ENVELOPE
Only $199/-

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW

# ਕਿੱਥੇ ਗਏ ਗੁਰੂ ਸਾਹਿਬ ਜੀ ਦੇ ਗੁੰਮ ਹੋਏ ਸਰੂਪ ?

**✪ ਜਾਂਚ ਕਮੇਟੀ, ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਨਹੀਂ ਭਾਲ ਸਕੀ ✪ ਅਸਲ ਦੋਸ਼ੀਆਂ ਦੀ ਥਾਂ ਛੋਟੇ ਮੁਲਾਜ਼ਮਾਂ ਨੂੰ ਬਣਾਇਆ ਗਿਆ ਨਿਸ਼ਾਨਾ ✪ ਸਰੂਪ ਚੋਰੀ ਦੇ ਮੁੱਦੇ ਤੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਸਮੇਤ ਵੱਖ ਵੱਖ ਪੰਥਕ ਤੇ ਧਾਰਮਿਕ ਆਗੂਆਂ ਦਾ ਇੱਕੋ ਜਿਹਾ ਖਦਸ਼ਾ ✪ ਮਨੁੱਖੀ ਅਧਿਕਾਰ ਸੰਗਠਨ ਨੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਕੀਤੀ ਉੱਚ ਪਧਰੀ ਜਾਂਚ ਦੀ ਮੰਗ ✪ ਜਥੇਦਾਰ ਭੌਰ ਨੇ ਕਿਹਾ ਕਿ ਜਾਂਚ ਰਿਪੋਰਟ ਜਨਤਕ ਕਿਉਂ ਨਹੀਂ ਕੀਤੀ**



**- ਬਘੇਲ ਸਿੰਘ ਧਾਲੀਵਾਲ**

**99142-58142**

ਪਿਛਲੇ ਕੁਝ ਮਹੀਨਿਆਂ ਤੋਂ ਚਰਚਿਤ ਲਾਪਤਾ ਪਾਵਨ ਸਰੂਪ ਮਾਮਲੇ ਵਿਚ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ ’ਤੇ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਭਾਵੇਂ ਬੀਤੇ ਦਿਨ ਹੰਗਾਮੀ ਇਕੱਤਰਤਾ ਬੁਲਾ ਕੇ ਰਿਪੋਰਟ ਵਿਚ ਦੋਸ਼ੀ ਕਰਾਰ ਦਿੱਤੇ ਗਏ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਤੇ ਬਾਦਲ ਪਰਿਵਾਰ ਦੇ ਨੇੜੇ ਸਮਝੇ ਜਾਂਦੇ ਚਾਰਟਡ ਅਕਾਊਂਟੈਂਟ ਐਸਐਸ ਕੋਹਲੀ ਐਂਡ ਐਸੋਸੀਏਟਸ ਸਮੇਤ 14 ਦੇ ਕਰੀਬ ਮੌਜੂਦਾ ਅਧਿਕਾਰੀਆਂ, ਕਰਮਚਾਰੀਆਂ ਤੇ ਹੋਰਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਇਸ ਐਲਾਨ ’ਤੇ ਨਾਖੁਸ਼ੀ ਪ੍ਰਗਟ ਕਰਦਿਆਂ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਵੀ ਮੁੱਖ ਸਕੱਤਰ ਡਾ: ਰੂਪ ਸਿੰਘ ਵਾਂਗ ਇਖਲਾਕੀ ਤੌਰ ’ਤੇ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦਾ ਕਰੀਬ ਇਕ ਦਹਾਕੇ ਤੋਂ ਆਡਿਟ ਦਾ ਕੰਮਕਾਜ ਦੇਖ ਰਹੀ ਨਿੱਜੀ ਫਰਮ ਮੈਸ: ਐੱਸ. ਐੱਸ. ਕੋਹਲੀ ਐਂਡ ਐਸੋਸੀਏਟਸ ਦੀਆਂ ਸੇਵਾਵਾਂ ਖ਼ਤਮ ਕਰਨ ਦੇ ਨਾਲ-ਨਾਲ ਇਸ ਫਰਮ ਤੋਂ 75 ਫ਼ੀਸਦੀ ਰਿਕਵਰੀ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਸੀ। ਇਸੇ ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਮੁੱਖ ਸਕੱਤਰ ਡਾ: ਰੂਪ ਸਿੰਘ ਵਲੋਂ ਨੈਤਿਕ ਆਧਾਰ ’ਤੇ ਦਿੱਤਾ ਅਸਤੀਫ਼ਾ ਪ੍ਰਵਾਨ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਹੰਗਾਮੀ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿਚੋਂ ਮਈ 2016 ਤੋਂ ਲੈ ਕੇ ਪਿਛਲੇ ਕਰੀਬ 5 ਸਾਲਾਂ ਦੌਰਾਨ 328 ਪਾਵਨ ਸਰੂਪ ਘੱਟ ਪਾਏ ਜਾਣ ਦਾ ਮਾਮਲਾ ਉਜਾਗਰ ਹੋਣ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਭਾਈ ਈਸ਼ਰ ਸਿੰਘ ਐਡਵੋਕੇਟ ਤੇਲੰਗਾਨਾ ਹਾਈਕੋਰਟ ਦੀ ਅਗਵਾਈ ਵਿਚ ਗਠਿਤ ਕੀਤੀ ਗਈ ਵਿਸ਼ੇਸ਼ ਜਾਂਚ ਕਮੇਟੀ ਦੀ ਰਿਪੋਰਟ ’ਤੇ ਵਿਚਾਰ ਕਰਨ ਲਈ ਬੁਲਾਈ ਗਈ ਸੀ। ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਵਿਚ ਹੋਈ ਇਸ ਇਕੱਤਰਤਾ ਵਿਚ ਕਾਰਜਕਾਰੀ ਜਥੇਦਾਰ ਅਕਾਲ ਤਖ਼ਤ ਸਾਹਿਬ ਵਲੋਂ ਜਾਂਚ ਕਮਿਸ਼ਨ ਦੀ ਰਿਪੋਰਟ ਦਾ ਭੇਜਿਆ ਗਿਆ ਸੀਲਬੰਦ ਲਿਫ਼ਾਫ਼ਾ ਭਾਈ ਲੌਂਗੋਵਾਲ ਨੇ ਅੰਤ੍ਰਿੰਗ ਕਮੇਟੀ ਦੇ ਸਾਹਮਣੇ ਖੋਲਿਆ। ਇਸ ਇਕੱਤਰਤਾ ਦੌਰਾਨ ਗਿਆਨੀ ਹਰਪ੍ਰੀਤ ਸਿੰਘ, ਪੜਤਾਲੀਆ ਜਾਂਚ ਕਮਿਸ਼ਨ ਦੇ ਮੁਖੀ ਡਾ: ਈਸ਼ਰ ਸਿੰਘ ਐਡਵੋਕੇਟ, ਕਮੇਟੀ ਮੈਂਬਰ ਬੀਬੀ ਹਰਪ੍ਰੀਤ ਕੌਰ ਐਡਵੋਕੇਟ ਤੇ ਬੀਬੀ ਹਰਲੀਨ ਕੌਰ ਸੀ. ਏ. ਦਾ ਡੂੰਘਾਈ ਨਾਲ ਜਾਂਚ ਕਰਨ ਲਈ ਧੰਨਵਾਦ ਕੀਤਾ ਤੇ ਸਰਬਸੰਮਤੀ ਨਾਲ ਜਾਂਚ ਰਿਪੋਰਟ ਪ੍ਰਵਾਨ ਕਰਦਿਆਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦਾ ਫ਼ੈਸਲਾ ਕੀਤਾ ਗਿਆ। ਲੌਂਗੋਵਾਲ ਨੇ ਜਾਂਚ ਕਮਿਸ਼ਨ ਵਲੋਂ ਪੇਸ਼ ਕੀਤੀ ਰਿਪੋਰਟ ’ਤੇ ਕੀਤੀ ਕਾਰਵਾਈ ਦੇ ਵੇਰਵੇ ਜਾਰੀ ਕਰਦੇ ਹੋਏ ਦੱਸਿਆ ਕਿ ਇਸ ਸਾਰੇ ਮਾਮਲੇ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਗੁੰਮ ਹੋ ਜਾਣ ਦਾ ਖਦਸ਼ਾ ਪ੍ਰਗਟ ਕੀਤਾ ਗਿਆ ਸੀ, ਦੀ ਅਸਲੀਅਤ ਵਿਚ ਕੁਝ ਬੇਈਮਾਨ ਕਰਮਚਾਰੀਆਂ ਨੇ ਵਾਰ-ਵਾਰ ਰਿਕਾਰਡ ਅਤੇ ਲੈਜਰ ਵਿਚ ਛੇੜ-ਛਾੜ, ਜਾਅਲੀ ਰਸੀਦਾਂ ਕੱਟਣ, ਸੰਗਤਾਂ ਕੋਲੋਂ ਪੈਸੇ ਲੈ ਕੇ ਆਪਣੀਆਂ ਜ਼ੇਬਾਂ ਵਿਚ ਪਾਉਣ ਅਤੇ ਫੜੇ ਜਾਣ ਤੋਂ ਬਾਅਦ ਗਲਤੀ ਸਵੀਕਾਰ ਕਰਨ ਦੀ ਥਾਂ ਅਤਿ ਗੰਭੀਰ ਮਾਮਲੇ ਨੂੰ ਗਲਤ ਰੰਗ ਵਿਚ ਪੇਸ਼ ਕਰਕੇ ਆਪਣੇ ਕੁਕਰਮਾਂ ’ਤੇ ਪਰਦਾ ਪਾਉਣ ਦੀ ਅਸਫਲ ਕੋਸ਼ਿਸ਼ ਕੀਤੀ, ਪ੍ਰੰਤੂ ਅੱਜ ਪੂਰਨ ਸਚਾਈ ਸੰਗਤਾਂ ਦੇ ਸਾਹਮਣੇ ਹੈ। ਭਾਈ ਲੌਂਗੋਵਾਲ ਨੇ ਦੱਸਿਆ ਕਿ ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਜਨ: ਸਕੱਤਰ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਸਬ-ਕਮੇਟੀ ਕਾਇਮ ਕੀਤੀ ਗਈ ਹੈ, ਜੋ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਨੂੰ ਅਮਲ ਵਿਚ ਲਿਆਉਣ ਦਾ ਕਾਰਜ ਕਰੇਗੀ। ਭਾਈ ਲੌਂਗੋਵਾਲ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਸਰਬਸੰਮਤੀ ਨਾਲ ਜਾਂਚ ਰਿਪੋਰਟ ਪ੍ਰਵਾਨ ਕਰਨ ਮਗਰੋਂ ਲਏ ਗਏ ਸਖ਼ਤ ਫੈਸਲਿਆਂ ਅਨੁਸਾਰ ਜਿਨਾਂ ਵਿਰੁੱਧ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਉਨਾਂ ਦੇ ਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :-

ਕੰਵਲਜੀਤ ਸਿੰਘ ਸੀਜੀਐੱਲ ਸਹਾਇਕ ਸੁਪਰਵਾਈਜ਼ਰ, ਜੋ ਪਹਿਲਾਂ ਸੇਵਾਮੁਕਤ ਹੋ ਚੁੱਕਾ ਹੈ, ਦੇ ਫੰਡ ਜਾਰੀ ਕਰਨ ’ਤੇ ਰੋਕ ਲਗਾਈ ਗਈ ਤਾਂ ਜੋ ਰਿਕਵਰੀ ਕੀਤੀ ਜਾ ਸਕੇ। ਉਸ ’ਤੇ ਰਿਕਾਰਡ ਵਿਚ ਹੇਰਾ-ਫੇਰੀ, ਖੁਰਦ-ਬੁਰਦ ਕਰਨ ਦਾ ਫੌਜਦਾਰੀ ਪਰਚਾ ਵੀ ਦਰਜ ਕਰਵਾਇਆ ਜਾਵੇਗਾ। ਬਾਜ ਸਿੰਘ ਕਲਰਕ ਨੂੰ ਤੁਰੰਤ ਸੇਵਾ ਤੋਂ ਬਰਖ਼ਾਸਤ ਕੀਤਾ ਜਾਂਦਾ ਹੈ ਤੇ ਫੌਜਦਾਰੀ ਪਰਚਾ ਦਰਜ ਕਰਵਾਇਆ ਜਾਵੇਗਾ।

ਗੁਰਬਚਨ ਸਿੰਘ ਮੀਤ ਸਕੱਤਰ ਨੂੰ ਤੁਰੰਤ ਸੇਵਾ ਤੋਂ ਬਰਖ਼ਾਸਤ ਕੀਤਾ ਜਾਂਦਾ ਹੈ ਅਤੇ ਇਸ ਉੱਪਰ ਵੀ ਫੌਜਦਾਰੀ ਪਰਚਾ ਦਰਜ ਕਰਵਾਇਆ ਜਾਵੇਗਾ। ਦਲਬੀਰ ਸਿੰਘ ਹੈਲਪਰ ਨੂੰ ਸੇਵਾ ਤੋਂ ਤੁਰੰਤ ਬਰਖ਼ਾਸਤ ਕਰਦਿਆਂ ਇਸ ਉਪਰ ਵੀ ਉਪਰੋਕਤ ਤਿੰਨਾਂ ਸਮੇਤ ਫੌਜਦਾਰੀ ਪਰਚਾ ਦਰਜ ਕਰਵਾਇਆ ਜਾਵੇਗਾ। ਕੁਲਵੰਤ ਸਿੰਘ ਜਿਲਦਸਾਜ਼ ਤੇ ਜਸਪ੍ਰੀਤ ਸਿੰਘ ਜਿਲਦਸਾਜ਼ ਦਾ ਜਿਲਦਾਂ ਦਾ ਠੇਕਾ ਤੁਰੰਤ ਰੱਦ ਕੀਤਾ ਜਾਂਦਾ ਹੈ ਤੇ ਇਨਾਂ ਨੂੰ ਬਲੈਕ ਲਿਸਟ ਕੀਤਾ ਜਾਂਦਾ ਹੈ। ਨਿਸ਼ਾਨ ਸਿੰਘ ਮੀਤ ਸਕੱਤਰ, ਸਤਿੰਦਰ ਸਿੰਘ (ਬਿੱਲੂ) ਮੀਤ ਸਕੱਤਰ ਫਾਈਨਾਂਸ ਤੇ ਮਨਜੀਤ ਸਿੰਘ (ਬਾਠ) ਸਕੱਤਰ ਧਰਮ ਪ੍ਰਚਾਰ ਕਮੇਟੀ, ਗੁਰਮੁੱਖ ਸਿੰਘ ਸੁਪਰਵਾਈਜ਼ਰ ਪਬਲੀਕੇਸ਼ਨ ਵਿਭਾਗ, ਪਰਮਦੀਪ ਸਿੰਘ ਇੰਚਾਰਜ ਨੂੰ ਤੁਰੰਤ ਮੁਅੱਤਲ ਕੀਤਾ ਜਾਂਦਾ ਹੈ ਤੇ ਵਿਭਾਗੀ ਕਾਰਵਾਈ ਹੋਵੇਗੀ।

ਡਾ: ਰੂਪ ਸਿੰਘ ਮੁੱਖ ਸਕੱਤਰ ਵਲੋਂ ਪਹਿਲਾਂ ਹੀ ਆਪਣੇ ਅਹੁਦੇ ਤੋਂ ਦਿੱਤਾ ਅਸਤੀਫ਼ਾ ਪ੍ਰਵਾਨ ਕੀਤਾ ਜਾਂਦਾ ਹੈ।

ਹਰਚਰਨ ਸਿੰਘ ਸਾਬਕਾ ਮੁੱਖ ਸਕੱਤਰ, ਜੋ ਅਹੁਦੇ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਅਸਮਰੱਥ ਰਹੇ, ਦਾ ਹੇਠਲੇ ਕਰਮਚਾਰੀਆਂ ਵਲੋਂ ਰਿਕਾਰਡ ਵਿਚ ਤੋੜ-ਮਰੋੜ ਕਰਨ ਬਾਰੇ ਪਤਾ ਲੱਗਣ ਦੇ ਬਾਵਜੂਦ ਕੋਈ ਕਾਰਵਾਈ ਨਾ ਕਰਨਾ ਮੁਲਾਜ਼ਮਾਂ ਨਾਲ ਮਿਲੀਭੁਗਤ ਦਾ ਸੰਕੇਤ ਦਿੰਦਾ ਹੈ। ਸੰਸਥਾ ਦਾ ਮੁੱਖ ਪ੍ਰਸ਼ਾਸਕ ਹੋਣ ਕਰਕੇ ਇਹ ਜ਼ਿੰਮੇਵਾਰ ਹੈ ਤੇ ਇਸ ਖਿਲਾਫ਼ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਸਤਿੰਦਰ ਸਿੰਘ ਕੋਹਲੀ ਚਾਰਟਰਡ ਅਕਾਊਂਟੈਂਟ, ਐੱਸ. ਐੱਸ. ਕੋਹਲੀ ਐਂਡ ਐਸੋਸੀਏਟਸ ਦੀਆਂ ਸੇਵਾਵਾਂ ਤੁਰੰਤ ਖ਼ਤਮ ਕੀਤੀਆਂ ਜਾਂਦੀਆਂ ਹਨ ਤੇ ਜਾਂਚ ਕਮਿਸ਼ਨ ਵਲੋਂ ਇਸ ਖ਼ਿਲਾਫ਼ ਦਿੱਤੀ ਰਿਪੋਰਟ ਅਨੁਸਾਰ ਇਸ ਪਾਸੋਂ 75 ਫੀਸਦੀ ਰਿਕਵਰੀ ਕਰਨ ਲਈ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜੁਝਾਰ ਸਿੰਘ ਸਹਾਇਕ ਅਕਾਊਂਟੈਂਟ ਨੂੰ ਤੁਰੰਤ ਸਰਵਿਸ ਤੋਂ ਬਰਖ਼ਾਸਤ ਕੀਤਾ ਜਾਂਦਾ ਹੈ ਅਤੇ ਕਾਨੂੰਨੀ ਫੌਜਦਾਰੀ ਕਾਰਵਾਈ ਕੀਤੀ ਜਾਵੇਗੀ। ਅਮਰਜੀਤ ਸਿੰਘ ਸੇਵਾਦਾਰ ਅੰਗੀਠਾ ਸਾਹਿਬ ਗੋਇੰਦਵਾਲ ਸਾਹਿਬ ਦੀਆਂ ਸੇਵਾਵਾਂ ਤੁਰੰਤ ਖ਼ਤਮ ਕੀਤੀਆਂ ਜਾਂਦੀਆਂ ਹਨ।

## ਮਾਮਲੇ ਵਿਚ ਮੇਰਾ ਨਿੱਜੀ ਤੌਰ ’ਤੇ ਕੋਈ ਸਬੰਧ ਨਹੀਂ : ਡਾ: ਰੂਪ ਸਿੰਘ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ: ਰੂਪ ਸਿੰਘ, ਜਿਨਾਂ ਵਲੋਂ ਨੈਤਿਕ ਆਧਾਰ ’ਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਗਿਆ ਹੈ, ਜੋ ਕਿ ਪ੍ਰਵਾਨ ਕਰ ਲਿਆ। ਉਨਾਂ ਕਿਹਾ ਹੈ ਕਿ ਪਾਵਨ ਸਰੂਪਾਂ ਦੇ ਵਧਣ-ਘਟਣ ਮਸਲੇ ਨਾਲ ਉਨਾਂ ਦਾ ਨਿੱਜੀ ਤੌਰ ’ਤੇ ਕੋਈ ਸਬੰਧ ਨਹੀਂ ਹੈ। ਇੱਥੇ ਜ਼ਿਕਰਯੋਗ ਹੈ ਕਿ ਪੰਥਕ ਜਥੇਬੰਦੀਆਂ ਰੂਪ ਸਿੰਘ ਨੂੰ ਵੀ ਸ਼ੱਕੀ ਨਜ਼ਰ ਨਾਲ ਦੇਖ ਰਹੀਆਂ ਹਨ ਕਿ ਉਹ ਇਸ ਮਾਮਲੇ ਬਾਰੇ ਚੁੱਪ ਕਿਉਂ ਹੈ?

### ਮਾਮਲੇ ਦੀ ਚੀਰ ਫਾੜ

ਗੁਰੂ ਗ੍ਰੰਥ ਸਾਹਿਬ ਜੀ ਦੇ ਵੱਡੀ ਗਿਣਤੀ ਵਿੱਚ ਸਰੂਪ ਗੁੰਮ ਹੋ ਜਾਣ ਦੇ ਮਾਮਲੇ ਨੇ ਦੇਸਾਂ-ਵਿਦੇਸ਼ਾਂ ਵਿਚ ਬੈਠੇ ਸਿੱਖ ਭਾਈਚਾਰੇ ਨੂੰ ਬਹੁਤ ਡੂੰਘੀ ਸੱਟ ਮਾਰੀ ਹੈ। ਸ਼ਰੋਮਣੀ ਕਮੇਟੀ ਦੀ ਜਿਸ ਤਰਾਂ ਦੀ ਕਾਰਜਸ਼ੈਲੀ ਰਹੀ ਹੈ, ਉਸ ਨੂੰ ਦੇਖਦਿਆਂ ਇਹ ਬੇਹੱਦ ਹੀ ਸੰਵੇਦਨਸ਼ੀਲ ਮੁੱਦਾ ਭਵਿੱਖੀ ਖਤਰਿਆਂ ਵੱਲ ਇਸਾਰਾ ਕਰਦਾ ਜਾਪਦਾ ਹੈ। ਜੇਕਰ ਇਸ ਘਟਨਾ ਦੇ ਪਿਛੋਕੜ ਵਿੱਚ ਜਾਇਆ ਜਾਵੇ ਤਾਂ ਇਹ 2015 ਤੋ ਸ਼ੁਰੂ ਹੋਈ ਬੇਅਦਬੀ ਤੇ ਸਰੂਪ ਗੁੰਮ ਹੋਣ ਦੀ ਮੰਦਭਾਗੀ ਘਟਨਾ ਦੇ ਸਮੇ ਹੀ ਸ਼ਰੋਮਣੀ ਕਮੇਟੀ ਦੇ ਪਬਲੀਕੇਸਨ ਵਿਭਾਗ ਵਿਚ ਘਟਨਾ ਵਾਪਰਦੀ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਂਟ ਹੋਣ ਦੀ ਘਟਨਾ ਸਾਹਮਣੇ ਆਉਂਦੀ ਹੈ, ਪ੍ਰੰਤੂ ਉਸ ਮੌਕੇ ਅੱਗ ਅਤੇ ਪਾਣੀ ਨਾਲ ਨੁਕਸਾਨੇ ਗਏ ਸਰੂਪ ਸਿਰਫ 14 ਹੀ ਦੱਸੇ ਗਏ ਸਨ, ਪਰ ਹੁਣ ਜਦੋ ਸਬੰਧਿਤ ਵਿਭਾਗ ਦੇ ਕਿਸੇ ਮੁਲਾਜਮ ਦੀ ਸੇਵਾ ਮੁਕਤੀ ਤੇ ਚਾਰਜ ਲੈਣ ਸਮੇ ਵੱਡੀ ਗਿਣਤੀ ਸਰੂਪ ਗਾਇਬ ਹੋਣ ਦਾ ਮਾਮਲਾ ਸਾਹਮਣੇ ਆ ਗਿਆ ਹੈ ਤਾਂ ਇਹ ਮਾਮਲਾ ਹੋਰ ਵੀ ਗੰਭੀਰ ਹੋ ਗਿਆ।

ਇੱਥੇ ਜ਼ਿਕਰਯੋਗ ਹੈ ਕਿ ਇਹ ਮਾਮਲਾ ਮੀਡੀਏ ਵਿਚ ਜਸਟਿਸ ਅਜੀਤ ਸਿੰਘ ਬੈਂਸ ਦੀ ਕਮੇਟੀ ਵਲੋਂ ਚੁੱਕਿਆ ਗਿਆ। ਇਸ ਮਾਮਲੇ ਦਾ ਪਰਦਾਫਾਸ਼ ਹੋਣ ਤੋਂ ਬਾਅਦ ਸ਼ਰੋਮਣੀ ਕਮੇਟੀ ਹਰਕਤ ਵਿੱਚ ਆਈ ਤੇ ਇਸ ਘਟਨਾ ਦੀ ਜਾਂਚ ਕਿਸੇ ਸੇਵਾ ਮੁਕਤ ਔਰਤ ਜੱਜ ਨੂੰ ਦੇ ਦਿੱਤੀ, ਪ੍ਰੰਤੂ ਜੱਜ ਵੱਲੋਂ ਪਿੱਛੇ ਹੱਟ ਜਾਣ ਤੋ ਬਾਅਦ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਹ ਜਾਂਚ ਤੇਲੰਗਾਨਾ ਹਾਈ ਕੋਰਟ ਦੇ ਸਾਧਾਰਨ ਵਕੀਲ ਈਸ਼ਰ ਸਿੰਘ ਨੂੰ ਸੌਂਪ ਦਿੱਤੀ ਸੀ, ਜਿਸ ’ਤੇ ਬਹੁਤ ਸੁਆਲ ਵੀ ਉੱਠੇ, ਪਰ ਇਸ ਦੇ ਬਾਵਜੂਦ ਵੀ ਜਾਚ ਵਕੀਲ ਈਸ਼ਰ ਸਿੰਘ ਤੋ ਹੀ ਕਰਵਾਈ ਗਈ। ਹੁਣ ਜਦੋ ਐਡਵੋਕੇਟ ਈਸ਼ਰ ਸਿੰਘ ਨੇ ਜਾਂਚ ਰਿਪੋਰਟ ਅਕਾਲ ਤਖਤ ਸਾਹਿਬ ਨੂੰ ਸੌਂਪ ਦਿੱਤੀ ਹੈ ਤੇ ਸ਼ਰੋਮਣੀ ਕਮੇਟੀ ਨੇ ਉਸ ਤੇ ਫੌਰੀ ਕਾਰਵਾਈ ਕਰਦਿਆਂ ਕੁਝ ਮੁਲਾਜਮਾਂ ਤੇ ਕੁੱਝ ਅਧਿਕਾਰੀਆਂ ਤੇ ਕਾਰਵਾਈ ਕਰਕੇ ਮਾਮਲਾ ਹੱਲ ਕਰਨ ਦਾ ਦਾਅਵਾ ਵੀ ਕੀਤਾ ਹੈ। ਇਸ ਸਾਰੇ ਘਟਨਾਕ੍ਰਮ ਤੋ ਬਾਅਦ ਇਹ ਮਾਮਲਾ ਹੋਰ ਵੀ ਸ਼ੱਕੀ ਤੇ ਗੰਭੀਰ ਬਣ ਗਿਆ ਹੈ।

### ਕੀ ਕਹਿੰਦੇ ਹਨ ਭੌਰ

ਸ਼ਰੋਮਣੀ ਕਮੇਟੀ ਮੈਂਬਰ ਤੇ ਸ਼ਰੋਮਣੀ ਕਮੇਟੀ ਵਿਚ ਲੰਮਾ ਸਮਾ ਜਨਰਲ ਸਕੱਤਰ ਦੀਆਂ ਸੇਵਾਵਾਂ ਨਿਭਾਉਣ ਵਾਲੇ ਪੰਥਕ ਆਗੂ ਸੁਖਦੇਵ ਸਿੰਘ ਭੌਰ ਦਾ ਕਹਿਣਾ ਹੈ ਕਿ ਐਨੀ ਵੱਡੀ ਤਾਦਾਦ ਵਿੱਚ ਸਰੂਪਾਂ ਦਾ ਗੁੰਮ ਹੋ ਜਾਣਾ ਇਸ ਕਰਕੇ ਸ਼ੱਕ ਦੇ ਘੇਰੇ ਵਿਚ ਆਉਂਦਾ ਹੈ, ਕਿਉਕਿ ਪਹਿਲੀ ਗੱਲ ਤਾਂ ਹਜ਼ਾਰ ਸਫਿਆਂ ਦੀ ਜਾਂਚ ਰਿਪੋਰਟ ਅਤੇ ਵੀਹ ਸਫਿਆਂ ਦੀ ਸਮਰੀ ਰਿਪੋਰਟ ਤੇ ਜਥੇਦਾਰ ਅਕਾਲ ਤਖਤ ਸਾਹਿਬ ਨੇ ਵੀਹ ਮਿੰਟ ਵਿੱਚ ਫੈਸਲਾ ਕਿਵੇਂ ਸੁਣਾ ਦਿੱਤਾ ਤੇ ਵੀਹ ਮਿੰਟ ਵਿੱਚ ਹੀ ਪ੍ਰਧਾਨ ਨੇ ਆਪਣਾ ਫੈਸਲਾ ਸੁਣਾ ਕੇ ਕੰਮ ਨਬੇੜ ਦਿੱਤਾ, ਜਦੋ ਕਿ ਵੀਹ ਮਿੰਟ ਵਿੱਚ ਤਾਂ ਸਮਰੀ ਰਿਪੋਰਟ ਵੀ ਪੜੀ ਨਹੀ ਜਾ ਸਕਦੀ ਤੇ ਹਜ਼ਾਰ ਸਫਿਆਂ ਨੂੰ ਤਾਂ ਬਹੁਤ ਸਮਾ ਲੱਗੇਗਾ, ਪਰੰਤੂ ਜਥੇਦਾਰ ਅਤੇ ਪ੍ਰਧਾਨ ਨੇ ਮਹਿਜ ਵੀਹ ਵੀਹ ਮਿੰਟ ਵਿੱਚ ਹੀ ਸਾਰਾ ਕੰਮ ਭੁਗਤਾ ਦਿੱਤਾ, ਦੂਜਾ ਸ਼ੱਕ ਉਹਨਾਂ ਇਹ ਜ਼ਾਹਿਰ ਕੀਤਾ ਕਿ ਅਜੇ ਤੱਕ ਰਿਪੋਰਟ ਜਨਤਕ ਕਿਉਂ ਨਹੀਂ ਕੀਤੀ ਗਈ। ਤੀਜਾ ਤਰਕ ਉਹਨਾਂ ਇਹ ਦਿੱਤਾ ਕਿ ਇਸ ਮਾਮਲੇ ਵਿੱਚ ਸ਼ਰੋਮਣੀ ਕਮੇਟੀ ਦੇ ਕਰਤਾ ਧਰਤਾ ਹੀ ਵਾਰ ਵਾਰ ਬਦਲਵੇਂ ਬਿਆਨ ਦੇ ਰਹੇ ਹਨ। ਉਹਨਾਂ ਦੱਸਿਆ 2015 ਵਿੱਚ ਜਦੋਂ ਇਹ ਘਟਨਾ ਵਾਪਰੀ, ਉਸ ਮੌਕੇ ਸ਼ਰੋਮਣੀ ਕਮੇਟੀ ਨੇ ਅਗਨ ਭੇਟ ਤੇ ਪਾਣੀ ਨਾਲ

**ਬਾਕੀ ਸਫ਼ਾ 31 ’ਤੇ**

## ਕੈਨੇਡਾ ਵਿਖੇ ਵੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਹੋਈ

**✪ ਸ਼੍ਰੋਮਣੀ ਕਮੇਟੀ ਨੇ ਮਾਮਲਾ ਹੁਣ ਤੱਕ ਦਬਾਈ ਰੱਖਿਆ ✪ ਸਤਨਾਮ ਐਜੂਕੇਸਨ ਟਰਸਟ ਕੋਲ ਗੁਰੂ ਗ੍ਰੰਥ ਸਾਹਿਬ ਨੂੰ ਛਾਪਣ ਲਈ ਸਾਫਟ ਕਾਪੀ ਕਿਵੇਂ ਪਹੁੰਚੀ ✪ ਜਥੇਦਾਰ, ਸ਼੍ਰੋਮਣੀ ਕਮੇਟੀ ਚੁੱਪ**

**ਪ੍ਰੋ. ਬਲਵਿੰਦਰਪਾਲ ਸਿੰਘ:** ਕੈਨੇਡਾ ਵਿਚ ਗੁਰੂ ਗਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਤੇ ਘਪਲੇ ਬਾਰੇ ਸੈਕੰਡਲ ਬਹੁਤ ਵੱਡਾ ਹੈ। ਇਹ ਕੈਨੇਡਾ ਵਿਚ ਸਰੀ ਦੀ ਸੰਸਥਾ ਸਤਨਾਮ ਐਜੂਕੇਸਨ ਟਰਸਟ ਨਾਲ ਜੁੜਿਆ ਹੈ, ਜਿਸ ਬਾਰੇ ਕਿਹਾ ਕਿ ਉਹ ਸਰੂਪ ਸਰੋਮਣੀ ਕਮੇਟੀ ਦੀ ਇਜਾਜਤ ਬਿਨਾਂ ਛਾਪ ਰਹੀ ਸੀ। ਖਬਰ ਬਾਹਰ ਆਉਣ ਤੇ ਜਥੇਦਾਰ ਨੇ ਕਾਰਵਾਈ ਕਰਦਿਆਂ ਗੁਰਦੁਆਰਾ ਸਰੀ ਵਿਚ ਸਰੂਪ ਤੇ ਮਸ਼ੀਨਰੀ ਪਹੁੰਚਾਉਣ ਦਾ ਹੁਕਮ ਦਿੱਤਾ। ਸਰੂਪ ਝਟ ਪਟ ਪਹੁੰਚਾ ਦਿੱਤੇ। ਪਰ ਜਥੇਦਾਰ ਨੇ ਨਹੀਂ ਪੁਛਿਆ ਕਿ ਇਸ ਦੀ ਸਾਫਟ ਕਾਪੀ ਤੁਹਾਨੂੰ ਕਿਥੋਂ ਮਿਲੀ ਕਿ ਜਿਸ ਤੋਂ ਗੁਰੂ ਸਾਹਿਬ ਦੇ ਸਰੂਪ ਛਾਪੇ ਗਏ ਸਨ। ਇਹ ਸਰੂਪ ਹੁਣ ਤੱਕ ਕਿੰਨੇ ਛਪੇ ਇਹਨਾਂ ਬਾਰੇ ਜਾਂਚ ਦੇ ਆਦੇਸ਼ ਨਹੀਂ ਦਿੱਤੇ। ਕੈਨੇਡਾ ਦੀਆਂ ਸੰਗਤਾਂ ਨੂੰ ਇਸ ਬਾਰੇ ਖੁਦ ਜਾਂਚ ਕਰਨੀ ਚਾਹੀਦੀ ਹੈ ਕਿ ਗੁਰੂ ਸਾਹਿਬ ਦੇ ਸਰੂਪ ਛਾਪਣ ਦੀ ਸਾਫਟ ਕਾਪੀ ਕਿਥੋਂ ਮਿਲੀ, ਪੈਨ ਡਰਾਈਵ ਕੋਣ ਦੇ ਕੇ ਗਿਆ? ਇਹ ਬਹੁਤ ਵੱਡਾ ਮਸਲਾ ਹੈ ਜਿਥੋਂ ਇਸ ਮਾਮਲੇ ਦਾ ਪਰਦਾਫਾਸ਼ ਹੋ ਸਕਦਾ ਹੈ ਕਿ ਗੁਰੂ ਗਰੰਥ ਸਾਹਿਬ ਦੇ ਅਪਮਾਨ ਦੇ ਜ਼ਿੰਮੇਵਾਰ ਕੌਣ ਲੋਕ ਹਨ। ਇਸੇ ਸਰੀ ਦੀ ਸੰਸਥਾ ਨਾਲ ਜੁੜੀ ਇਕ ਹੋਰ ਘਟਨਾ ਵੀ ਹੈ, ਸਪੋਕਸਮੈਨ ਅਖ਼ਬਾਰ ਵਿਚ ਵੀ ਛਪੀ ਸੀ ਕਿ ਵੈਨਕੂਵਰ ਦਾ ਮਾਮਲਾ ਇਸ ਬਾਰੇ ਸਾਹਮਣੇ ਆਇਆ ਹੈ, ਜਿਥੇ 450 ਸਰੂਪ ਸਮੁੰਦਰੀ ਨਮੀ ਕਾਰਨ ਸਲਾਬੇ ਗਏ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਇਸ ਮਾਮਲੇ ਨੂੰ ਦਬਾਅ ਕੇ ਰੱਖਣ ਦੀ ਭਰਪੂਰ ਕੋਸ਼ਿਸ਼ ਕੀਤੀ ਪਰ ਇਹ ਮਾਮਲਾ ਜਨਤਕ ਹੋ ਗਿਆ। ਇਸ ਨੇ ਸਾਬਤ ਕਰ ਦਿਤਾ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ, ਅਧਿਕਾਰੀਆਂ ਦੇ ਮਨ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਤੀ ਕਿੰਨਾ ਕੁ ਸਤਿਕਾਰ ਹੈ। ਕੈਨੇਡਾ ਦੇ ਇਕ ਟਰੱਸਟ ਨੇ ਸ਼੍ਰੋਮਣੀ ਕਮੇਟੀ ਕੋਲੋਂ 450 ਸਰੂਪਾਂ ਦੀ ਮੰਗ ਕੀਤੀ। ਸ਼੍ਰੋਮਣੀ ਕਮੇਟੀ ਦੀ ਅਤ੍ਰਿੰਗ ਕਮੇਟੀ ਨੇ 17 ਦਸਬੰਰ 2014 ਨੂੰ ਮਤਾ ਨੰਬਰ 1931 ਰਾਹੀਂ ਮੰਗ ਕਰਨ ਵਾਲੇ ਰਿਪੁਦਮਨ ਸਿੰਘ ਮਲਿਕ ਦੀ ਮੰਗ ’ਤੇ 450 ਸਰੂਪ ਭੇਜਣ ਦਾ ਫ਼ੈਸਲਾ ਲਿਆ। 450 ਸਰੂਪ ਇਕ ਬੱਸ ਨੰਬਰ ਪੀ ਬੀ 02 ਏ ਜੇ 9903 ਰਾਹੀਂ ਕੈਨੇਡਾ ਇਕ ਸਮੁੰਦਰੀ ਜਹਾਜ਼ ਰਾਹੀਂ ਬੱਸ ਸਮੇਤ ਭੇਜ ਦਿੱਤੇ। ਉਸ ਸਮੇਂ ਇਹ ਫ਼ੈਸਲਾ ਹੋਇਆ ਸੀ ਕਿ ਕੈਨੇਡਾ ਵਿਚ ਇਕ ਨਗਰ ਕੀਰਤਨ ਸਜਾਇਆ ਜਾਵੇਗਾ ਤੇ ਉਸ ਵਿਚ ਸ਼੍ਰੋਮਣੀ ਕਮੇਟੀ, ਅਕਾਲੀ ਦਲ, ਦਿੱਲੀ ਕਮੇਟੀ ਆਦਿ ਦੇ ਆਗੂ ਸ਼ਾਮਲ ਹੋਣਗੇ। ਇਸ ਵਿਸ਼ਾਲ ਨਗਰ ਕੀਰਤਨ ਰਾਹੀਂ ਇਨਾਂ ਸਰੂਪਾਂ ਨੂੰ ਕੈਨੇਡਾ ਦੇ ਇਕ ਗੁਰੂ ਘਰ ਵਿਚ ਸੁਸ਼ੋਭਿਤ ਕੀਤਾ ਜਾਵੇਗਾ। ਸਮੇਂ ਮੁਤਾਬਕ ਨਗਰ ਕੀਰਤਨ ਲਈ ਅਕਾਲੀ ਆਗੂਆਂ ਦੇ ਪ੍ਰੋਗਰਾਮਾਂ ਦੀਆਂ ਤਰੀਕਾਂ ਵਿਚ ਤਾਲਮੇਲ ਨਹੀਂ ਸੀ ਬੈਠ ਰਿਹਾ, ਜਿਸ ਕਾਰਨ 450 ਸਰੂਪ ਲੈ ਕੇ ਗਈ ਬੱਸ ਕੈਨੇਡਾ ਦੀ ਵੈਨਕੂਵਰ ਪੋਰਟ ਵਿਚ ਖੜੀ ਰਹੀ। ਸਮੁੰਦਰ ਦੇ ਕਿਨਾਰੇ ਤੇ ਪੋਰਟ ਵਿਚ ਰੋਕੀ ਬੱਸ ਨੂੰ ਪੋਰਟ ਤੇ ਪਾਣੀ ਦੀ ਬਹੁਤ ਜ਼ਿਆਦਾ ਨਮੀ ਕਾਰਨ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਖ਼ਰਾਬ ਹੋਣੇ ਸ਼ੁਰੂ ਹੋ ਗਏ। ਵੈਨਕੂਵਰ ਪੋਰਟ ’ਤੇ ਤੈਨਾਤ ਅਧਿਕਾਰੀ ਨੇ ਵੀ ਕਿਹਾ ਕਿ ਇਹ ਬੱਸ ਜਲਦ ਹੀ ਇਥੋਂ ਲਿਜਾਈ ਜਾਵੇ। ਸੂਤਰ ਦਸਦੇ ਹਨ ਕਿ ਇਕ ਦਿਨ ਇਕ ਸਿੱਖ ਅਧਿਕਾਰੀ ਨੇ ਇਸ ਬੱਸ ਨੂੰ ਦੇਖਿਆ ਤੇ ਉਸ ਨੇ ਸ਼ੀਸ਼ੇ ਰਾਹੀਂ ਝਾਕਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਇਸ ਬੱਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਹਨ ਤਾਂ ਉਸ ਨੇ ਸਥਾਨਕ ਸੰਗਤਾਂ ਨੂੰ ਜਾਣਕਾਰੀ ਦਿਤੀ ਕਿ ਪੋਰਟ ਤੇ ਖੜੀ ਇਕ ਬੱਸ ਵਿਚ ਵੱਡੀ ਗਿਣਤੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਹਨ। ਰੌਲਾ ਪੈਣ ’ਤੇ ਰਿਪੁਦਮਨ ਸਿੰਘ ਮਲਿਕ ਇਹ ਬੱਸ ਪੋਰਟ ਤੋਂ ਲੈ ਗਏ। ਮਲਿਕ ਨੇ ਅਪਣੀ ਮਰਜ਼ੀ ਨਾਲ ਇਹ ਸਰੂਪ ਵੱਖ-ਵੱਖ ਗੁਰੂ ਘਰਾਂ ਤੇ ਸਿੱਖ ਸੰਗਤਾਂ ਵਿਚ ਵੰਡ ਦਿਤੇ। ਕਮੇਟੀ ਦੇ ਖਾਤਿਆਂ ਵਿਚ ਇਹ ਬੱਸ ਅੰਮ੍ਰਿਤਸਰ ਵਿਚ ਖੜੀ ਦਿਖਾਈ ਜਾਂਦੀ ਰਹੀ ਜਦ ਕਿ ਇਸ ਬੱਸ ਦੇ ਪੈਸੇ ਵੀ ਕਮੇਟੀ ਦੇ ਖਾਤਿਆਂ ਵਿਚ ਆ ਚੁੱਕੇ ਸਨ। ਆਖ਼ਿਰ 25 ਜੂਨ 2016 ਨੂੰ ਸ਼੍ਰੋਮਣੀ ਕਮੇਟੀ ਦੇ ਟਰਾਂਸਪੋਰਟ ਵਿਭਾਗ ਨੇ ਅਪਣੇ ਗਲੋਂ ਗਲਾਵਾਂ ਲਾਹੁਣ ਲਈ ਇਸ ਬੱਸ ਨੂੰ ਕਾਗ਼ਜ਼ਾਂ ਵਿਚ ਦਿਖਾਇਆ ਗਿਆ ਕਿ ਬੱਸ ਹਾਦਸਾਗ੍ਰਸਤ ਹੋ ਗਈ ਹੈ। ਸ੍ਰੋਮਣੀ ਕਮੇਟੀ ਦਾ ਤੇ ਅਕਾਲ ਤਖਤ ਸਾਹਿਬ ਦਾ ਪਖ ਨਹੀਂ ਆਇਆ। ਹੁਣ ਇਹ ਮੁੱਦਾ ਸਪੋਕਸਮੈਨ ਅਖਬਾਰ, ਸੋਸਲ ਮੀਡੀਆ ਕਾਰਨ ਕੈਨੇਡਾ ਦੀਆਂ ਸੰਗਤਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੈ।

# ਚੀਨ ਤਕਰਾਰ ਤੇ ਆਰਥਿਕ ਸੰਕਟ ਭਾਰਤ ਲਈ ਵੱਡਾ ਚੈਲਿੰਜ

**✪ ਭਾਰਤ ਅਤੇ ਚੀਨ ਦੇ ਫ਼ੌਜੀ ਆਹਮੋ-ਸਾਹਮਣੇ ✪ ਕਾਂਗਰਸ ਵਲੋਂ ਚੀਨ ਦੇ ਮੁੱਦੇ 'ਤੇ ਸੰਸਦ ਵਿਚ ਬਹਿਸ ਦੀ ਮੰਗ ✪ ਭਾਰਤ ਵਲੋਂ ਦੱਖਣੀ ਚੀਨ ਸਾਗਰ ਵਿਚ ਜੰਗੀ ਬੇੜਾ ਤੈਨਾਤ ✪ ਚੀਨ ਨੇ ਦੱਖਣੀ ਚੀਨ ਸਾਗਰ ਵਿਚ ਸਰਗਰਮੀਆਂ ਵਧਾ ਕੇ ਅਮਰੀਕਾ ਨੂੰ ਕੀਤਾ ਚੈਲਿੰਜ**

- ਪ੍ਰੋ. ਬਲਵਿੰਦਰਪਾਲ ਸਿੰਘ
ਮੋਬ. 9815700916



ਬੀਤੇ ਹਫਤੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ 68 ਵੀਂ ਵਾਰ ਰੇਡੀਓ 'ਤੇ 'ਮਨ ਕੀ ਬਾਤ' ਰਾਹੀਂ ਪਹਿਲਾਂ ਵਾਂਗ ਹੀ ਲੋਕ ਮੁੱਦਿਆਂ ਤੋਂ ਪਾਸਾ ਵੱਟ ਕੇ ਗੋਲਮੋਲ ਭਾਸ਼ਣ ਦਿੱਤਾ। ਇਸ ਵਾਰ ਪ੍ਰਧਾਨ ਮੰਤਰੀ ਨੇ ਖਿਡੌਣਿਆਂ ਦੇ ਨਿਰਮਾਣ ਵਿਚ ਦੇਸ਼ ਨੂੰ ਦੁਨੀਆ ਦਾ ਧੁਰਾ ਬਣਾਉਣ ਲਈ ਉੱਦਮੀਆਂ ਨੂੰ ਉਤਸ਼ਾਹਿਤ ਕੀਤਾ। ਉਨਾਂ ਮੁਤਾਬਕ ਦੇਸ਼ ਵਿਚ ਸਲਾਨਾ 7 ਲੱਖ ਕਰੋੜ ਰੁਪਏ ਦੇ ਖਿਡੌਣੇ ਬਣਾਏ ਜਾਂਦੇ ਹਨ ਤੇ ਇਸ ਲਈ ਇਸ ਕਾਰੋਬਾਰ ਨੂੰ ਹੋਰ ਵਧਾਇਆ ਜਾ ਸਕਦਾ ਹੈ। ਇਸ ਨਾਲ ਚੀਨ ਨੂੰ ਟੱਕਰ ਦਿੱਤੀ ਜਾ ਸਕਦੀ ਹੈ। ਪ੍ਰਧਾਨ ਮੰਤਰੀ ਨੇ ਕਿਸਾਨਾਂ ਦਾ ਵੱਧ ਬਿਜਾਈ ਕਰਨ ਲਈ ਧੰਨਵਾਦ ਕੀਤਾ ਅਤੇ ਭਾਰਤੀ ਨਸਲ ਦੇ ਕੁੱਤੇ ਪਾਲਣ ਦੀ ਅਪੀਲ ਵੀ ਕੀਤੀ। ਉਹ ਅਜਿਹੇ ਮਹੱਤਵਪੂਰਨ ਮੁੱਦਿਆਂ ਉੱਤੇ ਖ਼ਾਮੋਸ਼ ਰਹੇ ਜੋ ਲੋਕਾਂ ਦੀ ਹੋਂਦ ਨਾਲ ਜੁੜੇ ਹੋਏ ਹਨ। ਪ੍ਰਧਾਨ ਮੰਤਰੀ ਨੇ ਨਾ ਵਧ ਰਹੇ ਕੋਵਿਡ ਦੇ ਕੇਸਾਂ ਬਾਰੇ ਅਤੇ ਨਾ ਹੀ ਸੰਕਟ ਵਿਚ ਜਾ ਰਹੀ ਅਰਥ-ਵਿਵਸਥਾ ਬਾਰੇ ਜ਼ਿਕਰ ਛੇੜਿਆ। ਯਾਦ ਰਹੇ ਕਿ ਜੀਡੀਪੀ ਨੂੰ 23 ਫ਼ੀਸਦੀ ਤੱਕ ਦਾ ਝਟਕਾ ਲੱਗਣ ਵਾਲਾ ਹੈ ਤੇ ਆਰਥਿਕ ਮੰਦੀ ਦਾ ਅਸਰ ਅਗਲੇ ਤਿੰਨ ਚਾਰ ਸਾਲਾਂ ਤੱਕ ਰਹੇਗਾ। ਹੁਣੇ ਜਿਹੇ ਸਰਕਾਰ ਵੱਲੋਂ ਜਾਰੀ ਜੀ ਡੀ ਪੀ ਅੰਕੜਿਆਂ ਤੋਂ ਸਾਫ ਹੈ ਕਿ 21 ਲੱਖ ਕਰੋੜ ਰੁਪਏ ਦੇ ਵਿੱਤੀ ਪੈਕੇਜ ਦੇ ਬਾਵਜੂਦ ਕੋਰੋਨਾ ਮਹਾਂਮਾਰੀ ਨਾਲ ਕਾਰੋਬਾਰ ਤੇ ਆਮ ਇਨਸਾਨ 'ਤੇ ਭਾਰੀ ਅਸਰ ਪਿਆ ਹੈ।

### ਵੱਡਾ ਆਰਥਿਕ ਸੰਕਟ

ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ ਨਾਂਅ ਦੇ ਨਿੱਜੀ ਖੋਜ ਗਰੁੱਪ ਨੇ ਆਪਣੇ ਸਰਵੇ ਵਿਚ ਇੰਕਸ਼ਾਫ ਕੀਤਾ ਹੈ ਕਿ ਲਾਕਡਾਊਨ ਲਾਗੂ ਹੋਣ ਤੋਂ ਬਾਅਦ ਅਪ੍ਰੈਲ, ਮਈ, ਜੂਨ ਤੇ ਜੁਲਾਈ ਵਿਚ ਅੰਦਾਜ਼ਨ ਇਕ ਕਰੋੜ 89 ਲੱਖ ਤਨਖਾਹਦਾਰ ਲੋਕਾਂ ਦੀਆਂ ਨੌਕਰੀਆਂ ਜਾਂਦੀਆਂ ਲੱਗੀਆਂ। ਇਹ ਸਰਵੇ ਇਕ ਲੱਖ 74 ਹਜ਼ਾਰ ਘਰਾਂ ਵਿਚ ਕੀਤਾ ਗਿਆ। ਇਹ ਸਰਵੇ ਸਰਕਾਰ ਦੇ ਸਰਵੇ ਵਿੰਗ ਨੈਸ਼ਨਲ ਸੈਂਪਲ ਸਰਵੇ ਆਫਿਸ ਨਾਲੋਂ ਕੀਤੇ ਜਾਂਦੇ ਸਰਵੇ ਨਾਲੋਂ ਵੱਡਾ ਸੀ। ਸੀ ਐੱਮ ਆਈ ਈ ਦੇ ਮੈਨੇਜਿੰਗ ਡਾਇਰੈਕਟਰ ਮਹੇਸ਼ ਵਿਆਸ ਮੁਤਾਬਕ ਲਾਕਡਾਊਨ ਲਾਗੂ ਹੋਣ ਦੇ ਫੌਰੀ ਬਾਅਦ ਅਪ੍ਰੈਲ ਵਿਚ ਹੀ ਕਰੀਬ ਇਕ ਕਰੋੜ 77 ਲੱਖ ਤਨਖਾਹਦਾਰ ਲੋਕਾਂ ਦੀਆਂ ਨੌਕਰੀਆਂ ਜਾਂਦੀਆਂ ਲੱਗੀਆਂ ਸਨ। ਹੋਰ ਇਕ ਲੱਖ ਦੀਆਂ ਮਈ ਵਿਚ ਗਈਆਂ। ਜੂਨ ਵਿਚ 39 ਲੱਖ ਦੀ ਨੌਕਰੀ ਬਹਾਲ ਹੋਈ, ਸ਼ਾਇਦ ਅੰਸ਼ਕ ਅਨਲਾਕ ਹੋਣ ਕਰਕੇ। ਪਰ ਜੁਲਾਈ ਵਿਚ ਫਿਰ 50 ਲੱਖ ਨੌਕਰੀਆਂ ਜਾਂਦੀਆਂ ਲੱਗੀਆਂ। ਰੇਹੜੀਆਂ-ਫੜੀਆਂ ਲਾਉਣ, ਹਾਕਰਾਂ ਤੇ ਨਿੱਕੇ ਵਪਾਰੀਆਂ ਦਾ ਕੰਮ ਆਰਜ਼ੀ ਤੌਰ 'ਤੇ ਬੰਦ ਹੋਇਆ। ਉਨਾਂ ਲਾਕਡਾਊਨ ਖੁੱਲਣ ਦੇ ਛੇਤੀ ਬਾਅਦ ਕੰਮ ਸ਼ੁਰੂ ਕਰ ਦਿੱਤਾ, ਪਰ ਤਨਖਾਹਦਾਰਾਂ ਨੂੰ ਨੌਕਰੀ ਲੱਭਦਿਆਂ ਨੂੰ ਕਾਫੀ ਚਿਰ ਲੱਗ ਜਾਣਾ। ਉਹ ਅਰਥਚਾਰੇ ਦੀ ਸੁਰਜੀਤੀ 'ਤੇ ਹੀ ਨਿਰਭਰ ਹਨ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਕਿਰਤ ਅਧਿਅਨ ਕੇਂਦਰ ਦੇ ਸਾਬਕਾ ਚੇਅਰਪਰਸਨ ਕਿਰਤ ਅਰਥਸ਼ਾਸਤਰੀ ਸੰਤੋਸ਼ ਮਹਿਰੋਤਰਾ ਦਾ ਕਹਿਣਾ ਹੈ ਕਿ ਸਾਰੀਆਂ ਨੌਕਰੀਆਂ ਦੀ ਬਹਾਲੀ 2023-24 ਤੱਕ ਹੋਣ ਦੀ ਆਸ ਕੀਤੀ ਜਾ ਸਕਦੀ ਹੈ। ਉਦੋਂ ਤੱਕ ਕੰਮ ਲੱਭਣ ਵਾਲੇ ਹੋਰ ਵੀ ਮਾਰਕਿਟ ਵਿਚ ਆ ਜਾਣੇ ਹਨ। ਸੋ ਜ਼ਬਰਦਸਤ ਬੇਰੁਜ਼ਗਾਰੀ ਦੀ ਹਾਲਤ ਕਈ ਸਾਲ ਰਹੇਗੀ। ਇਕ ਹੋਰ ਕਿਰਤ ਅਰਥਸ਼ਾਸਤਰੀ ਰਵੀ ਸ੍ਰੀਵਾਸਤਵ ਮੁਤਾਬਕ ਮੋਦੀ ਸਰਕਾਰ ਤਾਂ ਹਰ ਰੋਜ਼ ਪਬਲਿਕ ਸੈਕਟਰ ਦੇ ਕਿਸੇ ਨਾ ਕਿਸੇ ਉੱਦਮ ਨੂੰ ਸੇਲ 'ਤੇ ਲਾ ਰਹੀ ਹੈ। ਉਸ ਨੇ ਰੇਲਵੇ, ਬੈਂਕ, ਐੱਲ ਆਈ ਸੀ, ਆਰਡਨੈਂਸ ਫੈਕਟਰੀਆਂ, ਰੇਲਵੇ ਕਾਰਖਾਨੇ, ਬੀ ਐੱਸ ਐੱਨ ਐੱਲ, ਬੀ ਪੀ ਸੀ ਐਲ ਸਣੇ 46 ਉਦਮਾਂ ਨੂੰ ਕੋਰੋਨਾ ਕਾਲ ਵਿਚ ਹੀ ਨਿੱਜੀ ਹੱਥਾਂ ਵਿਚ ਵੇਚਣ ਦੇ ਫੈਸਲੇ ਹੋ ਗਏ ਹਨ। ਇਕੱਲੇ ਬੀ ਐੱਸ ਐੱਨ ਐੱਲ ਵਿਚ 90 ਹਜ਼ਾਰ ਮੁਲਾਜ਼ਮ ਹਨ। ਆਰਡਨੈਂਸ ਫੈਕਟਰੀਆਂ ਵਿਚ ਵੀ ਏਨੇ ਹੀ ਹਨ। ਜਦੋਂ ਇਨਾਂ ਦੀਆਂ ਨੌਕਰੀਆਂ ਜਾਣਗੀਆਂ ਤਾਂ ਬੇਰੁਜ਼ਗਾਰਾਂ ਦੇ ਅੰਕੜੇ ਹੋਰ ਡਰਾਉਣੇ ਹੋ ਜਾਣਗੇ। ਭਾਰਤ ਵਿਚ ਬੇਰੋਜ਼ਗਾਰੀ ਦੀ ਦਰ ਪਿਛਲੇ 5 ਮਹੀਨਿਆਂ ਦੇ ਸਭ ਤੋਂ ਸਿਖਰਲੇ ਪੱਧਰ 'ਤੇ ਪਹੁੰਚ ਕੇ 9 ਅਗਸਤ ਨੂੰ ਸਮਾਪਤ ਹੋਏ ਹਫਤੇ ਵਿਚ 8.67 ਫੀਸਦੀ ਹੋ ਗਈ ਹੈ। ਮੌਜੂਦਾ ਹਾਕਮਾਂ ਦਾ ਅਗਲਾ ਨਿਸ਼ਾਨਾ ਜੰਗਲ ਹਨ। ਇਹ ਵੀ ਨਿੱਜੀ ਹੱਥਾਂ ਵਿਚ ਵੇਚੇ ਜਾ ਰਹੇ ਹਨ। ਜੇਕਰ ਜੰਗਲ ਹੀ ਨਾ ਰਹੇ ਤਾਂ ਸਭ ਜੀਵ-ਜੰਤੂ ਵੀ ਮਿਟ ਜਾਣਗੇ ਤੇ ਆਦਿਵਾਸੀਆਂ ਦੀ ਹੋਂਦ ਖਤਰੇ ਵਿਚ ਪੈ ਜਾਵੇਗੀ।

### ਕਾਂਗਰਸ ਵਲੋਂ ਮੋਦੀ ਦਾ ਵਿਰੋਧ

ਦੂਸਰੇ ਪਾਸੇ ਕਾਂਗਰਸ ਨੇ ਮੋਦੀ ਦੇ ਭਾਸ਼ਣਾਂ 'ਤੇ ਤਾਅਨੇ ਮਾਰੇ ਹਨ। ਕਾਂਗਰਸ ਦੇ ਬੁਲਾਰੇ ਰਾਜੀਵ ਸ਼ੁਕਲਾ ਨੇ ਕਿਹਾ ਕਿ ਜਿਸ ਤਰਾਂ ਚੀਨ ਨੇ ਫੌਜਾਂ ਅਤੇ ਮਿਜ਼ਾਈਲਾਂ ਤਾਇਨਾਤ ਕੀਤੀਆਂ ਹਨ, ਅਰੁਣਾਚਲ, ਚਿਕਨ ਨੇਕ, ਲੱਦਾਖ ਸਰਹੱਦ ਖ਼ਤਰੇ ਵਿੱਚ ਹੈ। ਸਰਕਾਰ ਨੂੰ ਦੇਸ਼ ਦੇ ਸਾਹਮਣੇ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਸੰਸਦ ਮੈਂਬਰ ਗੌਰਵ ਗੋਗੋਈ ਨੇ ਮੋਦੀ ਸਰਕਾਰ ਦੀ ਵਿਦੇਸ਼ ਨੀਤੀ 'ਤੇ ਸਵਾਲ ਚੁੱਕੇ। ਉਨਾਂ ਕਿਹਾ ਕਿ ਇਹ 56 ਇੰਚ ਦੀ ਨੀਤੀ ਨਹੀਂ ਇਕ ਭਰਮਾਉ ਨੀਤੀ ਹੈ। ਗੋਗੋਈ ਨੇ ਚੀਨ ਦੇ ਮੁੱਦੇ 'ਤੇ ਸੰਸਦ ਵਿਚ ਬਹਿਸ ਦੀ ਮੰਗ ਵੀ ਕੀਤੀ।

### ਚੀਨ ਨਾਲ ਟਕਰਾਅ ਭਾਰੀ ਸੰਕਟ

ਚੀਨ ਨਾਲ ਭਾਰਤ ਦਾ ਟਕਰਾਅ ਦਾ ਸੰਕਟ ਮੋਦੀ ਸਰਕਾਰ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪੂਰਬੀ ਲੱਦਾਖ ਵਿਚ ਟਕਰਾਅ ਦੀ ਤਾਜ਼ਾ ਘਟਨਾ ਤਹਿਤ ਚੀਨੀ ਫ਼ੌਜ ਨੇ ਭੜਕਾਊ ਕਾਰਵਾਈ ਕਰਦਿਆਂ ਪੈਂਗੌਂਗ ਝੀਲ ਇਲਾਕੇ ਵਿਚ 29 ਤੇ 30 ਅਗਸਤ ਦੀ ਦਰਮਿਆਨੀ ਰਾਤ ਨੂੰ ਚੀਨ ਨੇ ਨਵਾਂ ਫਰੰਟ ਖੋਲਣ ਦੀ ਕੋਸ਼ਿਸ਼ ਕੀਤੀ ਸੀ। ਥਲ ਸੈਨਾ ਦੇ ਤਰਜਮਾਨ ਕਰਨਲ ਅਮਨ ਆਨੰਦ ਨੇ ਦੱਸਿਆ ਕਿ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ ਨੇ ਫ਼ੌਜੀ ਤੇ ਕੂਟਨੀਤਕ ਪੱਧਰ 'ਤੇ ਹੋਈ ਵਾਰਤਾ ਦੌਰਾਨ ਬਣੀ ਸਹਿਮਤੀ ਦੀ 'ਉਲੰਘਣਾ' ਕੀਤੀ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਚੀਨੀ ਫ਼ੌਜ ਪੈਂਗੌਂਗ ਝੀਲ ਦੇ ਦੱਖਣੀ ਕੰਢੇ ਵੱਲ ਅੱਗੇ ਵੱਧ ਰਹੀ ਸੀ ਤਾਂ ਜੋ ਇਲਾਕੇ 'ਤੇ ਕਬਜ਼ਾ ਕੀਤਾ ਜਾ ਸਕੇ ਪਰ ਭਾਰਤੀ ਫ਼ੌਜ ਨੇ ਤੁਰੰਤ ਉਥੇ ਭਾਰੀ ਤੈਨਾਤੀ ਕਰ ਕੇ ਉਨਾਂ ਦੇ ਮਨਸੂਬਿਆਂ 'ਤੇ ਪਾਣੀ ਫੇਰ ਦਿੱਤਾ। ਸੂਤਰਾਂ ਅਨੁਸਾਰ ਦੋਵੇਂ ਮੁਲਕਾਂ ਦੇ ਫ਼ੌਜੀਆਂ ਵਿਚਾਲੇ ਕੋਈ ਝੜਪ ਨਹੀਂ ਹੋਈ ਹੈ। ਉਨਾਂ ਕਿਹਾ ਕਿ ਪੈਂਗੌਂਗ ਝੀਲ ਦੇ ਉੱਤਰੀ ਕੰਢੇ 'ਤੇ ਦੋਵੇਂ ਮੁਲਕਾਂ ਦੀਆਂ ਫ਼ੌਜਾਂ ਵਿਚ ਟਕਰਾਅ ਹੁੰਦਾ ਰਿਹਾ ਹੈ ਪਰ ਦੱਖਣੀ ਕੰਢੇ 'ਤੇ ਪਹਿਲੀ ਵਾਰ ਅਜਿਹੀ ਘਟਨਾ ਵਾਪਰੀ ਹੈ। ਹਾਲਾਤ ਸੁਖਾਵੇਂ ਬਣਾਉਣ ਲਈ ਦੋਵੇਂ ਮੁਲਕਾਂ ਦੇ ਬ੍ਰਿਗੇਡੀਅਰ ਪੱਧਰ ਦੀ ਚੁਸ਼ੂਲ ਵਿਚ ਬੈਠਕ ਹੋਈ। ਸਰਕਾਰੀ ਅਨੁਸਾਰ ਰੱਖਿਆ ਮੰਤਰੀ ਰਾਜਨਾਥ ਸਿੰਘ, ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਬਿਪਿਨ ਰਾਵਤ ਤੇ ਤਿੰਨੋਂ ਸੇਵਾਵਾਂ ਦੇ ਮੁਖੀਆਂ ਨਾਲ ਚੀਨ ਸੰਬੰਧੀ ਵੇਰਵੇ ਸਾਂਝੇ ਕੀਤੇ। ਉਧਰ ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਜ਼ਾਓ ਲਿਜਿਆਨ ਨੇ ਪੇਈਚਿੰਗ ਵਿਚ ਦਾਅਵਾ ਕੀਤਾ ਕਿ ਉਨਾਂ ਦੇ ਫ਼ੌਜੀ ਅਸਲ ਕੰਟਰੋਲ ਰੇਖਾ ਦਾ ਹਮੇਸ਼ਾ ਸਖ਼ਤੀ ਨਾਲ ਪਾਲਣ ਕਰਦੇ ਹਨ ਤੇ ਉਹ ਕਦੇ ਵੀ ਰੇਖਾ ਪਾਰ ਨਹੀਂ ਕਰਦੇ ਹਨ। ਤਾਜ਼ੀਆਂ ਖ਼ਬਰਾਂ ਇਹ ਹਨ ਕਿ ਚੀਨ ਭਾਰਤੀ ਸਰਹੱਦ ਦੇ ਨਾਲ ਆਪਣੇ ਹਵਾਈ ਸੈਨਾ ਦੇ ਉਪਕਰਣਾਂ ਦਾ ਨਵੀਨੀਕਰਨ ਤੇ ਵਿਸਥਾਰ ਕਰ ਰਿਹਾ ਹੈ। ਇਸੇ ਲੜੀ ਵਿਚ ਚੀਨ ਨੇ ਦੋ ਨਵੇਂ ਹਵਾਈ ਰੱਖਿਆ ਪੋਜੀਸ਼ਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਜਿਨਾਂ ਵਿਚ ਮਿਜ਼ਾਈਲਾਂ ਲਗਾਉਣ ਦੀ ਸੰਭਾਵਨਾ ਹੈ। ਸਿੱਕਮ ਦੇ ਨੇੜੇ ਉਸ ਨੇ ਆਧੁਨਿਕ ਰਾਡਾਰ ਮਿਜ਼ਾਇਲਾਂ ਦੇ ਨੇੜੇ ਤਿਆਰ ਕੀਤੇ ਹਨ। ਯਾਦ ਰਹੇ ਕਿ ਭਾਰਤ ਤੇ ਚੀਨ ਦਰਮਿਆਨ ਵਿਵਾਦ ਇਸ ਤੋਂ ਪਹਿਲਾਂ ਇੱਥੇ 2017 ਵਿੱਚ ਡੂੰਘਾ ਹੋਇਆ ਸੀ ਤੇ 2020 ਵਿੱਚ ਵੀ ਤਣਾਅ ਵੱਡੀ ਪੱਧਰ 'ਤੇ ਵਧ ਚੁੱਕਾ ਹੈ। ਓਪਨ ਖੁਫੀਆ ਸੋਰਸ ਡਿਟਰੇਸਫਾ ਨੇ ਚੀਨ, ਭੂਟਾਨ ਤੇ ਭਾਰਤ ਦੇ ਟ੍ਰਾਈ-ਜੰਕਸ਼ਨ ਖੇਤਰ ਡੋਕਲਾਮ ਦੀ ਸੈਟੇਲਾਈਟ ਤਸਵੀਰ ਵੀ ਸਾਂਝੀ ਕੀਤੀ ਹੈ। ਇਸ ਦੇ ਅਨੁਸਾਰ, ਨਾਕੂ ਲਾ ਤੇ ਡੋਕਾ ਲਾ ਪਾਸ ਤੋਂ 50 ਕਿਲੋਮੀਟਰ ਦੀ ਦੂਰੀ 'ਤੇ ਸਤਹ ਤੋਂ ਹਵਾ ਵਿਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦਾ ਸਥਾਨ ਮੌਜੂਦਾ ਹਵਾਈ ਰੱਖਿਆ ਖੇਤਰ ਦੇ ਨੇੜੇ ਹੈ, ਜਿਥੇ ਕਿ ਪਹਿਲਾਂ ਭਾਰਤ ਤੇ ਚੀਨ ਵਿਚ ਵਿਵਾਦ ਹੋਇਆ ਸੀ। ਭਾਰਤ ਵੀ ਖੁਫੀਆ ਨਿਗਰਾਨੀ ਤੇ ਰੇਕੀ ਮਿਸ਼ਨ ਵੀ ਚਲਾ ਰਿਹਾ ਹੈ। ਇਸ ਸੈਕਟਰ ਵਿਚ ਭਾਰਤ ਨੇ ਇਥੇ ਬੋਇੰਗ ਪੀ -8 ਵਰਗੇ ਜਹਾਜ਼ ਤੈਨਾਤ ਕੀਤੇ ਹੋਏ ਹਨ।

ਸਿਰਫ ਇਹੀ ਹੀ ਨਹੀਂ, ਹੁਣੇ ਜਿਹੇ ਆਈਆਂ ਉਪਗ੍ਰਹਿ ਦੀਆਂ ਫੋਟੋਆਂ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਚੀਨ ਲੱਦਾਖ ਦੇ ਨਾਲ ਅਰੁਣਾਚਲ ਪ੍ਰਦੇਸ਼ ਦੀ ਸਰਹੱਦ ਨਾਲ ਲੱਗਦੇ ਆਪਣੇ ਖੇਤਰ ਵਿਚ ਸੱਤ ਹਵਾਈ ਅੱਡਿਆਂ 'ਤੇ ਵੱਡੇ ਪੱਧਰ' ਤੇ ਸਤਹ ਤੋਂ ਹਵਾ ਵਿਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਲਗਾ ਰਿਹਾ ਹੈ। ਚੀਨ ਨੇ ਲਦਾਖ ਨਾਲ ਜੁੜੇ ਆਪਣੇ ਰੂਟੋਗ ਕਾਉਂਟੀ ਨਾਗਰੀ ਕੁੰਸ਼ਾ ਹਵਾਈ ਅੱਡੇ, ਉਤਰਾਖੰਡ ਖੇਤਰ ਤੇ ਮਾਨਸਰੋਵਰ ਝੀਲ, ਸਿੱਕਮ ਨਾਲ ਜੁੜੇ ਸਿਗੇਜ ਏਅਰਪੋਰਟ, ਗੋਰਗਰ ਹਵਾਈ ਟਿਕਾਣੇ, ਅਰੁਣਾਚਲ ਨਾਲ ਲੱਗਦੇ ਮੈਨਲਿੰਗ ਤੇ ਲਹੁੰਜੇ ਵਿਚ ਸੱਤਾ ਤੋਂ ਹਵਾ ਖੇਤਰ ਵਿਚ ਮਾਰ ਕਰਨ ਵਾਲੀਆ ਮਿਜ਼ਾਈਲਾਂ ਤੈਨਾਤ ਕੀਤੀਆਂ ਹੋਈਆਂ ਹਨ। ਇਸ ਤੋਂ ਪਹਿਲਾਂ ਸੈਟੇਲਾਈਟ ਦੀਆਂ ਤਸਵੀਰਾਂ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਚੀਨੀ ਫੌਜੀ ਕਈ ਕਿਲੋਮੀਟਰ 'ਤੇ ਭਾਰਤ ਦੀ ਜਮੀਨ ਤੇ ਕਈ ਕਿਲੋਮੀਟਰ ਤਕ ਪ੍ਰਵੇਸ਼ ਕਰ ਚੁਕੇ ਹਨ। ਇਸ ਬਾਰੇ ਪਿਛਲੇ ਦਿਨੀਂ ਰੱਖਿਆ ਮੰਤਰਾਲੇ ਦੀ ਵੈਬਸਾਈਟ ਵਿਚ ਵੀ ਸਵੀਕਾਰਿਆ ਸੀ।

### ਦੱਖਣੀ ਚੀਨ ਸਾਗਰ ਵਿਚ ਭਾਰਤੀ ਬੇੜਾ

ਪੂਰਬੀ ਲੱਦਾਖ ਵਿਚ 15 ਜੂਨ ਨੂੰ ਗਲਵਾਨ ਘਾਟੀ ਤੋਂ ਟਕਰਾਅ ਤੋਂ ਬਾਅਦ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਭਾਰਤੀ ਨੇਵੀ ਨੇ ਦੱਖਣੀ ਚੀਨ ਸਾਗਰ ਵਿਚ ਆਪਣੇ ਮੋਹਰੀ ਜੰਗੀ ਬੇੜੇ ਨੂੰ ਤੈਨਾਤ ਕਰ ਦਿੱਤਾ ਹੈ। ਦੋਹਾਂ ਧਿਰਾਂ ਵਿਚਾਲੇ ਵਾਰਤਾ ਦੌਰਾਨ ਚੀਨ ਨੇ ਇਸ ਕਦਮ 'ਤੇ ਇਤਰਾਜ਼ ਜਤਾਇਆ ਹੈ। ਚੀਨੀ ਇਸ ਖੇਤਰ ਵਿਚ ਭਾਰਤੀ ਨੇਵੀ ਦੇ ਬੇੜਿਆਂ ਦੀ ਮੌਜੂਦਗੀ 'ਤੇ ਇਤਰਾਜ਼ ਜਤਾਉਂਦਾ ਰਿਹਾ ਹੈ, ਜਿੱਥੇ ਉਸ ਨੇ ਬਣਾਉਟੀ ਟਾਪੂਆਂ ਤੇ ਫੌਜੀ ਮੌਜੂਦਗੀ ਰਾਹੀਂ 2009 ਤੋਂ ਹੁਣ ਤੱਕ ਆਪਣੀ ਮੌਜੂਦਗੀ ਵਿਚ ਕਾਫੀ ਵਿਸਥਾਰ ਕੀਤਾ ਹੈ। ਸਰਕਾਰੀ ਸੂਤਰਾਂ ਨੇ ਦੱਸਿਆ (ਗਲਵਾਨ ਸੰਘਰਸ਼ ਜਿਸ ਵਿਚ ਸਾਡੇ 20 ਫੌਜੀ ਮਾਰੇ ਗਏ ਸਨ) ਸ਼ੁਰੂ ਹੋਣ ਤੋਂ ਤੁਰੰਤ ਬਾਅਦ ਹੀ ਭਾਰਤੀ ਨੇਵੀ ਨੇ ਇਕ ਜੰਗੀ ਬੇੜੇ ਨੂੰ ਦੱਖਣੀ ਚੀਨ ਸਾਗਰ ਵਿਚ ਤੈਨਾਤ ਕਰ ਦਿੱਤਾ ਸੀ, ਜਿੱਥੇ ਪੀਪਲਜ਼ ਲਿਬਰੇਸ਼ਨ ਆਰਮੀ ਦੀ ਨੇਵੀ ਸਮੁੰਦਰ ਦੇ ਜ਼ਿਆਦਾਤਰ ਹਿੱਸੇ 'ਤੇ ਆਪਣਾ ਅਧਿਕਾਰ ਹੋਣ ਦਾ ਦਾਅਵਾ ਕਰਦੀ ਹੈ। ਦੱਖਣੀ ਚੀਨ ਸਾਗਰ ਵਿਚ ਤੈਨਾਤੀ ਦੌਰਾਨ ਜਿੱਥੇ ਅਮਰੀਕੀ ਨੇਵੀ ਨੇ ਵੀ ਆਪਣੇ ਫ੍ਰਿਜੇਟ ਤੈਨਾਤ ਕੀਤੇ ਸਨ। ਭਾਰਤ ਦੇ ਅਮਰੀਕੀ ਸੰਪਰਕ ਕਾਰਨ ਚੀਨ ਭਾਰਤ ਤੋਂ ਖਾਸਾ ਨਰਾਜ਼ ਹੈ, ਜਿਸ ਕਰਕੇ ਤਣਾਅ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ।

ਦੂਜੇ ਪਾਸੇ ਅਮਰੀਕਾ ਦੇ ਰੱਖਿਆ ਵਿਭਾਗ ਪੈਂਟਾਗਨ ਨੇ ਕਿਹਾ ਕਿ ਚੀਨ ਨੇ ਦੱਖਣੀ ਹੈਨਾਨ ਸੂਬੇ ਤੇ ਪਾਰਸਲ ਟਾਪੂ ਸਮੂਹ ਦੇ ਵਿਚ ਵਾਲੇ ਇਲਾਕੇ ਤੋਂ ਮਿਜ਼ਾਇਲਾਂ ਦਾਗ ਕੇ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਇਸ ਖੇਤਰ ਵਿਚ ਮਿਜ਼ਾਈਲਾਂ ਦੇ ਪ੍ਰੀਖਣ ਸਮੇਤ ਉਸ ਦੇ ਫ਼ੌਜੀ ਅਭਿਆਸ ਦੇ ਫ਼ੈਸਲੇ ਤੋਂ ਅਮਰੀਕਾ ਚਿੰਤਤ ਹੈ। ਪੈਂਟਾਗਨ ਨੇ ਕਿਹਾ ਕਿ ਮਿਜ਼ਾਈਲ ਪ੍ਰੀਖਣ ਸਮੇਤ ਚੀਨ ਦੀਆਂ ਹੋਰ ਸਰਗਰਮੀਆਂ ਨਾਲ ਵਿਵਾਦਤ ਦੱਖਣੀ ਚੀਨ ਸਾਗਰ ਵਿਚ ਸਥਿਤੀ ਹੋਰ ਕਮਜ਼ੋਰ ਹੁੰਦੀ ਹੈ। ਇਹ ਫ਼ੌਜੀ ਅਭਿਆਸ ਦੱਖਣੀ ਚੀਨ ਸਾਗਰ ਖੇਤਰ 'ਤੇ ਚੀਨ ਦੇ ਗ਼ੈਰ-ਕਾਨੂੰਨੀ ਦਾਅਵੇ ਦਾ ਇਕ ਹੋਰ ਉਦਾਹਰਣ ਹੈ।

## ਦੱਰਿਆਂ ਤੇ ਦਰਿਆਵਾਂ ਸੰਗ - 18

# ਘਰ ਵਾਪਸੀ ਦੀ ਤਾਂਘ



- ਪ੍ਰੀਤਮ ਰੁਪਾਲ




ਕੁੱਦ ਗੈਸਟ ਹਾਊਸ ਵਿਚ ਅਸੀਂ ਸਵੱਖਤੇ ਉਠ ਕੇ ਤਿਆਰ ਹੋ ਗਏ ਕਿਉਂਕਿ ਸ਼ਾਮ ਤਕ ਚੰਡੀਗੜ ਪਹੁੰਚਣਾ ਸੀ। ਗੈਸਟ ਹਾਊਸ ਵਾਲਿਆਂ ਨੇ ਅਜੇ ਆਪਣੀ ਰਸੋਈ ਚਾਲੂ ਨਹੀਂ ਸੀ ਕੀਤੀ ਇਸ ਲਈ ਚਾਹ ਦਾ ਕੱਪ ਪੀਣ ਦੀ ਗਰਜ ਨਾਲ ਅਸੀਂ ਬਾਹਰ ਸੜਕ 'ਤੇ ਬਣੇ ਢਾਬੇ 'ਤੇ ਆ ਗਏ। ਸਾਡੇ ਡਰਾਈਵਰ ਪਹਿਲਾਂ ਹੀ ਢਾਬੇ 'ਤੇ ਚਾਹ ਪੀਣ ਲਈ ਤਿਆਰ ਬੈਠੇ ਸਨ। ਅਸੀਂ ਵੀ ਸਾਰਿਆਂ ਦੀ ਚਾਹ ਬਣਾਉਣ ਲਈ ਕਹਿ ਕੇ ਸੜਕ ਉਪਰ ਟਹਿਲਣ ਲੱਗੇ। ਹੇਠਾਂ ਤੋਂ ਫੌਜ ਦੀ ਇਕ ਟੁਕੜੀ ਸੜਕ ਉਪਰ ਗਸ਼ਤ ਕਰਦੀ ਪੈਦਲ ਆ ਰਹੀ ਸੀ। ਇਹ ਗਿਣਤੀ ਦੇ ਦਸ ਕੁ ਜਵਾਨ ਸਨ ਜੋ ਸਾਡੇ ਵੱਲ ਵੇਖ ਕੇ ਮੁਸਕਰਾਉਂਦੇ ਹੋਏ ਅੱਗੇ ਲੰਘ ਗਏ। ਅਸੀਂ ਚਾਹ ਦੀਆਂ ਘੁੱਟਾਂ ਭਰਦਿਆਂ ਪਿਛਲੇ ਦਸ ਦਿਨਾਂ ਦੀ ਯਾਤਰਾ ਦੀਆਂ ਗੱਲਾਂ ਛੇੜ ਲਈਆਂ। ਅੱਜ ਘਰ ਜਾਣ ਦੀ ਤਾਂਘ ਕਾਰਨ ਸਾਰਿਆਂ ਦੇ ਚਿਹਰੇ ਉਪਰ ਵੱਖਰੀ ਤਰਾਂ ਦਾ ਜਲੌਅ ਸੀ। ਸਾਡੀ ਇਹ ਯਾਤਰਾ ਭਾਵੇਂ ਕਠਿਨਾਈਆਂ ਭਰੀ ਸੀ ਪਰ ਇਹ ਸਾਹਸ ਭਰਿਆ ਸਫ਼ਰ ਤੈਅ ਕਰ ਕੇ ਸਾਰੇ ਸੰਤੁਸ਼ਟ ਜਾਪਦੇ ਸਨ।

ਚਾਹ ਪੀਣ ਮਗਰੋਂ ਅਸੀਂ ਆਪਣਾ ਸਮਾਨ ਜੀਪਾਂ ਉਪਰ ਰੱਖਿਆ ਅਤੇ ਊਧਮਪੁਰ ਲਈ ਚੱਲ ਪਏ। ਹੇਠਾਂ ਖੱਡ ਦੇ ਦੂਜੇ ਪਾਸੇ ਚਿਨੈਨੀ ਕਸਬਾ ਨਜ਼ਰ ਆ ਰਿਹਾ ਸੀ ਜੋ ਊਧਮਪੁਰ ਜ਼ਿਲੇ ਦਾ ਤਸੀਲ ਸਦਰ ਮੁਕਾਮ ਹੈ। ਚਿਨੈਨੀ ਇਕ ਪਾਸੇ ਰਹਿ ਗਿਆ ਜੋ ਕਾਫ਼ੀ ਵੱਡਾ ਕਸਬਾ ਹੈ। ਅਸੀਂ ਹੁਣ ਹੇਠਾਂ ਵੱਲ ਜਾ ਰਹੇ ਸਾਂ। ਪਹਾੜੀਆਂ ਉਪਰ ਦਿਉਦਾਰ ਦੇ ਹਰੇ ਕਚੂਰ ਰੁੱਖ ਅਤੇ ਘਾਹ ਸਵੇਰੇ ਸਵੇਰੇ ਬਹੁਤ ਚੰਗਾ ਲੱਗ ਰਿਹਾ ਸੀ। ਹੁਣ ਸੜਕ ਉਪਰ ਹੋਰ ਆਵਾਜਾਈ ਸ਼ੁਰੂ ਹੋ ਗਈ ਸੀ ਕਦੇ ਕਦੇ ਕੋਈ ਫੌਜੀ ਟਰੱਕ ਜਾਂ ਜੀਪ ਵੀ ਸਾਡੇ ਕੋਲੋਂ ਲੰਘਦੀ। ਸੜਕ ਉਪਰ ਹੀ ਧਰਮਥਲ ਪਿੰਡ ਆਇਆ ਅਤੇ ਇਸ ਤੋਂ ਬਾਅਦ ਨਰਸੂ ਨਾਂ ਦਾ ਇਕ ਹੋਰ ਛੋਟਾ ਪਿੰਡ ਆਇਆ।

ਊਧਮਪੁਰ ਤੱਕ ਪਹੁੰਚਦਿਆਂ ਸੜਕ 'ਤੇ ਆਵਾਜਾਈ ਦਾ ਜਮਘਟਾ ਵੱਧ ਗਿਆ ਸੀ। ਊਧਮਪੁਰ ਨੇੜੇ ਸੜਕ ਉਪਰ ਇਕ ਨਾਕੇ 'ਤੇ ਸਾਨੂੰ ਰੋਕਿਆ ਗਿਆ ਪਰ ਅਸੀਂ ਛੇਤੀ ਹੀ ਇਥੋਂ ਫਾਰਗ਼ ਹੋ ਗਏ। ਸਾਡੇ ਡਰਾਈਵਰ ਨੇ ਸਲਾਹ ਦਿਤੀ ਕਿ ਇਥੋਂ ਜੰਮੂ ਜਾਣ ਦੀ ਬਜਾਏ ਸਿੱਧਾ ਸਾਂਬਾ ਨੂੰ ਚੱਲਿਆ ਜਾਵੇ ਜਿਸ ਨਾਲ ਕਾਫੀ ਸਮਾਂ ਬਚ ਜਾਏਗਾ। ਉਸਦੀ ਸਲਾਹ 'ਤੇ ਅਸੀਂ ਇਥੋਂ ਜਰਨੈਲੀ ਸੜਕ ਛੱਡ ਕੇ ਠਲੋਰਾ ਵੱਲ ਮੁੜ ਗਏ। ਇਹ ਸੜਕ ਭਾਵੇਂ ਘੱਟ ਚੌੜੀ ਸੀ ਪਰ ਸੜਕ ਦੀ ਹਾਲਤ ਚੰਗੀ ਸੀ ਇਸ ਲਈ ਜੀਪਾਂ ਸਰਪਟ ਦੌੜ ਰਹੀਆਂ ਸਨ। ਹੁਣ ਅਸੀਂ ਊਧਮਪੁਰ ਜ਼ਿਲਾ ਛੱਡ ਕੇ ਜੰਮੂ ਜ਼ਿਲੇ ਵਿਚ ਦਾਖ਼ਲ ਹੋ ਚੁੱਕੇ ਸਾਂ। ਪਹਿਲਾਂ ਬਬਨੇਰਗੜ ਨਾਂ ਦਾ ਛੋਟਾ ਕਸਬਾ ਆਇਆ। ਹੁਣ ਉਚੀਆਂ ਪਹਾੜੀਆਂ ਖ਼ਤਮ ਹੋ ਚੁੱਕੀਆਂ ਸਨ ਅਤੇ ਅਸੀਂ ਨੀਮ ਪਹਾੜੀ ਇਲਾਕੇ ਵਿਚੋਂ ਲੰਘ ਰਹੇ ਸਾਂ।

ਸਵੇਰ ਦੇ ਸਾਢੇ ਅੱਠ ਵੱਜ ਚੁੱਕੇ ਸਨ। ਜੀਪ ਵਿਚ ਲੱਗੇ ਸਟੀਰੀਓ ਸੈੱਟ ਉਪਰ ਰੇਡੀਓ ਚੱਲ ਰਿਹਾ ਸੀ। ਜੰਮੂ ਰੇਡੀਓ ਸਟੇਸ਼ਨ ਤੋਂ ਡੋਗਰੀ ਭਾਸ਼ਾ ਵਿਚ ਖ਼ਬਰਾਂ ਚੱਲ ਰਹੀਆਂ ਸਨ। ਅਸਲ ਵਿਚ ਇਹ ਖ਼ਬਰਾਂ ਦਿੱਲੀ ਤੋਂ ਨਸ਼ਰ ਹੋ ਰਹੀਆਂ ਸਨ। ਡੋਗਰੀ ਅਤੇ ਪੰਜਾਬੀ ਦਾ ਸਕੀਆਂ ਭੈਣਾਂ ਵਾਲਾ ਰਿਸ਼ਤਾ ਹੋਣ ਕਰਕੇ ਇਹ ਖ਼ਬਰਾਂ ਸਮਝ ਤਾਂ ਆਉਂਦੀਆਂ ਹੀ ਸਨ ਸਗੋਂ ਮੈਨੂੰ ਇਕ ਵੱਖਰੀ ਕਿਸਮ ਦਾ ਸਰੂਰ ਆ ਰਿਹਾ ਸੀ ਕਿਉਂਕਿ ਇਹ ਖ਼ਬਰਾਂ ਦਿੱਲੀ ਐਨ.ਐਸ.ਡੀ. ਤੋਂ ਮੇਰਾ ਮਿੱਤਰ ਵਿਜੇ ਵਰਮਾ ਪੜ ਰਿਹਾ ਸੀ। ਮੈਂ ਆਪਣੇ ਸਾਥੀਆਂ ਨੂੰ ਇਨਾਂ ਖ਼ਬਰਾਂ ਬਾਰੇ ਦੱਸਿਆ। ਖ਼ਬਰਾਂ ਖ਼ਤਮ ਹੁੰਦਿਆਂ ਹੀ ਸਾਡੀ ਦਿਲਚਸਪੀ ਰੇਡੀਓ ਵਲੋਂ ਘੱਟ ਗਈ ਅਤੇ ਅਸੀਂ ਆਪਸ ਵਿਚ ਗੱਲਾਂ ਵਿਚ ਰੁੱਝ ਗਏ। ਸਾਂਬਾ ਨੇੜੇ ਜਾ ਕੇ ਅਸੀਂ ਇਕ ਨਦੀ ਦਾ ਪੁਲ ਪਾਰ ਕੀਤਾ ਅਤੇ ਫਿਰ ਜਰਨੈਲੀ ਸੜਕ, ਐਨ.ਐਚ-1 ਉਪਰ ਜਾ ਚੜੇ। ਹੁਣ ਪਹਾੜੀ ਸਫ਼ਰ ਲਗਭਗ ਖ਼ਤਮ ਹੋ ਗਿਆ ਸੀ ਅਤੇ ਰੇਲ ਪਟੜੀ ਵੀ ਸੜਕ ਦੇ ਨਾਲ ਨਾਲ ਚੱਲ ਰਹੀ ਸੀ। ਇਸ ਉਪਰ ਇਕ ਰੇਲ ਗੱਡੀ ਤੇਜ਼ ਰਫ਼ਤਾਰ ਨਾਲ ਜੰਮੂ ਵੱਲ ਜਾ ਰਹੀ ਸੀ ਜਿਸ ਦੇ ਡੱਬਿਆਂ ਉਪਰ ਜੰਮੂ ਤਵੀ ਲਿਖਿਆ ਪੜਿਆ ਜਾ ਸਕਦਾ ਸੀ।

ਕਠੂਆ ਦੇ ਨੇੜੇ ਪਹੁੰਚ ਕੇ ਅਸੀਂ ਇਕ ਢਾਬੇ 'ਤੇਂ ਨਾਸ਼ਤੇ ਲਈ ਰੁਕੇ ਪਰ ਢਾਬੇ ਵਾਲਾ ਅਜੇ ਆਪਣੀਆਂ ਭੱਠੀਆਂ ਚਾਲੂ ਕਰ ਰਿਹਾ ਸੀ। ਇਸ ਤੋਂ ਥੋੜਾ ਅੱਗੇ ਅਮਰਨਾਥ ਯਾਤਰੀਆਂ ਲਈ ਇਕ ਲੰਗਰ ਲੱਗਾ ਹੋਇਆ ਸੀ। ਲੰਗਰ ਵਾਲਿਆਂ ਨੇ ਸਾਡੀਆਂ ਜੀਪਾਂ ਦੀ ਹਾਲਤ ਅਤੇ ਪੰਜਾਬ ਦੇ ਨੰਬਰ ਦੇਖ ਕੇ ਅੱਗੇ ਹੋ ਕੇ ਸਾਨੂੰ ਰੋਕ ਲਿਆ। ਅਸੀਂ ਤਾਂ ਅੱਧ ਪਚੱਧੇ ਪਹਿਲਾਂ ਹੀ ਤਿਆਰ ਸਾਂ। ਬਸ ਫਿਰ ਕੀ ਸੀ, ਆਲੂਆਂ ਅਤੇ ਕਾਬਲੀ ਛੋਲਿਆਂ ਦੀਆਂ ਸਬਜ਼ੀਆਂ ਨਾਲ ਖੁਸ਼ਕ ਪਰੌਂਠੇ ਛੱਕ ਕੇ ਤ੍ਰਿਪਤੀ ਹੋ ਗਈ। ਸਾਡੀ ਇਕ ਜੀਪ ਕਾਹਲੀ ਨਾਲ ਅੱਗੇ ਲੰਘ ਗਈ ਇਸ ਲਈ ਸਾਡੇ ਕੁਝ ਸਾਥੀ ਲੰਗਰ ਨਾਸ਼ਤੇ ਤੋਂ ਵਾਂਝੇ ਰਹਿ ਗਏ। ਪਰੌਂਠੇ ਛੱਕਣ ਮਗਰੋਂ ਚਾਹ ਪੀਤੀ ਅਤੇ ਸੁਖਬੀਰ ਨੇ ਸਾਡੇ ਸਾਰਿਆਂ ਵਲੋਂ ਲੰਗਰ ਵਿਚ ਪੰਜ ਸੌ ਇਕ ਰੁਪਏ ਪਾਏ।

ਕਠੂਆ, ਜੋ ਜੰਮੂ ਕਸ਼ਮੀਰ ਸੂਬੇ ਦਾ ਜ਼ਿਲਾ ਸਦਰਮੁਕਾਮ ਹੈ ਲੰਘ ਕੇ ਅਸੀਂ ਮਾਧੋਪੁਰ ਨੇੜੇ ਪਣ ਬਿਜਲੀ ਪ੍ਰਾਜੈਕਟ ਨੇੜਿਓਂ ਰਾਵੀ ਦਰਿਆ ਪਾਰ ਕੀਤਾ ਅਤੇ ਪੰਜਾਬ ਵਿਚ ਦਾਖ਼ਲ ਹੋ ਗਏ। ਇਸ ਨੂੰ ਸਬੱਬ ਸਮਝੋ ਜਾਂ ਕੁਦਰਤ ਦਾ ਕ੍ਰਿਸ਼ਮਾ ਕਿ ਸਾਡੇ ਪਠਾਨਕੋਟ ਨੇੜੇ ਪਹੁੰਚਦਿਆਂ ਹੀ ਫਿਰ ਬਾਰਿਸ਼ ਸ਼ੁਰੂ ਹੋ ਗਈ। ਅਸੀਂ ਦਸ ਦਿਨਾਂ ਪਹਿਲਾਂ ਮੀਂਹ ਪੈਂਦੇ ਵਿਚ ਹੀ ਪੰਜਾਬ ਛੱਡਿਆ ਸੀ ਤੇ ਅੱਜ ਫਿਰ ਪੰਜਾਬ ਦੀ ਧਰਤੀ 'ਤੇ ਪੈਰ ਧਰਦਿਆਂ ਹੀ ਮੇਘਲੇ ਨੇ ਸਾਨੂੰ ਖੁਸ਼ਆਮਦੀਦ ਆਖਿਆ। ਪਠਾਨਕੋਟ ਲੰਘ ਕੇ ਮਨਮੋਹਨ ਆਪਣੀ ਲਾਲ ਜੀਪ ਵਿਚੋਂ ਉਤਰਿਆ ਅਤੇ ਸਾਡੀ ਵਾਲੀ ਜੀਪ ਵਿਚ ਸਵਾਰ ਹੋ ਗਿਆ। ਉਹ ਆਪਣੇ ਛੋਟੇ ਕੈਮਰੇ ਨਾਲ ਸਾਡੀ ਫਿਲਮ ਬਣਾਉਣ ਲੱਗਾ। ਸੁਰਜੀਤ ਬਿੰਦਰਖੀਏ ਦੇ ਗੀਤ "ਜੀਹਦੇ ਹੇਠ ਘੋੜਾ ਮੋਢੇ 'ਤੇ ਦੋਨਾਲੀ ਨੀ.." ਉਪਰ ਕੋਈ ਗਿੱਧਾ ਪਾ ਰਿਹਾ ਸੀ ਤੇ ਕੋਈ ਝੂਮ ਰਿਹਾ ਸੀ। ਮੀਂਹ ਵੀ ਆਪਣੀ ਰਫਤਾਰ ਨਾਲ ਜਾਰੀ ਸੀ।

ਮੁਕੇਰੀਆ ਨੇੜੇ ਬਿਆਸ ਦਰਿਆ ਪਾਰ ਕੀਤਾ ਅਤੇ ਇਕ ਪੈਟਰੋਲ ਪੰਪ ਤੋਂ ਜੀਪਾਂ ਵਿਚ ਡੀਜ਼ਲ ਭਰਵਾਇਆ। ਫਿਰ ਦਸੂਹਾ ਤੇ ਟਾਂਡਾ ਹੁੰਦੇ ਹੋਏ ਜਲੰਧਰ ਪਹੁੰਚ ਗਏ। ਇਥੇ ਮੀਂਹ ਕੁਝ ਮੱਠਾ ਪਿਆ। ਦੁਪਹਿਰ ਦੇ ਖਾਣੇ ਦਾ ਸਮਾਂ ਲੰਘਦਾ ਵੇਖ ਕੇ ਲੱਕੀ ਢਾਬੇ 'ਤੇ ਜੀਪਾਂ ਰੋਕ ਦਿੱਤੀਆਂ। ਆਪੋ ਆਪਣੇ ਘਰਾਂ ਲਈ ਇਸ ਜਥੇ ਤੋਂ ਜੁਦਾ ਹੋਣ ਤੋਂ ਪਹਿਲਾਂ ਇਹ ਸਾਡਾ ਆਖ਼ਰੀ ਭੋਜ ਸੀ। ਅਡਵੈਂਚਰ ਕਮੇਟੀ ਦੇ ਚੇਅਰਮੈਨ ਸੁਖਬੀਰ ਨੇ ਸਾਰਿਆਂ ਨੂੰ ਆਪਣੀ ਪਸੰਦ ਮੁਤਾਬਕ ਖਾਣੇ ਦਾ ਆਰਡਰ ਦੇਣ ਲਈ ਕਿਹਾ। ਅਸੀਂ ਹੁਣ ਤਕ ਹਿਮਾਚਲੀ, ਲੱਦਾਖੀ, ਚੀਨੀ, ਕਸ਼ਮੀਰੀ ਅਤੇ ਪਹਾੜੀ ਖਾਣਿਆਂ ਦਾ ਸੁਆਦ ਚਖ਼ ਚੁੱਕੇ ਸਾਂ। ਇਥੇ ਆ ਕੇ ਸਾਰਿਆਂ ਦੀ ਇਕੋ ਹੀ ਮੀਨੂ 'ਤੇ ਸਹਿਮਤੀ ਹੋਈ। ਮਿੱਸੀ ਰੋਟੀ ਤੇ ਦਾਲ ਮੱਖਣੀ।

ਖਾਣਾ ਖਾ ਕੇ ਬਾਹਰ ਆਏ। ਮੀਂਹ ਬਿਲਕੁਲ ਬੰਦ ਹੋ ਚੁੱਕਾ ਸੀ। ਇਥੇ ਹੀ ਸਾਰਿਆਂ ਨੇ ਇਕ ਦੂਜੇ ਨਾਲ ਗਲਵੱਕੜੀ ਪਾ ਵਿਦਾਇਗੀ ਦਿਤੀ ਕਿਉਂਕਿ ਚੰਡੀਗੜ ਜਾ ਕੇ ਜੀਪਾਂ ਨੇ ਹੀ ਸਾਰਿਆਂ ਨੂੰ ਘਰੋ ਘਰੀ ਛੱਡਣਾ ਸੀ। ਸਾਡੀ ਜੀਪ ਵਿਚ ਪ੍ਰੈੱਸ ਕਲੱਬ ਦਾ ਸਮਾਨ ਹੋਣ ਕਰਕੇ ਸਾਨੂੰ ਕਲੱਬ ਜਾਣਾ ਪੈਣਾ ਸੀ। ਬੋਲਿਆ ਚੱਲਿਆ ਮਾਫ਼ ਕਹਿ ਕੇ ਸਾਰੇ ਆਪੋ ਆਪਣੀਆਂ ਗੱਡੀਆਂ ਵਿਚ ਸਵਾਰ ਹੋ ਗਏ। ਡਰਾਈਵਰਾਂ ਨੇ ਸੈਲਫ ਮਾਰੇ ਤੇ ਫਿਰ ਜਰਨੈਲੀ-ਸੜਕ 'ਤੇ ਚੜ ਚੰਡੀਗੜ ਵੱਲ ਚੱਲ ਪਏ। ਮੈਂ ਚੁਪ ਚਾਪ ਬੈਠਾ ਪਿਛਲੇ ਦਸ ਦਿਨਾਂ ਦਾ ਲੇਖਾ ਜੋਖਾ ਕਰ ਰਿਹਾ ਸੀ। ਜਿਥੇ ਘਰ ਜਾਣ ਦੀ ਖ਼ੁਸ਼ੀ ਸੀ ਉਥੇ ਹਿਮਾਲਾ ਦੀਆਂ ਰੰਗ ਬਿਰੰਗੀਆਂ ਵਾਦੀਆਂ ਅਤੇ ਸੁਗੰਧੀਆਂ ਭਰੀ ਪੌਣ ਤੋਂ ਵਿਛੜ ਜਾਣ ਦੀ ਇਕ ਉਦਾਸੀ ਵੀ ਸੀ। ਦੀਪਕ ਚੁੱਪ ਤੋੜਦਿਆਂ ਆਪਣੇ ਹਰਿਆਣਵੀ ਲਹਿਜੇ ਵਿਚ ਬੋਲਿਆ, "ਯੇ ਲਦਾਖ ਤੋ ਹੋ ਲੀਆ ਭਾਈ, ਇਬ ਬਤਾਓ ਅਗਲੀ ਬਾਰ ਕਹਾਂ ਜਾਏਂਗੇ।"

"ਲਹੌਲ ਸਪਿਤੀ ਤੇ ਕਿਨੌਰ!" ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲਿਆ। ਉਸੇ ਵੇਲੇ ਫਿਰ ਦਿਮਾਗ ਵਿਚ ਹਿਮਾਲਾ ਦੀਆਂ ਵੰਨ ਸੁਵੰਨੀਆਂ ਪਹਾੜੀਆਂ ਅਤੇ ਦਰਿਆਵਾਂ ਦੀ ਕਲ ਕਲ ਛੇੜਖਾਨੀਆਂ ਕਰਨ ਲੱਗ ਪਈ। ਮਨ ਹੀ ਮਨ ਵਿਚ ਮੈਂ ਅਗਲੀ ਯਾਤਰਾ ਬਾਰੇ ਸੋਚਣ ਲੱਗਾ। ਜੀਪ ਚੰਡੀਗੜ ਵੱਲ ਸਰਪਟ ਦੌੜ ਰਹੀ ਸੀ। ਮੀਂਹ ਬੰਦ ਹੋ ਚੁੱਕਾ ਸੀ। ਰੇਡੀਓ 'ਤੇ ਫਿਲਮੀ ਗਾਣੇ ਦੀ ਧੁਨ ਵੱਜ ਰਹੀ ਸੀ।



ਅੰਮ੍ਰਿਤਸਰ ਟਾਈਮਜ਼ AMRITSAR TIMES

02 ਸਤੰਬਰ 2020 ਤੋਂ 08 ਸਤੰਬਰ 2020

## ਅਹਿਮ ਮਸਲਾ ਅਤੇ ਸਾਡੀ ਊਰਜਾ

ਹੱਕ ਸੱਚ ਲਈ ਜੂਝਣ ਵਾਲਿਆਂ ਲਈ ਹਮੇਸ਼ਾ ਹੀ ਮਸਲੇ ਰਾਹ ਮੱਲੀ ਖੜੇ ਹੁੰਦੇ ਨੇ, ਇਹ ਕਦੀ ਵੀ ਨੀ ਹੁੰਦਾ ਕਿ ਇਕੋ ਵੇਲੇ ਸਿਰਫ ਇਕੋ ਮਸਲਾ ਹੋਵੇ ਪਰ ਜਿਹਨਾਂ ਤੇ ਗੁਰੂ ਪਾਤਸ਼ਾਹ ਦੀ ਬਖਸ਼ਿਸ਼ ਹੁੰਦੀ ਉਹਨਾ ਵਿੱਚ ਇਹ ਚੋਣ ਕਰਨ ਦੀ ਵੀ ਸਮਰੱਥਾ ਹੁੰਦੀ ਕਿ ਹੁਣ ਕਿਹੜਾ ਮਸਲਾ ਵੱਧ ਅਹਿਮ ਹੈ ਅਤੇ ਉਸ ਮਸਲੇ ਤੇ ਕੇਂਦਰਿਤ ਰਹਿਣ ਦਾ ਬਲ ਵੀ ਹੁੰਦਾ। ਇਸੇ ਸਮਰੱਥਾ ਨਾਲ ਸਾਡੇ ਵਡੇਰਿਆਂ ਨੇ ਔਖੇ ਪੈਂਡਿਆਂ ਚ ਆਪਸੀ ਸੰਤੁਲਨ ਕਾਇਮ ਰੱਖਿਆ ਅਤੇ ਹੱਕ ਸੱਚ ਦੇ ਰਾਹ ਉੱਤੇ ਬਿਨਾ ਨਿਰਾਸ਼ਾ ਅਤੇ ਝੋਰੇ ਤੋਂ ਤੁਰਦੇ ਰਹੇ, ਸਾਂਝੇ ਅਤੇ ਅਹਿਮ ਮਸਲੇ ਸਰ ਕਰਦੇ ਰਹੇ। ਹੁਣ ਜਾਣਕਾਰੀ ਦੇ ਸਾਧਨ ਬਹੁਤ ਹੋ ਗਏ ਨੇ ਤੇ ਜਾਣਕਾਰੀ ਦੀ ਰਫਤਾਰ ਨੇ ਸਾਡੇ ਤੋਂ ਇਹ ਸਮਰੱਥਾ ਕਾਫੀ ਹੱਦ ਤੱਕ ਖੋਹ ਲਈ ਹੈ। ਹੁਣ ਸਾਡੇ ਲਈ ਅਹਿਮ ਮਸਲਿਆਂ ਦੀ ਸਨਾਖਤ ਕਰਨਾ ਅਤੇ ਓਹਨਾ ਤੇ ਕੇਂਦਰਿਤ ਰਹਿਣਾ ਬਹੁਤ ਮੁਸ਼ਕਿਲ ਹੋ ਗਿਆ ਹੈ ਜਿਸ ਦੇ ਨਤੀਜੇ ਵਜੋਂ ਅਸੀਂ ਕੁਝ ਦਿਨਾਂ ਵਿੱਚ ਹੀ ਕਿਸੇ ਬਹੁਤ ਅਹਿਮ ਅਤੇ ਸਾਂਝੇ ਮਸਲੇ ਤੋਂ ਆਪਣਾ ਧਿਆਨ ਹੋਰ ਮਸਲਿਆਂ ਵੱਲ ਕਰ ਲੈਂਦੇ ਹਾਂ ਅਤੇ ਸਾਂਝਾ ਮਸਲਾ ਉੱਥੇ ਦਾ ਉੱਥੇ ਹੀ ਰਹਿੰਦੈ ਤੇ ਅਸੀਂ ਆਪੋ ਆਪਣੀ ਦਿਲਚਸਪੀ ਅਨੁਸਾਰ ਬਾਕੀ ਮਸਲਿਆਂ ਚ ਆਪਣੀ ਊਰਜਾ ਲਾਉਣ ਲੱਗ ਪੈਂਦੇ ਹਾਂ। ਪਿਛਲੇ ਦਿਨੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਲਾਪਤਾ ਹੋਣ ਦਾ ਮਸਲਾ ਸਾਡੇ ਸਾਹਮਣੇ ਆਇਆ। ਤਕਰੀਬਨ ਹਰ ਸਿੱਖ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਉੱਤੇ ਸਵਾਲ ਕੀਤੇ, ਸਾਂਝਾ ਮਸਲਾ ਹੋਣ ਕਰਕੇ ਸਾਰੇ ਇਸ ਮਸਲੇ ਉੱਤੇ ਆਪਣੀ ਸਮਰੱਥਾ ਅਤੇ ਸਾਧਨਾਂ ਅਨੁਸਾਰ ਪ੍ਰਬੰਧਕਾਂ ਨੂੰ ਇਸ ਮਸਲੇ ਤੇ ਕਾਰਵਾਈ ਕਰਨ ਲਈ ਜ਼ੋਰ ਪਾ ਰਹੇ ਸਨ। ਫਿਰ ਅਗਲੇ ਕੁਝ ਦਿਨਾਂ ਚ ਵੱਖ ਵੱਖ ਮਸਲਿਆਂ ਸਬੰਧੀ ਕੁਝ ਫੈਸਲੇ ਅਤੇ ਐਲਾਨ ਹੋਏ ਅਤੇ ਆਪਾਂ ਸਾਰੇ ਜੋ ਇਕ ਮਸਲੇ ਤੇ ਕੇਂਦਰਿਤ ਸਾਂ, ਵੱਖੋ ਵੱਖ ਮਸਲਿਆਂ ਉੱਤੇ ਕੇਂਦਰਿਤ ਹੋ ਗਏ। ਭਾਵੇਂ ਜੇਕਰ ਤਰਤੀਬ ਬਾਰ ਫੈਸਲਿਆਂ ਅਤੇ ਐਲਾਨਾਂ ਨੂੰ ਵੇਖਿਆ ਜਾਵੇ ਤਾਂ ਇਹ ਗੱਲ ਸਪਸ਼ੱਟ ਹੋ ਜਾਂਦੀ ਹੈ ਕਿ ਇਹ ਸਭ ਸੁਭਾਵਿਕ ਨਹੀਂ ਵਾਪਰਿਆ ਪਰ ਅਹਿਮ ਗੱਲ ਇਹ ਨਹੀਂ ਹੈ, ਅਹਿਮ ਗੱਲ ਇਹ ਹੈ ਕਿ ਚਾਹੇ ਇਹ ਗਿਣ-ਮਿੱਥ ਹੀ ਹੋਇਆ ਪਰ ਅਸੀਂ ਆਪਣੇ ਸਾਂਝੇ ਅਤੇ ਅਹਿਮ ਮਸਲੇ ਉੱਤੇ ਕੇਂਦਰਿਤ ਰਹਿਣ ਵਿੱਚ ਅਸਫਲ ਹੋਏ ਹਾਂ। ਇਹ ਸਾਡੀ ਸਵੈ-ਪੜਚੋਲ ਦਾ ਮਸਲਾ ਹੈ। ਵੱਖ ਵੱਖ ਫੈਸਲੇ ਅਤੇ ਐਲਾਨ : ਸਭ ਤੋਂ ਪਹਿਲਾਂ ਪਾਵਨ ਸਰੂਪਾਂ ਦੇ ਮਸਲੇ ਚ ਜਾਂਚ ਮੁਕੰਮਲ ਹੋ ਜਾਣ ਦੀ ਖਬਰ ਆਉਂਦੀ ਹੈ, ਉਸ ਤੋਂ ਅਗਲੇ ਹੀ ਦਿਨ ਖਬਰ ਆਉਂਦੀ ਹੈ ਕਿ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲਾ ਮਸਲੇ ਚ ਜਾਂਚ ਮੁਕੰਮਲ ਹੋ ਗਈ ਹੈ। ਫਿਰ ਅਗਲੇ ਦਿਨ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਬਾਕੀ ਫੈਸਲਿਆਂ ਦੇ ਨਾਲ ਇਕ ਫੈਸਲਾ ਰਣਜੀਤ ਸਿੰਘ ਢੱਡਰੀਆਂਵਾਲਾ ਸਬੰਧੀ ਵੀ ਲਿਆ ਗਿਆ ਜਿਸ ਨਾਲ ਸਾਡੇ ਵਿਚੋਂ ਇਕ ਹਿੱਸਾ ਇਹਦੇ ਹੱਕ ਚ ਅਤੇ ਇਕ ਵਿਰੋਧ ਚ ਆਪਣੀ ਊਰਜਾ ਲਾਉਣ ਲੱਗ ਜਾਂਦੈ। ਫਿਰ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਸੱਦੀ ਜਾਂਦੀ ਹੈ, ਮੀਟਿੰਗ ਤੋਂ ਪਹਿਲਾਂ ਡਾ. ਰੂਪ ਸਿੰਘ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਵੱਲੋਂ ਅਸਤੀਫਾ ਦੇ ਦਿੱਤਾ ਜਾਂਦੈ ਅਤੇ ਮੀਟਿੰਗ ਵਿੱਚ ਇਕ ਪ੍ਰਬੰਧਕੀ ਢਾਂਚੇ ਦੀ ਹੈਸੀਅਤ ਵਾਲੇ ਫੈਸਲੇ ਲਏ ਜਾਂਦੇ ਹਨ ਜਿਸ ਵਿੱਚ ਵੀ ਡਾ. ਰੂਪ ਸਿੰਘ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਬਿਆਨ ਲਿਖਤੀ ਫੈਸਲਿਆਂ ਵਿੱਚ ਕੁਝ ਹੋਰ ਹੁੰਦੈ ਅਤੇ ਬੋਲਣ ਲੱਗਿਆਂ ਕੁਝ ਹੋਰ। ਇਹਨਾਂ ਫੈਸਲਿਆਂ ਤੋਂ ਬਾਅਦ ਇਸ ਮਸਲੇ ਸਬੰਧੀ ਕੁਝ ਹਿੱਸਾ ਥੋੜਾ ਨਰਮ ਹੋ ਜਾਂਦਾ ਹੈ, ਕੁਝ ਇਹਨਾਂ ਫੈਸਲਿਆਂ ਨਾਲ ਅਸਹਿਮਤ, ਕਿਓਂਕਿ ਮੁੱਖ ਮਸਲੇ ਸਬੰਧੀ ਕੋਈ ਜਾਣਕਰੀ ਨਹੀਂ ਦਿੱਤੀ ਜਾਂਦੀ ਕਿ ਆਖਿਰ ਗੁਰੂ ਸਾਹਿਬ ਦੇ ਪਾਵਨ ਸਰੂਪ ਗਏ ਕਿੱਥੇ ? ਫਿਰ ਇਕ ਦਿਨ ਬਾਅਦ ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ 11 ਸਖਸ਼ੀਅਤਾਂ ਦਾ ਸਨਮਾਨ ਕਰਨ ਦੇ ਫੈਸਲੇ ਦਾ ਐਲਾਨ ਬਾਰੇ ਖਬਰਾਂ ਛਪਦੀਆਂ ਹਨ। ਇਹ ਫੈਸਲਾ ਸਿੰਘ ਸਹਿਬਾਨ ਦੀ ਇਕੱਤਰਤਾ ਵੇਲੇ ਹੋਇਆ ਸੀ ਪਰ ਐਲਾਨ ਕੁਝ ਦਿਨਾਂ ਬਾਅਦ ਕੀਤਾ ਗਿਆ। ਫਿਰ ਆਡਿਟ ਕੰਪਨੀ ਦੇ ਦਫਤਰ ਨੂੰ ਜਿੰਦਾ ਲਾਉਣ ਦੀ ਖਬਰ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਲਈ ਕਮੇਟੀ ਬਣਾਉਣ ਦੀ ਖਬਰ ਆਉਂਦੀ ਹੈ। ਨਾਲ ਹੀ ਰਣਜੀਤ ਸਿੰਘ ਢੱਡਰੀਆਂਵਾਲਿਆਂ ਵੱਲੋਂ ਮੁਆਫੀ ਨਾ ਮੰਗਣ ਦਾ ਐਲਾਨ ਹੁੰਦੈ। ਉਸ ਤੋਂ ਬਾਅਦ ਬੰਗਲਾ ਸਾਹਿਬ ਵਿਖੇ ਹੋਣ ਵਾਲੀ ਕਥਾ ਦਾ ਮਸਲਾ ਸਾਹਮਣੇ ਆਉਂਦੈ, ਜਿਸ ਉੱਤੇ ਅਸੀਂ ਫਿਰ ਹੱਕ ਚ ਅਤੇ ਵਿਰੋਧ ਚ ਹੋ ਕੇ ਖਿੰਡ ਜਾਂਦੇ ਹਾਂ। ਇਸ ਤਰ੍ਹਾਂ ਦੇ ਫੈਸਲੇ ਅਤੇ ਐਲਾਨ ਜਾਰੀ ਹਨ ਪਰ ਅਹਿਮ ਮਸਲਾ ਲਗਾਤਾਰ ਧੁੰਦਲਾ ਕੀਤਾ ਜਾ ਰਿਹਾ ਹੈ ਜਿਸ ਦੇ ਬਰਾਬਰ ਦੇ ਹਿੱਸੇਦਾਰ ਅਸੀਂ ਸਾਰੇ ਵੀ ਹਾਂ। ਮਸਲੇ ਹਮੇਸ਼ਾ ਹੀ ਰਹਿਣੇ ਹਨ, ਚਾਹੇ ਉਹ ਸਹਿਜ ਸੁਭਾਅ ਆ ਜਾਣ ਜਾ ਗਿਣ-ਮਿਥ ਕੇ ਪੈਦਾ ਕੀਤੇ ਜਾਣ ਪਰ ਜੇਕਰ ਅਸੀਂ ਉਹਨਾਂ ਦੇ ਹੱਲ ਚਾਹੁੰਦੇ ਹਾਂ ਤਾਂ ਸਾਨੂੰ ਆਪਣੀ ਊਰਜਾ ਅਹਿਮ ਅਤੇ ਸਾਂਝੇ ਮਸਲੇ ਤੇ ਹੀ ਲਾਉਣੀ ਪੈਣੀ ਹੈ ਫਿਰ ਹੀ ਅਸੀਂ ਕੁਝ ਹੱਦ ਤੱਕ ਸਫਲ ਹੋ ਸਕਾਂਗੇ ਨਹੀਂ ਤਾਂ ਆਪਸੀ ਵਖਰੇਵੇਂ ਵਧਦੇ ਹੀ ਜਾਣੇ ਹਨ, ਜਿਹਾ ਕਿ ਪਿਛਲੇ ਸਮੇਂ ਵਿੱਚ ਹੁੰਦਾ ਆ ਰਿਹਾ ਹੈ। ਹੁਣ ਸੋਸ਼ਲ ਮੀਡੀਆ ਉੱਤੇ ਹਰ ਪਲ ਨਵੇਂ ਤੋਂ ਨਵਾਂ ਮਸਲਾ ਬਣਿਆ ਰਹਿੰਦਾ ਹੈ ਪਰ ਸਾਨੂੰ ਤੈਅ ਕਰਨਾ ਪਵੇਗਾ ਕਿ ਸਾਡੇ ਲਈ ਅਹਿਮ ਅਤੇ ਸਾਂਝਾ ਮਸਲਾ ਕਿਹੜਾ ਹੈ ਜਿਸ ਤੇ ਅਸੀਂ ਊਰਜਾ ਲਾਉਣੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਬਾਰੇ ਹਾਲੀ ਵੀ ਮੁੱਖ ਮਸਲੇ ਉੱਤੇ ਕੋਈ ਠੋਸ ਜਾਣਕਾਰੀ ਸਾਹਮਣੇ ਨਹੀਂ ਆਈ ਕਿ ਗੁਰੂ ਸਾਹਿਬ ਦੇ ਸਰੂਪ ਕਿੱਥੇ ਹਨ ? ਪਰ ਸਾਡੀ ਊਰਜਾ ਉੱਥੇ ਕੇਂਦਰਿਤ ਨਾ ਰਹਿ ਕੇ ਵੱਖ ਵੱਖ ਮਸਲਿਆਂ ਉੱਤੇ ਲੱਗ ਰਹੀ ਹੈ, ਜਿਹੜੇ ਚਾਹੇ ਸਮੇਂ ਨੂੰ ਮੁੱਖ ਰੱਖਦਿਆਂ ਪੈਦਾ ਕੀਤੇ ਗਏ ਚਾਹੇ ਮੌਕਾ ਮੇਲ ਬਣ ਗਿਆ, ਇਹ ਵੱਖਰਾ ਮਸਲਾ ਹੈ। ਸਾਰਾ ਕਸੂਰ ਕਰਵਾਉਣ ਵਾਲਿਆਂ ਚ ਕੱਢ ਕੇ ਵੀ ਨੀ ਸਰਨਾ, ਸਾਨੂੰ ਆਪਣੇ ਮੰਜੇ ਹੇਠ ਵੀ ਸੋਟੀ ਮਾਰਨੀ ਹੀ ਪੈਣੀ ਹੈ। ਬਾਕੀ ਸਾਰੇ ਮਸਲੇ ਆਪੋ ਆਪਣੀ ਥਾਂ ਅਹਿਮ ਹੋ ਸਕਦੇ ਨੇ ਪਰ ਸਾਨੂੰ ਗੁਰੂ ਪਾਤਸ਼ਾਹ ਨੂੰ ਅਰਦਾਸ ਕਰਨੀ ਚਾਹੀਦੀ ਹੈ ਕਿ ਅਸੀਂ ਇਹ ਚੋਣ ਕਰ ਸਕਣ ਦੇ ਸਮਰੱਥ ਬਣੀਏ ਕਿ ਸਮੇਂ ਅਤੇ ਹਲਾਤ ਅਨੁਸਾਰ ਕਿਹੜਾ ਮਸਲਾ ਅਹਿਮ ਹੈ ਜਿਸ ਤੇ ਊਰਜਾ ਲਾਉਣੀ ਹੈ।

# 31 ਅਗਸਤ 1995 ਬੇਅੰਤ ਕਤਲ ਕੇਸ ਦੀ ਰੋਸ਼ਨੀ ਵਿੱਚ: ਪੰਥਕ ਬਨਾਮ ਅਦਾਲਤੀ ਸਰੋਕਾਰ

**ਐਡਵੋਕੇਟ ਜਸਪਾਲ ਸਿੰਘ ਮੰਝਪੁਰ**

ਅੱਜ 31 ਅਗਸਤ 2020 ਨੂੰ 25 ਸਾਲਾਂ ਬਾਅਦ ਸਿੱਖ ਪੰਥ ਵਿਚ ਇਸ ਗੱਲ ਦੀ ਭਰਪੂਰ ਚਰਚਾ ਤੇ ਮਾਣ ਹੈ ਕਿ ਭਾਈ ਦਿਲਾਵਰ ਸਿੰਘ ਨੇ ਆਪਾ ਵਾਰ ਕੇ ਜ਼ੁਲਮ ਦੀ ਅੱਤ ਦਾ ਅੰਤ ਕੀਤਾ ਅਤੇ ਮੇਰੇ ਸਮੇਤ ਸਮੁੱਚਾ ਸਿੱਖ ਜਗਤ ਇਸ ਕਾਰਜ ਲਈ ਯੋਗਦਾਨ ਪਾਉਂਣ ਵਾਲੇ ਸਿੰਘਾਂ ਦਾ ਦਿਲੋਂ ਸਤਿਕਾਰ ਕਰਦਾ ਹੈ ਅਤੇ ਰਹਿੰਦੀ ਦੁਨੀਆਂ ਤੱਕ ਕਰਦਾ ਰਹੇਗਾ ਪਰ ਬਤੌਰ ਵਕੀਲ ਇਸ ਕੇਸ ਦੇ ਕਾਨੂੰਨੀ ਪਹਿਲੂਆਂ ਨੂੰ ਕਈ ਵਾਰ ਵਿਚਾਰਿਆ ਅਤੇ ਇਸ ਕੇਸ ਨਾਲ ਸਬੰਧਤ ਸੈਸ਼ਨ ਅਦਾਲਤ ਤੇ ਹਾਈ ਕੋਰਟ ਦੇ ਫੈਸਲੇ ਪੜ੍ਹੇ ਅਤੇ ਮੇਰਾ ਇਹ ਹੱਥਲਾ ਲੇਖ ਮੁੱਖ ਰੂਪ ਵਿੱਚ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਮਿਤੀ 12 ਅਕਤੂਬਰ 2010 ਉਪਰ ਆਧਾਰਤ ਹੈ ਜਿਸ ਵਿਚ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਤੇ ਭਾਈ ਲਖਵਿੰਦਰ ਸਿੰਘ, ਭਾਈ ਸਮਸ਼ੇਰ ਸਿੰਘ ਤੇ ਭਾਈ ਗੁਰਮੀਤ ਸਿੰਘ ਦੀ ਉਮਰ ਕੈਦ ਬਰਕਰਾਰ ਰੱਖੀ ਗਈ ਅਤੇ ਭਾਈ ਜਗਤਾਰ ਸਿੰਘ ਹਵਾਰਾ ਦੀ ਫਾਂਸੀ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਸੀ। ਭਾਈ ਪਰਮਜੀਤ ਸਿੰਘ ਭਿਓਰਾ ਤੇ ਭਾਈ ਜਗਤਾਰ ਸਿੰਘ ਤਾਰਾ ਦਾ ਸੈਸ਼ਨ ਅਦਾਲਤ ਦਾ ਫੈਸਲਾ ਵੱਖ-ਵੱਖ ਸਮੇਂ ਤੇ ਆਇਆ ਸੀ ਅਤੇ ਭਾਈ ਪਰਮਜੀਤ ਸਿੰਘ ਭਿਓਰਾ ਦੀ ਅਪੀਲ ਅਜੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਵਿਚਾਰਧੀਨ ਹੈ ਅਤੇ ਭਾਈ ਜਗਤਾਰ ਸਿੰਘ ਤਾਰਾ ਨੇ ਸੈਸ਼ਨਜ਼ ਅਦਾਲਤ ਦੇ ਫੈਸਲੇ ਖਿਲਾਫ ਹਾਈ ਕੋਰਟ ਵਿੱਚ ਅਪੀਲ ਨਹੀਂ ਕੀਤੀ। ਭਾਰਤੀ ਸੁਪਰੀਮ ਕੋਰਟ ਵਿੱਚ ਸੀ.ਬੀ. ਆਈ ਵਲੋਂ ਭਾਈ ਜਗਤਾਰ ਸਿੰਘ ਹਵਾਰਾ ਦੀ ਹਾਈਕੋਰਟ ਵਲੋਂ ਫਾਂਸੀ ਤੋੜੇ ਜਾਣ ਵਿਰੁੱਧ ਅਪੀਲ, ਭਾਈ ਜਗਤਾਰ ਸਿੰਘ ਹਵਾਰਾ ਵਲੋਂ ਅਪੀਲ ਅਤੇ ਭਾਈ ਲਖਵਿੰਦਰ ਸਿੰਘ ਵਲੋਂ ਅਪੀਲ ਅਜੇ ਵਿਚਾਰਧੀਨ ਹੈ। ਭਾਈ ਸਮਸ਼ੇਰ ਸਿੰਘ ਤੇ ਭਾਈ ਗੁਰਮੀਤ ਸਿੰਘ ਵਲੋਂ ਭਾਰਤੀ ਸੁਪਰੀਮ ਕੋਰਟ ਵਿੱਚ ਕੋਈ ਅਪੀਲ ਦਾਖਲ ਨਹੀਂ ਕੀਤੀ ਗਈ।

ਹਰੇਕ ਕੇਸ ਸਬੰਧੀ ਹਰੇਕ ਵਕੀਲ ਦਾ ਆਪੋ-ਆਪਣਾ ਪੱਖ ਹੁੰਦਾ ਹੈ ਅਤੇ ਇਕੋ ਕੇਸ ਸਬੰਧੀ ਵੱਖ-ਵੱਖ ਵਕੀਲਾਂ ਦੇ ਵੱਖ-ਵੱਖ ਵਿਚਾਰ ਜਾਂ ਥਿਊਰੀਆਂ ਹੁੰਦੀਆਂ ਹਨ ਅਤੇ ਹਰੇਕ ਵਕੀਲ ਆਪਣੇ ਮੁਵੱਕਿਲ ਦਾ ਪੱਖ ਰੱਖਣ ਲਈ ਆਪਣੇ ਕਾਨੂੰਨੀ ਦਿਮਾਗ ਤੇ ਦਾਅ-ਪੇਚਾਂ ਦਾ ਸਹਾਰਾ ਲੈਂਦਾ ਹੈ ਅਤੇ ਕਈ ਵਾਰ ਮੌਕੇ ਸਿਰ ਕੀਤੀ ਗਈ ਸਿਆਣਪ ਮੁਵੱਕਿਲ ਦਾ ਫਾਇਦਾ ਕਰ ਜਾਂਦੀ ਹੈ ਅਤੇ ਕਈ ਵਾਰ ਨੁਕਸਾਨ। ਬੇਅੰਤ ਕਤਲ ਕੇਸ ਦਾ ਮੁਤਾਲਿਆ ਕਰਨਾ ਇਸ ਲਈ ਵੀ ਜਰੂਰੀ ਹੈ ਕਿ ਇਸ ਨਾਲ ਖਾਲਸਾ ਪੰਥ ਦੀ ਅਣਖ, ਜੁਰੱਅਤ ਤੇ ਵਿਰਾਸਤ ਜੁੜੀ ਹੋਈ ਹੈ। ਇਸ ਇਤਿਹਾਸਕ ਕਾਰਜ ਨੂੰ ਕਰਨ ਵਾਲੇ ਭਾਈ ਦਿਲਾਵਰ ਸਿੰਘ ਤੋਂ ਇਲਾਵਾ ਸਭ ਸਾਡੇ ਦਰਮਿਆਨ ਮੌਜੂਦ ਹਨ। ਇਸ ਕੇਸ ਦੇ ਮੁਕੱਦਮੇਵਾਰਾਂ ਦੀ ਆਪਸੀ ਅਸਹਿਮਤੀ ਵੀ ਨਵੀਂ ਨਹੀਂ ਹੈ ਅਤੇ ਇਹ ਖੱਪਾ ਵੱਧਣ ਦਾ ਕਾਰਨ ਵੀ ਅਸਲ ਵਿੱਚ ਇਸ ਕੇਸ ਨੂੰ ਲੜਨ ਦੇ ਅਪਣਾਏ ਗਏ ਨਜਰੀਏ ਵਿੱਚ ਹੀ ਪਿਆ ਹੈ ਜਿਸਨੂੰ ਜਾਣਨ ਤੋਂ ਬਾਅਦ ਇਸ ਨੂੰ ਪੂਰਨ ਦਾ ਵੀ ਹੀਲਾ ਹੋ ਸਕਦਾ ਹੈ ਅਤੇ ਮੇਰਾ ਇਹ ਨਿਮਾਣਾ ਯਤਨ ਹੈ ਕਿ ਅਜਿਹਾ ਹੋ ਸਕੇ ਤਾਂ ਕਿ ਪੰਥਕ ਸ਼ਕਤੀ ਨੂੰ ਵਿਅਰਥ ਹੋਣ ਤੋਂ ਬਚਾਇਆ ਜਾ ਸਕੇ। ਇਸ ਕੇਸ ਸਬੰਧੀ ਮੈ ਚਾਰ ਪੱਖਾਂ ਤੋਂ ਇਸ ਦਾ ਮੁਤਾਲਿਆ ਕਰਨ ਦਾ ਯਤਨ ਕੀਤਾ ਹੈ:- ਭਾਈ ਦਿਲਾਵਰ ਸਿੰਘ ਮਨੁੱਖੀ ਬੰਬ ਥਿਊਰੀ, ਜਿੰਮੇਵਾਰੀ, ਭਾਈ ਬਲਵੰਤ ਸਿੰਘ ਰਾਜੋਆਣਾ ਤੇ ਭਾਈ ਜਗਤਾਰ ਸਿੰਘ ਹਵਾਰਾ।

ਭਾਈ ਦਿਲਾਵਰ ਸਿੰਘ ਮਨੁੱਖੀ ਬੰਬ ਥਿਊਰੀ: ਖਾਲਸਾ ਪੰਥ ਵਿੱਚ ਇਸ ਗੱਲ ਦਾ ਮਾਣ ਕੀਤਾ ਜਾਂਦਾ ਹੈ ਕਿ ਭਾਈ ਦਿਲਾਵਰ ਸਿੰਘ ਨੇ ਸ਼ਹਾਦਤ ਦਾ ਜਾਮ ਪੀ ਕੇ ਜਾਲਮ ਦੀ ਅੱਤ ਦਾ ਅੰਤ ਕੀਤਾ ਅਤੇ ਸਾਰਾ ਪੰਥ ਇਸ ਕਰਕੇ ਸਦਾ ਭਾਈ ਦਿਲਾਵਰ ਸਿੰਘ ਦਾ ਮਾਣ ਕਰਦਾ ਰਹੇਗਾ।ਸਰਕਾਰ, ਸੀ.ਬੀ.ਆਈ ਤੇ ਜਜਮੈਂਟ ਮੁਤਾਬਕ ਭਾਈ ਦਿਲਾਵਰ ਸਿੰਘ ਨੇ ਲੱਕ ਨਾਲ ਬਾਰੂਦ ਦੀ ਬੈਲ਼ਟ ਬੰਨ ਕੇ ੩੧ ਅਗਸਤ ੧੯੯੫ ਨੂੰ ਸ਼ਾਮ 5:10 ਤੇ ਮੁੱਖ ਮੰਤਰੀ ਬੇਅੰਤ ਤੇ ਉਸਦੇ 16 ਸੰਗੀਆਂ ਨੂੰ ਮਾਰ ਦਿੱਤਾ ਅਤੇ ਇਹੀ ਗੱਲ ਖਾਲਸਾ ਪੰਥ ਨੇ ਵੀ ਅਪਣਾਈ ਅਤੇ ਸ਼ਹੀਦੀ ਗਾਥਾ ਗਾਉਂਣ ਵਾਲਿਆਂ ਨੇ ਵੀ ਇਸ ਨੂੰ ਆਧਾਰ ਬਣਾ ਕੇ ਵਾਰਾਂ-ਗੀਤ ਗਾਏ ਬਿਲਕੁਲ ਉਸੇ ਤਰ੍ਹਾਂ ਜਿਵੇਂ ਖਾਲਸਾ ਪੰਥ ਪੁਰਾਤਨ ਤੇ ਨਵੀਨ ਯੋਧਿਆਂ ਦੀ ਗਾਥਾਵਾਂ ਗਾਉਂਦਾ ਹੈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਵਲੋਂ ਕੀਤੇ ਇਕਬਾਲੀਆ ਬਿਆਨ ਮੁਤਾਬਕ ਵੀ ਉਸਨੇ ਹੀ ਭਾਈ ਦਿਲਾਵਰ ਸਿੰਘ ਦੇ ਲੱਕ ਨੂੰ ਬਾਰੂਦੀ ਬੈਲਟ ਬੰਨੀ ਸੀ ਅਤੇ ਉਸਨੂੰ ਜਾਲਮ ਦਾ ਅੰਤ ਕਰਨ ਲਈ ਸ਼ਹਾਦਤ ਦੇ ਰਾਹ ਤੋਰਿਆ ਸੀ ਅਤੇ ਇਸੇ ਇਕਬਾਲੀਆ ਬਿਆਨ ਉਪਰ ਭਾਈ ਰਾਜੋਆਣਾ ਅੱਜ ਵੀ ਖੜ੍ਹਾ ਹੈ ਪਰ ਦੂਜੇ ਪਾਸੇ ਇਸ ਕੇਸ ਵਿੱਚ ਜੋ ਸਫਾਈ ਧਿਰ ਵਲੋਂ ਸਫਾਈ ਪੱਖ ਇਹ ਲਿਆ ਗਿਆ ਸੀ ਕਿ ਬੇਅੰਤ ਕਤਲ ਮਨੁੱਖੀ ਬੰਬ ਨਾਲ ਨਹੀਂ ਸਗੋਂ ਮੁੱਖ ਮੰਤਰੀ ਬੇਅੰਤ ਦੀ ਸਕਿਓਰਟੀ ਘਾਟ ਕਾਰਨ ਉਸਦੀ ਕਾਰ ਦੀ ਸੀਟ ਥੱਲੇ ਜਾਂ ਡਿੱਕੀ ਵਿੱਚ ਰੱਖੇ ਬੰਬ ਨਾਲ ਹੋਇਆ ਸੀ ਇਸ ਮੌਕੇ ਇਕ ਨਹੀਂ ਸਗੋਂ ਕਈ ਬੰਬ ਧਮਾਕੇ ਹੋਏ ਸਨ ਅਤੇ ਬਹੁਤਾ ਜੋਰ ਇਸ ਪੱਖ ਨੂੰ ਸਾਬਤ ਕਰਨ ਲਈ ਹੀ ਲਗਾਇਆ ਲੱਗਦਾ ਹੈ ਅਤੇ ਹੈਰਾਨੀ ਦੀ ਗੱਲ ਹੈ ਕਿ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਮਨੁੱਖੀ ਬੰਬ ਥਿਊਰੀ ਉਸ ਸਮੇਂ ਦੇ ਡੀ.ਜੀ.ਪੀ ਕੇ.ਪੀ ਗਿੱਲ ਵਲੋਂ ਘੜ੍ਹੀ ਗਈ ਸੀ। ਭਾਵੇਂ ਕਿ ਸੈਸ਼ਨਜ਼ ਅਦਾਲਤ ਤੇ ਹਾਈਕੋਰਟ ਵਲੋਂ ਸਫਾਈ ਧਿਰ ਦੇ ਇਸ ਪੱਖ ਨਾਲ ਇਤਫਾਕ ਨਹੀਂ ਰੱਖਿਆ ਪਰ ਸਫਾਈ ਧਿਰ ਨੇ ਆਪਣੀ ਇਸ ਥਿਊਰੀ ਦੀ ਪੇਸ਼ਕਾਰੀ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਬਿਨਾਂ-ਸ਼ੱਕ ਫੈਸਲਾ ਪੜਦਿਆਂ ਇਕ ਵਾਰ ਤਾਂ ਲੱਗਦਾ ਹੈ ਕਿ ਸ਼ਾਇਦ ਅਜਿਹਾ ਹੀ ਹੋਇਆ ਹੋਵੇ ਪਰ ਅਜਿਹੇ ਕੇਸਾਂ ਵਿੱਚ ਸਫਾਈ ਧਿਰ ਦਾ ਪੱਖ ਦੂਜੇ ਦਰਜੇ ਦਾ ਮੰਨ ਕੇ ਹੀ ਦੇਖਿਆ ਜਾਂਦਾ ਹੈ ਪਰ ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਮਨੁੱਖੀ ਬੰਬ ਥਿਊਰੀ ਹੀ ਅਸਲ ਸੀ ਅਤੇ ਇਸ ਦਾ ਸਫਾਈ ਧਿਰ ਨੂੰ ਵੀ ਪਤਾ ਸੀ ਅਤੇ ਪੰਥ ਵੀ ਇਸ ਨੂੰ ਮਾਨਤਾ ਦੇ ਚੁੱਕਾ ਸੀ ਅਤੇ ਕੇਸ ਦੌਰਾਨ ਸ਼ਹੀਦ ਭਾਈ ਦਿਲਾਵਰ ਸਿੰਘ ਦੇ ਭਰਾ ਵਲੋਂ ਭਾਈ ਦਿਲਾਵਰ ਸਿੰਘ ਦੇ ਬਚੇ ਸਰੀਰ ਤੇ ਬੂਟਾਂ ਦੀ ਸਨਾਖਤ ਵੀ ਕੀਤੀ ਗਈ ਅਤੇ ਭਾਈ ਦਿਲਾਵਾਰ ਸਿੰਘ ਦੇ ਬਚੇ ਸਰੀਰ ਦਾ ਡੀ.ਐੱਨ.ਏ ਮਿਲਾਨ ਵੀ ਉਹਨਾਂ ਦੇ ਮਾਤਾ-ਪਿਤਾ ਨਾਲ ਕੀਤਾ ਗਿਆ ਸੀ ਅਤੇ ਪਰਿਵਾਰ ਵਲੋਂ ਭਾਈ ਦਿਲਾਵਰ ਸਿੰਘ ਦੇ ਬਚੇ ਸਰੀਰ ਨੂੰ ਪਰਾਪਤ ਕਰਕੇ ਅੰਤਮ ਸੰਸਕਾਰ ਵੀ ਕੀਤਾ ਗਿਆ ਸੀ ਅਤੇ ਸਭ ਤੋਂ ਵੱਧ ਕੇ ਸਫਾਈ ਧਿਰ ਦੀ ਮਨੁੱਖੀ ਬੰਬ ਨਾ ਮੰਨਣ ਦੀ ਥਿਊਰੀ ਦਾ ਬਾਕੀ ਸਹਿ-ਦੋਸ਼ੀਆਂ ਨੂੰ ਕੋਈ ਫਾਇਦਾ ਵੀ ਨਹੀਂ ਹੋਇਆ ਤਾਂ ਫਿਰ ਅਜਿਹਾ ਕਰਨ ਦੀ ਕੀ ਲੋੜ ਪਈ ? ਇਸ ਸਵਾਲ ਦਾ ਜਵਾਬ ਸਮੇਂ ਦੇ ਗਰਭ ਵਿੱਚ ਹੀ ਪਿਆ ਹੈ। ਮੈਂ ਸਮਝਦਾ ਹਾਂ ਕਿ ਇਹ ਥਿਊਰੀ ਨੇ ਹੀ ਮੁਕੱਦਮੇਵਾਰਾਂ ਵਿੱਚ ਖੱਪਾ ਪਾਇਆ ਤੇ ਵਧਾਇਆ ਪਰ ਇਸ ਦਾ ਫਾਇਦਾ ਕਿਸੇ ਨੂੰ ਕੋਈ ਵੀ ਨਹੀਂ ਹੋਇਆ ਕਿਉਂਕਿ ਜਦ ਭਾਈ ਬਲਵੰਤ ਸਿੰਘ ਰਾਜੋਆਣਾ ਆਪਣੇ ਇਕਬਾਲੀਆ ਬਿਆਨ ਵਿੱਚ ਇਹ ਗੱਲ ਮੰਨ ਚੁੱਕੇ ਸਨ ਕਿ ਮੈਂ ਆਪ ਭਾਈ ਦਿਲਾਵਰ ਸਿੰਘ ਨੂੰ ਬਾਰੂਦੀ ਬੈਲਟ ਬੰਨ ਕੇ ਸ਼ਹਾਦਤ ਲਈ ਭੇਜਿਆ ਸੀ ਤਾਂ ਫਿਰ ਸਫਾਈ ਧਿਰ ਨੂੰ ਇਸ ਥਿਊਰੀ ਨੂੰ ਨਕਾਰਨ ਨਾਲੋਂ ਕੇਸ ਲੜ੍ਹ ਕੇ ਬਚਾਅ ਕਰਨ ਦੇ ਚਾਹਵਾਨਾਂ ਲਈ ਕਾਨੂੰਨ ਦਾ ਉਸੇ ਢੰਗ ਨਾਲ ਫਾਇਦਾ ਚੁੱਕਣਾ ਚਾਹੀਦਾ ਸੀ ਕਿ ਕੇਸ ਸਾਬਤ ਕਰਨਾ ਸਰਕਾਰੀ ਧਿਰ ਦਾ ਕੰਮ ਹੈ ਅਤੇ ਦੋਸ਼ੀ ਨੂੰ ਸਾਰੀ ਅਦਾਲਤੀ ਕਾਰਵਾਈ ਦੌਰਾਨ ਚੁੱਪ ਰਹਿਣ ਦਾ ਤੇ ਸਬੰਧਤ ਕੇਸ ਵਿੱਚ ਹੱਥ ਹੋਣ ਤੋਂ ਇਨਕਾਰ ਕਰਨ ਦਾ ਹੱਕ ਹੈ। ਸਫਾਈ ਧਿਰ ਨੂੰ ਸਰਕਾਰੀ ਧਿਰ ਵਲੋਂ ਪੇਸ਼ ਕੀਤੇ ਕੇਸ ਤੇ ਉਸਦੀ ਥਿਊਰੀ ਵਿੱਚ ਭੰਨ ਪਾਉਣੇ ਚਾਹੀਦੇ ਸਨ, ਜਿਹਾ ਕਿ ਇਸ ਕੇਸ ਵਿੱਚ ਬਾਖੂਬੀ ਪਾਏ ਗਏ ਪਰ ਜਦੋਂ ਸਫਾਈ ਧਿਰ ਦਾ ਮਨੁੱਖੀ ਬੰਬ ਤੋਂ ਇਨਕਾਰੀ ਹੋਣ ਦਾ ਮੁੱਖ ਪੈਂਤੜਾ ਹੀ ਅਦਾਲਤ ਵਿੱਚ ਨਹੀਂ ਖੜ੍ਹ ਸਕਿਆ ਤਾਂ ਬਾਕੀ ਪੱਖਾਂ ਨੂੰ ਅਦਾਲਤ ਵਲੋਂ ਤਵੱਜੋ ਨਾ ਦੇਣਾ ਸੁਭਾਵਕ ਹੀ ਸੀ। ਇਹ ਸਭ ਨੂੰ ਸਪੱਸ਼ਟ ਹੈ ਕਿ ਕਾਨੂੰਨੀ ਪਰਬੰਧ ਮੁਤਾਬਕ ਕਿਸੇ ਵੀ ਕੇਸ ਨੂੰ ਦੋਸ਼ੀਆਂ ਖਿਲਾਫ ਸਾਬਤ ਕਰਨ ਦੀ ਜਿੰਮੇਵਾਰੀ ਸਰਕਾਰੀ ਧਿਰ ਦੀ ਹੀ ਹੁੰਦੀ ਹੈ ਪਰ ਜਦੋਂ ਸੁਰੱਖਿਆ ਏਜੰਸੀ ਵੱਲੋਂ ਚਲਾਨ ਫਰਦ ਵਿੱਚ ਦੱਸੀ ਗਈ ਕਹਾਣੀ ਤੋਂ ਵੱਖਰੀ ਕਹਾਣੀ ਸਫਾਈ ਧਿਰ ਵੱਲੋਂ ਅਦਾਲਤ ਵਿੱਚ ਪੇਸ ਕੀਤੀ ਜਾਂਦੀ ਹੈ ਤਾਂ ਉਸ ਨੂੰ ਸਾਬਤ ਕਰਨ ਦੀ ਜਿੰਮੇਵਾਰੀ ਸਫਾਈ ਧਿਰ ਉਪਰ ਆ ਪੈਂਦੀ ਹੈ ਅਤੇ ਸਰਕਾਰੀ ਧਿਰ ਦੀ ਜਿੰਮੇਵਾਰੀ ਘੱਟ ਜਾਂਦੀ ਹੈ ਅਤੇ ਅਜਿਹਾ ਹੀ ਇਸ ਕੇਸ ਵਿੱਚ ਹੋਇਆ।

ਆਮ ਕੇਸਾਂ ਵਿੱਚ ਸਫਾਈ ਧਿਰ ਵਲੋਂ ਦੋਸ਼ੀਆਂ ਦੀ ਸਹਿਮਤੀ ਜਾਂ ਕਈ ਵਾਰ ਅਸਹਿਮਤੀ ਨਾਲ ਸਫਾਈ ਪੱਖ ਘੜ੍ਹਿਆ ਜਾਂਦਾ ਹੈ ਪਰ ਇਹ ਇੱਕ ਅਜਿਹਾ ਕੇਸ ਸੀ ਜਿਸ ਵਿੱਚ ਸਫਾਈ ਧਿਰ ਵਲੋਂ ਪੰਥਕ ਭਾਵਾਨਾਵਾਂ ਮੁਤਾਬਕ ਸਫਾਈ ਧਿਰ ਦਾ ਪੱਖ ਘੜ੍ਹਣਾ ਚਾਹੀਦਾ ਸੀ। ਮੈਂ ਆਪਣੀ ਜਿੰਦਗੀ ਵਿੱਚ ਇਸ ਕੇਸ ਨਾਲ ਸਬੰਧਤ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ ਤੇ ਭਾਈ ਲਖਵਿੰਦਰ ਸਿੰਘ ਨੂੰ ਕਈ ਵਾਰ ਮਿਲਣ ਦਾ ਸੁਭਾਗ ਪ੍ਰਾਪਤ ਕਰ ਚੁੱਕਾ ਹਾਂ, ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਬਾਕੀਆਂ ਨਾਲ ਮਿਲਣ ਦਾ ਸਬੱਬ ਨਹੀਂ ਬਣਿਆ ਪਰ ਮੈਂ ਕਦੇ ਵੀ ਇਹ ਗੱਲ ਮਿਲਣ ਵਾਲਿਆਂ ਨੂੰ ਨਹੀਂ ਪੁੱਛੀ ਕਿ ਕੀ ਮਨੁੱਖੀ ਬੰਬ ਦੀ ਥਿਊਰੀ ਤੋਂ ਇਨਕਾਰੀ ਹੋਣ ਦਾ ਸਫਾਈ ਧਿਰ ਦਾ ਪੱਖ ਉਹਨਾਂ ਨੂੰ ਪੁੱਛ ਕੇ ਜਾਂ ਬਗੈਰ ਪੁੱਛੇ ਘੜ੍ਹਿਆ ਗਿਆ ਸੀ ? ਫਿਰ ਇਹ ਜਰੂਰ ਹੈ ਕਿ ਕਿਸੇ ਕੇਸ ਵਿੱਚ ਸਫਾਈ ਧਿਰ ਵਲੋਂ ਅਜਿਹਾ ਪੱਖ ਲੈਣਾ ਬਹੁਤ ਵੱਡਾ ਜੋਖਮ ਭਰਿਆ ਕੰਮ ਹੈ ਜਿਸ ਵਾਸਤੇ ਬਹੁਤ ਦਲੇਰੀ ਦੀ ਲੋੜ ਹੁੰਦੀ ਹੈ ਅਤੇ ਜੇਕਰ ਅਜਿਹਾ ਪੱਖ ਮੰਨਿਆ ਜਾਂਦਾ ਤਾਂ ਸਮੁੱਚਾ ਕੇਸ ਬਰੀ ਹੋ ਸਕਦਾ ਸੀ ਪਰ ਅਜਿਹਾ ਅਸੰਭਵ ਸੀ ਕਿਉਂਕਿ ਭਾਰਤੀ ਨਿਆਂ ਪਰਬੰਧ ਵਿੱਚ ਅਜਿਹੇ ਕੇਸਾਂ ਦੇ ਫੈਸਲਿਆਂ ਸਮੇ ਸਰਕਾਰੀ ਪੱਖ ਤੇ ਰਾਜਨੀਤੀ ਨੂੰ ਤਵੱਜ਼ੋ ਜਿਆਦਾ ਦਿੱਤੀ ਜਾਂਦੀ ਹੈ ਅਤੇ ਅਜਿਹੀ ਰਾਜਨੀਤੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਹੀ ਅਜਿਹੇ ਕੇਸਾਂ ਵਿੱਚ ਸਫਾਈ ਧਿਰ ਵਲੋਂ ਆਪਣਾ ਪੱਖ ਨਿਰਧਾਰਨ ਕਰਨਾ ਚਾਹੀਦਾ ਹੈ। ਸੋ ਇਸ ਭਾਗ ਦੇ ਵਿਸ਼ਲੇਸ਼ਣ ਤੋਂ ਇਹੀ ਕਹਿ ਸਕਦੇ ਹਾਂ ਕਿ ਸਫਾਈ ਧਿਰ ਵਲੋਂ ਭਾਈ ਦਿਲਾਵਰ ਸਿੰਘ ਨੂੰ ਮਨੁੱਖੀ ਬੰਬ ਨਾ ਮੰਨਣ ਦੀ ਥਿਊਰੀ ਗਲਤ ਸਿੱਧ ਹੋਈ। ਇਸ ਥਿਊਰੀ ਨੇ ਸਫਾਈ ਧਿਰ ਦਾ ਕੋਈ ਫਾਇਦਾ ਨਹੀਂ ਕੀਤਾ ਸਗੋਂ ਪੰਥਕ ਭਾਵਨਾਵਾਂ ਦੇ ਉਲਟ ਜਾ ਕੇ ਇਹ ਥਿਊਰੀ ਅਪਣਾਈ ਗਈ।

ਬਾਕੀ ਸਫ਼ਾ 33 'ਤੇ

# ਭਾਰਤ ਉੱਤੇ ਚੀਨ ਅਤੇ ਪਾਕਿਸਤਾਨ ਇਕੱਠੇ ਹਮਲੇ ਕਰਨਗੇ

## ✪ ਕੈਪਟਨ ਅਮਰਿੰਦਰ ਸਿੰਘ ਨੇ ਮੋਦੀ ਸਰਕਾਰ ਨੂੰ ਕੀਤਾ ਸੁਚੇਤ ✪ ਮੋਦੀ-ਸ਼ਾਹ ਦੀ ਨਫਰਤੀ ਰਾਜਨੀਤੀ ਨੇ ਲੋਕਾਂ ਨੂੰ ਵੰਡ ਕੇ ਭਾਰਤ ਨੂੰ ਕੀਤਾ ਕਮਜ਼ੋਰ ✪ ਮਹਾਂਸ਼ਕਤੀ ਵਲ ਵਧ ਰਿਹਾ ਚੀਨ, ਅਮਰੀਕਾ ਲਈ ਵੱਡੀ ਚੁਣੌਤੀ ਬਣਿਆ ✪ ਗੁਆਂਢੀ ਦੇਸਾਂ ਨੇ ਵੀ ਭਾਰਤ ਨੂੰ ਅੱਖਾਂ ਦਿਖਾਈਆਂ



- ਗੁਰਬਚਨ ਸਿੰਘ
9815698451

ਪੰਜਾਬ ਦੇ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੰਗਰੇਜੀ ਦੇ ਅਖਬਾਰ 'ਇੰਡੀਅਨ ਐਕਸਪ੍ਰੈਸ' ਨਾਲ ਗਲਬਾਤ ਕਰਦਿਆ ਇਹ ਗੱਲ ਬੜੇ ਜੋਰ ਨਾਲ ਉਭਾਰੀ ਹੈ ਕਿ "ਜੇ ਚੀਨ ਨਾਲ ਭਾਰਤ ਦੀ ਲੜਾਈ ਹੋਈ ਤਾਂ ਉਸ ਵਿਚ ਪਾਕਿਸਤਾਨ ਜਰੂਰ ਸ਼ਾਮਿਲ ਹੋਵੇਗਾ।" ਆਰਥਿਕ ਮੰਦਵਾੜੇ ਦੇ ਬਾਵਜੂਦ ਉਸ ਨੇ ਮੋਦੀ ਸਰਕਾਰ ਨੂੰ ਵਡੀ ਪੱਧਰ ਉਤੇ ਫੌਜੀ ਤਿਆਰੀ ਕਰਨ ਦਾ ਸੁਝਾਅ ਦਿਤਾ ਹੈ। ਹੁਣ ਇਥੇ ਸਾਡੇ ਸਾਰਿਆਂ ਦੇ ਸੋਚਣ ਵਾਲਾ ਨੁਕਤਾ ਇਹ ਹੈ ਕਿ ਇਹ ਨੌਬਤ ਹੀ ਕਿਉਂ ਆਈ ਕਿ ਭਾਰਤ ਵਿਰੁਧ ਲੜੀ ਜਾਣ ਵਾਲੀ ਜੰਗ ਵਿਚ ਪਾਕਿ ਤੇ ਚੀਨ ਇਕਜੁਟ ਹੋ ਗਏ ਹਨ। ਕਿਥੇ ਤਾਂ ਇਸ ਤੋਂ ਪਹਿਲਾਂ ਚੀਨ ਭਾਰਤ ਨਾਲ ਸਾਂਝ ਪਾਉਣ ਦੇ ਯਤਨ ਕਰ ਰਿਹਾ ਸੀ, ਜਿਸ ਦਾ ਮੋਦੀ ਖੁਦ ਬੜਾ ਪ੍ਰਚਾਰ ਕਰ ਰਿਹਾ ਸੀ ਤੇ ਕਿਥੇ ਹੁਣ ਉਹ ਪਾਕਿਸਤਾਨ ਨਾਲ ਮਿਲ ਕੇ ਗਲਵਾਨ ਘਾਟੀ ਤੋਂ ਬਾਅਦ ਭਾਰਤ ਨੂੰ ਇਕ ਹੋਰ ਫੌਜੀ ਝਟਕਾ ਦੇਣ ਦੀਆਂ ਧਮਕੀਆਂ ਦੇ ਰਿਹਾ ਹੈ। ਡੋਕਲਾਮ ਵਿਚ ਬੀੜੀਆ ਮਿਜਾਈਲਾਂ ਇਸ ਦੀ ਤਾਜਾ ਉਦਾਹਰਣ ਹਨ। ਮੋਦੀ ਸਰਕਾਰ ਦੀਆਂ ਨੀਤੀਆਂ ਦੇ ਪੈਰੋਕਾਰ ਤੇ ਸੀਨੀਅਰ ਪਤਰਕਾਰ ਸ਼ੇਖਰ ਗੁਪਤਾ ਨੇ ਆਪਣੇ ਇੰਟਰਨੈਟ ਅਖਬਾਰ 'ਦ ਪਰਿੰਟ' ਵਿਚ ਛਪੀ ਆਪਣੀ ਇਕ ਲਿਖਤ ਵਿਚ ਕਿਹਾ ਹੈ ਕਿ ਚੀਨ ਦੇ ਫੌਜੀ ਮੁਖੀ ਅਤੇ ਰਾਸ਼ਟਰਪਤੀ 'ਸ਼ੀ ਜਿਨਪਿੰਗ ਨੇ ਮੋਦੀ ਨੂੰ ਉਸ ਦੀ ਰਾਜਸੀ ਜਿੰਦਗੀ ਦੀ ਸਭ ਤੋਂ ਵਡੀ ਚੁਣੌਤੀ ਦਿਤੀ ਹੈ। ਆਉਣ ਵਾਲੇ ਦਿਨਾਂ ਮਹੀਨਿਆਂ ਤੇ ਸਾਲਾਂ ਵਿਚ ਇਸ ਬਾਰੇ ਲਿਆ ਗਿਆ ਕੋਈ ਵੀ ਫੈਸਲਾ ਜਿਥੇ ਭਾਰਤ ਦੇ ਭਵਿਖ ਦੀ ਦਿਸ਼ਾ ਤਹਿ ਕਰੇਗਾ, ਉਥੇ ਮੋਦੀ ਦੇ ਰਾਜਸੀ ਭਵਿਖ ਦਾ ਵੀ ਫੈਸਲਾ ਕਰੇਗਾ।'

ਲਿਖਤ ਵਿਚ ਦਿਤੀ ਗਈ ਜਾਣਕਾਰੀ ਅਨੁਸਾਰ ਮੋਦੀ ਨੇ ਪਿਛਲੇ 6 ਸਾਲ ਵਿਚ ਕਈ ਅਣਕਿਆਸੇ ਤੇ ਹੈਰਾਨੀਜਨਕ ਫੈਸਲੇ ਲੈਣ ਦੀ ਦਲੇਰੀ ਕੀਤੀ ਹੈ। ਮੋਦੀ ਦੇ ਕਾਬਲ ਤੋਂ ਵਾਪਸ ਆਉਂਦਿਆ ਪਾਕਿਸਤਾਨ ਰੁਕਣਾ ਇਸ ਦਲੇਰੀ ਦੀ ਇਕ ਮਿਸਾਲ ਹੈ। ਸ਼ੇਖਰ ਗੁਪਤਾ ਦਾ ਕਹਿਣਾ ਹੈ ਕਿ ਮਹਾਨ ਆਗੂ ਹਮੇਸ਼ਾਂ ਯੁਧਨੀਤਕ ਤੇ ਰਣਨੀਤਕ ਮਸਲਿਆਂ ਵਿਚਕਾਰ ਨਿਖੇੜਾ ਕਰਦੇ ਹਨ। ਵਾਜਪੇਈ ਤੋਂ ਲੈ ਕੇ ਮਨਮੋਹਨ ਸਿੰਘ ਤੱਕ ਸਾਰੇ ਪ੍ਰਧਾਨ ਮੰਤਰੀ ਪਾਕਿ ਨਾਲ ਰਿਸ਼ਤੇ ਸੁਧਾਰਨ ਲਈ ਗਲਬਾਤ ਕਰਦੇ ਰਹੇ, ਜਦੋਂ ਕਿ ਮੋਦੀ ਅਤੇ ਉਸ ਦੀ ਪਾਰਟੀ ਨੇ ਪਾਕਿਸਤਾਨ ਨੂੰ ਸਾਰੇ ਦੇਸਾਂ ਵਿਚੋਂ ਨਿਖੇੜਨ ਦੇ ਯਤਨ ਕਰਦਿਆਂ ਆਪਣੀ ਸਾਰੀ ਰਾਜਸੀ ਚੋਣ-ਨੀਤੀ ਪਾਕਿ, (ਸਿਖ-ਮੁਸਲਿਮ) ਦਹਿਸ਼ਤਗਰਦੀ ਤੇ ਇਸਲਾਮ ਵਿਰੁਧ ਸੇਧਤ ਕਰ ਦਿਤੀ। ਮੋਦੀ ਨੇ ਚੀਨ ਨੂੰ ਭਰਮਾਉਣ ਲਈ ਉਸ ਨਾਲ ਦੋਸਤੀ ਦੇ ਵਡੇ-ਵਡੇ ਦਾਅਵੇ ਕੀਤੇ ਤੇ ਦੋਹਾਂ ਦੇਸਾਂ ਵਿਚਲੇ ਵਪਾਰ ਦੇ 60 ਅਰਬ ਡਾਲਰ ਦੇ ਘਾਟੇ ਵਲੋਂ ਅਖਾਂ ਮੀਟ ਛਡੀਆ। ਹਾਲਾਂ ਕਿ ਦੇਸ ਦੀਆਂ ਆਰਥਿਕ ਹਾਲਤਾਂ ਤੇ ਸਵਦੇਸ਼ੀ ਰਾਸ਼ਟਰਵਾਦ ਨੇ ਉਸ ਨੂੰ ਅਮਰੀਕਾ ਨਾਲ ਕੋਈ ਛੋਟਾ ਜਿਹਾ ਵਾਪਾਰਿਕ ਸਮਝੌਤਾ ਵੀ ਨਾ ਕਰਨ ਲਈ ਮਜਬੂਰ ਕੀਤਾ। ਲਿਖਤ ਅਨੁਸਾਰ ਮੋਦੀ ਦੀਆਂ ਗਿਣਤੀਆਂ-ਮਿਣਤੀਆਂ ਇਹ ਸਨ ਕਿ 60 ਅਰਬ ਡਾਲਰ ਦੇ ਲਾਲਚ ਵਿਚ ਚੀਨ ਪਾਕਿਸਤਾਨ ਬਾਰੇ ਚੁਪ ਰਹੇਗਾ ਤੇ ਮੋਦੀ ਸਰਕਾਰ ਉਸ ਦੀ ਇਸ ਚੁਪ ਦਾ ਫਾਇਦਾ ਪਾਕਿਸਤਾਨ ਵਿਰੋਧੀ ਪ੍ਰਚਾਰ ਵਿਚ ਉਠਾਏਗੀ। ਪੂਰਬ ਵਿਚ ਚੀਨ ਅਤੇ ਪੱਛਮ ਵਿਚ ਅਰਬ ਮੁਲਕਾਂ ਨਾਲ ਵਾਪਾਰਕ ਸਮਝੌਤੇ ਕਰ ਕੇ ਮੋਦੀ ਨੂੰ ਇਹ ਵਹਿਮ ਸੀ ਕਿ ਉਹ ਪਾਕਿਸਤਾਨ ਨੂੰ ਇਸ ਖਿਤੇ ਵਿਚ ਇਕੱਲਾ ਕਰ ਦੇਵੇਗਾ। ਪਰ ਸ਼ੀ ਜਿਨਪਿੰਗ ਨੇ ਮੋਦੀ ਦੀਆਂ ਇਨਾਂ ਸਾਰੀਆਂ ਗਿਣਤੀਆਂ-ਮਿਣਤੀਆਂ ਨੂੰ ਫੇਲ ਕਰ ਦਿਤਾ ਹੈ। ਮੋਦੀ ਹੁਣ ਦੋਹਾਂ ਪਾਸਿਆਂ ਤੋਂ ਕਸੂਤਾ ਘਿਰ ਗਿਆ ਹੈ।

ਸ਼ੇਖਰ ਗੁਪਤਾ ਅਨੁਸਾਰ ਹੁਣ ਮੋਦੀ ਕੋਲ ਤਿੰਨ ਰਸਤੇ ਬਚੇ ਹਨ। ਪਹਿਲਾਂ ਇਕ ਵਡੀ ਮਹਾਂਸ਼ਕਤੀ (ਅਮਰੀਕਾ) ਨਾਲ ਜੁੜ ਜਾਏ। ਦੂਜਾ ਦੋ ਗੁਆਂਢੀ ਮੁਲਕਾਂ ਵਿਚੋਂ ਇਕ ਨਾਲ ਸਮਝੌਤਾ ਕਰੇ ਤੇ ਜਾਂ ਫਿਰ ਤੀਜਾ ਇਕੋ ਵੇਲੇ ਦੋ ਮੋਰਚਿਆਂ ਉਤੇ ਲੜੇ। ਸ਼ੇਖਰ ਗੁਪਤਾ ਦਾ ਇਹ ਵੀ ਮੰਨਣਾ ਹੈ ਕਿ ਦੁਨੀਆਂ ਹੁਣ ਬਹੁਧਰੁਵੀ ਬਣ ਚੁਕੀ ਹੈ। ਅਮਰੀਕਾ ਦੁਨੀਆਂ ਦੀ ਇਕੋ-ਇਕ ਮਹਾਂਸ਼ਕਤੀ ਨਹੀਂ ਰਿਹਾ। ਚੀਨ ਨੇ ਦੂਜੇ ਧੁਰੇ ਵਜੋਂ ਰੂਸ ਦੀ ਥਾਂ ਲੈ ਲਈ ਹੈ। ਸ਼ੇਖਰ ਗੁਪਤਾ ਦਾ ਇਹ ਵੀ ਕਹਿਣਾ ਹੈ ਕਿ ਦੋ ਦੁਸ਼ਮਣ ਧਿਰਾਂ ਵਿਚਕਾਰ ਸਮਝੌਤਾ ਸਿਰਫ ਵਡੀ ਧਿਰ ਦੀ ਮਰਜੀ ਨਾਲ ਹੀ ਸੰਭਵ ਹੈ ਤੇ ਚੀਨ ਦੀ ਸਰਹਦੀ ਫੈਸਲੇ ਨੂੰ ਨਿਬੇੜਨ ਵਿਚ ਕੋਈ ਦਿਲਚਸਪੀ ਨਹੀਂ। ਸ਼ੇਖਰ ਗੁਪਤਾ ਪੁਛਦਾ ਹੈ ਕਿ ਕੀ ਫਿਰ ਮੋਦੀ ਪਾਕਿ ਨਾਲ ਸਮਝੌਤਾ ਕਰੇਗਾ? ਸ਼ੇਖਰ ਫਿਰ ਆਪ ਹੀ ਇਸ ਸੁਆਲ ਦਾ ਜੁਆਬ ਦੇਂਦਾ ਹੈ। ਮੋਦੀ ਨੂੰ ਆਪਣੀ ਪਾਕਿ-ਦਹਿਸ਼ਤਗਰਦੀ ਅਤੇ ਇਸਲਾਮ ਵਿਰੋਧੀ ਸਾਰੀ ਚੋਣ ਰਣਨੀਤੀ ਬਦਲਣੀ ਪਵੇਗੀ। ਪਰ ਫਿਰ ਇਹ ਸੁਆਲ ਪੈਦਾ ਹੁੰਦਾ ਹੈ ਕਿ ਕੀ ਤੁਹਾਡੀਆਂ ਭੜਕਾਈਆਂ ਰਾਸ਼ਟਰਵਾਦੀ ਭਾਵਨਾਵਾਂ ਤੁਹਾਨੂੰ ਇੰਝ ਕਰਨ ਦੇਣਗੀਆ? ਇਥੇ ਆ ਕੇ ਮੋਦੀ ਦੀ ਰਾਜਨੀਤੀ ਦੇ ਸਾਰੇ ਰਸਤੇ ਬੰਦ ਹੋ ਜਾਂਦੇ ਹਨ।

### ਮੋਦੀ ਸਰਕਾਰ ਘਿਰੀ

ਇਹ ਬਾਹਰਮੁਖੀ ਹਾਲਤਾਂ ਹਨ ਜਿਨਾਂ ਵਿਚ ਮੋਦੀ ਸਰਕਾਰ ਘਿਰ ਗਈ ਹੈ। ਚੀਨ ਨਾਲ ਉਹ ਲੜ ਨਹੀਂ ਸਕਦੀ ਤੇ ਲੜੇ ਬਗੈਰ ਚੀਨ ਗਲਵਾਨ ਘਾਟੀ ਤੇ ਆਪਣੇ ਕਬਜੇ ਹੇਠ ਲਏ ਹੋਰ ਇਲਾਕੇ ਛਡਣ ਨੂੰ ਤਿਆਰ ਨਹੀਂ। ਪਾਰਲੀਮੈਂਟ ਵਿਚ ਚੀਨ ਕੋਲੋ ਅਕਸਾਈ ਚਿੰਨ ਲੈਣ ਦੇ ਦਾਅਵੇ ਕਰਨ ਵਾਲਾ ਅਮਿਤ ਸ਼ਾਹ ਹੁਣ ਇਸ ਸਾਰੇ ਮਸਲੇ ਬਾਰੇ ਦੜ ਵਟ ਗਿਆ ਹੈ। ਆਪਣੇ ਤੋਂ ਮਾੜੇ ਮੁਲਕ ਪਾਕਿ ਨੂੰ ਧਮਕੀਆਂ ਦੇ ਕੇ 'ਦੇਸ ਭਗਤੀ' ਦੀਆਂ ਡੀਂਗਾਂ ਮਾਰਨ ਵਾਲੇ ਲੋਕ ਹੁਣ ਅਮਰੀਕੀ ਸਮੁੰਦਰੀ ਜੰਗੀ ਬੇੜਿਆਂ ਦੀ ਦਖਣੀ ਚੀਨ ਵਿਚ ਮੌਜੂਦਗੀ ਅਤੇ 'ਜਲਾਵਤਨ' ਤਿਬਤ ਸਰਕਾਰ ਦਾ ਦਬਾਅ ਪਾ ਕੇ ਆਪਣੀ ਝੂਠੀ ਇਜਤ ਬਚਾਉਣ ਦਾ ਕੋਈ ਰਾਹ ਲਭ ਰਹੇ ਹਨ।

### ਮੋਦੀ ਦੀ ਫਿਰਕੂ ਰਾਜਨੀਤੀ

ਇਥੇ ਧਿਆਨ ਵਿਚ ਰਹੇ ਕਿ 1980 ਵਿਆਂ ਵਿਚ ਇਸ ਫਿਰਕੂ ਰਾਜਨੀਤੀ ਦਾ ਆਰੰਭ ਇੰਦਰਾ ਨੇ ਸਿਖਾਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਸੀ, ਜਿਸ ਦਾ ਸਿਟਾ ਜੂਨ 1984 ਵਿਚ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਅਤੇ ਉਸ ਦੀ ਮੌਤ ਦੇ ਰੂਪ ਵਿਚ ਨਿਕਲਿਆ। ਅਡਵਾਨੀ ਨੇ ਇਸੇ ਫਿਰਕੂ ਰਾਜਨੀਤੀ ਨੂੰ ਮੁਸਲਿਮ ਵਿਰੋਧ ਵਿਚ ਜਥੇਬੰਦ ਕਰ ਕੇ 6 ਦਸੰਬਰ 1992 ਨੂੰ ਬਾਬਰੀ ਮਸਜਿਦ ਦੇ ਖਾਤਮੇ ਨਾਲ ਅਗੇ ਤੋਰਿਆ ਤੇ ਕੇਂਦਰ ਵਿਚ ਸਾਢੇ ਪੰਜ ਸਾਲ ਦੇ ਕਰੀਬ ਸਰਕਾਰ ਚਲਾਈ। ਮੋਦੀ ਉਸੇ ਨਫਰਤੀ ਰਾਜਨੀਤੀ ਦਾ ਕਾਰਪੋਰੇਟ ਸੈਕਟਰ ਨਾਲ ਗਠਜੋੜ ਬਣਾ ਕੇ ਉਸ ਰਾਜਨੀਤੀ ਨੂੰ ਇਥੇ ਤਕ ਲੈ ਕੇ ਆਇਆ ਹੈ। ਸ਼ੇਖਰ ਦੇ ਆਪਣੇ ਕਥਨ ਅਨੁਸਾਰ 'ਮੋਦੀ ਨੇ ਆਪਣੀ ਸਾਰੀ ਰਾਜਸੀ ਚੋਣ-ਨੀਤੀ ਪਾਕਿਸਤਾਨ, ਅੱਤਵਾਦ ਤੇ ਇਸਲਾਮ ਵਿਰੁਧ ਸੇਧਤ ਕਰ ਦਿਤੀ।'

ਬੇਸ਼ਕ ਮੋਦੀ ਨੇ ਅਡਵਾਨੀ ਦੀ ਫਿਰਕੂ ਰਾਜਨੀਤੀ ਨੂੰ ਹੋਰ ਉਚੇ ਪਧਰ ਉੱਤੇ ਪੁਚਾਇਆ। ਦਸੰਬਰ 2008 ਵਿਚ ਹੋਈਆ ਗੁਜਰਾਤ ਚੋਣਾਂ ਦੌਰਾਨ ਉਸ ਨੇ ਸਾਰੇ ਨੇਮਾਂ ਦੀਆਂ ਧਜੀਆਂ ਉਡਾਉਂਦੇ ਹੋਏ ਸ਼ਰੇਆਮ ਇਸਲਾਮ ਤੇ ਪਾਕਿ ਵਿਰੁਧ ਜ਼ਹਿਰ ਉਗਲੀ। ਉਸ ਦੇ ਪ੍ਰਚਾਰ ਦਾ ਕੇਂਦਰੀ ਨੁਕਤਾ ਇਹ ਸੀ ਕਿ "ਇਹ ਚੋਣਾਂ ਫੈਸਲਾ ਕਰਨਗੀਆ ਕਿ ਹਿੰਦੂਆਂ ਦਾ ਰਖਵਾਲਾ ਕੌਣ ਹੈ? ਜਦੋਂ ਅਸੀਂ ਹਿੰਦੂ ਧਰਮ ਨੂੰ ਬਚਾਉਣ ਦੀ ਗੱਲ ਕਰਦੇ ਹਾਂ ਤਾਂ ਕਿਹਾ ਜਾਂਦਾ ਹੈ ਕਿ ਅਸੀਂ ਹਿੰਦੂ ਅਤਿਵਾਦ ਫੈਲਾਅ ਰਹੇ ਹਾਂ। ਹਿੰਦੂ ਅਤਿਵਾਦੀ ਨਹੀਂ ਬਣ ਸਕਦੇ। ਜੇ ਕਿਸੇ ਦਿਨ ਹਿੰਦੂਆਂ ਦਾ ਇਕ ਗਰੁਪ ਵੀ ਅਤਿਵਾਦੀ ਬਣ ਗਿਆ ਤਾਂ ਉਹ ਦੁਨੀਆਂ ਉਤੇ ਰਾਜ ਕਰਨਗੇ ਤੇ ਪਾਕਿਸਤਾਨ ਦਾ ਇਸ ਦੁਨੀਆਂ ਤੋਂ ਨਾਂ-ਨਿਸ਼ਾਨ ਤਕ ਮਿਟ ਜਾਏਗਾ। ਮੈਂ ਗੋਧਰਾ ਦੇ ਮੁਸਲਮਾਨਾਂ ਨੂੰ ਕਿਹਾ ਸੀ ਕਿ ਉਹ ਮੁਜਰਿਮਾਂ ਨੂੰ ਸ਼ਰਨ ਨਾ ਦੇਣ ਪਰ ਉਹ ਨਹੀਂ ਮੰਨੇ। ਅੱਜ ਉਹ ਸ਼ਰਮ ਨਾਲ ਸਿਰ ਉਚਾ ਨਹੀਂ ਕਰ ਸਕਦੇ। (ਇਥੇ ਮੋਦੀ 2002 ਵਿਚ ਗੁਜਰਾਤ ਅੰਦਰ ਉਸ ਦੀ ਅਗਵਾਈ ਹੇਠ ਮੁਸਲਮਾਨਾਂ ਦੇ ਹੋਏ ਕਤਲੇਆਮ ਦਾ ਹਵਾਲਾ ਦੇ ਰਿਹਾ ਹੈ।) ਮੁਸ਼ਰਫ ਨੂੰ ਯਾਦ ਰੱਖਣਾ ਚਾਹੀਦਾ ਕਿ ਜੇ ਉਸ ਨੇ ਗੁਜਰਾਤ ਦੇ ਲੋਕਾਂ ਲਈ ਕੋਈ ਸਮਸਿਆ ਖੜੀ ਕੀਤੀ ਤਾਂ ਹਿੰਦੂ ਅੱਤਵਾਦੀ ਬਣ ਕੇ ਪਾਕਿ ਦਾ ਸੰਸਾਰ ਦੇ ਨਕਸ਼ੇ ਤੋਂ ਨਿਸ਼ਾਨ ਤਕ ਮਿਟਾ ਦੇਣਗੇ।"

ਇਸੇ ਫਿਰਕੂ ਰਾਜਨੀਤੀ ਦਾ ਪ੍ਰਚਾਰ ਹੁਣ ਤਕ ਮੋਦੀ ਕਰਦਾ ਆ ਰਿਹਾ ਹੈ। ਪਰ ਇਸ ਫਿਰਕੂ ਰਾਜਨੀਤੀ ਦੀਆਂ ਆਪਣੀਆ ਸੀਮਾਵਾਂ ਹਨ। ਫਿਰਕੂ ਰਾਜਨੀਤੀ ਨੂੰ ਲਗਾਤਾਰ ਜਾਰੀ ਰਖਣ ਲਈ ਨਫਰਤੀ ਭਠੀ ਨੂੰ ਨਿਰੰਤਰ ਬਲਦੀ ਰਖਣਾ ਪੈਂਦਾ ਹੈ। ਇਸੇ ਰਾਜਨੀਤੀ ਦੀ ਇਕ ਕੜੀ ਵਜੋਂ 5 ਅਗਸਤ 2019 ਨੂੰ ਜੰਮੂ ਤੇ ਕਸ਼ਮੀਰ ਸੂਬੇ ਦੀ ਧਾਰਾ 370 ਖਤਮ ਕਰ ਦਿਤੀ ਗਈ। ਸੂਬੇ ਨੂੰ ਦੋ ਹਿਸਿਆਂ ਵਿਚ ਵੰਡ ਕੇ ਜੰਮੂ ਕਸ਼ਮੀਰ ਨੂੰ ਦਿਲੀ ਦੀ ਸਿਧੀ ਬਸਤੀ ਬਣਾਉਣ ਦਾ ਇਕ ਤਰਫਾ ਫੈਸਲਾ ਲਾਗੂ ਕਰ ਦਿਤਾ। ਗੱਲ ਇਥੇ ਹੀ ਖਤਮ ਨਹੀਂ ਹੋਈ। ਆਪਣੇ ਆਪ ਨੂੰ ਸਰਦਾਰ ਪਟੇਲ ਦੇ ਵਾਰਿਸ ਹੋਣ ਦਾ ਦਾਅਵਾ ਕਰਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਾਰਲੀਮੈਂਟ ਵਿਚ ਇਹ ਐਲਾਨ ਕਰ ਮਾਰਿਆ ਕਿ ਅਗਲੀ ਵਾਰੀ ਆਜਾਦ ਕਸ਼ਮੀਰ ਨੂੰ ਪਾਕਿਸਤਾਨ ਕੋਲੋ ਤੇ ਅਕਸਾਈ ਚਿੰਨ ਨੂੰ ਚੀਨ ਕੋਲੋ ਆਜਾਦ ਕਰਵਾਉਣ ਦੀ ਹੈ। ਬਸ ਇਥੇ ਹੀ ਮੋਦੀ-ਸ਼ਾਹ-ਡੋਵਾਲ ਤ੍ਰਿਕੜੀ ਮਾਰ ਖਾ ਗਈ। ਦੇਸ ਅੰਦਰਲੇ ਸਿਖਾਂ ਤੇ ਮੁਸਲਮਾਨਾਂ ਸਮੇਤ ਘਟ ਗਿਣਤੀਆਂ ਤੇ ਦਲਿਤਾਂ ਨੂੰ ਦਬਾ ਕੇ ਸਦਾ ਲਈ ਰਾਜ ਕਰਨ ਦਾ ਸੁਪਨਾ ਲੈਣ ਵਾਲੀ ਇਹ ਤ੍ਰਿਕੜੀ ਅਮਰੀਕਾ ਦੀ ਸ਼ਹਿ ਉਤੇ ਚੀਨ ਨੂੰ ਵੰਗਾਰਨ ਦੀ ਹਿੰਮਤ ਕਰ ਬੈਠੀ। ਤ੍ਰਿਕੜੀ ਦੇ ਮਨ ਵਿਚ ਇਹ ਵਹਿਮ ਸੀ ਕਿ ਵਡੀ ਭਾਰਤੀ ਮੰਡੀ ਦੇ ਲਾਲਚ ਵਿਚ ਚੀਨ ਇਨਾਂ 'ਰਾਮ ਭਗਤਾਂ' ਦੀਆਂ ਧਮਕੀਆਂ ਬਾਰੇ ਦੜ ਵਟ ਜਾਏਗਾ। ਪਰ ਹੋਇਆ ਇਸ ਦੇ ਐਨ ਉਲਟ ਕਿ ਅੱਜ ਭਾਰਤ ਦੋਹਾਂ ਪਾਸਿਆਂ ਤੋਂ ਘਿਰ ਗਿਆ ਹੈ।

### ਚੀਨ ਵਲੋਂ ਚੈਲਿੰਜ

ਭਾਰਤੀ ਫੌਜ ਦੇ 20 ਜਵਾਨ ਮਾਰ ਕੇ, 76 ਬੁਰੀ ਤਰਾਂ ਜਖਮੀ ਕਰ ਕੇ ਅਤੇ 10 ਬੰਦੀ ਬਣਾ ਕੇ ਚੀਨ ਨੇ ਮੋਦੀ ਸਰਕਾਰ ਨੂੰ ਇਕ ਵਡਾ ਝਟਕਾ ਦਿਤਾ ਹੈ। ਸਾਰੇ ਮਿੰਨਤਾਂ ਤਰਲਿਆਂ ਦੇ ਬਾਵਜੂਦ ਚੀਨੀ ਫੌਜ ਪਿਛੇ ਹਟਣ ਤੋਂ ਸਾਫ ਇਨਕਾਰ ਕਰ ਰਹੀ ਹੈ। ਮੋਦੀ ਸਰਕਾਰ ਵਲੋਂ ਲਦਾਖ ਖੇਤਰ ਨੂੰ ਕਸ਼ਮੀਰ ਨਾਲੋਂ ਵਖ ਕਰਨਾ ਚੀਨ ਦੇ ਹਕ ਵਿਚ ਭੁਗਤਿਆ ਹੈ। ਕਿਉਂਕਿ ਕਸ਼ਮੀਰ ਦਾ ਮਸਲਾ ਯੂਨਾਈਟਡ ਨੇਸ਼ਨਜ ਵਿਚ ਹੋਣ ਕਰਕੇ ਚੀਨ ਇਸ ਇਲਾਕੇ ਉਤੇ ਆਪਣੇ ਦਾਅਵੇ ਨੂੰ ਜੋਰਦਾਰ ਢੰਗ ਨਾਲ ਪੇਸ਼ ਨਹੀਂ ਸੀ ਕਰ ਸਕਦਾ। ਪਰ ਹੁਣ ਜਦੋਂ ਕਿ ਮੋਦੀ ਸਰਕਾਰ ਨੇ ਖੁਦ ਹੀ ਲਦਾਖ ਨੂੰ ਕਸ਼ਮੀਰ ਨਾਲੋਂ ਵਖ ਕਰ ਦਿਤਾ ਹੈ ਤਾਂ ਚੀਨ ਸਰਕਾਰ ਦੇ ਇਸ ਇਲਾਕੇ ਉਤੇ ਦਾਅਵਾ ਕਰਨ ਨੂੰ ਯੂਨਾਈਟਡ ਨੇਸ਼ਨਜ ਵਿਚ ਚੁਣੌਤੀ ਨਹੀਂ ਦਿਤੀ ਜਾ ਸਕਦੀ। ਚੀਨ ਦੀ ਇਸ ਇਕੋ ਕਾਰਵਾਈ ਨੇ ਮੋਦੀ ਸਰਕਾਰ ਦੇ ਪੈਰਾਂ ਹੇਠੋਂ ਜਮੀਨ ਖਿਚ ਲਈ ਹੈ। ਚੀਨ ਦੀ ਸਰਕਾਰੀ ਅਖਬਾਰ 'ਗਲੋਬਲ ਟਾਈਮਜ' ਨੇ ਮੋਦੀ ਸਰਕਾਰ ਨੂੰ ਬੜੀ ਸਪਸ਼ਟ ਚੇਤਾਵਨੀ ਦਿਤੀ ਹੈ ਕਿ ਜਾਂ ਤਾਂ ਉਹ ਕਰੋਨਾ ਵਾਇਰਸ ਦੀ ਮਹਾਂਮਾਰੀ ਤੋਂ ਬਾਅਦ ਬਣਨ ਵਾਲੇ ਨਵੇਂ ਸੰਸਾਰ ਪ੍ਰਬੰਧ ਵਿਚ ਚੀਨ ਦੀ ਚੌਧਰ ਕਬੂਲ ਕਰੇ, ਨਹੀਂ ਤੇ ਡੁਬ ਰਹੇ ਅਮਰੀਕੀ ਸਾਮਰਾਜ ਦੇ ਬੇੜੇ ਵਿਚ ਸੁਆਰ ਹੋ ਕੇ ਉਸ ਦੇ ਨਾਲ ਹੀ ਡੁਬਣ ਲਈ ਤਿਆਰ ਰਹੇ। ਚੀਨ ਦੀ ਇਹ ਫੌਜੀ ਕਾਰਵਾਈ ਮੋਦੀ ਸਰਕਾਰ ਵਲੋਂ ਆਜਾਦ ਕਸ਼ਮੀਰ ਵਿਚ ਕਿਸੇ ਵੀ ਕਿਸਮ ਦੀ ਮਾਅਰਕੇਬਾਜੀ ਕਰਨ ਵਿਚ ਵੀ ਵਡੀ ਰੁਕਾਵਟ ਬਣ ਗਈ ਹੈ। ਆਜਾਦ ਕਸ਼ਮੀਰ ਦੇ ਕੋਲ ਬੈਠੀ ਚੀਨੀ ਫੌਜ ਮੋਦੀ ਸਰਕਾਰ ਦੀ ਇਸ ਕਿਸਮ ਦੀ ਕਿਸੇ ਵੀ ਹਰਕਤ ਵਿਚ ਸੌਖਿਆ ਹੀ ਦਖਲ-ਅੰਦਾਜੀ ਕਰਨ ਦੀ ਹਾਲਤ ਵਿਚ ਹੋ ਗਈ ਹੈ।

ਇਸ ਕਾਰਵਾਈ ਨੇ ਪਾਕਿਸਤਾਨ ਦੇ ਚਾਰ ਟੁਕੜੇ ਕਰਨ ਦਾ ਭਰਮ ਪਾਲ ਰਹੀ ਭਾਰਤੀ ਫੌਜ ਅਤੇ ਆਰ. ਐਸ. ਐਸ. ਦੇ ਵੀ ਹਥ ਬੰਨ ਦਿਤੇ ਹਨ। ਕਿਉਂਕਿ ਇਸ ਕਾਰਵਾਈ ਨਾਲ ਮੋਦੀ ਸਰਕਾਰ ਨੂੰ ਸਪਸ਼ਟ ਸੰਕੇਤ ਪਹੁੰਚ ਗਿਆ ਹੈ ਕਿ ਪਾਕਿਸਤਾਨ ਉਤੇ ਕੀਤੇ ਗਏ ਕਿਸੇ ਵੀ ਹਮਲੇ ਨੂੰ ਚੀਨੀ ਫੌਜ ਦਰਸ਼ਕ ਬਣ ਕੇ ਨਹੀਂ ਵੇਖੇਗੀ। ਫਿਰ ਨੇਪਾਲ ਕੋਲੋ ਇਸ ਖਿਤੇ ਵਿਚ ਭਾਰਤੀ ਚੌਧਰ ਨੂੰ ਚੁਣੌਤੀ ਦਿਵਾ ਕੇ ਚੀਨ ਨੇ ਸਾਰੇ ਸੰਸਾਰ ਨੂੰ ਇਹ ਵੀ ਵਿਖਾ ਦਿਤਾ ਹੈ ਕਿ ਨਾ ਸਿਰਫ ਪਾਕਿ ਬਲਕਿ ਇਸ ਖਿਤੇ ਵਿਚਲੇ ਸਾਰੇ ਗੁਆਂਢੀ ਮੁਲਕ ਹੀ ਮੋਦੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰੇਸ਼ਾਨ ਹਨ। ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਭਾਰਤੀ ਰਾਜਦੂਤ ਨੂੰ ਮਿਲਣ ਤੋਂ ਵੀ ਇਨਕਾਰੀ ਹੈ।

### ਭਾਜਪਾ 'ਚ ਵੀ ਫੁੱਟ

ਭਾਜਪਾ ਦੇ ਰਾਜ ਸਭਾ ਮੈਂਬਰ ਆਗੂ ਸੁਬਰਾਮਨੀਅਮ ਸੁਆਮੀ ਨੇ ਇਸ ਹਕੀਕਤ ਦੀ ਪੁਸ਼ਟੀ ਇਹ ਕਹਿ ਕੇ ਕੀਤੀ ਹੈ ਕਿ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਵਾਂਗ ਉਸਦੀ ਬਿਦੇਸ ਨੀਤੀ ਵੀ ਅਸਫਲ ਹੈ। ਉਲਟਾ ਹੁਣ ਪਾਕਿਸਤਾਨ ਨੇ ਜੂਨਾਗੜ ਉਤੇ ਆਪਣਾ ਹਕ ਜਤਾਅ ਕੇ ਜੰਗ ਲਗਣ ਦੀ ਸੂਰਤ ਵਿਚ ਗੁਜਰਾਤ ਸਰਹਦ ਉਤੇ ਚੌਥਾ ਮੋਰਚਾ ਖੋਲਣ ਦੀਆਂ ਸੰਭਾਵਨਾਵਾਂ ਪੈਦਾ ਕਰ ਦਿਤੀਆ ਹਨ। ਭਾਰਤ ਚੀਨ ਲੜਾਈ ਹੋਣ ਦੀ ਸੂਰਤ ਵਿਚ ਹੁਣ ਭਾਰਤੀ ਫੌਜ ਪਾਕਿ ਨਾਲ ਲਗਦੀ ਸਰਹਦ ਜੰਮੂ-ਕਸ਼ਮੀਰ, ਪੰਜਾਬ ਅਤੇ ਰਾਜਿਸਥਾਨ ਦੇ ਨਾਲ-ਨਾਲ ਗੁਜਰਾਤ ਦੀ ਸਰਹਦ ਉਤੇ ਵੀ ਤਾਇਨਾਤ ਕਰਨੀ ਪਵੇਗੀ।

ਮੋਦੀ ਸਰਕਾਰ ਦੀ ਮੁਸਲਮਾਨ ਵਿਰੋਧੀ ਰਾਜਨੀਤੀ ਦੀ ਵੀ ਫੂਕ ਨਿਕਲ ਗਈ ਹੈ। ਦੇਸ ਵਿਚਲੇ ਮੁਸਲਮਾਨਾਂ ਨੂੰ ਡਰਾ-ਧਮਕਾ ਕੇ ਬ੍ਰਾਹਮਣ-ਬਾਣੀਆ ਵੋਟ ਇਕਠੀ ਕਰਨ ਦਾ ਰਾਹ ਮੁਸਲਿਮ ਮੁਲਕਾਂ ਵਿਚ ਪਨਪ ਰਹੇ ਭਾਰਤ ਵਿਰੋਧੀ ਰੋਹ ਨੇ ਰੋਕ ਦਿਤਾ ਹੈ। ਹੁਣ ਪਾਕਿਸਤਾਨ ਵਿਰੋਧੀ ਪ੍ਰਚਾਰ ਮਹਿੰਗਾ ਪੈ ਸਕਦਾ ਹੈ। ਕਿਉਂਕਿ ਇਸ ਕਿਸਮ ਦੇ ਪ੍ਰਚਾਰ ਨਾਲ ਜਦੋਂ ਹੀ ਪਾਕਿਸਤਾਨ ਵਿਰੁਧ ਕੋਈ ਕਾਰਵਾਈ ਕਰਨ ਦਾ ਦਬਾਅ ਬਣਿਆ, ਉਦੋਂ ਹੀ ਚੀਨੀ ਫੌਜ ਦੀ ਇਹ ਕਾਰਵਾਈ ਮੋਦੀ ਸਰਕਾਰ ਦੀ ਰਣਨੀਤੀ ਵਿਚ ਰੁਕਾਵਟ ਬਣੇਗੀ। ਇਸ ਤੋਂ ਪਹਿਲਾਂ ਕਿ ਕਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਨਜਿਠਣ ਵਿਚ ਨਾਕਾਮ ਰਹੀ ਮੋਦੀ-ਸਰਕਾਰ ਲੋਕਾਂ ਨੂੰ ਗੁੰਮਰਾਹ ਕਰਨ ਲਈ ਪਾਕਿਸਤਾਨ ਦੇ ਕਬਜੇ ਹੇਠਲੇ ਕਸ਼ਮੀਰ ਵਿਚ ਕੋਈ ਕਾਰਵਾਈ ਕਰਦੀ, ਚੀਨ ਨੇ ਭਾਰਤ ਨੂੰ ਲਦਾਖ ਵਿਚ ਉਲਝਾ ਲਿਆ ਹੈ।

### ਮਹਾਂਸ਼ਕਤੀ ਵਲ ਵਧ ਰਿਹਾ ਚੀਨ

ਭਾਰਤ ਚੀਨ ਸਰਹਦੀ ਤਣਾਅ ਮਹਿਜ ਜਮੀਨੀ ਹਦਾਂ ਦਾ ਝਗੜਾ ਨਹੀਂ ਹੈ ਬਲਕਿ ਇਹ ਦੋ ਸਾਮਰਾਜੀ ਮੁਲਕਾਂ ਵਿਚਕਾਰ ਕੁਦਰਤੀ ਸੋਮਿਆਂ ਉਤੇ ਕਬਜਾ ਕਰਨ ਅਤੇ ਸੰਸਾਰ ਭਰ ਵਿਚ ਆਪਣੀ ਚੌਧਰ ਕਾਇਮ ਕਰਨ ਦੀ ਲੜਾਈ ਹੈ। ਚੀਨ ਆਪਣੀ ਆਰਥਿਕ ਅਤੇ ਫੌਜੀ ਸ਼ਕਤੀ ਦੇ ਬਲਬੂਤੇ ਅਮਰੀਕੀ ਸਾਮਰਾਜ ਕੋਲੋ ਸੰਸਾਰ ਦੀ ਇਕੋ-ਇਕ ਮਹਾਂਸ਼ਕਤੀ ਹੋਣ ਦਾ ਤਾਜ ਖੋਹਣਾ ਚਾਹੁੰਦਾ ਹੈ। ਇਸ ਖੇਤਰ ਦਾ ਚੌਧਰੀ ਹੋਣ ਦਾ ਐਲਾਨ ਉਸ ਨੇ ਪਹਿਲਾਂ ਹੀ ਕਰ ਦਿਤਾ ਹੈ। ਮੋਦੀ ਤ੍ਰਿਕੜੀ ਅਮਰੀਕੀ ਸਾਮਰਾਜ ਦੇ ਆਸਰੇ ਇਹ ਤਾਜ ਆਪਣੇ ਸਿਰ ਉਤੇ ਸਜਾਉਣ ਦੇ ਸੁਪਨੇ ਲੈ ਰਹੀ ਹੈ। ਪਰ ਹੁਣ ਉਸ ਦੇ ਇਨਾਂ ਸੁਪਨਿਆਂ ਉਤੇ ਪਾਣੀ ਫਿਰ ਗਿਆ ਹੈ। 10 ਅਪ੍ਰੈਲ 1974 ਨੂੰ ਯੂਨਾਈਟਡ ਨੇਸ਼ਨਜ ਦੀ ਆਮ ਸਭਾ ਦੇ ਖਾਸ ਇਜਲਾਸ ਵਿਚ ਚੀਨੀ ਆਗੂ ਡੇਂਗ-ਸਿਆਓ-ਪਿੰਗ ਨੇ ਇਕ 'ਮਹਾਂਸ਼ਕਤੀ' ਦੀ ਵਿਆਖਿਆ ਕਰਦਿਆਂ ਕਿਹਾ ਸੀ, "ਮਹਾਂਸ਼ਕਤੀ ਇਕ ਸਾਮਰਾਜੀ ਮੁਲਕ ਹੁੰਦਾ ਹੈ, ਜਿਹੜਾ ਹਰੇਕ ਥਾਂ ਦੂਜੇ ਮੁਲਕਾਂ ਨੂੰ ਆਪਣੀਆ ਹਮਲਾਵਰ ਨੀਤੀਆਂ ਦਾ ਸ਼ਿਕਾਰ ਬਣਾਉਂਦਾ ਹੈ, ਉਨਾਂ ਦੇ ਅੰਦਰੂਨੀ ਮਸਲਿਆਂ ਵਿਚ ਦਖਲ ਦੇਂਦਾ ਹੈ, ਉਨਾਂ ਉਤੇ ਕਬਜਾ ਕਰਦਾ ਹੈ ਜਾਂ ਉਨਾਂ ਦੀ ਲੁਟ ਕਰਦਾ ਹੈ ਅਤੇ ਆਪਣੀ ਸੰਸਾਰ ਚੌਧਰ ਸਥਾਪਿਤ ਕਰਨ ਦੇ ਯਤਨ ਕਰਦਾ ਹੈ। ਜੇ ਕਿਸੇ ਵਡੇ ਸਮਾਜਵਾਦੀ ਮੁਲਕ ਵਿਚ ਪੂੰਜੀਵਾਦ ਮੁੜ ਬਹਾਲ ਹੋ ਜਾਏ ਤਾਂ ਯਕੀਨੀ ਹੈ ਕਿ ਉਹ ਇਕ ਮਹਾਂਸ਼ਕਤੀ ਬਣ ਜਾਏਗਾ। ...ਚੀਨ ਕਦੇ ਵੀ ਆਪਣਾ ਖਾਸਾ ਨਹੀਂ ਬਦਲੇਗਾ ਤੇ ਹਮੇਸ਼ਾਂ ਦਬੇ-ਕੁਚਲੇ ਲੋਕਾਂ ਅਤੇ ਦਬੀਆਂ-ਕੁਚਲੀਆਂ ਕੌਮਾਂ ਦੇ ਹਕ ਵਿਚ ਖੜੇਗਾ।"

ਮਨੁਖੀ ਇਤਿਹਾਸ ਦਾ ਇਹ ਕ੍ਰਿਸ਼ਮਾ ਹੀ ਕਿਹਾ ਜਾ ਸਕਦਾ ਹੈ ਕਿ 46 ਸਾਲ ਬਾਅਦ ਡੇਂਗ-ਸਿਆਓ-ਪਿੰਗ ਦੇ ਇਹ ਸ਼ਬਦ ਅੱਜ ਅੱਖਰ-ਅੱਖਰ ਸਚ ਸਾਬਤ ਹੋ ਰਹੇ ਹਨ। ਅੱਜ ਚੀਨ ਦੁਨੀਆਂ ਦੀ ਇਕ ਹੋਰ ਮਹਾਂਸ਼ਕਤੀ ਬਣ ਗਿਆ ਹੈ ਅਤੇ ਐਨ ਇਹੀ ਰੋਲ ਨਿਭਾਅ ਰਿਹਾ ਹੈ, ਜਿਹੜਾ ਇਕ ਮਹਾਂ ਸ਼ਕਤੀ ਲਈ ਡੇਂਗ ਸਿਆਓ ਪਿੰਗ ਨੇ ਸਪਸ਼ਟ ਕੀਤਾ ਹੈ। ਮੋਦੀ ਸਰਕਾਰ ਦੀਆਂ ਸਾਮਰਾਜੀ ਨੀਤੀਆਂ ਹੀ ਅੱਜ ਉਸ ਨੂੰ ਇਥੇ ਲੈ ਕੇ ਆਈਆ ਹਨ। ਦੇਸ ਵਿਚ ਇੰਡੀਅਨ ਨੈਸ਼ਨਲਿਜਮ (ਹਿੰਦੂ ਰਾਸ਼ਟਰਵਾਦ) ਨਾਂ ਦੀ ਕੋਈ ਚੀਜ ਨਹੀਂ ਹੈ। ਇਹ ਸਿਰਫ 15-20 ਫੀਸਦੀ ਬ੍ਰਾਹਮਣ-ਬਾਣੀਆ ਉਚ ਜਾਤੀ ਅਤੇ ਉਚ ਮਧ ਵਰਗੀ ਲੋਕਾਂ ਦਾ ਮਾਨਸਿਕ ਸ਼ੋਰ ਹੈ, ਜਿਹੜੇ ਮਨੂਵਾਦੀ ਸੋਚ ਅਧੀਨ ਰਬੋਂ ਹੀ ਆਪਣੇ-ਆਪ ਨੂੰ ਇਸ ਦੇਸ ਦੇ ਮਾਲਕ ਅਤੇ ਬਾਕੀ ਸਾਰਿਆਂ ਨੂੰ ਆਪਣਾ ਗੁਲਾਮ ਸਮਝਦੇ ਹਨ। ਇਹ ਅਗਿਆਨੀ ਲੋਕ ਕਿਸ ਕਿਸਮ ਦੀ ਮਾਨਸਿਕ ਕਲਪਨਾ ਵਿਚ ਜਿਉਂਦੇ ਹਨ ਕਿ ਦੇਸ ਅੰਦਰ ਰਹਿੰਦੀਆਂ ਧਾਰਮਿਕ ਘਟ ਗਿਣਤੀਆਂ ਅਤੇ ਦਲਿਤ-ਪਛੜੇ-ਗਰੀਬ ਵਰਗਾਂ ਦੀ ਤਾਂ ਗੱਲ ਛਡੋ, ਇਹ ਆਪਣੀਆਂ ਸਰਹਦਾਂ ਉਤੇ ਮੌਜੂਦ ਖੁਦ-ਮੁਖਤਿਆਰ ਆਜਾਦ ਗੁਆਂਢੀ ਮੁਲਕਾਂ, ਨੇਪਾਲ ਤੇ ਬੰਗਲਾ ਦੇਸ਼ ਨੂੰ ਵੀ ਆਪਣਾ ਗੁਲਾਮ ਹੀ ਸਮਝਦੇ ਹਨ। ਨੇਪਾਲ ਦੇ ਪ੍ਰਧਾਨ ਮੰਤਰੀ ਅਤੇ ਹੋਰਨਾਂ ਆਗੂਆਂ ਪ੍ਰਤੀ ਇਨਾਂ ਦੀ ਸ਼ਬਦਾਵਲੀ ਨਿਹਾਇਤ ਘਟੀਆ ਕਿਸਮ ਦੀ ਹੈ। 'ਦ ਹਿੰਦੂ' ਅਖਬਾਰ ਦੀ ਇਕ ਖਬਰ ਅਨੁਸਾਰ ਬੰਗਲਾਦੇਸ਼ ਦੇ ਵਪਾਰ ਮੰਤਰੀ ਨੇ ਮੋਦੀ ਦੀ ਪਤਰਕਾਰ ਜੁੰਡਲੀ ਨੂੰ ਵਾਰਨਿੰਗ ਦਿਤੀ ਹੈ ਕਿ ਉਹ ਬੰਗਲਾਦੇਸ਼ ਅਤੇ ਚੀਨ ਵਿਚਕਾਰ ਹੋਏ ਸਮਝੌਤਿਆਂ ਬਾਰੇ ਬੰਦਿਆਂ ਵਾਲੀ ਭਾਸ਼ਾ ਵਿਚ ਗੱਲ ਕਰੇ। ਇਨਾਂ ਦੀ ਅਖੌਤੀ ਦੇਸ ਭਗਤੀ ਅਤੇ ਸਵੈਮਾਣ ਦੀ ਇਕੋ ਹੀ ਮਿਸਾਲ ਕਾਫੀ ਹੈ ਕਿ ਜਦੋਂ ਡੋਕਲਾਮ ਦੇ ਮਸਲੇ ਉਤੇ 73 ਦਿਨ ਚੀਨ ਨਾਲ ਫੌਜੀ ਤਣਾਅ ਬਣਿਆ ਰਿਹਾ ਤਾਂ ਉਨਾਂ ਦਿਨਾਂ ਵਿਚ ਵੀ ਅਡਾਨੀ ਐਂਡ ਕੰਪਨੀ ਨੇ ਚੀਨੀ ਕੰਪਨੀਆਂ ਨਾਲ ਅਰਬਾਂ ਰੁਪਏ ਦੇ ਸਮਝੌਤੇ ਕੀਤੇ।

ਬਾਕੀ ਸਫ਼ਾ 32 'ਤੇ

# ਸਾਹਿਤ ਦੇ ਪੱਜ ਸਰਕਾਰੀ ਪੈਸੇ ਦੀ ਦੁਰਵਰਤੋਂ ਤੇ ਘਪਲੇ



## - ਮਿੱਤਰ ਸੈਨ ਮੀਤ

ਪੰਜਾਬੀ ਸਾਹਿਤ, ਭਾਸ਼ਾ ਤੇ ਸਭਿਆਚਾਰ ਦੇ ਵਿਕਾਸ ਲਈ ਨਿਯੁਕਤ ਸਰਕਾਰੀ ਅਧਿਕਾਰੀ ਤੇ ਨੁਮਾਇੰਦੇ ਕਿਸ ਤਰਾਂ ਸਰਕਾਰੀ ਫੰਡਾ ਨੂੰ ਸੈਰ-ਸਪਾਟੇ ਤੇ ਐਸ਼ੋ-ਇਸ਼ਰਤ ਲਈ ਵਰਤਦੇ ਹਨ। ਇਸ ਦਾ ਅੰਦਾਜ਼ਾ ਕੇਂਦਰ ਸਰਕਾਰ ਦੇ ਅਦਾਰੇ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੀਆਂ ਸਰਗਰਮੀਆਂ ਤੇ ਖ਼ਰਚਿਆਂ ਤੋਂ ਲਗਾਇਆ ਜਾ ਸਕਦਾ ਹੈ। ਅਜਿਹੇ ਸਵਾਰਥੀ ਪ੍ਰਬੰਧਕਾਂ ਕਾਰਨ ਹੀ ਪੰਜਾਬੀ ਸਾਹਿਤ ਤੇ ਭਾਸ਼ਾ ਦਾ ਵਿਕਾਸ ਨਹੀਂ ਹੋ ਰਿਹਾ। ਸਾਹਿਤ ਅਕਾਦਮੀ ਦਿੱਲੀ ਦੀ ਸਥਾਪਨਾ ਵੱਖ-ਵੱਖ ਭਾਰਤੀ ਭਾਸ਼ਾਵਾਂ ਤੇ ਸਾਹਿਤ ਦੇ ਵਿਕਾਸ ਲਈ ਕੀਤੀ ਗਈ। ਇਸ ਲਈ ਹਰ ਭਾਸ਼ਾ ਦੇ ਸਲਾਹਕਾਰ ਬੋਰਡ ਦਾ ਗਠਨ ਕੀਤਾ ਜਾਂਦਾ ਹੈ।

ਬੋਰਡ ਦੇ ਮੈਂਬਰ ਸਬੰਧਿਤ ਭਾਸ਼ਾ ਦੇ ਉੱਚ ਕੋਟੀ ਦੇ ਸਾਹਿਤਕਾਰ, ਚਿੰਤਕ, ਵਿਦਵਾਨ ਜਾਂ ਆਲੋਚਕ ਹੋਣ, ਉਨਾਂ ਦੀ ਆਪਣੀ ਭਾਸ਼ਾ ਦੇ ਵਿਕਾਸ ਲਈ ਪ੍ਰਤੀਬੱਧਤਾ ਜਗ ਜ਼ਾਹਿਰ ਹੋਵੇ। ਮੈਂਬਰਾਂ ਦੇ ਯੋਗਦਾਨ ਨੂੰ ਧਿਆਨ 'ਚ ਰੱਖਦੇ ਹੋਏ ਅਕਾਦਮੀ ਵੱਲੋਂ ਉਨਾਂ ਦੀ ਰਿਹਾਇਸ਼ ਤੇ ਸਫ਼ਰ ਆਦਿ ਲਈ ਮਿਆਰੀ ਪ੍ਰਬੰਧ ਕੀਤੇ ਜਾਂਦੇ ਹਨ।ਅਕਾਦਮੀ ਵੱਲੋਂ ਮੁਹੱਈਆ ਕਰਵਾਈ ਗਈ ਸੂਚਨਾ ਅਨੁਸਾਰ ੨੦੦੮ ਤੋਂ ੨੦੧੨ ਦੇ ਅਰਸੇ ਦੌਰਾਨ ਬੋਰਡ 'ਚ ਕਨਵੀਨਰ ਤੋਂ ਇਲਾਵਾ ੯ ਮੈਂਬਰ ਸਨ। ਇਨਾਂ 'ਚੋਂ ਇਕ ਵੀ ਮੈਂਬਰ ਸਾਹਿਤ ਅਕਾਦਮੀ, ਗਿਆਨ-ਪੀਠ, ਸਰਸਵਤੀ ਆਦਿ ਪੁਰਸਕਾਰ ਨਾਲ ਸਨਮਾਨਿਤ ਨਹੀਂ ਸੀ। ਕੁਝ ਮੈਂਬਰਾਂ ਦੇ ਨਾਂ ਤਾਂ ਪੰਜਾਬ 'ਚ ਵੱਸਦੇ ਲੇਖਕਾਂ ਨੇ ਵੀ ਨਹੀਂ ਸਨ ਸੁਣੇ। ਬਹੁਤੇ ਮੈਂਬਰ ਦਿੱਲੀ, ਪੰਜਾਬ, ਹਰਿਆਣਾ ਤੇ ਜੰਮੂ-ਕਸ਼ਮੀਰ ਨਾਲ ਸਬੰਧਿਤ ਸਨ। ਬੀਤੇ ਵਰਿਆਂ ਤੋਂ ਦੇਖਿਆ ਜਾ ਰਿਹਾ ਹੈ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਣੇ ਸਲਾਹਕਾਰ ਬੋਰਡ ਦੇ ਮੈਂਬਰ, ਭਾਸ਼ਾ ਦੇ ਵਿਕਾਸ ਦੀ ਥਾਂ ਸਰਕਾਰ ਵੱਲੋਂ ਮਿਲਦੇ ਲੱਖਾਂ ਰੁਪਏ ਸੈਰ-ਸਪਾਟੇ ਤੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਖ਼ਰਚ ਕਰਦੇ ਆ ਰਹੇ ਹਨ। ਇਸ ਸਬੰਧੀ ਸਾਹਿਤ ਅਕਾਦਮੀ ਕੋਲੋਂ 'ਸੂਚਨਾ ਦਾ ਅਧਿਕਾਰ ਕਾਨੂੰਨ' ਤਹਿਤ ਬੋਰਡਾਂ ਦੇ ਕੰਮਕਾਜ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ। ਅਰਜ਼ੀ 'ਚ ਸਲਾਹਕਾਰ ਬੋਰਡ ਦੀਆਂ ੨੦੦੭ ਤੋਂ ੨੦੧੨ ਦੌਰਾਨ ਹੋਈਆਂ ਮੀਟਿੰਗਾਂ ਤੇ ਕੰਮਾਂ ਬਾਰੇ ਸੂਚਨਾ ਮੰਗੀ ਗਈ ਸੀ ਜਿਸ ਵਿਚ ਬੋਰਡ ਦੀਆਂ ਮੀਟਿੰਗਾਂ, ਸਥਾਨਾਂ, ਮੀਟਿੰਗਾਂ 'ਚ ਲਏ ਗਏ ਫ਼ੈਸਲੇ, ਬੋਰਡ ਦੇ ਕਨਵੀਨਰ, ਮੈਂਬਰਾਂ ਤੇ ਸੱਦੇ ਗਏ ਵਿਅਕਤੀਆਂ ਨੂੰ ਦਿੱਤੇ ਗਏ ਟੀਏ-ਡੀਏ ਦਾ ਵੇਰਵਾ, ਵਿਸ਼ੇਸ਼ ਤੌਰ 'ਤੇ ਸੱਦੇ ਵਿਅਕਤੀਆਂ ਨੂੰ ਦਿੱਤੇ ਗਏ ਡੀਏ ਜਾਂ ਆਨਰੇਰੀਅਮ ਦਾ ਵੇਰਵਾ ਮੰਗਿਆ ਗਿਆ ਸੀ। ਅਕਾਦਮੀ ਨੇ ਵਿਸ਼ੇਸ਼ ਵਿਅਕਤੀਆਂ ਬਾਰੇ ਸੂਚਨਾ ਨਹੀਂ ਦਿੱਤੀ। ਹੋਟਲਾਂ 'ਚ ਉਨਾਂ ਦੇ ਠਹਿਰਨ ਬਾਰੇ ਵੀ ਅੰਸ਼ਿਕ ਸੂਚਨਾ ਮੁਹੱਈਆ ਕਰਵਾਈ ਗਈ।

ਇਸ ਤੋਂ ਇਲਾਵਾ ਹੋਟਲਾਂ ਨੂੰ ਅਦਾ ਕੀਤੀ ਗਈ ਰਕਮ, ਮੀਟਿੰਗਾਂ 'ਤੇ ਹੋਏ ਕੁੱਲ ਖ਼ਰਚੇ ਦੇ ਵੇਰਵੇ ਤੋਂ ਇਲਾਵਾ ਅਕਾਦਮੀ ਦੇ ਉਨਾਂ ਅਧਿਕਾਰੀਆਂ ਦੇ ਨਾਵਾਂ ਦਾ ਵੇਰਵਾ ਵੀ ਮੰਗਿਆ ਗਿਆ ਸੀ ਜਿਨਾਂ ਨੇ ਬੋਰਡ ਦੀ ਮੀਟਿੰਗ ਦਿੱਲੀ ਤੋਂ ਬਾਹਰ ਕਰਨ ਦੀ ਸਿਫ਼ਾਰਸ਼ ਕੀਤੀ ਅਤੇ ਮਨਜ਼ੂਰੀ ਦਿੱਤੀ ਸੀ। ਅਕਾਦਮੀ ਵੱਲੋਂ ਪਹਿਲਾਂ ਤਾਂ ਸੂਚਨਾ ਉਪਲਬਧ ਕਰਵਾਏ ਜਾਣ ਤੋਂ ਟਾਲ-ਮਟੋਲ ਕੀਤੀ ਗਈ। ਦੁਬਾਰਾ ਨਿਸ਼ਚਿਤ ਸਮੇਂ 'ਚ ਸੂਚਨਾ ਉਪਲਬਧ ਨਾ ਕਰਵਾਏ ਜਾਣ 'ਤੇ ਚੀਫ਼ ਕਮਿਸ਼ਨਰ, ਸੈਂਟਰਲ ਇਨਫਰਮੇਸ਼ਨ ਕਮਿਸ਼ਨ ਕੋਲ ਅਪੀਲ ਕੀਤੀ ਗਈ ਤਾਂ ਮਜਬੂਰਨ ਅਕਾਦਮੀ ਵੱਲੋਂ ਕੁਝ ਸੂਚਨਾ ਉਪਲਬਧ ਕਰਵਾਈ ਗਈ ਅਤੇ ਕੁਝ ਛੁਪਾ ਲਈ ਗਈ। ਮੁਹੱਈਆ ਕਰਵਾਈ ਗਈ ਜਾਣਕਾਰੀ ਤੋਂ ਸਾਹਮਣੇ ਆਉਂਦਾ ਹੈ ਕਿ ਬੋਰਡ ਵੱਲੋਂ ਮੀਟਿੰਗਾਂ ਛੁੱਟੀਆਂ ਵਾਲੇ ਮਹੀਨਿਆਂ (ਮਈ ਤੋਂ ਅਕਤੂਬਰ) 'ਚ ਕੀਤੀਆਂ ਗਈਆਂ। ਇਨਾਂ ਮੀਟਿੰਗਾਂ ਲਈ ਦੇਸ਼ ਦੀਆਂ ਮਸ਼ਹੂਰ ਸੈਰਗਾਹਾਂ ਵਾਲੇ ਸਥਾਨਾਂ ਦੀ ਚੋਣ ਕੀਤੀ ਗਈ। ਇਹ ਮੀਟਿੰਗਾਂ ਕੁਝ ਘੰਟਿਆਂ ਤੋਂ ਵੱਧ ਨਹੀਂ ਚੱਲੀਆਂ। ਹੈਰਾਨੀ ਵਾਲੀ ਗੱਲ ਹੈ ਕਿ ਕੁਝ ਘੰਟਿਆਂ ਦੀ ਮੀਟਿੰਗ ਲਈ ਹਜ਼ਾਰਾਂ ਕਿੱਲੋਮੀਟਰ ਦਾ ਸਫ਼ਰ ਕੀਤਾ ਗਿਆ। ਸਲਾਹਕਾਰ ਬੋਰਡ ਦੇ ਤਤਕਾਲੀ ਕਨਵੀਨਰ ਡਾ. ਦੀਪਕ ਮਨਮੋਹਨ ਸਿੰਘ ਦੀ ਕਨਵੀਨਰਸ਼ਿਪ 'ਚ ੨੦੦੮ ਤੋਂ ੨੦੧੧ ਦੌਰਾਨ ਸ੍ਰੀਨਗਰ, ਪਾਂਡੀਚਰੀ, ਨਵੀਂ ਦਿੱਲੀ, ਮੈਸੂਰ ਤੇ ਸ਼ਿਮਲਾ ਦੇ ਨਾਮੀ ਹੋਟਲਾਂ 'ਚ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾਂ 'ਚ ਬੋਰਡ ਦੇ ੭ ਤੋਂ ੧੦ ਮੈਂਬਰ ਅਤੇ ਦੋ ਮੈਂਬਰ ਅਕਾਦਮੀ ਦੇ ਸ਼ਾਮਲ ਰਹੇ। ਪੰਜ ਸ਼ਹਿਰਾਂ 'ਚ ਪੰਜ ਦਿਨ ਚੱਲੀਆਂ ਇਨਾਂ ਮੀਟਿੰਗਾਂ 'ਤੇ ਟੀਏ-ਡੀਏ ਸਮੇਤ ਕੁੱਲ ੫,੩੬,੫੬੯ ਰੁਪਏ ਦਾ ਖ਼ਰਚਾ ਕੀਤਾ ਗਿਆ। ਅਕਾਦਮੀ ਵੱਲੋਂ ਸੂਚਨਾ ਵਿਚ ਕਿਤੇ ਵੱਧ ਤੇ ਕਿਤੇ ਘੱਟ ਖ਼ਰਚਾ ਵਿਖਾਇਆ ਗਿਆ ਜੋ ਕਈ ਸਵਾਲੀਆ ਨਿਸ਼ਾਨ ਖੜੇ ਕਰਦਾ ਹੈ। ਅਕਾਦਮੀ ਵੱਲੋਂ ਮੁਹੱਈਆ ਕਰਵਾਈ ਸੂਚਨਾ ਅਨੁਸਾਰ ਮੀਟਿੰਗ ਦੇ ਆਮ ਏਜੰਡੇ 'ਚ ਸਵਾਗਤ, ਪਿਛਲੀ ਮੀਟਿੰਗ ਦੀ ਕਾਰਵਾਈ ਦੀ ਤਸਦੀਕ, ਹੋਏ ਕੰਮ ਦੀ ਜਾਂਚ, ਜਾਰੀ ਰਹਿਣ ਵਾਲੀਆਂ ਅਸਾਈਨਮੈਂਟਸ, ਵਿਚਾਰ ਅਧੀਨ ਅਸਾਈਨਮੈਂਟਸ, ਪੰਜਾਬੀ ਅਨੁਵਾਦ ਲਈ ਇਨਾਮ ਦੇਣ ਵਾਸਤੇ ਮਾਹਿਰਾਂ ਦੀ ਨਿਯੁਕਤੀ, ਕੀਤੇ ਜਾਣ ਵਾਲੇ ਸੈਮੀਨਾਰ, ਅਨੁਵਾਦ ਵਰਕਸ਼ਾਪ, ਨਵੀਆਂ ਅਸਾਈਨਮੈਂਟਸ ਆਦਿ ਕੰਮ ਸ਼ਾਮਲ ਹੁੰਦੇ ਹਨ। ਸਲਾਹਕਾਰ ਬੋਰਡ ਦੀਆਂ ਮੀਟਿੰਗਾਂ 'ਚ ਸੰਨ ੨੦੦੮ ਤੋਂ ੨੦੧੨ ਤਕ ਜੋ ਫ਼ੈਸਲੇ ਲਏ ਗਏ, ਉਨਾਂ 'ਚ ਪਿਛਲੇ ਤੇ ਚੱਲ ਰਹੇ ਕੰਮ ਦੀ ਪੜਤਾਲ ਕੀਤੀ ਗਈ।

**ਬਹੁਤੇ ਸਮਾਗਮ ਵਿਦੇਸ਼ ਜਾਂ ਪੰਜਾਬ ਤੋਂ ਬਾਹਰ ਕੀਤੇ ਜਾਂਦੇ ਹਨ। ਪੰਜਾਬ 'ਚ ਕਰਵਾਏ ਜਾਂਦੇ ਸਮਾਗਮਾਂ 'ਚ ਵੀ ਸਿਰਜਕ ਲੇਖਕਾਂ ਤੇ ਗੰਭੀਰ ਪਾਠਕਾਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਸਗੋਂ ਬੋਰਡ ਮੈਂਬਰਾਂ ਵੱਲੋਂ ਆਪਣੇ ਸਮਰਥਕਾਂ ਨੂੰ ਹੀ ਸੈਰ-ਸਪਾਟੇ ਦਾ ਮੌਕਾ ਦਿੱਤਾ ਜਾਂਦਾ ਹੈ। ਪੁਸਤਕਾਂ ਲਿਖਣ, ਅਨੁਵਾਦ ਕਰਵਾਉਣ ਦਾ ਕੰਮ ਵੀ ਬੋਰਡ ਦੇ ਮੈਂਬਰਾਂ ਵੱਲੋਂ ਖ਼ੁਦ ਕੀਤਾ ਜਾਂਦਾ ਹੈ ਜਾਂ ਆਪਣੇ ਸਮਰਥਕਾਂ ਨੂੰ ਦਿੱਤਾ ਜਾਂਦਾ ਹੈ ਤਾਂ ਜੋ ਅਕਾਦਮੀ ਵੱਲੋਂ ਇਸ ਕੰਮ ਲਈ ਦਿੱਤੀ ਜਾਂਦੀ ਵੱਡੀ ਰਕਮ ਆਪਣੀ ਜੇਬ 'ਚ ਪਾ ਸਕਣ। ਪੰਜਾਬੀ ਤੋਂ ਹੋਰ ਭਾਸ਼ਾਵਾਂ 'ਚ ਅਨੁਵਾਦ ਕਰਵਾਉਣ ਲਈ ਕੇਵਲ ਉਨਾਂ ਲੇਖਕਾਂ ਦੀਆਂ ਪੁਸਤਕਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਜਿਹੜੇ ਸਲਾਹਕਾਰਾਂ ਦੇ ਕਰੀਬੀ ਹੁੰਦੇ ਹਨ।**

ਸੰਨ ੨੦੦੮ ਦੀ ਮੀਟਿੰਗ 'ਚ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਲਈ ਮਾਹਿਰਾਂ ਤੇ ਜਿਊਰੀ ਮੈਂਬਰਾਂ ਦੀ ਸੂਚੀ ਬਣਾਉਣ ਦੀ ਸਿਫ਼ਾਰਸ਼ ਤੋਂ ਇਲਾਵਾ ਵਾਰਿਸ ਸ਼ਾਹ, ਸੰਤ ਸਿੰਘ ਸੇਖੋਂ ਤੇ ਦਵਿੰਦਰ ਸਤਿਆਰਥੀ ਬਾਰੇ ਸੈਮੀਨਾਰ, ਪੰਜਾਬੀ ਤੋਂ ਅੰਗਰੇਜ਼ੀ 'ਚ ਆਧੁਨਿਕ ਪੰਜਾਬੀ ਕਹਾਣੀ ਦੇ ਅਨੁਵਾਦ ਲਈ ਸ਼ਿਮਲਾ 'ਚ ਕੀਤੀ ਜਾਣ ਵਾਲੀ ਅਨੁਵਾਦ ਵਰਕਸ਼ਾਪ ਬਾਰੇ ਫ਼ੈਸਲਾ ਲਿਆ ਗਿਆ ਤੇ ਪ੍ਰੋ. ਤਰਲੋਚਨ ਸਿੰਘ ਬੇਦੀ ਵੱਲੋਂ ਇਕ ਤਾਮਿਲ ਪੁਸਤਕ ਦਾ ਪੰਜਾਬੀ 'ਚ ਅਨੁਵਾਦ ਕੀਤੇ ਜਾਣ ਦੀ ਬੇਨਤੀ ਰੱਦ ਕੀਤੀ ਗਈ।

ਇਸੇ ਤਰਾਂ ੨੦੦੯ ਦੀ ਮੀਟਿੰਗ 'ਚ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਲਈ ਮਾਹਿਰਾਂ ਤੇ ਜਿਊਰੀ ਮੈਂਬਰਾਂ ਦੀ ਸੂਚੀ ਬਣਾਉਣ ਦੀ ਸਿਫ਼ਾਰਸ਼, ਵਰਲਡ ਪੰਜਾਬੀ ਸੈਂਟਰ ਪਟਿਆਲਾ ਦੇ ਸਹਿਯੋਗ ਨਾਲ ਦੋ ਰੋਜ਼ਾ 'ਪਰੋਬਲਮੈਟਿਕਸ ਆਫ਼ ਟਰਾਂਸਨੈਸ਼ਨਲ ਪੰਜਾਬੀ ਕਲਚਰ ਐਂਡ ਲਿਟਰੇਚਰ' ਬਾਰੇ ਸੈਮੀਨਾਰ, ਤਾਮਿਲ ਕਵਿਤਾ ਨੂੰ ਪੰਜਾਬੀ 'ਚ ਅਨੁਵਾਦ ਸਬੰਧੀ ਅੰਮ੍ਰਿਤਸਰ 'ਚ ਵਰਕਸ਼ਾਪ ਕਰਨ ਦਾ ਸੁਝਾਅ, ਕੋਂਕਣੀ ਕਵਿਤਾ ਦੇ ਪੰਜਾਬੀ 'ਚ ਅਨੁਵਾਦ ਸਬੰਧੀ ਗੋਆ ਵਿਖੇ ਵਰਕਸ਼ਾਪ ਕਰਨ ਦਾ ਸੁਝਾਅ, ਚਾਰ ਪੰਜਾਬੀ ਪੁਸਤਕਾਂ ਦਾ ਹੋਰ ਭਾਸ਼ਾਵਾਂ 'ਚ ਅਨੁਵਾਦ, ਕਰਤਾਰ ਸਿੰਘ ਦੁੱਗਲ ਤੇ ਗੁਰਦਿਆਲ ਸਿੰਘ ਬਾਰੇ ਅੰਗਰੇਜ਼ੀ 'ਚ ਕਿਤਾਬਚੇ ਤਿਆਰ ਕਰਨ ਤੋਂ ਇਲਾਵਾ ਪੰਦਰਾਂ ਨਵੇਂ ਅਸਾਈਨਮੈਂਟ ਸ਼ਾਮਲ ਸਨ, ਜਿਨਾਂ 'ਚ ਅੱਠ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਪੰਜਾਬੀ 'ਚ ਅਨੁਵਾਦ ਕਰਨਾ ਸ਼ਾਮਲ ਸੀ। ਸੰਨ ੨੦੧੦ ਦੀ ਮੀਟਿੰਗ 'ਚ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਲਈ ਮਾਹਿਰਾਂ ਤੇ ਜਿਊਰੀ ਮੈਂਬਰਾਂ ਦੀ ਸੂਚੀ ਬਣਾਉਣ ਦੀ ਸਿਫ਼ਾਰਸ਼ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਤਾਬਦੀ ਮੌਕੇ 'ਵਾਚਨਾ ਸਹਿਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੁਲਨਾਤਮਿਕ ਅਧਿਐਨ' ਸਬੰਧੀ ਮੈਸੂਰ ਤੇ ਵਿਦੇਸ਼ 'ਚ ਵਰਲਡ ਪੰਜਾਬੀ ਸੈਂਟਰ ਤੇ ਪੰਜਾਬੀ ਵਿਭਾਗ ਪੰਜਾਬੀ 'ਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਪੰਜਾਬੀ ਭਾਸ਼ਾ ਸਬੰਧੀ, 'ਭਾਰਤੀਯ ਕਵਿਤਾ ਕਾ ਛੰਦ ਸ਼ਾਸਤਰ' ਵਿਸ਼ੇ 'ਤੇ ਸੈਮੀਨਾਰ ਕਰਨ, ਤਾਮਿਲ ਕਵਿਤਾ ਦੇ ਪੰਜਾਬੀ 'ਚ ਅਨੁਵਾਦ ਬਾਰੇ ਅੰਮ੍ਰਿਤਸਰ 'ਚ ਵਰਕਸ਼ਾਪ ਦੀ ਮਨਜ਼ੂਰੀ, ਕੋਂਕਣੀ ਕਵਿਤਾ ਦੇ ਪੰਜਾਬੀ 'ਚ ਅਨੁਵਾਦ ਬਾਰੇ ਗੋਆ ਵਿਖੇ ਵਰਕਸ਼ਾਪ ਦੀ ਮਨਜ਼ੂਰੀ, ਚਾਰ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਪੰਜਾਬੀ ਤੇ ਤਿੰਨ ਪੰਜਾਬੀ ਪੁਸਤਕਾਂ ਦਾ ਹੋਰਨਾਂ ਭਾਸ਼ਾਵਾਂ 'ਚ ਅਨੁਵਾਦ ਕਰਨ ਦਾ ਫ਼ੈਸਲਾ ਲਿਆ ਗਿਆ। ਅਜਿਹੇ ਹੀ ਫ਼ੈਸਲੇ ਅਗਲੇ ਦੋ ਵਰਿਆਂ ਦੀਆਂ ਮੀਟਿੰਗਾਂ 'ਚ ਲਏ ਗਏ। ਇਨਾਂ ਮੀਟਿੰਗਾਂ 'ਤੇ ਵੱਡੇ ਖ਼ਰਚਿਆਂ ਤੋਂ ਜ਼ਾਹਿਰ ਹੈ ਕਿ ਪੰਜਾਬੀ ਸਲਾਹਕਾਰ ਬੋਰਡ ਦੇ ਮੈਂਬਰਾਂ ਦਾ ਉਦੇਸ਼ ਦੇਸ਼ ਦੀਆਂ ਉੱਚ-ਕੋਟੀ ਦੀਆਂ ਸੈਰਗਾਹਾਂ ਦੀ ਸੈਰ ਕਰਨਾ ਤੇ ਮਹਿੰਗੇ ਹੋਟਲਾਂ 'ਚ ਰਹਿਣਾ, ਆਪਣੇ ਸਮਰਥਕਾਂ ਨੂੰ ਗੋਆ, ਮਦੁਰਾਈ, ਸ੍ਰੀਨਗਰ, ਸ਼ਿਮਲਾ, ਮੁੰਬਈ, ਕੋਲਕਾਤਾ ਆਦਿ ਸ਼ਹਿਰਾਂ ਦੀ ਸੈਰ ਕਰਵਾਉਣਾ ਹੈ। ਅਕਾਦਮੀ ਵੱਲੋਂ ਪੰਜਾਬ 'ਚ ਇੱਕਾ-ਦੁੱਕਾ ਸਮਾਗਮ ਹੀ ਕੀਤੇ ਜਾਂਦੇ ਹਨ। ਬਹੁਤੇ ਸਮਾਗਮ ਵਿਦੇਸ਼ ਜਾਂ ਪੰਜਾਬ ਤੋਂ ਬਾਹਰ ਕੀਤੇ ਜਾਂਦੇ ਹਨ। ਪੰਜਾਬ 'ਚ ਕਰਵਾਏ ਜਾਂਦੇ ਸਮਾਗਮਾਂ 'ਚ ਵੀ ਸਿਰਜਕ ਲੇਖਕਾਂ ਤੇ ਗੰਭੀਰ ਪਾਠਕਾਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਸਗੋਂ ਬੋਰਡ ਮੈਂਬਰਾਂ ਵੱਲੋਂ ਆਪਣੇ ਸਮਰਥਕਾਂ ਨੂੰ ਹੀ ਸੈਰ-ਸਪਾਟੇ ਦਾ ਮੌਕਾ ਦਿੱਤਾ ਜਾਂਦਾ ਹੈ। ਪੁਸਤਕਾਂ ਲਿਖਣ, ਅਨੁਵਾਦ ਕਰਵਾਉਣ ਦਾ ਕੰਮ ਵੀ ਬੋਰਡ ਦੇ ਮੈਂਬਰਾਂ ਵੱਲੋਂ ਖ਼ੁਦ ਕੀਤਾ ਜਾਂਦਾ ਹੈ ਜਾਂ ਆਪਣੇ ਸਮਰਥਕਾਂ ਨੂੰ ਦਿੱਤਾ ਜਾਂਦਾ ਹੈ ਤਾਂ ਜੋ ਅਕਾਦਮੀ ਵੱਲੋਂ ਇਸ ਕੰਮ ਲਈ ਦਿੱਤੀ ਜਾਂਦੀ ਵੱਡੀ ਰਕਮ ਆਪਣੀ ਜੇਬ 'ਚ ਪਾ ਸਕਣ। ਪੰਜਾਬੀ ਤੋਂ ਹੋਰ ਭਾਸ਼ਾਵਾਂ 'ਚ ਅਨੁਵਾਦ ਕਰਵਾਉਣ ਲਈ ਕੇਵਲ ਉਨਾਂ ਲੇਖਕਾਂ ਦੀਆਂ ਪੁਸਤਕਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਜਿਹੜੇ ਸਲਾਹਕਾਰਾਂ ਦੇ ਕਰੀਬੀ ਹੁੰਦੇ ਹਨ। ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਪੁਸਤਕਾਂ ਨੂੰ ਹੋਰਨਾਂ ਭਾਸ਼ਾਵਾਂ 'ਚ ਅਨੁਵਾਦ ਕਰਵਾਉਣ ਲਈ ਕੋਈ ਯਤਨ ਨਹੀਂ ਕੀਤੇ ਜਾਂਦੇ।

# ਭਾਰਤ ਕਿਉਂ ਬਣਦਾ ਜਾ ਰਿਹਾ ਏ ਅਸਹਿਣਸ਼ੀਲ ਰਾਸ਼ਟਰ ?

## - ਰਜਿੰਦਰ ਸਿੰਘ

ਭਾਰਤ ਅਸਹਿਣਸ਼ੀਲ ਰਾਸ਼ਟਰ ਕਿਉਂ ਬਣਦਾ ਜਾ ਰਿਹਾ ਹੈ ? ਘੱਟ ਗਿਣਤੀਆਂ, ਦਲਿਤਾਂ, ਆਦਿ ਵਾਸੀਆਂ ਤੇ ਰਾਜਨੀਤਕ ਨੇਤਾਵਾਂ ਤੇ ਸੱਤਾਧਾਰੀਆਂ ਨਾਲ ਵੱਖਰੀ ਵਿਚਾਰਧਾਰਾ ਰੱਖਣ ਵਾਲੇ ਕਾਨੂੰਨ ਅਤੇ ਕੋਰਟਾਂ ਦੇ ਨਿਸ਼ਾਨੇ ’ਤੇ ਕਿਉਂ ਹਨ ? ਘੱਟ ਗਿਣਤੀ ਕੌਮਾਂ ਦੇ ਲੋਕ ਮੁਕੱਦਮਿਆਂ ਵਿਚ ਦੇਰੀ ਕਰਕੇ ਜੇਲਾਂ ਵਿਚ ਬੰਦ ਕਿਉਂ ਹਨ ? 2020 ਖਾਲਿਸਤਾਨ ਦੇ ਨਾਮ ’ਤੇ ਸਿੱਖ ਨੌਜਵਾਨਾਂ ਦੀ ਪੰਜਾਬ ਵਿਚ ਗ੍ਰਿਫ਼ਤਾਰੀਆਂ ਕਿਉਂ ਜਾਰੀ ਹਨ ? ਭਾਰਤ ਵਿਚ ਬੁੱਧੀਜੀਵੀ, ਵਿਦਿਆਰਥੀ, ਖੱਬੇ ਪੱਖੀ ਸਭ ਨਿਸ਼ਾਨੇ ’ਤੇ ਕਿਉਂ ਹਨ ? ਕੀ ਸੱਤਾਧਾਰੀਆਂ ਦੇ ਹੁਕਮ ਅੰਤਮ ਸੱਚ ਹੁੰਦੇ ਹਨ ?

ਅਜੇ ਤੱਕ ਪੁਲਿਸ ਭੀਮਾ ਕੋਰੇਗਾਓਂ ਦੀ ਤਰਜ਼ ’ਤੇ ਦਿੱਲੀ ਦੰਗਿਆਂ ਵਿਚ ਲੇਖਕਾਂ, ਸਮਾਜ ਸੇਵੀਆਂ, ਵਿਦਿਆਰਥੀਆਂ ਤੇ ਪ੍ਰੋਫੈਸਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਇਸ ਬਾਰੇ ਭਗਵੇਂ ਰਾਸ਼ਟਰਵਾਦੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਜਿਨਾਂ ਨੇ ਦੰਗੇ ਭੜਕਾਏ। ਰਾਹਤ ਕੈਂਪ ਤਾਂ ਮੁਸਲਮਾਨਾਂ ਦੇ ਲੱਗੇ ਸਨ। ਕੀ ਮੁਸਲਮਾਨਾਂ ਨੇ ਆਪ ਹੀ ਆਪਣੇ ਆਪ ਨਾਲ ਦੰਗੇ ਕਰ ਲਏ ਹਨ ? ਪ੍ਰਸਿੱਧ ਬੁੱਧੀਜੀਵੀ ਅਰੁੰਧਤੀ ਰਾਏ ਆਖ ਰਹੀ ਹੈ ਕਿ ਮੌਜੂਦਾ ਸਰਕਾਰ ਕਿਸੇ ਵੀ ਤਰਾਂ ਦੇ ਵਿਰੋਧ ਨੂੰ ਬਰਦਾਸ਼ਤ ਨਹੀਂ ਕਰ ਰਹੀ, ਭਾਵੇਂ ਉਹ ਵਿਅਕਤੀਗਤ ਹੋਵੇ ਜਾਂ ਸਮੂਹਿਕ। ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਉਦੋਂ ਤੋਂ ਵੱਖਰੀ ਰਾਏ ਪ੍ਰਗਟਾਉਣ ਵਾਲੇ ਬੁੱਧੀਜੀਵੀ ਨਿਸ਼ਾਨੇ ’ਤੇ ਹਨ। ਸੱਤਾਧਾਰੀ ਪਾਰਟੀ ਨਾਲ ਜੁੜੇ ਕਈ ਵੱਡੇ ਨੇਤਾਵਾਂ, ਮੰਤਰੀਆਂ ਵਲੋਂ ਬੁੱਧੀਜੀਵੀਆਂ ਖਿਲਾਫ਼ ਜ਼ਹਿਰ ਫੈਲਾਈ ਜਾ ਰਹੀ ਹੈ। ਭਗਵਾਂ ਤੇ ਗੋਦੀ ਮੀਡੀਆ ਤੇ ਹੁਣ ਫੇਸਬੁੱਕ ਇਨਾਂ ਦੇ ਵਕੀਲ ਬਣ ਚੁੱਕੇ ਹਨ।

ਪ੍ਰਸਿਧ ਚਿੰਤਕ ਪ੍ਰੋਫੈਸਰ ਅਪੂਰਵਾਨੰਦ ਦਾ ਵੀ ਇਹੀ ਮੰਨਣਾ ਹੈ ਕਿ ਵਾਜਪਾਈ ਸਰਕਾਰ ਦੇ ਸਮੇਂ ਬੁੱਧੀਜੀਵੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਤਤਕਾਲੀ ਮਨੁੱਖੀ ਵਿਕਾਸ ਮੰਤਰੀ ਤੇ ਭਾਜਪਾ ਨੇਤਾ ਮੁਰਲੀ ਮਨੋਹਰ ਜੋਸ਼ੀ ਨੇ ਉਸ ਸਮੇਂ ਇਹ ਕਿਹਾ ਸੀ, “ਸਾਰੇ ਬੁੱਧੀਜੀਵੀ ਅਸਲ ਵਿੱਚ ਬੌਧਿਕ ਅੱਤਵਾਦੀ ਹਨ। ਪਰ ਅਜੋਕੇ ਸੱਤਾਧਾਰੀ ਮੁਰਲੀ ਮਨੋਹਰ ਜੋਸ਼ੀ ਦਾ ਤਰਕ ਅਗੇ ਵਧਾ ਰਹੇ ਹਨ। 2015 ਤੋਂ ਸੰਸਦ ਵਿਚ ਤੇ ਸੰਸਦ ਤੋਂ ਬਾਹਰ ਬਿਆਨ ਦਿੱਤੇ ਜਾ ਰਹੇ ਹਨ ਕਿ ਵਿਦਿਆਰਥੀਆਂ ਦਾ ਕੰਮ ਸਿਰਫ ਕਲਾਸ ਵਿਚ ਪੜਨਾ ਹੁੰਦਾ ਹੈ, ਨਾ ਕਿ ਸੜਕਾਂ ’ਤੇ ਸੰਘਰਸ਼ ਕਰਨਾ। ਅਧਿਆਪਕਾਂ ਦਾ ਕੰਮ ਵਿਦਿਆਰਥੀਆਂ ਨੂੰ ਪੜਾਉਣਾ ਹੈ, ਨਾ ਕਿ ਸਥਿਤੀਆਂ ਦਾ ਵਿਸ਼ਲੇਸ਼ਣ ਕਰਨਾ।”

ਇਹ ਕਿੰਨਾ ਖਤਰਨਾਕ ਫਾਸ਼ੀਵਾਦ ਹੈ, ਜੋ ਸੱਤਾਧਾਰੀਆਂ ਦੇ ਮਨਾਂ ਵਿਚ ਬੈਠਾ ਭਾਰਤ ਦੀ ਜਮਹੂਰੀਅਤ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਮੈਂ ਸਮਝਦਾ ਹਾਂ ਕਿ ਜੇ ਸੜਕ ਉੱਪਰ ਜ਼ਿੰਦਾ ਲੋਕ ਨਾ ਖੜੇ ਹੋਏ ਤਾਂ ਸੰਸਦ ਤੇ ਜਮਹੂਰੀਅਤ ਖ਼ਤਮ ਹੋ ਜਾਵੇਗੀ। ਬੁੱਧੀਮਾਨ ਹਮੇਸ਼ਾ ਸੜਕ ਨਾਲ ਜੁੜਦਾ ਹੈ, ਜੋ ਕਿ ਸਤਾ ਦੀ ਨਜ਼ਰ ਵਿਚ ਖਤਰਨਾਕ ਬਣ ਜਾਂਦਾ ਹੈ। ਕਿੰਨੇ ਹੀ ਸ਼ਹੀਦ ਭਗਤ ਸਿੰਘ ਤੇ ਗਦਰੀ ਬਾਬਿਆਂ ਵਰਗੇ ਮਹਾਂਪੁਰਖ ਭਾਰਤ ਵਿਚ ਪੈਦਾ ਹੋਏ, ਜੋ ਸੜਕਾਂ ਤੇ ਲੋਕਾਂ ਨਾਲ ਜੁੜੇ, ਜੋ ਉਸ ਸਮੇਂ ਸਟੇਟ ਦੀ ਨਜ਼ਰਾਂ ਵਿਚ ਬਾਗੀ ਘੜ ਦਿੱਤੇ ਗਏ। ਹੁਣੇ ਜਿਹੇ ਕੋਵਿਡ -19 ਦੀ ਆਮਦ ਤੋਂ ਬਾਅਦ ਬੰਦ ਪ੍ਰੈਸ ਕਲੱਬ ਵਿੱਚ ਛੇ ਮਹੀਨਿਆਂ ਬਾਅਦ ਇੱਕ ਪ੍ਰੈਸ ਕਾਨਫਰੰਸ ਹੋਈ। ਇਹ ਪ੍ਰੈਸ ਕਾਨਫਰੰਸ ਉੱਤਰ-ਪੂਰਬੀ ਦਿੱਲੀ ਵਿੱਚ ਕਾਰਵਾ ਮੈਗਜ਼ੀਨ ਦੇ ਤਿੰਨ ਪੱਤਰਕਾਰਾਂ ਉੱਤੇ ਹੋਏ ਹਮਲੇ ਦੇ ਵਿਰੋਧ ਵਿੱਚ ਰੱਖੀ ਗਈ ਸੀ। ਕੋਵਿਡ ਨੂੰ ਵੇਖਦਿਆਂ, ਪ੍ਰੈਸ ਕਲੱਬ ਦੁਆਰਾ ਇਸ ਪ੍ਰੈਸ ਕਾਨਫਰੰਸ ਲਈ 25 ਲੋਕਾਂ ਨੂੰ ਬੁਲਾਇਆ ਗਿਆ, ਪਰ ਪੱਤਰਕਾਰ 20 ਤੋਂ ਵੀ ਘੱਟ ਆਏ। ਉਨਾਂ ਵਿਚੋਂ ਸੱਤ-ਅੱਠ ਕਾਰਵਾਂ ਦੇ ਸਨ ਤਿੰਨ ਚਾਰ ਬਾਕੀ ਅਖ਼ਬਾਰਾਂ ਦੇ। ਬਾਕੀ ਪ੍ਰੈਸ ਕਾਨਫਰੰਸ ਕਰਨ ਵਾਲੇ ਬੁੱਧੀਜੀਵੀ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਦੀ ਪ੍ਰੈਸ ਵਿਚ ਨਿਘਾਰ ਕਿੰਨਾ ਵੱਡਾ ਆ ਚੁੱਕਾ ਹੈ ਕਿ ਉਹ ਅਸਲ ਮੁੱਦਿਆਂ ਵਲ ਧਿਆਨ ਨਹੀਂ ਦੇ ਰਹੀ।

ਦਿਲੀ ਵਿਚ ਬੀਤੇ ਫਰਵਰੀ ਮਹੀਨੇ ਵਿੱਚ ਹੋਏ ਦੰਗਿਆਂ ਵਿੱਚ, ਬਹੁਤ ਸਾਰੇ ਚਿੰਤਕਾਂ, ਸਮਾਜ ਸੇਵਕਾਂ ਨੂੰ ਲੋਕਾਂ ਦੀ ਆਵਾਜ਼ ਚੁਕਣ ਕਾਰਣ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਿਵੇਂ ਸੁਧਾ ਭਾਰਦਵਾਜ ਤੇ ਵਰਵਰਾ ਰਾਓ 1 ਜਨਵਰੀ, 2018 ਤੋਂ ਭੀਮ ਕੋਰੇਗਾਂਵ ਵਿਵਾਦ ਵਿੱਚ ਲੰਮੇ ਸਮੇਂ ਤੋਂ ਜੇਲ ਵਿੱਚ ਹਨ। ਬੀਮਾਰ ਹੋਣ ਦੇ ਬਾਵਜੂਦ ਉਸ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ। ਦਿੱਲੀ ਦੰਗਿਆਂ ਵਿਚ ਅਜਿਹਾ ਅਨਿਆਂ ਵਾਪਰਿਆ ਹੈ। ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀ ਦਿੱਲੀ ਦੰਗਿਆਂ ਦੇ ਕੇਸ ਵਿੱਚ ਦੋਸ਼ੀ ਐਲਾਨੇ ਰਹੇ ਹਨ। ਬਹੁਤ ਸਾਰੇ ਬੁੱਧੀਜੀਵੀ ਵੀ ਨਿਸ਼ਾਨੇ 'ਤੇ ਹਨ। ਹਾਲ ਹੀ ਵਿੱਚ, ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਪੂਰਵਾਨੰਦ ਤੋਂ ਦਿੱਲੀ ਪੁਲਿਸ ਨੇ ਪੰਜ ਘੰਟਿਆਂ ਲਈ ਪੁੱਛਗਿੱਛ ਕੀਤੀ ਅਤੇ ਆਖਰਕਾਰ ਉਸਦਾ ਆਪਣਾ ਫੋਨ ਜ਼ਬਤ ਕਰ ਲਿਆ। ਕੁਝ ਦਿਨ ਬਾਅਦ, ਸੀਨੀਅਰ ਪੱਤਰਕਾਰ ਪ੍ਰਸ਼ਾਂਤ ਟੰਡਨ ਦੇ ਨਾਲ, ਇਸੇ ਤਰਾਂ ਦਿੱਲੀ ਪੁਲਿਸ ਨੇ ਪੁੱਛਗਿੱਛ ਤੋਂ ਬਾਅਦ ਉਸਦਾ ਮੋਬਾਈਲ ਫੋਨ ਜ਼ਬਤ ਕਰ ਲਿਆ ਗਿਆ। ਇਸ ਗੱਲ ਦੀ ਹਰੇਕ ਨੂੰ ਨਿਖੇਧੀ ਕਰਨੀ ਚਾਹੀਦੀ ਹੈ। ਜੇ ਐਨ ਯੂ ਦੇ ਵਿਦਿਆਰਥੀ ਆਗੂ ਉਮਰ ਖਾਲਿਦ ਤੋਂ ਵੀ ਇਸ ਮਾਮਲੇ ਵਿੱਚ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਉਨਾਂ ਨੂੰ ਇਸ ਦੰਗਿਆਂ ਦਾ ਮਾਸਟਰਮਾਈਂਡ ਦੱਸ ਰਹੀ ਹੈ। ਇਸ ਮਾਮਲੇ ਵਿੱਚ ਯੋਗੇਂਦਰ ਯਾਦਵ ਦਾ ਨਾਮ ਵੀ ਆਇਆ ਹੈ। ਹਾਲਾਂਕਿ, ਉਸ ਤੋਂ ਅਜੇ ਪੁੱਛਗਿੱਛ ਨਹੀਂ ਹੋਈ। ਸਿੱਖਾਂ ਦੀ ਹਾਲਤ ਵੀ ਇਸ ਤੋਂ ਵੱਖਰੀ ਨਹੀਂ। ਕਾਫੀ ਸਮੇਂ ਤੋਂ ਜਗਤਾਰ ਸਿੰਘ ਜੱਗੀ ਵਰਗਿਆਂ ਨੂੰ ਬਿਨਾਂ ਸਬੂਤਾਂ ਤੋਂ ਜੇਲ ਵਿਚ ਰੱਖਿਆ ਹੋਇਆ ਹੈ। ਇਸ ਤਰਾਂ ਕਈ ਸਿੱਖ ਨੌਜਵਾਨ ਜੋ ਹੁਣ ਬਜ਼ੁਰਗ ਹੋ ਚੁੱਕੇ ਹਨ, ਲੰਬੀਆਂ ਕੈਦਾਂ ਕੱਟਣ ਤੋਂ ਬਾਅਦ ਵੀ ਰਿਹਾਅ ਨਹੀਂ ਕੀਤੇ। ਜਦ ਕਿ ਇਸ ਦੇ ਉਲਟ ਭਗਵੇਂ ਅੱਤਵਾਦੀ ਜੋ ਵੱਡੇ ਬੰਬ ਧਮਾਕਿਆਂ ਵਿਚ ਸ਼ਾਮਲ ਦੱਸੇ ਜਾਂਦੇ ਸਨ, ਉਹ ਰਿਹਾਅ ਕਰ ਦਿੱਤੇ ਗਏ। ਪਿਛਲੇ ਕੁਝ ਸਮੇਂ ਦੌਰਾਨ ਵੱਖ-ਵੱਖ ਫੈਸਲਿਆਂ ਵਿੱਚ ਸੁਪਰੀਮ ਕੋਰਟ ਵੱਲੋਂ ਸਰਬਉੱਚ ਮੌਲਿਕ ਅਧਿਕਾਰ ਪ੍ਰਗਟਾਵੇ ਦੀ ਆਜ਼ਾਦੀ ਪ੍ਰਤੀ ਜਿਹੜਾ ਰੁਖ ਅਖਤਿਆਰ ਕੀਤਾ ਗਿਆ, ਉਹ ਸੁਪਰੀਮ ਕੋਰਟ ਨੂੰ ਕਟਹਿਰੇ ਵਿੱਚ ਖੜਾ ਕਰਦਾ ਹੈ।

# ਕੁਲ 160 ਦੇਸ਼ਾਂ ਵਿੱਚੋਂ ਭਾਰਤ ਦਾ ਸਥਾਨ ਔਰਤਾਂ ਦੀ ਸਥਿਤੀ ਦੇ ਮਾਮਲੇ ਉੱਤੇ 127ਵਾਂ

## ਦੇਸ਼ ਭਰ ਵਿੱਚ ਘਰਾਂ ਵਿੱਚ ਬਦਸਲੂਕੀ, ਬਲਾਤਕਾਰ ਦੀਆਂ ਘਟਨਾਵਾਂ, ਜ਼ਬਰਦਸਤੀ ਸੈਕਸ ਨੇ ਔਰਤਾਂ ਦੀ ਸਥਿਤੀਕੀਤੀ ਬਦ ਤੋਂ ਬਦਤਰ



- ਗੁਰਮੀਤ ਸਿੰਘ ਪਲਾਹੀ

ਨਾਰੀ ਜਗਤ

ਔਰਤਾਂ ਦੇ ਹੱਕਾਂ ਨੂੰ ਮਨੁੱਖੀ ਹੱਕਾਂ ਵਜੋਂ ਵੇਖਿਆ ਜਾਂਦਾ ਹੈ। ਔਰਤਾਂ ਦੇ ਇਹ ਹੱਕ ਘਰੇਲੂ ਹਿੰਸਾ, ਗ਼ੁਲਾਮੀ ਅਤੇ ਵਿਤਕਰੇ ਤੋਂ ਮੁਕਤੀ ਵਜੋਂ ਤਾਂ ਪਰਵਾਨੇ ਜਾਣ ਦੀ ਗੱਲ ਕੀਤੀ ਹੀ ਜਾਂਦੀ ਹੈ ਪਰ ਨਾਲ ਦੀ ਨਾਲ ਮਰਦਾਂ ਬਰਾਬਰ ਸਿੱਖਿਆ, ਕ੍ਰਿਤ ਕਮਾਈ ਤੋਂ ਬਰਾਬਰ ਤਨਖ਼ਾਹ ਅਤੇ ਜਾਇਦਾਦ ਦਾ ਅਧਿਕਾਰ ਵੀ ਉਸ ਦੇ ਹੱਕਾਂ ਵਿੱਚ ਸ਼ਾਮਲ ਹੈ। ਦੁਨੀਆ ਭਰ ਵਿੱਚ ਵੱਖੋ-ਵੱਖਰੀਆਂ ਰਵਾਇਤਾਂ, ਕਾਨੂੰਨ ਅਤੇ ਵਰਤਾਰੇ ਤਹਿਤ ਔਰਤਾਂ ਨੂੰ ਸਦੀਆਂ ਤੋਂ ਲਿਤਾੜਿਆ ਜਾਂਦਾ ਰਿਹਾ, ਉਨਾਂ ਦੇ ਜਜ਼ਬਿਆਂ ਦਾ ਘਾਣ ਕੀਤਾ ਜਾਂਦਾ ਰਿਹਾ। ਭਾਵੇਂ ਸਮੇਂ-ਸਮੇਂ 'ਤੇ ਸਮਾਜ ਵਿੱਚ ਕੁਝ ਚਿੰਤਕਾਂ ਨੇ ਔਰਤਾਂ ਦੇ ਹੱਕਾਂ ਲਈ ਆਵਾਜ਼ ਉਠਾਈ, ਉਨਾਂ ਨੂੰ ਮਰਦਾਂ ਬਰਾਬਰ ਅਧਿਕਾਰਾਂ ਦੀ ਵਕਾਲਤ ਕੀਤੀ। ਔਰਤਾਂ ਦੇ ਹੱਕਾਂ ਲਈ ਅਮਰੀਕਾ, ਕੈਨੇਡਾ ਅਤੇ ਹੋਰ ਪੱਛਮੀ ਦੇਸ਼ਾਂ ਅਤੇ ਚੀਨੀ ਇਨਕਲਾਬ ਵੇਲੇ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਅਤੇ ਵੋਟ ਦਾ ਅਧਿਕਾਰ ਦੇਣ ਲਈ ਮੁਹਿੰਮਾਂ ਛਿੜੀਆਂ। ਪੱਛਮੀ ਦੁਨੀਆ ਵਿੱਚ ਪਹਿਲੇ ਪੜਾਅ ਵਿੱਚ ਮੱਧ ਵਰਗ ਅਤੇ ਉੱਚ ਵਰਗ ਦੀਆਂ ਔਰਤਾਂ ਨੂੰ ਸਿਆਸੀ ਦੁਨੀਆ ਵਿੱਚ ਪ੍ਰਵੇਸ਼ ਲਈ ਅਧਿਕਾਰ ਮਿਲੇ। ਦੂਜੇ ਪੜਾਅ ਅਤੇ ਤੀਜੇ ਪੜਾਅ ਵਿੱਚ ਔਰਤਾਂ ਨੂੰ ਸਿੱਖਿਆ, ਕੰਮ ਦੇ ਖੇਤਰ ਅਤੇ ਵੋਟ ਦਾ ਬਰਾਬਰ ਅਧਿਕਾਰ ਮਿਲਿਆ। ਪਰ ਯੂਨਾਈਟਿਡ ਨੇਸ਼ਨਜ਼ ਹਿਊਮਨ ਡਿਵੈਲਪਮੈਂਟ ਦੀ ੨੦੦੪ ਦੀ ਇੱਕ ਰਿਪੋਰਟ ਅਨੁਸਾਰ ਇੱਕ ਔਰਤ ਨੂੰ ਮਰਦਾਂ ਦੇ ਮੁਕਾਬਲੇ ੨੦ ਫ਼ੀਸਦੀ ਵੱਧ ਕੰਮ ਕਰਨਾ ਪੈਂਦਾ ਹੈ ਭਾਵੇਂ ਕਿ ਉਹ ਘਰ ਦੇ ਕੰਮ ਹੀ ਕਿਉਂ ਨਾ ਹੋਣ? ਯੂਨਾਈਟਿਡ ਨੇਸ਼ਨਜ਼ ਅਨੁਸਾਰ ਦੁਨੀਆ ਵਿੱਚ ਕੁਲ ਕੀਤੇ ਜਾਂਦੇ ਕੰਮਾਂ ਵਿੱਚ ੬੬ ਫ਼ੀਸਦੀ ਹਿੱਸਾ ਔਰਤਾਂ ਦਾ ਹੈ। (ਭਾਰਤ ਦੀ ਫ਼ੀਸਦੀ ੪੯ ਹੈ) ਉਹ ੫੦ ਫ਼ੀਸਦੀ ਖਾਣ ਵਾਲੇ ਪਦਾਰਥ ਪੈਦਾ ਕਰਦੀਆਂ ਹਨ ਅਤੇ ਉਨਾਂ ਨੂੰ ਕੰਮ ਬਦਲੇ ਸਿਰਫ਼ ੧੦ ਫ਼ੀਸਦੀ ਆਮਦਨ ਪ੍ਰਾਪਤ ਹੁੰਦੀ ਹੈ ਅਤੇ ਇੱਕ ਫ਼ੀਸਦੀ ਔਰਤਾਂ ਹੀ ਜਾਇਦਾਦ ਦੀਆਂ ਮਾਲਕ ਹਨ। ਦੁਨੀਆ ਭਰ ਵਿੱਚ ਭਾਵੇਂ ਹੁਣ ਨੌਕਰੀਪੇਸ਼ਾ ਔਰਤਾਂ ਦੀ ਗਿਣਤੀ ਵਧੀ ਹੈ, ਪਰ ਦੁਨੀਆ ਦੀਆਂ ਕੁਲ ਪਾਰਲੀਮੈਂਟਾਂ ਵਿੱਚ ਉਨਾਂ ਦੀ ਫ਼ੀਸਦੀ ਸਿਰਫ਼ ੨੪.੩ ਹੈ। ਇਹ ਫ਼ੀਸਦੀ ਭਾਰਤ ਵਿੱਚ ੧੪ ਹੈ। ਇਹ ਸਥਿਤੀ ਸਿਰਫ਼ ਕੰਮ ਦੇ ਖੇਤਰ ਜਾਂ ਸਿਆਸੀ ਖੇਤਰ ਦੀ ਹੀ ਨਹੀਂ ਹੈ, ਸਗੋਂ ਮਿਲੇ ਦੂਜੇ ਅਧਿਕਾਰਾਂ ਦੀ ਵੀ ਹੈ।

ਲੜਕੀਆਂ ਔਰਤਾਂ ਦੀ ਭਾਰਤ ਵਿਚਲੀ ਸਥਿਤੀ ਕੋਈ ਬਹੁਤੀ ਸੁਖਾਵੀਂ ਨਹੀਂ। ਭਰੂਣ ਹੱਤਿਆ (ਪੇਟ ਵਿੱਚ ਲੜਕੀਆਂ ਦਾ ਕਤਲ), ਦਾਜ ਦਹੇਜ ਦੇ ਮਾਮਲੇ ਵਿੱਚ ਦੁਰਵਿਵਹਾਰ, ਛੋਟੀ ਉਮਰ ਵਿੱਚ ਸ਼ਾਦੀ-ਵਿਆਹ, ਨੌਕਰੀਆਂ ਜਾਂ ਕ੍ਰਿਤ ਵਿੱਚ ਘੱਟ ਤਨਖ਼ਾਹ, ਘਰੇਲੂ ਹਿੰਸਾ, ਸਿੱਖਿਆ ਲਈ ਲੜਕੀਆਂ ਨੂੰ ਪਿੱਛੇ ਸੁੱਟੀ ਰੱਖਣਾ ਇਹੋ ਜਿਹਾ ਵਰਤਾਰਾ ਹੈ, ਜੋ ਭਾਰਤ ਵਿੱਚ ਔਰਤਾਂ ਦੀ ਦਰਦਨਾਕ ਸਥਿਤੀ ਵਰਣਨ ਕਰਦਾ ਹੈ। ਬਚਪਨ ਵਿੱਚ ਲੜਕੀਆਂ ਨੂੰ ਮਿਲਦੀ ਲੜਕਿਆਂ ਦੇ ਮੁਕਾਬਲੇ ਘੱਟ ਖ਼ੁਰਾਕ, ਬਹੁਤੇ ਸਮਾਜਾਂ ਵਿੱਚ ਸਿੱਖਿਆ ਨਾ ਦੇਣ ਦੀ ਪ੍ਰਵਿਰਤੀ, ਲੜਕਿਆਂ ਦੇ ਮੁਕਾਬਲੇ ਲੜਕੀਆਂ ਵਿੱਚ ਅਜੀਬ ਕਿਸਮ ਦੀ ਹੀਣ-ਭਾਵਨਾ ਪੈਦਾ ਕਰਦੀ ਹੈ। ਭਾਵੇਂ ਕਿ ਅਜੋਕੇ ਸਮੇਂ ਵਿੱਚ ਸਿੱਖਿਆ ਦੇ ਖੇਤਰ ਵਿੱਚ ਲੜਕੀਆਂ ਵੱਡੀਆਂ ਮੱਲਾਂ ਮਾਰ ਰਹੀਆਂ ਹਨ, ਸਕੂਲ-ਕਾਲਜਾਂ ਵਿਚਲੀਆਂ ਪ੍ਰੀਖਿਆਵਾਂ ਵਿੱਚ ਉੱਚੇ ਸਥਾਨ ਮੱਲ ਰਹੀਆਂ ਹਨ ਪਰ ਉਚੇਰੀ ਸਿੱਖਿਆ ਲਈ ਬਹੁਤ ਘੱਟ ਗਿਣਤੀ ਵਿੱਚ ਲੜਕੀਆਂ ਸਿੱਖਿਆ ਪ੍ਰਾਪਤ ਕਰਦੀਆਂ ਹਨ। ਇਹੋ ਹਾਲ ਦੇਸ਼ ਦੀਆਂ ਪ੍ਰਸ਼ਾਸਨਿਕ ਨੌਕਰੀਆਂ ਅਤੇ ਹੋਰ ਨੌਕਰੀਆਂ ਵਿੱਚ ਹੈ। ਪੇਂਡੂ ਲੜਕੀਆਂ/ਔਰਤਾਂ ਦੀ ਹਾਲਤ ਸ਼ਹਿਰ ਵਿੱਚ ਰਹਿੰਦੀਆਂ ਔਰਤਾਂ ਦੇ ਮੁਕਾਬਲੇ ਬਹੁਤ ਮੰਦੀ ਹੈ। ਸ਼ਹਿਰੀ ਖੇਤਰ ਦੇ ਸਲੱਮ ਏਰੀਆ ਵਿੱਚ ਤਾਂ ਲੜਕੀਆਂ/ਔਰਤਾਂ ਸਬੰਧੀ ਬਹੁਤ ਕੁਝ ਅਣਸੁਖਾਵਾਂ ਵੇਖਣ ਨੂੰ ਮਿਲਦਾ ਹੈ। ਇੱਥੇ ਘਰੇਲੂ ਹਿੰਸਾ, ਕੁੱਟਮਾਰ, ਭੁੱਖਮਰੀ ਆਮ ਹੈ। ਇਹੋ ਜਿਹੀ ਦਰਦਨਾਕ ਹਾਲਤ ਵਿੱਚ ਕੋਵਿਡ-੧੯ ਨੇ ਹੋਰ ਵਾਧਾ ਕੀਤਾ ਹੈ। ਹੈ। ਕੁਲ ੧੬੦ ਦੇਸ਼ਾਂ ਵਿੱਚੋਂ ਭਾਰਤ ਦਾ ਸਥਾਨ ਔਰਤਾਂ ਦੀ ਸਥਿਤੀ ਦੇ ਮਾਮਲੇ ਉੱਤੇ ੧੨੭ਵਾਂ ਹੈ। ਸੈਕੰਡਰੀ ਸਿੱਖਿਆ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਸਿਰਫ਼ ੩੯ ਫ਼ੀਸਦੀ ਹਨ ਜਦਕਿ ਮਰਦਾਂ ਦੀ ਫ਼ੀਸਦੀ ੬੧ ਹੈ। ਸਾਲ ੨੦੧੮ ਵਿੱਚ ਥਾਮਸਨ ਰਿਊਪਰ ਫਾਊਂਡੇਸ਼ਨ ਨੇ ਭਾਰਤ ਵਿੱਚ ਔਰਤਾਂ ਦੀ ਸਥਿਤੀ ਬਾਰੇ ਲਿਖਿਆ ਕਿ ਭਾਰਤ ਸੈਕਸ ਹਿੰਸਾ ਦੇ ਮਾਮਲੇ ਵਿੱਚ ਦੁਨੀਆ ਦਾ ਸਭ ਤੋਂ ਭਿਅੰਕਰ ਦੇਸ਼ ਹੈ। ਭਾਵੇਂ ਕਿ ਦੇਸ਼ ਦੇ ਭਾਰਤੀ ਵੂਮੈਨ ਕਮਿਸ਼ਨ ਨੇ ਇਸ ਰਿਪੋਰਟ ਨੂੰ ਨਕਾਰਿਆ ਹੈ ਪਰ ਇਸ ਤੱਥ ਨੂੰ ਕਿਵੇਂ ਨਕਾਰਿਆ ਜਾ ਸਕਦਾ ਹੈ ਕਿ ਮਰਦ ਔਰਤ ਨੂੰ ਅਰਧਾਂਗਨੀ ਜਾਂ ਬੈਟਰਹਾਫ ਆਖਦਾ ਹੈ ਅਤੇ ਪਤੀ ਆਪਣੀ ਪਤਨੀ ਨੂੰ ਬਰਾਬਰ ਦਾ ਅਧਿਕਾਰ ਦੇਣ ਲਈ ਜਾਂ ਉਸ ਨੂੰ ਬਣਦਾ ਮਹੱਤਵ ਦੇਣ ਲਈ ਵੀ ਤਿਆਰ ਨਹੀਂ ਹੈ। ਮੁਸਲਿਮ ਔਰਤਾਂ ਦੀ ਸਥਿਤੀ ਉਸ ਵੇਲੇ ਹੋਰ ਵੀ ਔਖੀ ਹੁੰਦੀ ਹੈ, ਜਦੋਂ ਉਸ ਨੂੰ ਬੁਰਕੇ ਵਿੱਚ ਰਹਿ ਕੇ ਸਮਾਜ ਵਿੱਚ ਵਿਚਰਨਾ ਪੈਂਦਾ ਹੈ। ਭਾਵੇਂ ਕਿ ਹਿੰਦੂ ਔਰਤਾਂ ਵੀ ਘੁੰਡ ਕੱਢ ਕੇ ਓਪਰੇ ਮਰਦਾਂ ਤੋਂ ਚਿਹਰਾ ਛੁਪਾਉਂਦੀਆਂ ਹਨ। ਬਿਨਾਂ ਸ਼ੱਕ ਔਰਤਾਂ/ਲੜਕੀਆਂ ਹੁਸ਼ਿਆਰ ਹਨ, ਮਿਹਨਤੀ ਹਨ, ਆਪਣੇ ਕੰਮ ਵਿੱਚ ਮਾਹਿਰ ਹਨ। ਉਹ ਕੰਮ ਵਾਲੇ ਥਾਵਾਂ ਵਿੱਚ ਪੂਰੇ ਮਨੋਂ ਕੰਮ ਕਰਦੀਆਂ ਹਨ। ਅਧਿਆਪਕਾਂ ਵਜੋਂ ਕੰਮ ਕਰਦੀਆਂ ਔਰਤਾਂ/ਲੜਕੀਆਂ ਨੇ ਦੇਸ਼ ਵਿੱਚ ਆਪਣੀ ਪਹਿਚਾਣ ਬਣਾਈ ਹੋਈ ਹੈ। ਨਰਸਿੰਗ ਦੇ ਖੇਤਰ ਵਿੱਚ ਉਸਦੀਆਂ ਵਿਲੱਖਣ ਪ੍ਰਾਪਤੀਆਂ ਹਨ। ਪਰ ਕੰਮ ਵਾਲੇ ਥਾਵਾਂ ਉੱਤੇ ਉਨਾਂ ਨਾਲ ਕਈ ਹਾਲਤਾਂ ਵਿੱਚ ਇਹੋ ਜਿਹਾ ਵਰਤਾਰਾ ਕੀਤਾ ਜਾਂਦਾ ਹੈ ਕਿ ਉਹ ਬਹੁਤੀਆਂ ਹਾਲਤਾਂ ਵਿੱਚ ਆਪਣੇ ਆਪ ਨੂੰ ਬੇਵੱਸ ਸਮਝਦੀਆਂ ਹਨ। ਕੰਮ ਵਾਲੇ ਥਾਵਾਂ 'ਤੇ ਜਾਂ ਮਾਰਕੀਟ ਵਿੱਚ ਜਾਂ ਬੱਸਾਂ, ਰੇਲਾਂ ਵਿੱਚ ਸਫ਼ਰ ਕਰਦਿਆਂ ਉਨਾਂ ਨੂੰ ਜਿਸ ਕਿਸਮ ਦੇ ਗੰਦੇ ਇਸ਼ਾਰਿਆਂ, ਗੁੰਡੇ ਬੋਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸ ਨਾਲ ਉਨਾਂ ਦਾ ਮਨ ਵਲੂੰਧਰਿਆ ਜਾਂਦਾ ਹੈ। ਹੈਰਾਨੀ ਅਤੇ ਪ੍ਰੇਸ਼ਾਨੀ ਦੀ ਗੱਲ ਤਾਂ ਇਹ ਹੈ ਕਿ ਛੋਟੀਆਂ ਲੜਕੀਆਂ, ਔਰਤਾਂ ਨਾਲ ਘਰਾਂ ਵਿੱਚ ਇਕੱਲਿਆਂ ਵੇਖ ਕੇ ਜੋ ਬਲਾਤਕਾਰ, ਛੇੜਖ਼ਾਨੀ ਦੀਆਂ ਘਟਨਾਵਾਂ ਹੁੰਦੀਆਂ ਹਨ, ਉਹ ਉਨਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਜਾਂ ਜਾਣੂ-ਪਛਾਣੂ ਲੋਕਾਂ ਵੱਲੋਂ ਹੁੰਦੀਆਂ ਹਨ। ੨੦੧੨-੧੬ ਦੇ ਨੈਸ਼ਨਲ ਕ੍ਰਾਈਮ ਬਿਊਰੋ ਦੇ ਅੰਕੜਿਆਂ ਅਨੁਸਾਰ ਹੋਏ ਕੁਲ ਬਲਾਤਕਾਰ ਵਿੱਚੋਂ ਕੁਲ ੪੦ ਫ਼ੀਸਦੀ ਬਲਾਤਕਾਰ ਨਾਬਾਲਗਾਂ ਦੇ ਹੋਏ ਅਤੇ ੯੫ ਫ਼ੀਸਦੀ ਬਲਾਤਕਾਰ ਕਰਨ ਵਾਲੇ ਉਨਾਂ ਦੇ ਰਿਸ਼ਤੇਦਾਰ ਸਨ। ਭਾਰਤ ਵਰਗੇ ਦੇਸ਼ ਜਿੱਥੇ ਅੱਜ ਵੀ ਛੂਆਛਾਤ ਦਾ ਬੋਲਬਾਲਾ ਹੈ। ਇਸ ਵਿੱਚ ਵੀ ਬਹੁਤ ਦਰਦ ਔਰਤਾਂ ਨੂੰ ਹੰਢਾਉਣਾ ਪੈਂਦਾ ਹੈ। ਔਰਤਾਂ ਨੂੰ ਮੰਦਰਾਂ ਵਿੱਚ ਜਾਣ ਦੀ ਆਗਿਆ ਨਹੀਂ।

ਖ਼ੂਹਾਂ ਤੋਂ ਪਾਣੀ ਭਰਨੋਂ ਉਹ ਤਰਸ ਜਾਂਦੀਆਂ ਹਨ। ਕੀ ਇਹ ਉਨਾਂ ਦੇ ਮਨੁੱਖੀ ਅਧਿਕਾਰਾਂ ਦਾ ਹਨਨ ਨਹੀਂ ਹੈ। ਮਨੁੱਖ ਦੇ ਪੰਜ ਮੁੱਢਲੇ ਅਧਿਕਾਰ ਸਾਡੀਆਂ ਵਿਸ਼ਵ ਪੱਧਰੀ ਸੰਸਥਾਵਾਂ ਵੱਲੋਂ ਪ੍ਰਵਾਨਿਤ ਹਨ। ਪਹਿਲਾ ਬਰਾਬਰਤਾ ਅਤੇ ਵਿਤਕਰੇ ਤੋਂ ਆਜ਼ਾਦੀ, ਦੂਜਾ ਜ਼ਿੰਦਗੀ ਅਤੇ ਨਿੱਜੀ ਸੁਰੱਖਿਆ ਦੀ ਆਜ਼ਾਦੀ, ਤੀਜਾ ਹਿੰਸਾ ਅਤੇ ਤ੍ਰਿਸਕਾਰ ਵਤੀਰੇ ਤੋਂ ਆਜ਼ਾਦੀ, ਚੌਥਾ ਕਾਨੂੰਨ ਅੱਗੇ ਬਰਾਬਰਤਾ, ਪੰਜਵਾਂ ਆਪਣੇ ਵਿਚਾਰ ਰੱਖਣ ਦੀ ਆਜ਼ਾਦੀ ਅਤੇ ਕਿਸੇ ਵੀ ਧਰਮ ਨੂੰ ਪ੍ਰਵਾਨ ਕਰਨ ਦੀ ਆਜ਼ਾਦੀ ਦਾ ਹੱਕ। ਪਰ ਬਹੁਤੇ ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਦੁਨੀਆ ਦੀ ਅੱਧੀ ਅਬਾਦੀ ਔਰਤਾਂ ਦੀ ਹੈ। ਦੇਸ਼ ਭਾਰਤ ਵਿੱਚ ਵੀ ਅੱਧੀ ਆਬਾਦੀ ਔਰਤਾਂ ਹਨ। ਪਰ ਇਹਨਾਂ ਔਰਤਾਂ/ਲੜਕੀਆਂ ਦੇ ਹੱਕਾਂ ਦੀ ਅਣਦੇਖੀ ਲਗਾਤਾਰ ਸਰਕਾਰਾਂ ਵੱਲੋਂ ਕੀਤੀ ਜਾ ਰਹੀ ਹੈ। ਬਿਨਾਂ ਸ਼ੱਕ ਦੇਸ਼ ਭਾਰਤ ਵਿੱਚ ਔਰਤਾਂ ਦੇ ਕੰਮਾਂ ਦੇ ਸਥਾਨਾਂ ਵਿੱਚ ਉਨਾਂ ਦੀ ਸੁਰੱਖਿਆ, ਕੰਮ ਦੇ ਘੰਟਿਆਂ ਤੇ ਬਰਾਬਰ ਤਨਖ਼ਾਹ, ਭਰੂਣ ਹੱਤਿਆ, ਦਾਜ ਦਹੇਜ ਵਿਰੁੱਧ, ਛੋਟੀ ਉਮਰ ਵਿੱਚ ਵਿਆਹ ਨਾ ਹੋਣ ਦੇਣ ਬਾਰੇ ਕਾਨੂੰਨ ਬਣੇ ਹੋਏ ਹਨ, ਦੇਸ਼ ਵਿੱਚ ਔਰਤਾਂ ਨੂੰ ਪਾਰਲੀਮੈਂਟ ਵਿੱਚ ੩੩ ਫ਼ੀਸਦੀ ਰਿਜ਼ਰਵੇਸ਼ਨ ਅਤੇ ਪੰਚਾਇਤਾਂ/ਨਗਰ ਪਾਲਿਕਾਵਾਂ ਵਿੱਚ ੫੦ ਫ਼ੀਸਦੀ ਸੀਟਾਂ ਮੁਹੱਈਆ ਕਰਨ ਦੀ ਗੱਲ ਆਖੀ ਗਈ ਹੈ ਪਰ ਇਹਨਾਂ ਸਾਰੇ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਸਰਕਾਰਾਂ ਸੰਜੀਦਾ ਨਹੀਂ। ਚੁਣੀਆਂ ਪੰਚਾਂ, ਸਰਪੰਚਾਂ, ਨਗਰ ਪਾਲਿਕਾਵਾਂ ਦੀਆਂ ਐੱਮ.ਸੀ. ਦੇ ਥਾਂ ਉਨਾਂ ਦੇ ਮਰਦ ਪਤੀ, ਪੁੱਤਰ ਜਾਂ ਪਿਤਾ ਕੰਮ ਕਰਦੇ ਹਨ ਅਤੇ ਸਰਕਾਰੀ ਦਫ਼ਤਰਾਂ ਵਿੱਚ ਜਾਂ ਮੀਟਿੰਗਾਂ ਵਿੱਚ ਭਾਗੀਦਾਰੀ ਤੋਂ ਬਿਨਾਂ ਹੋਰ ਕੁਝ ਵੀ ਕੰਮ ਉਨਾਂ ਦੇ ਹਿੱਸੇ ਨਹੀਂ ਰਹਿੰਦਾ। ਭਾਰਤੀ ਸੁਪਰੀਮ ਕੋਰਟ ਨੇ ਵੀ ਲੜਕੀ ਨੂੰ ਆਪਣੇ ਪਿਤਾ ਦੀ ਜਾਇਦਾਦ ਵਿੱਚ ਬਰਾਬਰ ਦੇ ਹੱਕ ਦੇਣਾ ਪ੍ਰਵਾਨ ਕੀਤਾ ਹੈ। ਪਰ ਕੀ ਇਹ ਭਾਰਤੀ ਸਮਾਜ ਵਿੱਚ ਲਾਗੂ ਹੋਵੇਗਾ? ਔਰਤਾਂ ਦੇ ਹੱਕਾਂ ਦੇ ਹਨਨ ਅਤੇ ਔਰਤਾਂ ਹਿਤੈਸ਼ੀ ਕਾਨੂੰਨ ਲਾਗੂ ਨਾ ਕਰਨ ਲਈ ਮਰਦ ਪ੍ਰਧਾਨ ਸਮਾਜ, ਅਜੋਕਾ ਸਰਕਾਰੀ ਪ੍ਰਬੰਧ ਅਤੇ ਸਿਆਸੀ ਪ੍ਰਬੰਧਕ ਜ਼ਿੰਮੇਵਾਰ ਹਨ, ਜੋ ਕਹਿਣੀ-ਕਥਨੀ ਲਈ ਤਾਂ ਵੱਡੇ ਦਮਗਜੇ ਮਾਰਦੇ ਹਨ, ਔਰਤਾਂ ਦੇ ਬਰਾਬਰ ਦੇ ਹੱਕਾਂ ਦਾ ਢੰਡੋਰਾ ਪਿੱਟਦੇ ਹਨ, ਪਰ ਜ਼ਮੀਨੀ ਪੱਧਰ 'ਤੇ ਉਨਾਂ ਦੀ ਕਰਨੀ ਇਸ ਤੋਂ ਉਲਟ ਵੇਖੀ ਜਾ ਸਕਦੀ ਹੈ। ਭਾਵੇਂ ਕਿ ਦੁਨੀਆ ਦੇ ਲਗਭਗ ਹਰ ਖ਼ਿੱਤੇ ਵਿੱਚ ਔਰਤਾਂ ਦੇ ਹੱਕਾਂ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ, ਪਰ ਅਣਦੇਖੀ ਦੀ ਦਰ ਭਾਰਤ ਦੇਸ਼ ਵਿੱਚ ਵੱਡੇ ਪੱਧਰ ਉੱਤੇ ਹੈ। ਭਾਵੇਂ ਕਿ ਭਾਰਤੀ ਔਰਤਾਂ ਵਪਾਰਕ, ਸਿਆਸੀ ਖੇਤਰ, ਸਿੱਖਿਆ ਵਿੱਚ ਵੱਡੀਆਂ ਮੱਲਾਂ ਮਾਰ ਰਹੀਆਂ ਹਨ ਪਰ ਆਪਣੇ ਹੱਕਾਂ ਦੀ ਰਾਖੀ ਲਈ ਉਨਾਂ ਵੱਲੋਂ ਨਾ ਤਾਂ ਕੋਈ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਨਾ ਹੀ ਔਰਤਾਂ ਦੀ ਕੋਈ ਇਹੋ ਜਿਹੀ ਸੰਸਥਾ ਹੈ, ਜੋ ਉਨਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰ ਸਕੇ। ਸਦੀਆਂ ਤੋਂ ਲਿਤਾੜੀਆਂ ਜਾ ਰਹੀਆਂ ਔਰਤਾਂ ਨੇ ਵਿਸ਼ਵ ਪੱਧਰੀ ਯਤਨ ਕਰਦਿਆਂ ਕੁਝ ਸੰਸਥਾਵਾਂ ਬਣਾਈਆਂ ਹਨ। ਯੂ.ਐਨ.ਓ. ਵਿੱਚ ਉਨਾਂ ਨੇ ਆਵਾਜ਼ ਬੁਲੰਦ ਕੀਤੀ ਹੈ। ਲਿੰਗ ਭੇਦ-ਭਾਵ ਮਿਟਾਉਣ ਲਈ ਸਿੱਖਿਆ, ਸਿਹਤ, ਰੁਜ਼ਗਾਰ, ਆਰਥਿਕ ਸਥਿਤੀ ਅਤੇ ਕੰਮ ਕਰਨ ਦੇ ਬਾਵਜੂਦ ਇਵਜ਼ਾਨਾ ਨਾ ਦਿੱਤੇ ਜਾਣ ਸੰਬੰਧੀ ਵਿਸ਼ਵ ਪੱਧਰੀ ਸਮਾਜਿਕ ਤਬਦੀਲੀ ਲਿਆਉਣ ਲਈ ਜਾਗਰੂਕਤਾ ਲਹਿਰ ਚਲਾਈ ਹੈ। ਇਸ ਸਬੰਧੀ ਯੂ.ਐਨ.ਓ. ਵੱਲੋਂ ਔਰਤਾਂ ਲਈ ਗਲੋਬਲ ਫ਼ੰਡ ਵੀ ਨੀਯਤ ਹੋਇਆ ਹੈ।

ਪਰ ਉਦੋਂ ਤਕ, ਜਦੋਂ ਤਕ ਔਰਤਾਂ ਅਤੇ ਲੜਕੀਆਂ ਨੂੰ ਕੰਮ ਬਦਲੇ ਬਰਾਬਰ ਤਨਖ਼ਾਹ ਨਹੀਂ ਮਿਲਦੀ, ਜ਼ਮੀਨੀ ਮਾਲਕੀ ਦੇ ਅਧਿਕਾਰ ਉਸ ਨੂੰ ਪ੍ਰਾਪਤ ਨਹੀਂ ਹੁੰਦੇ, ਉਹ ਆਤਮ ਨਿਰਭਰ ਨਹੀਂ ਬਣ ਸਕਦੀਆਂ। ਉਦੋਂ ਤਕ, ਜਦੋਂ ਤਕ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਖ਼ੁਰਾਕ ਨਹੀਂ ਮਿਲਦੀ, ਬਰਾਬਰ ਦੀ ਸਿੱਖਿਆ ਉਨਾਂ ਨੂੰ ਨਹੀਂ ਦਿੱਤੀ ਜਾਂਦੀ, ਮਾਨਸਿਕ ਤੌਰ 'ਤੇ ਉਹਦਾ ਉਤਪੀੜਨ ਬੰਦ ਨਹੀਂ ਹੁੰਦਾ, ਘਰੇਲੂ ਹਿੰਸਾ ਤੋਂ ਉਸ ਨੂੰ ਛੁਟਕਾਰਾ ਨਹੀਂ ਮਿਲਦਾ। ਔਰਤ ਸਿਆਸੀ ਖੇਤਰ ਵਿੱਚ ਬਰਾਬਰ ਦੀ ਭਾਈਵਾਲੀ ਹਾਸਲ ਨਹੀਂ ਕਰ ਲੈਂਦੀ, ਉਸ ਨੂੰ ਆਤਮ-ਸਨਮਾਨ ਅਤੇ ਸਵੈ-ਨਿਰਭਰਤਾ ਨਹੀਂ ਮਿਲਦੀ, ਉਦੋਂ ਤਕ ਉਸ ਦੇ ਮਨੁੱਖੀ ਅਧਿਕਾਰਾਂ ਵਿੱਚ ਮਰਦਾਂ ਨਾਲ ਬਰਾਬਰੀ ਨਹੀਂ ਮੰਨੀ ਜਾ ਸਕਦੀ। ਸਾਰੇ ਤੱਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਉਹ ਸਮਾਜ ਜਾਂ ਦੇਸ਼ ਜਿਹੜਾ ਧਰਮ ਨਿਰਪੱਖ ਹੈ, ਉਸਦਾ ਵਿਕਾਸ ਧਰਮ ਅਧਾਰਿਤ ਦੇਸ਼ਾਂ ਨਾਲੋਂ ਜ਼ਿਆਦਾ ਹੁੰਦਾ ਹੈ, ਜਿਵੇਂ ਕਿ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਾਰਵੇ, ਸਵੀਡਨ ਦੇਸ਼ਾਂ ਨੇ ਜ਼ਿਆਦਾ ਤਰੱਕੀ ਕੀਤੀ ਹੈ ਅਤੇ ਜਿੱਥੇ ਔਰਤਾਂ ਦਾ ਜੀਵਨ ਅਤੇ ਜਿਊਣ ਪੱਧਰ ਬਾਕੀ ਮੁਲਕਾਂ ਦੇ ਬਰਾਬਰ ਚੰਗੇਰਾ ਹੈ, ਜਦਕਿ ਭਾਰਤ ਦੇਸ਼, ਜਿੱਥੇ ਪਿਛਲੇ ਕੁਝ ਸਮੇਂ ਤੋਂ ਹਿੰਦੂਤਵ ਤਾਕਤਾਂ ਫ਼ਨ ਫੈਲਾ ਰਹੀਆਂ ਹਨ ਅਤੇ ਬਹੁ-ਧਰਮੀ, ਬਹੁ-ਸਭਿਆਚਾਰੀ, ਬਹੁ-ਭਾਸ਼ਾਈ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨਣ ਲਈ ਯਤਨਸ਼ੀਲ ਹਨ ਅਤੇ ਜਿਹੜੀਆਂ ਸਭਨਾਂ ਭਾਰਤੀਆਂ ਦੀ ਸਭਿਆਚਾਰਕ ਪਛਾਣ 'ਹਿੰਦੂਤਵ' ਦੇ ਤੌਰ 'ਤੇ ਕਰਨ ਲਈ ਤੁਲੀਆਂ ਹਨ, ਭੁੱਲ ਗਈਆਂ ਹਨ ਕਿ ਹਿੰਦੂ ਰਾਸ਼ਟਰ ਵਿੱਚ ਔਰਤਾਂ ਦੀ ਸਥਿਤੀ ਹੋਰ ਵੀ ਭੈੜੀ ਹੋਏਗੀ।ਭਾਵੇਂ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਦੇਸ਼ ਦੇ ਬਹੁ-ਗਿਣਤੀ ਲੋਕ ਇਸ ਕਥਿਤ ਹਿੰਦੂਤਵੀ ਪਛਾਣ ਨੂੰ ਪ੍ਰਵਾਨ ਨਹੀਂ ਕਰਦੇ ਅਤੇ ਲਗਾਤਾਰ ਇਸ ਪਛਾਣ ਨੂੰ ਨਕਾਰ ਰਹੇ ਹਨ।

## ਕਵਿਤਾ

ਜਿੰਦਗੀ ਦੇ ਕਈ ਰੰਗ ਸੱਜਣਾਂ,
ਕਦੀ ਖ਼ੁਸ਼ੀ ਬੜੀ ਕਦੀ ਤੰਗ ਸੱਜਣਾ,
ਜੇ ਭਾਰੀ ਜੇਬ ਤੇਰੀ ਨਾ ਸਕੂ ਤੇਰੇ ਅੱਗੇ ਕੋਈ ਖੰਗ ਸੱਜਣਾ,
ਜਦੋਂ ਘੁੰਮਜੇ ਗੇਮ,
ਲੋਕਾਂ ਤੋਂ ਮੰਗਦੀਆ ਆਉਣੀ ਤੈਨੂੰ ਸੰਗ ਸੱਜਣਾ,
ਦੁਨਿਆ ਤੈਨੂੰ ਕੁਝ ਨਹੀਂ ਦੇਣਾ,
ਓਸ ਰੱਬ ਤੋਂ ਨੀਵਾਂ ਹੋ ਕੇ ਮੰਗ ਸੱਜਣਾ।

ਓਸ ਦੇ ਭਗਤੀ ਵਿਚ ਲੀਨ ਰਹੀ,
ਮਿਲੂ ਹਰ ਖ਼ੁਸ਼ੀ ਹਰ ਜੰਗ ਜਾਵੇਗਾ ਜਿੱਤ ਸੱਜਣਾ,
ਆਪ ਤੂੰ ਰਹਿਨੈਂ ਵੇਲਾ,
ਗਵਾਂਢੀ ਦੀ ਚੜਦੀ
ਗੁੱਡੀ ਦੇਖ ਕੇ ਨਾ ਤੂੰ ਖਿੱਝ ਸੱਜਣਾ,
ਅੱਜ ਤੂੰ ਵੀ ਕਰਲਾ ਮਿਹਨਤਾਂ ਰੱਜ ਕੇ,
ਇੱਕ ਦਿਨ ਜਾਵੇਗਾ ਰਹਿਮਤਾ ਨਾਲ ਭਿੱਜ ਸੱਜਣਾ।

ਜੋ ਗਰੀਬ ਸਹਿੰਦੇ ਦਰਦ ਤੂੰ ਵੀ ਉਹ ਦਰਦ ਸਹੀ,
ਨਾ ਪੈਸੇ ਸਾਰਾ ਉਡਾ ਦੀ ਆਪਣੇ ਤੇ,
ਦਸਵੰਧ ਕੱਢਕੇ ਗਰੀਬਾਂ ਦੀ ਮਦਦ ਕਰੀ,
ਨਾ ਅਮੀਰ ਦੇ ਤੂੰ ਤਲਵੇਂ ਚੱਟੀ ਅੱਤ ਨੇਵਿਆ
ਤੂੰ ਵੀ ਨੇਵਿਆਂ ਦੀ ਤੂੰ ਕਦਰ ਕਰੀ,
ਹੁੰਦਾ ਜੇ ਧੱਕਾ ਤੇਰੇ ਨਾਲ,
ਰੱਬ ਦਵੂ ਜਵਾਬ ਥੋੜਾ ਸਬਰ ਕਰੀ,
ਲੱਚਰ ਗੀਤਾਂ ਨੂੰ ਛੱਡ ਕੇ,
ਉਸ ਰੱਬ ਦੀ ਉਸਤਤ ਵਿੱਚ ਗੁਰਚਾਂਦ ਸਿਆ ਚੱਕ ਕਲਮ ਲਈ,
ਗੁਰੂ ਨਾਨਕ ਦੇਵ ਜੀ ਦੇ ਤਿੰਨ ਉਪਦੇਸ਼ਾਂ ਬਿਨਾ ਜਿੰਦਗੀ ਨਹੀਂ ਚੱਲਦੀ,
ਤੂੰ ਲੱਖ ਹਰੇਕ ਜਗਾ ਭਟਕ ਲਈ।

- ਗੁਰਚਾਂਦਪ੍ਰੀਤ ਸਿੰਘ

# ਭਗਵੇਂਵਾਦ ਦੀ ਜਕੜ ਤੋਂ ਸਮਾਜ ਬਚਾਉਣ ਲਈ ਖੱਬੇ ਪੱਖੀ ਗੁਰਮਤਿ ਨੂੰ ਸਮਝਣ



- ਗੁਰਬਚਨ ਸਿੰਘ
9815698451

"ਜਮਹੂਰੀਅਤ ਦੇ ਪੱਛਮੀ ਵਿਦਿਆਰਥੀਆਂ ਨੇ ਇਹ ਵਿਸ਼ਵਾਸ ਪ੍ਰਚਾਰਿਆ ਹੈ ਕਿ ਜਮਹੂਰੀਅਤ ਦਾ ਮੂਲ ਆਧਾਰ ਇਸਾਈ ਧਰਮ ਜਾਂ ਪਲੈਟੋ ਦੀ ਫਿਲਾਸਫੀ ਹੈ ਤੇ ਜਮਹੂਰੀਅਤ ਦਾ ਹੋਰ ਕੋਈ ਸੋਮਾ ਨਹੀਂ। ਪਰ ਜੇ ਕਿਤੇ ਉਹ ਜਾਣਦੇ ਕਿ ਭਾਰਤ ਨੇ ਬ੍ਰਹਮਵਾਦ ਦਾ ਸਿਧਾਂਤ ਵਿਕਸਿਤ ਕੀਤਾ ਹੈ, ਜਿਹੜਾ ਜਮਹੂਰੀਅਤ ਦੀ ਸਭ ਤੋਂ ਵਧੀਆ ਬੁਨਿਆਦ ਬਣਦਾ ਹੈ, ਤਾਂ ਉਹ ਏਨੇ ਕਟੜਵਾਦੀ ਨਾ ਹੁੰਦੇ।" ਡਾ. ਅੰਬੇਡਕਰ ਨੇ ਇਹ ਜਾਣਕਾਰੀ ਵੀ ਦਿਤੀ ਹੈ ਕਿ, "ਹਿੰਦੂ ਧਰਮ ਦਾ ਸਮੁਚਾ ਸਦਾਚਾਰ ਤੇ ਧਾਰਮਿਕ ਮਾਨਤਾਵਾਂ ਸਿਮ੍ਰਿਤੀਆਂ ਵਿਚ ਦਰਜ ਹਨ। ਇਹ ਸਿਮ੍ਰਿਤੀਆਂ 108 ਦੇ ਕਰੀਬ ਹਨ। ਇਨਾਂ ਸਿਮ੍ਰਿਤੀਆਂ ਵਿਚੋਂ ਹੀ ਹਿੰਦੂ ਧਰਮ ਤੇ ਇਸਦਾ ਨੀਤੀ ਸਾਸ਼ਤਰ ਸਮਝਿਆ ਜਾ ਸਕਦਾ ਹੈ। ਇਨਾਂ ਸਾਰੀਆ ਸਿਮ੍ਰਿਤੀਆਂ ਦਾ ਇਕ ਸਾਂਝਾ ਸ੍ਰੋਤ ਹੈ: ਮਨੂ ਸਿਮ੍ਰਿਤੀ।"

ਮਨੂ ਸਿਮ੍ਰਿਤੀ ਦਾ ਆਰੰਭ ਏਨਾ ਸ਼ਬਦਾਂ ਨਾਲ ਹੁੰਦਾ ਹੈ, "ਆਦਿ ਕਾਲ ਦੀ ਗੱਲ ਹੈ। ਇਕ ਸਥਾਨ ਉਤੇ ਮਹਾਂਰਿਸ਼ੀ ਲੋਗ ਇਕਾਗਰ-ਚਿਤ ਬੈਠੇ ਭਗਵਾਨ ਮਨੂ ਦੇ ਕੋਲ ਸ਼ਰਧਾ ਨਾਲ ਜਾ ਕੇ ਪ੍ਰਸ਼ਨ ਕਰਤਾ ਦੇ ਰੂਪ ਵਿਚ ਬੋਲੇ। ਹੇ ਭਗਵਾਨ! ਸਾਰੇ ਵਰਣਾਂ ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਤੇ ਬ੍ਰਾਹਮਣ ਵਰਣ ਦੇ ਪਿਤਾ ਤੇ ਵੈਸ਼ ਵਰਣ ਦੀ ਮਾਤਾ ਦੇ ਸੰਜੋਗ ਆਦਿ ਭਾਵ ਉਚ ਵਰਣ ਦੇ ਪਿਤਾ ਤੇ ਹੇਠਲੇ ਵਰਣ ਦੀ ਮਾਤਾ ਦੇ ਸੰਜੋਗ ਤੋਂ, ਬ੍ਰਾਹਮਣ ਵਰਣ ਦੇ ਪਿਤਾ ਤੇ ਖਤਰੀ ਵਰਣ ਦੀ ਮਾਤਾ ਦੇ ਸੰਜੋਗ ਤੋਂ ਤਥਾ ਇਸ ਦੇ ਉਲਟ ਹੇਠਲੇ ਵਰਣ ਦੇ ਪੁਰਸ਼ ਤੇ ਬ੍ਰਾਹਮਣ ਵਰਣ ਦੀ ਮਾਤਾ ਦੇ ਸੰਜੋਗ ਤੋਂ ਪੈਦਾ ਹੋਈ ਔਲਾਦ ਦੇ ਕਰਮਵਾਰ ਨਿਭਾਏ ਜਾਣ ਵਾਲੇ ਧਰਮ ਨੂੰ ਕਹਿਣ ਦੇ ਤੁਸੀਂ ਯੋਗ ਹੋ, ਇਸ ਲਈ ਕਿਰਪਾ ਕਰ ਕੇ ਉਨਾਂ ਨੂੰ ਕਹੋ। ਅੰਡਜ, ਜੇਰਜ, ਸੇਤਜ, ਉਤਭੁਜ ਭਾਵ ਸਾਰੇ ਜੀਵ ਸਮੂਹਾਂ ਦੇ ਜਨਮ ਤੇ ਮੌਤ, ਉਨਾਂ ਦੇ ਕਰਨ ਵਾਲੇ ਤੇ ਨਾ ਕਰਨ ਵਾਲੇ ਕੰਮਾਂ, ਉਨਾਂ ਦੇ ਵਿਸ਼ਵਾਸਾਂ ਤੇ ਉਨਾਂ ਦੇ ਆਚਾਰ ਨੂੰ ਯਥਾਯੋਗ ਤੇ ਇਛਾ ਅਨੁਸਾਰ ਕਹਿਣ ਦੇ ਤੁਸੀਂ ਯੋਗ ਹੋ, ਇਸ ਲਈ ਕਿਰਪਾ ਕਰ ਕੇ ਉਨਾਂ ਨੂੰ ਕਹੋ। ਕਿਉਂਕਿ ਹੇ ਪ੍ਰਭੂ! ਸਿਰਫ ਤੁਸੀਂ ਹੀ ਇਕ ਪੂਰਨ ਅਲੌਕਿਕ ਈਸ਼ਵਰ, ਮਨੁਖੀ ਸੋਚ ਤੋਂ ਪਾਰ ਤਥਾ ਅਮਿਤ ਵੇਦ ਦੇ ਸਦੀਵੀ ਗਿਆਨ ਦੇ ਜਾਣਨਹਾਰ, ਯਗ ਕਰਤਾ ਤੇ ਬ੍ਰਹਮਾ ਨੂੰ ਜਾਣਨ ਵਾਲੇ ਮੰਨੇ ਗਏ ਹੋ।

ਫਿਰ ਮਹਾਂਰਿਸ਼ੀਆਂ ਵਲੋਂ ਇਸ ਤਰਾਂ ਪੁਛੇ ਗਏ ਸੁਆਲਾਂ ਬਾਰੇ ਅਪਾਰ ਗਿਆਨ ਵਾਲੇ ਮਨੂ ਉਨਾਂ ਸਾਰੇ ਮਹਾਂਰਿਸ਼ੀਆਂ ਦਾ ਉਚਿਤ ਸਤਿਕਾਰ ਕਰ ਕੇ ਬੋਲੇ ∴ ਸੁਣੋਂ! ਪਰਲੋ ਕਾਲ ਵਿਚ ਇਹ ਸੰਸਾਰ ਹਨੇਰੇ ਵਿਚ ਲੀਨ, ਅਣਜਾਣ, ਚਿਹਨ ਰਹਿਤ, ਪ੍ਰਮਾਣ ਆਦਿ ਤਰਕ ਤੋਂ ਹੀਣ, ਅਣਜਾਣਿਆ ਤਥਾ ਪੂਰਨ ਰੂਪ ਵਿਚ ਸੁਪਤ ਅਵਸਥਾ ਵਿਚ ਸੀ, ਤਾਂ ਫਿਰ ਆਪਣੀ ਇਛਾ ਨਾਲ ਸਰੀਰ ਧਾਰਨ ਕਰਨ ਵਾਲੇ, ਮਨੁਖੀ ਇੰਦ੍ਰੀਆਂ ਦੀ ਪਕੜ ਵਿਚ ਨਾ ਆਉਣ ਵਾਲੇ ਅਦ੍ਰਿਸ਼ਟ, ਅਮਿਤ ਸਰਬ-ਸ਼ਕਤੀਮਾਨ ਹਨੇਰੇ ਨੂੰ ਦੂਰ ਕਰਨ ਵਾਲੇ ਭਗਵਾਨ ਆਕਾਸ਼ ਆਦਿ ਮੂਲ ਤਤਾਂ ਸਮੇਤ ਪ੍ਰਗਟ ਹੋਏ। ਜਿਹੜੇ ਭਗਵਾਨ ਮਨੁੱਖੀ ਗਿਆਨ ਇੰਦ੍ਰੀਆਂ ਦੀ ਪਹੁੰਚ ਅਤੇ ਸਮੂਹ ਪ੍ਰਾਣੀਆਂ ਦੀ ਸੋਚ ਤੋਂ ਪਾਰ, ਸੂਖਮ ਸਰੂਪ, ਅਗਮ, ਸਦਾ ਰਹਿਣ ਵਾਲੇ ਹਨ, ਉਹ ਖੁਦ ਪ੍ਰਗਟ ਹੋਏ। ਫਿਰ ਉਸ ਰੱਬ ਨੇ ਅਨੇਕ ਤਰਾਂ ਦੀ ਪਰਜਾ ਦੀ ਸਿਰਜਣਾ ਕਰਨ ਦੀ ਇਛਾ ਨਾਲ ਸਭ ਤੋਂ ਪਹਿਲਾਂ ਪਾਣੀ ਦੀ ਸਿਰਜਣਾ ਕੀਤੀ ਤੇ ਉਸ ਪਾਣੀ ਵਿਚ ਸ਼ਕਤੀ ਰੂਪੀ ਬੀਜ ਬੀਜਿਆ। ਇਸ ਬੀਜ ਨੇ ਹਜਾਰਾਂ ਸੂਰਜਾਂ ਦੇ ਬਰਾਬਰ ਪ੍ਰਕਾਸ਼ ਵਾਲੇ ਸੋਨੇ ਵਰਗੇ ਸ਼ੁਧ ਆਂਡੇ ਦਾ ਰੂਪ ਧਾਰਨ ਕਰ ਲਿਆ ਤੇ ਫਿਰ ਉਸ ਆਂਡੇ ਵਿਚੋਂ ਸਮੂਹ ਲੋਕਾਂ ਦੀ ਸਿਰਜਣਾ ਕਰਨ ਵਾਲੇ ਬ੍ਰਹਮਾ ਜੀ ਪੈਦਾ ਹੋਏ।"

ਮਨੂ ਸਿਮ੍ਰਿਤੀ ਵਿਚ ਹੀ ਵਰਣ ਵੰਡ ਦੇ ਰੂਪ ਵਿਚ ਜਾਤਪਾਤ ਦੇ ਬੀਜ ਬੀਜੇ ਗਏ ਹਨ। ਔਰਤਾਂ ਨੂੰ ਸ਼ੂਦਰਾਂ ਦਾ ਦਰਜਾ ਦਿਤਾ ਗਿਆ ਹੈ। ਜਿਸ ਦਾ ਖਮਿਆਜਾ ਹੁਣ ਤਕ ਇਸ ਦੇ ਲਿਖੇ ਜਾਣ ਤੋਂ ਹਜਾਰਾਂ ਸਾਲਾਂ ਬਾਅਦ ਵੀ ਮਨੁੱਖ ਜਾਤੀ ਦਾ ਵੱਡਾ ਹਿਸਾ ਭੁਗਤ ਰਿਹਾ ਹੈ। ਇਹੀ ਮਨੂ ਸਿਮ੍ਰਿਤੀ ਮਨ-ਕਲਪਿਤ ਬ੍ਰਾਹਮਣਵਾਦ ਭਾਵ ਮਨ-ਕਲਪਿਤ ਦੇਵੀ-ਦੇਵਤਿਆਂ ਦੀ ਭਗਤੀ ਦੇ ਨਾਂ ਉਤੇ ਅਨੇਕ ਕਿਸਮ ਦੇ ਕਰਮਕਾਂਡ ਦੀ ਜਨਕ ਹੈ। ਇਕ ਸੁਆਲ ਅਕਸਰ ਕੀਤਾ ਜਾਂਦਾ ਹੈ ਕਿ ਗੁਲਾਮਦਾਰੀ ਤਾਂ ਦੁਨੀਆ ਭਰ ਦੇ ਲਗਪਗ ਸਾਰੇ ਹੀ ਸਮਾਜਾਂ ਵਿਚ ਰਹੀ ਹੈ ਪਰ ਜਾਤਪਾਤ ਵਰਗਾ ਚੀੜਾ ਸਮਾਜੀ ਪ੍ਰਬੰਧ ਸਿਰਫ ਸਾਡੇ ਹੀ ਦੇਸ ਵਿਚ ਕਿਉਂ ਮੌਜੂਦ ਹੈ, ਜਿਹੜਾ ਗੁਲਾਮਦਾਰੀ ਯੁਗ ਦੇ ਖਤਮ ਹੋ ਜਾਣ ਦੇ ਬਾਵਜੂਦ ਅਜੇ ਤਕ ਵੀ ਕਾਇਮ ਹੈ? ਇਸ ਸੁਆਲ ਦਾ ਜੁਆਬ ਮਨੂ ਸਿਮ੍ਰਿਤੀ ਦੇ ਸੂਤਰਾਂ ਵਿਚ ਦਰਜ ਹੈ, ਜਿਨਾਂ ਨੇ ਜਾਤਪਾਤ ਨੂੰ ਧਾਰਮਿਕ ਰੰਗਤ ਦੇ ਕੇ ਇਨਾਂ ਨੂੰ ਮੰਨਣਾ ਇਕ 'ਰੱਬੀ' ਆਦੇਸ਼ ਬਣਾ ਦਿਤਾ ਹੈ।

ਮਨੂ ਸਿਮ੍ਰਿਤੀ ਵਿਚ ਦਰਜ ਹੈ, "ਉਸ ਮਹਾਨ ਤੇਜ ਵਾਲੇ ਬ੍ਰਹਮਾਂ ਨੇ ਇਸ ਲੋਕ ਦੀ ਰਖਿਆ ਲਈ ਆਪਣੇ ਮੂੰਹ ਬਾਹਾਂ ਜੰਘਾ ਅਤੇ ਪੈਰਾਂ ਵਿਚੋਂ ਕਰਮਵਾਰ ਚੌਹਾਂ ਵਰਣਾਂ ਨੂੰ ਪੈਦਾ ਕੀਤਾ ਤੇ ਇਨਾਂ ਦੇ ਅਡ-ਅਡ ਕੰਮ ਨਿਸ਼ਚਿਤ ਕਰ ਦਿਤੇ। ਈਸ਼ਵਰ ਨੇ ਸ਼ੂਦਰਾਂ ਲਈ ਇਹ ਹੀ ਕੰਮ ਕਰਨ ਦਾ ਆਦੇਸ਼ ਦਿਤਾ ਕਿ ਉਹ ਦੂਜੇ ਤਿੰਨਾਂ ਵਰਣਾਂ (ਸੁਵਰਣਾਂ) ਦੀ ਸੇਵਾ ਕਰਨ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖਤੀ ਨਾਲ ਸ਼ੂਦਰਾਂ ਨੂੰ ਉਨਾਂ ਲਈ ਨੀਯਤ ਕੀਤੇ ਹੋਏ ਕੰਮ ਕਰਨ ਲਈ ਲਾਵੇ। ਅਗਰ ਉਹ ਆਪਣੇ ਨੀਯਤ ਕੀਤੇ ਕੰਮ ਤੋਂ ਮੁਨਕਿਰ ਹੋਣਗੇ ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿਚ ਪਾ ਦੇਣਗੇ।" ਇਹੀ ਮਨੂਵਾਦੀ ਸੋਚ ਅਤੇ ਇਸ ਦੇ ਆਧਾਰ ਉਤੇ ਬਣੀ ਬ੍ਰਾਹਮਣੀ ਮਾਨਸਿਕਤਾ ਨੇ ਹੀ ਅਗਲੇ ਸਮੇਂ ਵਿਚ ਵਰਣ ਵੰਡ ਨੂੰ ਜਾਤਪਾਤ ਦਾ ਰੂਪ ਦੇ ਕੇ ਸਾਰੇ ਸਮਾਜ ਨੂੰ ਦਰਜਾ-ਬਦਰਜੀ ਖਾਨਿਆਂ ਵਿਚ ਵੰਡ ਦਿਤਾ, ਜੋ ਕਿ ਲੋਕਾਂ ਦਾ ਇਕ ਭਾਈਚਾਰਾ ਬਣਨ ਵਿਚ ਸਭ ਤੋਂ ਵਡੀ ਰੁਕਾਵਟ ਹੈ।

ਮਨੁੱਖੀ ਸਮਾਜ ਦੇ ਐਨ ਮੁਢ ਵਿਚ ਕੁਦਰਤੀ ਤੌਰ ਉਤੇ ਵਿਕਸਿਤ ਹੋਇਆ ਔਰਤ ਪ੍ਰਧਾਨ ਸਮਾਜ ਭਾਰੂ ਸੀ। ਬਾਅਦ ਵਿਚ ਜਦੋਂ ਨਿੱਜੀ ਜਾਇਦਾਦ ਉਤੇ ਆਧਾਰਿਤ ਪਿਤਾ-ਪੁਰਖੀ ਮਰਦ ਪ੍ਰਧਾਨ ਸਮਾਜ ਹੋਂਦ ਵਿਚ ਆਇਆ ਤਾਂ ਕੁਦਰਤੀ ਦਸਤੂਰ ਦੇ ਉਲਟ ਬਣੇ ਇਸ ਜਾਤਪਾਤੀ ਸਮਾਜ ਦੀ ਜਾਇਜਤਾ ਠਹਿਰਾਉਣ ਲਈ ਕਿਸੇ ਜਾਅਲੀ 'ਰਬੀ' ਹਸਤੀ ਦਾ ਮਾਨਸਿਕ ਬਿੰਬ ਘੜਨ ਦੀ ਲੋੜ ਪਈ। ਉਸੇ ਲੋੜ ਵਿਚੋਂ ਇਕ ਛੋਟੇ ਜਿਹੇ ਸ੍ਰੇਸ਼ਠ ਪੁਜਾਰੀ (ਬ੍ਰਾਹਮਣ) ਵਰਗ ਨੇ 'ਬ੍ਰਹਮ' ਦੇ ਵਿਅਕਤੀ ਰੂਪ ਮਨ-ਕਲਪਿਤ ਬ੍ਰਹਮਾ ਦੀ 'ਰਬੀ' ਹਸਤੀ ਦਾ ਮਾਨਸਿਕ ਬਿੰਬ ਘੜ ਲਿਆ। ਹਥੀਂ ਕਿਰਤ ਨਾਲੋਂ ਟੁਟ ਕੇ ਵਿਹਲੜ ਜ਼ਿੰਦਗੀ ਜਿਉਣ ਤੇ ਰਾਜਸੀ-ਸਮਾਜੀ ਤੇ ਪਦਾਰਥਕ ਸਹੂਲਤਾਂ ਮਾਣਨ ਦੀ ਆਪਣੀ ਲਾਲਸਾ ਅਧੀਨ, ਆਮ ਬੌਧਿਕ ਕੰਗਾਲੀ ਦੇ ਉਸ ਦੌਰ ਵਿਚ, ਆਪਣੇ ਆਪ ਨੂੰ 'ਰਬੋਂ' ਉਚ ਜਾਤੀ ਸਾਬਤ ਕਰਨ ਵਾਸਤੇ, ਸਮਾਜ ਵਿਚ ਕਰਮਕਾਂਡ, ਵਰਣ ਵੰਡ ਤੇ ਜਾਤਪਾਤੀ ਕੋਹੜ ਫੈਲਾਉਣ ਦਾ ਧਾਰਮਿਕ ਆਧਾਰ ਤਿਆਰ ਕਰਨ ਲਈ, ਬ੍ਰਹਮਾ ਦੇ ਰੂਪ ਵਿਚ ਘੜੀ ਇਹੀ ਮਾਨਸਿਕ ਕਲਪਨਾ ਅੱਜ ਤਕ ਮਨੁੱਖ ਜਾਤੀ ਨੂੰ ਊਚ-ਨੀਚ ਵਿਚ ਵੰਡਣ ਤੇ ਅਨੇਕ ਕਿਸਮ ਦੇ ਕਰਮਕਾਂਡੀ ਭਰਮਜਾਲ ਫੈਲਾਉਣ ਦਾ ਮੂਲ ਆਧਾਰ ਬਣੀ ਹੋਈ ਹੈ। ਜੇ ਸਵਰਾਜ ਬੀਰ ਜੀ ਬਾਬਾ ਸਾਹਿਬ ਅੰਬੇਡਕਰ ਤੇ ਬਾਬੂ ਕਾਂਸ਼ੀ ਰਾਮ ਵਾਂਗ ਇਸ ਮਨੂਵਾਦੀ ਸੋਚ ਦੀ ਤਹਿ ਵਿਚ ਜਾਂਦੇ ਤੇ ਫਿਰ ਗੁਰੂ ਗ੍ਰੰਥ ਸਾਹਿਬ ਨੂੰ ਸਿਖਾਂ ਦਾ ਇਕ ਧਾਰਮਿਕ ਗ੍ਰੰਥ ਕਰਾਰ ਨਾ ਦੇ ਕੇ ਇਸ ਨੂੰ ਨਿਠ ਕੇ ਪੜਦੇ, ਤਾਂ ਉਨਾਂ ਨੂੰ ਪਤਾ ਲਗਦਾ ਕਿ ਗੁਰਮਤਿ ਨੇ ਬ੍ਰਹਮ ਤੇ ਬ੍ਰਹਮਾ ਵਿਚਕਾਰ ਪਹਿਲਾਂ ਹੀ ਬੜਾ ਸਪਸ਼ਟ ਨਿਖੇੜਾ ਕੀਤਾ ਹੋਇਆ ਹੈ। ਬ੍ਰਹਮ ਦੀ ਹੋਂਦ ਨੂੰ ਪ੍ਰਵਾਨ ਕਰਕੇ ਬ੍ਰਾਹਮਣਵਾਦ ਦੇ ਮੁਢ ਬ੍ਰਹਮਾ ਨੂੰ ਨਕਾਰ ਕੇ ਇਸ ਦੀ ਜੜ ਹੀ ਪੁਟ ਦਿੱਤੀ ਹੈ।

**ਬ੍ਰਹਮਾ ਬਿਸਨੁ ਮਹੇਸੁ ਨ ਕੋਈ॥**

ਬ੍ਰਹਮਾ ਬਿਸਨ ਮਹੇਸ ਦੀ ਕੋਈ ਹੋਂਦ ਨਹੀਂ। ਬ੍ਰਹਮਾ ਦੇ ਨਾਂ ਉਤੇ ਜਿਹੜਾ ਵੇਦਾਂ ਦਾ ਗਿਆਨ ਦਿਤਾ ਜਾ ਰਿਹਾ ਹੈ, ਇਹ ਸਾਰਾ ਮਨ-ਕਲਪਿਤ ਅਤੇ ਝੂਠ ਹੈ। ਗੁਰਮਤਿ ਨੇ ਇਹ ਗਿਆਨ ਵੀ ਦਿਤਾ ਹੈ ਕਿ ਵੇਦ ਹੀ ਸਿਮ੍ਰਤੀਆਂ ਦੇ ਜਨਕ ਹਨ ਤੇ ਇਸ ਨਾਲ ਮਨੁੱਖ ਦੀ ਮੁਕਤੀ ਸੰਭਵ ਨਹੀਂ।

**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ**
**ਇਨ੍ ਪੜਿਆ ਮੁਕਤਿ ਨ ਹੋਈ॥**

ਸਵਰਾਜ ਬੀਰ ਨੇ ਖਬੇ ਪਖੀਆਂ ਤੇ ਧਰਮ ਨਿਰਪਖਤਾ ਦੇ ਹਾਮੀਆਂ ਬਾਰੇ ਟਿਪਣੀ ਕੀਤੀ ਹੈ, "ਖਬੇ-ਪਖੀਆਂ ਤੇ ਧਰਮ ਨਿਰਪਖਤਾ ਦੇ ਹਾਮੀਆਂ ਵਿਚ ਖਾਮੀਆਂ ਹੋ ਸਕਦੀਆਂ ਹਨ, ਉਨਾਂ ਦੇ ਵਿਚਾਰਾਂ ਤੇ ਭਾਸ਼ਾ ਵਿਚ ਪੁਖ਼ਤਗੀ ਤੇ ਨਵੀਨਤਾ ਦੀ ਘਾਟ ਹੋ ਸਕਦੀ ਹੈ, ਉਨਾਂ ਦੇ ਵਿਚਾਰਾਂ ਦਾ ਅਸਰ ਘਟਿਆ ਹੈ ਅਤੇ ਉਨਾਂ ਨੂੰ ਹਾਸ਼ੀਏ ਉਤੇ ਵੀ ਧਕਿਆ ਗਿਆ ਹੈ, ਪਰ ਉਨਾਂ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਅਜਿਹੇ ਧਰਮ-ਅਨੁਸਾਰੀ ਬਣ ਜਾਣ ਜਿਸ ਕਾਰਨ ਰਵਾਇਤੀ ਧਰਮ ਦਾ ਪਾਲਣ ਕਰਨ ਵਾਲੇ ਉਨਾਂ ਦਾ ਸਨਮਾਨ ਕਰਨ ਜਾਂ ਖਬੇ-ਪਖੀ ਅਤੇ ਧਰਮ ਨਿਰਪਖਤਾ ਦੇ ਹਾਮੀ ਧਰਮ ਦੀ ਅਜਿਹੀ ਵਿਆਖਿਆ ਕਰਨ, ਜਿਹੜੀ ਸਭ ਨੂੰ ਪਸੰਦ ਹੋਵੇ। ਲੋਕਾਂ ਦੀ ਵਡੀ ਬਹੁਗਿਣਤੀ ਨੂੰ ਜਾਤੀਵਾਦ, ਨਾਰੀ ਦਾ ਦਮਨ, ਮਰਦ-ਪ੍ਰਧਾਨ ਸੋਚ, ਆਪਣੇ ਧਰਮ ਨੂੰ ਸਭ ਤੋਂ ਉਤਮ ਕਹਿਣਾ ਪਸੰਦ ਹੈ। ਖਬੇ-ਪਖੀ ਤੇ ਧਰਮ ਨਿਰਪਖਤਾ ਦੇ ਹਾਮੀਆਂ ਤੋਂ ਅਜਿਹੀ ਉਮੀਦ ਕਰਨੀ ਉਨਾਂ ਨੂੰ ਇਤਿਹਾਸ ਅਤੇ ਸਮਾਜ ਵਿਚਲੀ ਉਨਾਂ ਦੀ ਭੂਮਿਕਾ ਤੋਂ ਵਿਛੁੰਨਿਆ ਕਰਨਾ ਹੋਵੇਗਾ। ਕਬੀਰ ਜੀ ਦਾ ਕਥਨ ਹੈ: "ਟੂਟੀ ਤੰਤੁ ਨ ਬਜੈ ਰਬਾਬੁ॥" ਤੰਦ ਟੁਟ ਜਾਵੇ ਤਾਂ ਰਬਾਬ ਨਹੀਂ ਵਜਦੀ। ਸਾਡੇ ਸਮਾਜ ਵਿਚ ਭਗਤ ਕਬੀਰ ਤੇ ਭਗਤ ਰਵਿਦਾਸ ਜਿਹੀਆਂ ਆਵਾਜ਼ਾਂ ਨੂੰ ਬਹੁਤ ਦੇਰ ਲਈ ਹਾਸ਼ੀਏ ਉਤੇ ਰਖਿਆ ਗਿਆ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਅਰਥਾਂ ਤੋਂ ਵਿਰਵੀਆਂ ਹਨ। ਉਨਾਂ ਦੇ ਅਰਥ ਮਨੁੱਖਤਾਮਈ ਹਨ।"

ਬਿਨ ਪੜਿਓ ਕੁਝ ਸੁਣੀਆਂ ਸੁਣਾਈਆਂ ਧਾਰਨਾਵਾਂ ਦੇ ਆਧਾਰ ਉਤੇ ਖਬੇ ਪਖੀ ਹੋਣ ਦਾ ਭਰਮ ਪਾਲਣ ਦੀ ਬਜਾਇ ਸਵਰਾਜ ਬੀਰ ਨੂੰ ਮਾਰਕਸ ਤੇ ਏਂਗਲਜ ਦੀ ਫਿਲਾਸਫੀ ਖੁਦ ਪੜਨ ਦੀ ਲੋੜ ਹੈ। ਮਾਰਕਸ-ਏਂਗਲਜ ਨੇ ਭੌਤਿਕਵਾਦ ਅਤੇ ਆਦਰਸ਼ਵਾਦ ਵਿਚਕਾਰ ਬੜਾ ਸਪੱਸ਼ਟ ਨਿਖੇੜਾ ਕੀਤਾ ਹੈ। ਏਂਗਲਜ ਦਾ ਕਥਨ ਹੈ, "ਕੀ ਸੰਸਾਰ ਦੀ ਰਚਨਾ ਰੱਬ ਨੇ ਬਣਾਈ ਹੈ ਜਾਂ ਅੰਤਹੀਣ ਆਦਿ ਕਾਲ ਤੋਂ ਸੰਸਾਰ ਇਵੇਂ ਹੀ ਹੋਂਦ ਰਖਦਾ ਆ ਰਿਹਾ ਹੈ, ਇਸ ਸੁਆਲ ਦਾ ਜੁਆਬ ਦੇਣ ਵਾਲੇ ਫਿਲਾਸਫਰ ਦੋ ਵਡੇ ਧੜਿਆਂ ਵਿਚ ਵੰਡੇ ਹੋਏ ਸਨ। ਜਿਹੜੇ ਫਿਲਾਸਫਰ ਕੁਦਰਤ ਨਾਲੋਂ ਮਨੁਖੀ ਮਨ ਨੂੰ ਸਿਰਮੌਰ ਮੰਨਦੇ ਸਨ ਤੇ ਅੰਤਿਮ ਤੌਰ ਉਤੇ ਕਿਸੇ ਵੀ ਤਰਾਂ ਸੰਸਾਰ ਦੀ ਰਚਨਾ ਹੋਈ ਮੰਨਦੇ ਸਨ, ਉਹ ਆਦਰਸ਼ਵਾਦੀ ਧੜਾ ਬਣੇ ਅਤੇ ਦੂਜੇ ਜਿਹੜੇ ਕੁਦਰਤ ਨੂੰ ਸਿਰਮੌਰ ਮੰਨਦੇ ਸਨ, ਉਹ ਸਾਰੇ ਭੌਤਿਕਵਾਦੀਆਂ ਦੀਆਂ ਅਡ-ਅਡ ਧਿਰਾਂ ਵਿਚ ਸ਼ੁਮਾਰ ਹੁੰਦੇ ਸਨ। ਗੁਰਮਤਿ ਦਾ ਮੁਢ ਹੀ ੧ਓ (ਏਕੋ) ਸਤਿ ਤੋਂ ਹੁੰਦਾ ਹੈ। ਇਹ ਬ੍ਰਹਿਮੰਡੀ ਹੋਂਦ ਅਸੀਮ ਅਤੇ ਸਦੀਵੀ ਹੈ। ਗੁਰੂ ਸਾਹਿਬ ਨੇ ਅਮੂਰਤ ਅਖਰ ਓਮ ਨਾਲ ਆਕਾਰ ਅਤੇ ਇਕ ਲਾ ਕੇ ਇਸ ਅਸੀਮ ਅਤੇ ਸਦੀਵੀ ਬ੍ਰਹਿਮੰਡੀ ਹੋਂਦ (ਬ੍ਰਹਮ) ਨੂੰ ਸਾਡੀ ਚੇਤਨਾ ਅਤੇ ਸਾਡੇ ਮਨਾਂ ਵਿਚ ਸਾਕਾਰ ਕਰਨ ਦਾ ਕ੍ਰਿਸ਼ਮਾ ਕੀਤਾ ਹੈ।

**ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥**
(ਪੰਨਾ ੧੪੧)

ਬਿਨਾ ਸ਼ਕ ਭਾਰਤ ਸਮੇਤ ਇਨਾਂ ਸਾਰੇ ਦੇਸਾਂ ਦੀ ਫਿਲਾਸਫੀ ਦਾ ਆਰੰਭ ਵੇਦਾਂ ਨਾਲ ਹੋਇਆ ਹੈ। ਇਸ ਦੀ ਪੁਸ਼ਟੀ ਬਾਬਾ ਸਾਹਿਬ ਅੰਬੇਡਕਰ ਨੇ ਵੀ ਕੀਤੀ ਹੈ। ਵੈਦਿਕ ਫਿਲਾਸਫੀ ਵਿਚ ਭੌਤਿਕਵਾਦ ਅਤੇ ਆਦਰਸ਼ਵਾਦ ਦੀਆਂ ਦੋ ਧਾਰਾਵਾਂ ਮੁਢ ਤੋਂ ਨਾਲੋਂ-ਨਾਲ ਚਲਦੀਆ ਆ ਰਹੀਆ ਹਨ। ਬ੍ਰਹਮ ਅਸੀਮ ਅਤੇ ਸਦੀਵੀ ਬ੍ਰਹਿਮੰਡੀ ਹਕੀਕਤ ਭਾਵ ਭੌਤਿਕਵਾਦ ਨੂੰ ਪ੍ਰਗਟ ਕਰਦਾ ਆ ਰਿਹਾ ਹੈ ਤੇ ਇਸ ਦਾ ਮਨ ਕਲਪਿਤ ਰੂਪ ਬ੍ਰਹਮਾ ਆਦਰਸ਼ਵਾਦ ਨੂੰ ਪ੍ਰਗਟ ਕਰਦਾ ਆ ਰਿਹਾ ਹੈ। ਇਹ ਬ੍ਰਹਮਾ ਦੀ ਮਨ ਕਲਪਿਤ ਹੋਂਦ ਹੀ ਮਨੂਵਾਦ, ਵਰਣ ਵੰਡ, ਜਾਤਪਾਤ, ਕਰਮਕਾਂਡ, ਨਰਕ-ਸੁਰਗ, ਪੁਨਰ ਜਨਮ ਤੇ ਪਾਪ-ਪੁੰਨ ਦੇ ਭਰਮਜਾਲ ਦੀ ਜਨਕ ਹੈ।

ਸਵਰਾਜ ਬੀਰ ਦੀ ਇਹ ਧਾਰਨਾ ਦਰੁਸਤ ਨਹੀਂ ਕਿ "ਹੋਰ ਵਿਚਾਰਧਾਰਾਵਾਂ ਜਿਵੇਂ ਸਾਂਖ, ਚਾਰਵਾਕ, ਆਜੀਵਕ, ਬੁਧ ਧਰਮ ਆਦਿ ਨੂੰ ਹਾਸ਼ੀਏ ਉਤੇ ਧਕ ਦਿਤਾ ਗਿਆ। ਪ੍ਰਾਚੀਨ ਆਰੀਆ ਲੋਕਾਂ ਦੇ ਗੌਰਵ ਨੂੰ ਪ੍ਰਚਾਰਿਆ ਗਿਆ। ਉਹ ਮਹਾਨ ਇਨਕਲਾਬ, ਜਿਹੜਾ ਮਧਕਾਲੀਨ ਸਮਿਆਂ ਵਿਚ ਬਸੇਸ਼ਰ, ਕਬੀਰ, ਗੁਰੂ ਨਾਨਕ ਦੇਵ, ਭਗਤ ਨਾਮਦੇਵ, ਭਗਤ ਰਵਿਦਾਸ ਅਤੇ ਭਗਤੀ ਲਹਿਰ ਦੇ ਹੋਰ ਰਹਿਬਰਾਂ ਨੇ ਲਿਆਂਦਾ, ਨੂੰ ਬਿਲਕੁਲ ਵਿਸਾਰ ਦਿਤਾ ਗਿਆ। ਇਸੇ ਤਰਾਂ ਇਸਲਾਮ ਤੇ ਸੂਫ਼ੀਆਂ ਦੇ ਯੋਗਦਾਨ ਨੂੰ ਸਵੀਕਾਰਨ ਦੀ ਥਾਂ ਮਧਕਾਲੀਨ ਸਮਿਆਂ ਨੂੰ ਗ਼ੁਲਾਮੀ ਦਾ ਯੁਗ ਗਰਦਾਨਿਆ ਗਿਆ।"

ਗੁਰਮਤਿ ਨੇ ਇਨਾਂ ਸਾਰੀਆਂ ਵਿਚਾਰਧਾਰਾਵਾਂ ਨੂੰ ਆਪਣੇ ਵਿਚ ਆਤਮਸਾਤ ਕੀਤਾ ਹੈ। ਇਸ ਲਿਖਤ ਦੀ ਸੀਮਤਾਈ ਹੋਣ ਕਾਰਨ ਇਥੇ ਏਨਾ ਕਹਿਣਾ ਹੀ ਕਾਫੀ ਹੈ ਕਿ ਗੁਰਮਤਿ ਨੇ ਆਪਣੇ ਤੋਂ ਪਹਿਲੇ ਵਿਕਸਿਤ ਹੋਏ ਸਾਰੇ ਧਰਮਾਂ ਤੇ ਵਿਚਾਰਧਾਰਾਵਾਂ ਦੀ ਪੁਣਛਾਣ ਤੇ ਪੜਚੋਲ ਕੀਤੀ ਹੈ। ਕੁਦਰਤੀ ਨੇਮਾਂ ਉਤੇ ਪੂਰੀਆ ਉਤਰਦੀਆਂ ਸਾਰੀਆਂ ਧਾਰਨਾਵਾਂ ਤੇ ਸਦਾਚਾਰ ਨੂੰ ਮਾਨਤਾ ਦਿਤੀ ਹੈ ਅਤੇ ਕੁਦਰਤੀ ਨੇਮਾਂ ਦੇ ਵਿਰੁਧ ਜਾਂਦੀਆਂ ਸਾਰੀਆਂ ਧਾਰਨਾਵਾਂ ਤੇ ਦੁਰਾਚਾਰ ਦਾ ਬੜੀ ਦ੍ਰਿੜਤਾ ਨਾਲ ਖੰਡਨ ਕੀਤਾ ਹੈ। ਗੁਰਮਤਿ ਨੇ ਔਰਤ-ਮਰਦ ਦੇ ਰਿਸ਼ਤੇ ਦੀ ਸਭ ਤੋਂ ਖ਼ੂਬਸੂਰਤ ਤੇ ਸਮਾਜੀ ਵਿਆਖਿਆ ਕੀਤੀ ਹੈ। ਜੇ ਸਵਰਾਜਬੀਰ ਨੇ ਬੁਲੇ ਸ਼ਾਹ ਤੇ ਵਾਰਿਸ ਸ਼ਾਹ ਦੀ ਹੀਰ ਦੀ ਸੋਚ ਤੋਂ ਪਾਰ ਜਾ ਕੇ ਗੁਰਮਤਿ ਨੂੰ ਪੜਿਆ ਹੁੰਦਾ ਤਾਂ ਉਸ ਨੂੰ ਪਤਾ ਲਗਦਾ ਕਿ ਗੁਰਮਤਿ ਨੇ 'ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡ ਪਰਾਨ॥' ਦਾ ਮੌਲਿਕ ਸੰਕਲਪ ਦੇ ਕੇ ਇਸ ਖੇਤਰ ਦੀ ਸਮਾਜੀ ਏਕਤਾ ਦਾ ਸਭ ਤੋਂ ਵਡਾ ਆਧਾਰ ਮੁਹਈਆ ਕੀਤਾ ਹੈ।

(ਸਮਾਪਤ)






# Gary Singh
## FOR UNION CITY CITY COUNCIL

### ENDORSEMENTS

Congressmen Eric Swalwell
Alameda County Accessor Fong La
City Councilmember Pat Gacoscos
City Councilmember Jaime Patino
Former City Council Member Jim Navarro
School Board Member Linda Canlas
School Board Member Lance Nishihira
School Board Member Sharan Kaur
School Board Member Jeff Wang
School Board Member Sarabjit Cheema

garypsingh@sbcglobal.net
(510) 861-4783
1275 Atlantic St., Union City, CA 94587

# Gary Singh,
## The Voice of Small Business

### ACCOMPLISHMENTS

- Urged the city manager in 2018 to conduct an audit management study to ensure optimal efficiency in all departments of the city.
- Consistently voted for business growth to increase revenue and prevent unreasonable tax increases.
- Collaborated with the police department and city leaders to strategically tackle crime resulting in a 20% reduction.
- Shown necessary leadership by working with others to maintain standards of excellence in our city.
- As the President of Daily Bowl, I provided the less fortunate with essential needs.

### PRIORITIES

- Promoting the economic development and employment retention.
- Maintaining growth and development.
- Bringing new jobs to the community.
- Invest in public safety services.
- Build more affordable work force housing.

PAID FOR BY GARY SINGH FOR CITY COUNCIL 2020. FPPC #1425084

# RE - ELECT for City Council
# Gary Singh
## THE VOICE OF SMALL BUSINESS

*Gary Singh is a Union City small business owner and an advocate for other small businesses in our community.*

FOR MORE INFORMATIONS ABOUT GARY SINGH, PLEASE VISIT HIS WEBSITE:
Gary-SinghForCityCouncil.com





**On November 3, Remember to VOTE for**
**Gary Singh for Union City, City Council!**



# CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ





ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

### ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

**Call, Banga (916) 427-4321, Fax (916) 258-0441**
Email : sacramento99@yahoo.co, website: capitalservices.us



# Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....





**Now we have two locations :**

**940, E. El Camino Real, Sunnyvale, CA 94087**
**Office : (408) 737-7100 Fax: (408) 737-7102**

**39039 Paseo Padre Pkwy Suite #209 (upstairs) Fremont CA 94538**

**www.homeopathicvibes.com**

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*

# 1947 ਦੀ ਵੰਡ ਵੇਲੇ ਝੁੱਲੀ ਫ਼ਿਰਕੂ ਹਨੇਰੀ ਦਸ ਲੱਖ ਬੇਗੁਨਾਹ ਪੰਜਾਬੀਆਂ ਦੀ ਕਤਲਗਾਹ

ਇਤਿਹਾਸਕ ਦੁਖਾਂਤ

**- ਦੀਪ ਦੇਵਿੰਦਰ ਸਿੰਘ**

ਜਦੋਂ ੩ ਜੂਨ ੧੯੪੭ ਨੂੰ ਸਦੀਆਂ ਤੋਂ ਵੱਸਦੇ ਤੇ ਕੁਦਰਤ ਵੱਲੋਂ ਇੱਕ ਬਣਾਏ ਦੇਸ਼ ਨੂੰ ਗੈਰ ਕੁਦਰਤੀ ਢੰਗ ਨਾਲ ਵੰਡਣ ਦਾ ਐਲਾਨ ਹੋਇਆ ਹੋਵੇਗਾ ਤਾਂ ਇਸ ਸਾਂਝੀ ਰਹਿਤਲ ’ਤੇ ਵੱਸਦੇ, ਜੀਨ-ਥੀਨ ਦੀਆਂ ਲੋੜਾਂ-ਥੁੜਾਂ ਤਲਾਸ਼ਦੇ, ਇੱਕੋ ਪਰਿਵਾਰ ਵਰਗੇ ਜੀਆਂ ਨੇ ਕਦੀ ਸੋਚਿਆ ਹੋਵੇਗਾ ਕਿ ਇਸ ਧਰਤੀ ਦੀ ਹਿੱਕ ’ਤੇ ਖਿੱਚੀ ਵੰਡ ਦੀ ਲਕੀਰ ਕਈ ਪੀੜੀਆਂ ਤੋਂ ਇਕੱਠੇ ਵੱਸਦੇ-ਰਸਦੇ ਲੋਕਾਂ ਵਿੱਚ ਇੰਨੀਆਂ ਦੂਰੀਆਂ ਮਿੱਥ ਦੇਵੇਗੀ ਕਿ ਲੋਕ ਆਪਣੀ ਜਨਮ ਭੋਏਂ ਵੇਖਣ ਨੂੰ ਤਰਸਦੇ ਮਰ ਜਾਣਗੇ।

ਮੈਂ ਜਦੋਂ ਵੀ ਇਸ ਵਿਸ਼ੇ ਬਾਰੇ ਸੋਚਦਾ ਹਾਂ ਤਾਂ ਮੇਰੀ ਦਾਦੀ ਦੀ ਧੁੰਦਲੀ ਜਿਹੀ ਤਸਵੀਰ ਮੇਰੇ ਜ਼ਿਹਨ ਵਿੱਚ ਹਮੇਸ਼ਾ ਉੱਭਰਦੀ ਹੈ। ਉਸ ਨੂੰ ਜਦ ਕਦੀ ਅਸੀਂ ਪੁੱਛ ਬਹਿਣਾ ਕਿ ਮਾਂ, ਕੋਈ ਵੱਡੇ ਰੌਲ਼ਿਆਂ ਦੀ ਗੱਲ ਸੁਣਾ ਤਾਂ ਉਸਦਾ ਚਿਹਰਾ ਪਹਿਲਾਂ ਨਾਲੋਂ ਗੰਭੀਰ ਹੋ ਜਾਂਦਾ ਤੇ ਉਹ ਕਹਿੰਦੀ, ‘ਪੁੱਤ ਉਹ ਰਾਤ ਆਮ ਰਾਤਾਂ ਨਾਲੋਂ ਬਹੁਤੀ ਕਾਲੀ ਤੇ ਡਰਾਉਣੀ ਸੀ। ਇਹੋ ਜਿਹੀ ਇੱਕ ਰਾਤ ਨੂੰ ਸਾਡੀ ਗਵਾਂਢਣ ਤਾਬੋ ਤੇਲਣ ਮੇਰੇ ਕੰਨ ਲਾਗੇ ਮੂੰਹ ਕਰਕੇ ਹੌਲੀ ਜਿਹੀ ਕਹਿਣ ਲੱਗੀ, ਭੈਣ ਬੰਸ ਕੌਰੇ, ਰੌਲਾ ਤਾਂ ਦਿਨੋਂ ਦਿਨ ਵਧਦਾ ਹੀ ਜਾਂਦਾ।

ਹੁਣ ਤਾਂ ਘਰ ਦੀਆਂ ਕੰਧਾਂ ਵੀ ਵੱਢ ਖਾਣ ਨੂੰ ਆਉਂਦੀਆਂ। ਕੋਠੇ ਜਿੱਡੀਆਂ ਧੀਆਂ ਨੇ ਘਰ। ਕੋਈ ਹੇਠਲੀ ਉਤਲੀ ਹੋ ਗਈ, ਕਿੱਥੇ ਮੂੰਹ ਦੇਵਾਂਗੇ ? ਫੱਜੇ ਦਾ ਪਿਉ ਕਹਿੰਦਾ, ਲਾਗਲੇ ਪਿੰਡ ਰਿਸ਼ਤੇਦਾਰਾਂ ਦੇ ਟੱਬਰ ਇਕੱਠੇ ਹੋਏ ਨੇ। ਅਸੀਂ ਤਾਂ ਬੂਹੇ ਖੁੱਲੇ ਛੱਡ ਤੁਰਨ ਲੱਗੇ ਈ ਭੈਣ ਮੇਰੀਏ। ਤੂੰ ਜ਼ਰਾ ਵੇਲੇ ਕੁਵੇਲੇ ਘਰ ਵੱਲ ਝਾਤੀ ਮਾਰ ਲਿਆ ਕਰੀਂ। ਵਿਹੜੇ ਵਿੱਚ ਬੱਝੀ ਵਹਿੜ ਨੂੰ ਧੁੱਪੇ ਛਾਵੇਂ ਕਰਵਾ ਦਿਆਂ ਕਰੀਂ। ਪੁੰਨ ਹੋਵੇਗਾ ਤੇਰਾ। ਥੋੜਾ ਰੌਲਾ ਗੌਲਾ ਠੰਢਾ ਹੋਊ ਤਾਂ ਜ਼ਰੂਰ ਮੁੜਾਂਗੇ। ਜਿਉਂਦੇ ਜੀਅ ਕਿਤੇ ਘਰ ਛੱਡੇ ਜਾਂਦੇ ਨੇ ?”

ਫਿਰ ਸਾਡੀ ਦਾਦੀ ਸਾਡੀ ਚਿਹਰਿਆਂ ਵੱਲ ਵੇਖਦੀ ਤੇ ਉਦਾਸ ਸੁਰ ਵਿੱਚ ਬੋਲਦੀ, “ਪੁੱਤ ਕਈ ਹਨੇਰੀਆਂ ਝੱਖੜ ਨਿਕਲ ਗਏ। ਕਈ ਰੁੱਤਾਂ ਆਈਆਂ ਤੇ ਕਈ ਬਦਲੀਆਂ। ਪਰ ਉਹ ਲੋਕ, ਜਿਹੜੇ ਆਪਣੇ ਘਰਾਂ ਨੂੰ ਖੁੱਲੇ ਛੱਡ ਤੁਰ ਗਏ ਸਨ, ਉਹ ਨਾ ਮੁੜੇ। ਪਤਾ ਨਹੀਂ ਕਿੰਨੇ ਉਨਾਂ ਵਿੱਚੋਂ ਮਰ ਖੱਪ ਗਏ। ”

ਪੀਰਾਂ ਫ਼ਕੀਰਾਂ ਦੀ ਧਰਤੀ ਨੂੰ ਕਿਹਾ ਸਰਾਪ ਸੀ ਇਹ ਜੋ ਇਸ ਭੋਗਿਆ। ਸਦੀਆਂ ਤੋਂ ਅੰਗ-ਸੰਗ ਵੱਸਦੇ ਲੋਕ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਕਿਵੇਂ ਹੋ ਗਏ ? ਚੜਦੀ ਸਵੇਰ ਹੀ ਇਨਾਂ ਨੂੰ ਕੀ ਹੋ ਗਿਆ ਸੀ ? ਇਹ ਤਾਂ ਸਦੀਆਂ ਤੋਂ ਸਾਂਝੇ ਸਭਿਆਚਾਰ ਵਿੱਚ ਜੀਵੇ ਸਨ। ਇਨਾਂ ਬਾਬੇ ਨਾਨਕ, ਬੁੱਲੇ ਸ਼ਾਹ ਤੇ ਸ਼ੇਖ਼ ਫ਼ਰੀਦ ਸਾਹਿਬ ਨੂੰ ਸਾਂਝੇ ਸਿੱਜਦੇ ਕੀਤੇ ਸਨ। ਇਨਾਂ ਵਰਿਆਂ ਦੇ ਵਰੇ ਰਲ ਕੇ ਤ੍ਰਿੰਜਣ ਲਾਏ, ਤੀਆਂ ਸਜਾਈਆਂ ਤੇ ਮੇਲੇ ਲਾਏ ਸਨ। ਸਵੇਰ ਹੁੰਦਿਆਂ ਕਿਹੜੀ ਕੁਲਿਹਣੀ ਰੁੱਤ ਵਿਹੜੇ ਆਣ ਉੱਤਰੀ ਸੀ, ਭਰਾ-ਭਰਾ ਦੇ ਖ਼ੂਨ ਦਾ ਪਿਆਸਾ ਹੋ ਗਿਆ। ਇਤਿਹਾਸ ਨੂੰ ਉਲਟਾ ਗੇੜ ਦੇਣ ਨਿਕਲ ਤੁਰੇ ਲੋਕ।

ਇਹ ਸਾਰੇ ਕਿਰਦਾਰ ਹਾਲੇ ਵੀ ਇੱਥੇ ਨੇ, ਸਾਡੇ ਅੰਗ-ਸੰਗ। ਉਹ ਵੀ ਇੱਥੇ ਨੇ ਜਿਨਾਂ ਲੋਕਾਂ ਨੂੰ ਬਚਾਉਣ ਵਿੱਚ ਮਦਦ ਕੀਤੀ। ਹਜ਼ਾਰਾਂ ਉਹ ਬਜ਼ੁਰਗ ਜਿਨਾਂ ਇਤਿਹਾਸ ਦਾ ਪਹੀਆ ਗਿੜਦਾ ਅੱਖੀਂ ਵੇਖਿਆ। ਧਰਤੀ ਦੀ ਹਿੱਕ ਚੀਰ ਕੇ ਖਿੱਚੀ ਜਾਂਦੀ ਲਕੀਰ ਵੇਖੀ। ਕਾਫ਼ਲਿਆਂ ਨੂੰ ਆਉਂਦੇ




ਜਾਂਦੇ ਤੇ ਲੁੱਟੇ ਜਾਂਦੇ ਵੇਖਿਆ। ਰੇਲ ਗੱਡੀਆਂ ਲੋਥਾਂ ਨਾਲ ਭਰੀਆਂ ਵੇਖੀਆਂ। ਕੀ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਜਿਹੇ ਅਜ਼ਾਦੀ ਪਰਵਾਨਿਆਂ ਦਾ ਸੁਪਨਾ ਅਜਿਹੀ ਅਜ਼ਾਦੀ ਦਾ ਹੋਵੇਗਾ। ਲੋਕਾਂ ਦਾ ਤਾਂ ਸੁਪਨਾ ਸੀ ਦੇਸ਼ ਅਜ਼ਾਦ ਹੋਵੇਗਾ। ਮੁਲਕ ਦੀ ਤਕਦੀਰ ਰਾਤੋਂ ਰਾਤ ਬਦਲ ਜਾਏਗੀ। ਪਰ ਇਹ ਤਾਂ ਕਿਸੇ ਦੇ ਚਿੱਤ ਖ਼ਿਆਲ ਵਿੱਚ ਵੀ ਨਹੀਂ ਹੋਣਾ ਕਿ ਅਜ਼ਾਦੀ ਲਾੜੀ ਦਾ ਸਾਲੂ ਨਿਰਦੋਸ਼ ਲੋਕਾਂ ਦੇ ਲਹੂ ਵਿੱਚ ਰੰਗਿਆ ਉਨਾਂ ਦੇ ਸਾਹਮਣੇ ਆਵੇਗਾ। ਪੰਜਾਂ ਦਰਿਆਵਾਂ ਦੀ ਧਰਤੀ ਦਾ ਸੀਨਾ ਚੀਰ ਕੇ ਇਸਦਾ ਆਗਮਨ ਹੋਵੇਗਾ। ਇਹਅਜ਼ਾਦੀਪੰਜਾਬਦੀਆਂਧੀਆਂਦਾਮੁੱਲਤਾਰਕੇਆਵੇਗੀ। ੧੯੪੭ ਦੀ ਵੰਡ ਵੇਲੇ ਝੁੱਲੀ ਫ਼ਿਰਕੂ ਹਨੇਰੀ ਸਮੇਂ ਹੋਏ ਕਤਲੇਆਮ ਵਿੱਚ ਮਰੇ ਪੰਜਾਬੀਆਂ ਦੀ ਗਿਣਤੀ ਦਸ ਲੱਖ ਦੱਸਦੇ ਹਨ, ਜਿਹੜੇ ਇੱਧਰ ਵੀ ਮਰੇ ਤੇ ਉੱਧਰ ਵੀ। ਇਸ ਮੌਕੇ ਜਿਹੜੀਆਂ ਔਰਤਾਂ ਨੂੰ ਉਧਾਲਿਆ ਗਿਆ, ਉਨਾਂ ਦੀ ਗਿਣਤੀ ਤੀਹ ਹਜ਼ਾਰ ਤਿੰਨ ਸੌ ਪੈਂਤੀ ਦੇ ਕਰੀਬ ਹੈ। ਇਨਾਂ ਵਿੱਚੋਂ ਬਹੁਤੀਆਂ ਮੁਸਲਮਾਨ ਔਰਤਾਂ ਤਾਂ ਉਧਾਲੇ ਤੋਂ ਬਾਅਦ ਪਾਕਿਸਤਾਨ ਚਲੀਆਂ ਗਈਆਂ।

ਪ੍ਰੰਤੂ ਚੜਦੇ ਪੰਜਾਬ ਦੀਆਂ ਔਰਤਾਂ ਮੁੜ ਨਾ ਕਬੂਲੇ ਜਾਣ ਦੇ ਡਰੋਂ ਉਹ ਚਾਹੁੰਦੀਆਂ ਹੋਈਆਂ ਵੀ ਵਾਪਸ ਨਾ ਆ ਸਕੀਆਂ। ਭਾਰਤ ਵਿੱਚੋਂ ਪਾਕਿਸਤਾਨ ਜਾਣ ਵਾਲੀਆਂ ਔਰਤਾਂ ਨੂੰ ਅੱਠ ਸੌ ਸੱਠ ਬੱਚੇ ਪਿੱਛੇ ਛੱਡ ਕੇ ਜਾਣੇ ਪਏ, ਜੋ ਉਮਰ ਭਰ ਲਈ ਮਾਂ ਮਹਿੱਟਰ ਬਣ ਗਏ। ਉਜਾੜੇ ਦਾ ਸ਼ਿਕਾਰ ਹੋਣ ਵਾਲੇ ਚੜਦੇ ਪੰਜਾਬ ਦੇ ਲੋਕ ਬਤਾਲੀ ਲੱਖ ਤਰਿਆਨਵੇਂ ਹਜ਼ਾਰ ਅੱਠ ਸੌ ਛਿਆਨਵੇਂ ਸਨ। ਲਹਿੰਦੇ ਪੰਜਾਬ ਵਿੱਚੋਂ ਉੱਜੜਨ ਵਾਲੇ ਲੋਕ ਸੈਂਤੀ ਲੱਖ ਪਚਾਨਵੇਂ ਹਜ਼ਾਰ ਤਿੰਨ ਸੌ ਛਿਆਨਵੇਂ ਸਨ। ਸਮੁੱਚੇ ਪੰਜਾਬੀ ਜੋ ਇਸ ਉਜਾੜੇ ਦਾ ਸ਼ਿਕਾਰ ਹੋਏ ਉਨਾਂ ਦੀ ਗਿਣਤੀ ਉਣਾਸੀ ਲੱਖ ਪਚਾਨਵੇਂ ਹਜ਼ਾਰ ਦੋ ਸੌ ਬਾਨਵੇਂ ਬਣਦੀ ਹੈ। ਅਗਸਤ ਤੋਂ ਸ਼ੁਰੂ ਹੋਏ ਇਸ ਕਤਲੇਆਮ ਨੇ ਦੋਨੋਂ ਪਾਸਿਉਂ ਦਸ ਲੱਖ ਪੰਜਾਬੀਆਂ ਨੂੰ ਮਾਰਚ ਤਕ ਨਿਗਲ ਲਿਆ ਸੀ। ਅਰਬਾਂ ਖਰਬਾਂ ਦੀ ਜਾਇਦਾਦ ਲੁੱਟੀ ਪੁੱਟੀ ਗਈ।

ਇਸ ਅਣਮਨੁੱਖੀ ਵਰਤਾਰੇ ਦਾ ਅਸਰ ਲੋਕ ਮਨਾਂ ਵਿੱਚ ਅਜੇ ਵੀ ਜਿਉਂ ਦਾ ਤਿਉਂ ਹੈ। ਮੈਂ ਆਪਣੇ ਜਾਣਕਾਰਾਂ ਵਿੱਚੋਂ ਇੱਕ ਅਧਖੜ ਉਮਰ ਦੇ ਐਸੇ ਵਿਅਕਤੀ ਨੂੰ ਜਾਣਦਾ ਹਾਂ ਜਿਹੜਾ ਇਹਨਾਂ ਦਿਨਾਂ ਵਿੱਚ ਕਿਸੇ ਨਾਲ ਬਹੁਤਾ ਬੋਲਦਾ-ਚਾਲਦਾ ਨਹੀਂ, ਗੁੰਮ ਸੁੰਮ ਬੈਠਾ ਦੇਖਦਾ ਰਹਿੰਦਾ ਇੱਧਰ-ਉੱਧਰ। ਉਹ ਆਪ ਦੱਸਦਾ ਹੈ ਕਿ ਉੱਧਰਲੇ ਪੰਜਾਬ ਤੋਂ ਘਰੋਂ ਨਿਕਲਦੇ ਉਹਦੇ ਪਿਉ ਨੂੰ ਫ਼ਸਾਦੀਆਂ ਵੱਢ ਦਿੱਤਾ ਸੀ। ਮਾਂ ਉਹਦੀ ਨੇ ਲੁਕਦੇ-ਛਿਪਦੇ ਕਾਫ਼ਲੇ ਦੇ ਨਾਲ ਆਉਂਦਿਆਂ ਸੰਘਣੇ ਸਰਕੰਡਿਆਂ ਓਹਲੇ ਦਰਿਆ ਦੇ ਬਰੇਤੇ ਵਿੱਚ ਉਸ ਨੂੰ ਜਨਮ ਦਿੱਤਾ ਸੀ। ਆਪਣੇ ਘਰ ਸੁਖ ਸ਼ਾਂਤੀ ਨਾਲ ਵੱਸਦੀ ਉਹ ਸਵਾਣੀ ਨੇ ਪਤੀ ਦੀ ਮੌਤ ਦਾ ਸੱਲ ਝੱਲ ਕੇ ਤੇ ਫੋਹਾ ਭਰ ਜੁਆਕ ਨੂੰ ਕੁੱਛੜ ਚੁੱਕ ਕੇ ਕੀਤੇ ਸਫ਼ਰ ਵਿੱਚ ਜਿਨਾਂ ਦੁਸ਼ਵਾਰੀਆਂ ਵਿੱਚੋਂ ਗੁਜ਼ਰੀ ਹੋਵੇਗੀ ਉਹਦਾ ਕਿਆਸ ਕਰਨਾ ਵੀ ਮੁਸ਼ਕਲ ਹੈ। ਅਨੇਕਾਂ ਅਜਿਹੀਆਂ ਮਿਸਾਲਾਂ ਸਾਡੇ ਆਪਣਿਆਂ ਦੀਆਂ ਸਾਨੂੰ ਮਿਲ ਜਾਣਗੀਆਂ।ਲਗਭਗ ਪੌਣੀ ਸਦੀ ਹੋ ਗਈ ਹੈ ਇਸ ਘੱਲੂਘਾਰੇ ਨੂੰ। ਉਜਾੜੇ ਦੀ ਭੇਟ ਚੜੇ ਦਸ ਲੱਖ ਪੰਜਾਬੀਆਂ ਦੀ ਯਾਦ ਵਿੱਚ ਕਿਸੇ ਨੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਸਮਾਗਮ ਰਚਾ ਕੇ ਉਨਾਂ ਨੂੰ ਯਾਦ ਨਹੀਂ ਕੀਤਾ। ਹੋਰ ਤਾਂ ਹੋਰ ਦੋਨਾਂ ਮੁਲਕਾਂ ਦੀਆਂ ਸਰਕਾਰਾਂ ਨੇ ਇੱਕ ਵਾਰੀ ਵੀ ਪਾਰਲੀਮੈਂਟ ਦੇ ਅੰਦਰ ਜਾਂ ਬਾਹਰ ਇੱਡੀ ਵੱਡੀ ਪੱਧਰ ’ਤੇ ਹੋਏ ਮਨੁੱਖਤਾ ਦੇ ਘਾਣ ’ਤੇ ਇੱਕ ਵੀ ਸ਼ਬਦ ਨਹੀਂ ਬੋਲਿਆ, ਯਾਦਗਾਰ ਬਣਾਉਣਾ ਤਾਂ ਦੂਰ ਦੀ ਗੱਲ ਸੀ। ਸੰਸਾਰ ਦੇ ਹੋਰ ਦੇਸ਼ਾਂ ਵਿੱਚ ਹੋਏ ਵੱਡੇ ਕਤਲੇਆਮ ਜਾਂ ਜੰਗ ਵਿੱਚ ਮਾਰੇ ਗਏ ਫ਼ੌਜੀਆਂ ਜਾਂ ਲੋਕਾਂ ਦੀ ਯਾਦ ਵਿੱਚ ‘ਅਣਪਛਾਤੇ ਸਿਪਾਹੀ’ ਦੇ ਨਾਮ ’ਤੇ ਯਾਦਗਾਰਾਂ ਬਣੀਆਂ ਹੋਈਆਂ ਹਨ। ਲੋਕ ਆਪਣੇ ਅਜ਼ਾਦੀ ਦਿਵਸ ਜਾਂ ਕੌਮੀ ਤਿਉਹਾਰਾਂ ’ਤੇ ਉੱਥੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਕਈ ਮੁਲਕਾਂ ਵਿੱਚ ਤਾਂ ਨਵ ਵਿਆਹੇ ਜੋੜੇ ਇਨਾਂ ਯਾਦਗਾਰਾਂ ’ਤੇ ਜਾ ਕੇ ਜ਼ਿੰਦਗੀ ਦੇ ਸਫ਼ਰ ’ਤੇ ਚੱਲਣ ਦੀ ਸਹੁੰ ਖਾਂਦੇ ਹਨ। ਕਈ ਮੁਲਕਾਂ ਵਿੱਚ ਦੂਜੇ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਜਾਂ ਰਾਸ਼ਟਰਪਤੀਆਂ ਨੂੰ ਪਹਿਲਾਂ ਇਨਾਂ ਸਿਪਾਹੀਆਂ ਦੀਆਂ ਯਾਦਗਾਰਾਂ ’ਤੇ ਫੁੱਲ ਚੜਾਉਣੇ ਪੈਂਦੇ ਹਨ। ਪ੍ਰੰਤੂ ਜੰਗਾਂ, ਯੁੱਧਾਂ, ਤਬਾਹੀਆਂ ਦਾ ਅਹਿਸਾਸ ਰੱਖਣ ਵਾਲੇ ਪੰਜਾਬੀਆਂ ਨੇ ਇਨਾਂ ਨੂੰ ਦੋਹਾਂ ਪੰਜਾਬਾਂ ਵਿੱਚ ਹੀ ਅਣਗੌਲੇ ਕਰ ਦਿੱਤਾ ਹੈ। ਨਵੰਬਰ ੧੯੯੩ ਨੂੰ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਵੀ ਰਵੀ ਪਾਸ਼ ਚੇਤਨਾ ਕਾਰਵਾਂ ਦੇ ਨਾਂ ਹੇਠ ਪੰਜਾਬ ਵਿਆਪੀ ਕਾਫ਼ਲਾ ਚਲਾਇਆ ਸੀ। ਇਸਦੇ ਸ਼ੁਰੂਆਤੀ ਪੜਾਅ ਵੇਲੇ ਇੱਕ ਵਿਸ਼ਾਲ ਕਵੀ ਦਰਬਾਰ ਵਾਹਗੇ ਦੀ ਸਰਹੱਦ ’ਤੇ ਆਯੋਜਿਤ ਕੀਤਾ ਸੀ। ਦੋਹਾਂ ਮੁਲਕਾਂ ਵਿੱਚ ਸਾਂਝਾ ਦਾ ਪੁਲ ਉਸਾਰਨ ਦਾ ਇਹ ਆਗਾਜ਼ ਸੀ।ਵਾਹਗੇ ਦੀ ਉਸੇ ਸਰਹੱਦ ’ਤੇ ਉਨਾਂ ਗੁਮਨਾਮ ਸ਼ਹੀਦਾਂ ਦੀ ਯਾਦ ਵਿੱਚ ਅਮਨ ਪਸੰਦ ਸੰਸਥਾਵਾਂ ਵੱਲੋਂ ਸਮਾਰਕ ਉਸਾਰਿਆ ਗਿਆ ਹੈ,ਜੋ ਹਰ ਆਉਂਦੇ ਜਾਂਦੇ ਨੂੰ ਚੇਤੇ ਕਰਵਾਉਂਦਾ ਹੈ ਕਿ ਇੱਥੇ ਉਨਾਂ ਸਾਡੇ ਆਪਣਿਆਂ ਪੰਜਾਬੀ ਵੀਰਾਂ ਦਾ ਮੁਕੱਦਸ ਲਹੂ ਡੁੱਲਿਆ, ਇਸੇ ਰਾਹੇ ਸਾਡੀਆਂ ਧੀਆਂ-ਭੈਣਾਂ ਦੀਆਂ ਅਸਮਤਾ ਦਾਅ ’ਤੇ ਲੱਗੀਆਂ ਇਹ ਰਾਹ ਬੇਗੁਨਾਹਾਂ ਦੇ ਹੌਕਿਆਂ ਨਾਲ ਪਰੁੱਚਾ ਪਿਆ ਏ। ਇਹ ਦਸ ਲੱਖ ਬੇਗੁਨਾਹ ਪੰਜਾਬੀਆਂ ਦੀ ਕਤਲਗਾਹ ਹੈ।

ਇਸ ਯਾਦਗਾਰ ਦੇ ਉੱਪਰ ਦੋ ਹੱਥ ਬਣਾ ਕੇ ਲਗਾਏ ਹਨ, ਜੋ ਦੋਸਤੀ ਦਾ ਪ੍ਰਤੀਕ ਹਨ। ਇਨਾਂ ਹੱਥਾਂ ਵਿੱਚੋਂ ਨਿਕਲਦੀ ਨਿੱਬ ਪੁਰਾਣੇ ਜ਼ਖ਼ਮਾਂ ਨੂੰ ਭੁੱਲਕੇ ਮਿੱਤਰਤਾ ਦਾ ਨਵਾਂ ਇਤਿਹਾਸ ਲਿਖਣ ਦੀ ਪ੍ਰੇਰਨਾ ਦਿੰਦੀ ਹੈ। ਸਮਾਰਕ ਦੇ ਇੱਕ ਪਾਸੇ ਲੱਗੇ ਪੱਥਰ ਉੱਤੇ ਪਾਕਿਸਤਾਨ ਵਾਲੇ ਪਾਸੇ ਅੰਮ੍ਰਿਤਾ ਪ੍ਰੀਤਮ ਦੀ ਵਾਰਿਸ ਸ਼ਾਹ ਨੂੰ ਮਾਰੀ ਅਵਾਜ਼ ‘ਅੱਜ ਆਖਾਂ ਵਾਰਿਸ ਸ਼ਾਹ ਨੂੰ’ ਨਜ਼ਮ ਅੰਕਿਤ ਹੈ। ਭਾਰਤ ਵਾਲੇ ਪਾਸੇ ਫੈਜ ਅਹਿਮਦ ਫੈਜ ਦੀ ਨਜ਼ਮ ‘ਹਮ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ’ ਦਰਜ ਹੈ। ਬੱਸ ਇੱਕ ਕੰਮ ਤੋਂ ਰੁਕਣ ਦਾ ਬੁਲੰਦ ਹੋਕਾ ਏ ਭਾਈ, ਕੋਈ ਸੰਤਾਲੀ ਨਾ ਵਾਪਰੇ, ਕੋਈ ਚੁਰਾਸੀ ਨਾ ਹੋਵੇ, ਕੋਈ ਗੋਧਰੇ ਵਰਗਾ ਕਾਂਡ ਨਾ ਦੁਹਰਾਇਆ ਜਾਏ। ਕੁਝ ਵੀ ਅਣਸੁਖਾਵਾਂ ਨਾ ਵਾਪਰੇ। ਜਿੱਥੇ ਕਿਤੇ ਵੀ ਮਨੁੱਖੀ ਜੀਵਨ ਧੜਕਦਾ ਹੈ, ਉਹਨੂੰ ਤੱਤੀ ਵਾਅ ਨਾ ਲੱਗੇ।

---

# ਪੰਜਾਬ ਵਿਚ ਅਪਰਾਧ ਰੋਕਣ ਲਈ ਪੁਲਿਸ ਤੰਤਰ ਲੋਕਾਂ ਪ੍ਰਤੀ ਸੁਹਿਰਦ ਹੋਵੇ

ਮਨੁੱਖੀ ਅਧਿਕਾਰ

**- ਮੋਹਨ ਸ਼ਰਮਾ**

ਅਨੇਕਾਂ ਹੀ ਉਦਾਹਰਨਾਂ ਸਾਡੇ ਸਾਹਮਣੇ ਹਨ ਜਿੱਥੇ ਅਪਰਾਧੀ, ਪੁਲਿਸ ਅਤੇ ਸਿਆਸਤ ਦੀ ਮਿਲੀਭੁਗਤ ਸਾਹਮਣੇ ਆਉਂਦੀ ਹੈ। ਸਿਆਸਤਦਾਨਾਂ ਦੀ ਸਰਪ੍ਰਸਤੀ ਅਤੇ ਪੁਸ਼ਤਪਨਾਹੀ ਕਾਰਨ ਅਪਰਾਧੀ ਦਨਦਨਾਉਂਦੇ ਫਿਰਦੇ ਹਨ। ਜੇਕਰ ਕੋਈ ਅਪਰਾਧੀ ਦੇ ਵਿਰੁੱਧ ਥਾਣੇ ਵਿਚ ਰਿਪੋਰਟ ਦਰਜ ਕਰਵਾਉਣ ਜਾਂਦਾ ਹੈ ਤਾਂ ਕੁਝ ਮਾਮਲਿਆਂ ਵਿਚ ਉਹਨੂੰ ਬੁਰੀ ਤਰਾਂ ਜ਼ਲੀਲ ਹੋਣਾ ਪੈਂਦਾ ਹੈ। ਪਹਿਲਾਂ ਤਾਂ ਥਾਣੇ ਵਿਚ ਰਿਪੋਰਟ ਲਿਖਵਾਉਣ ਲਈ ਖੱਜਲ ਖ਼ੁਆਰੀ। ਪੁਲਿਸ ਵੱਲੋਂ ਰੋਹਬ ਨਾਲ ਜੇਬ ਖ਼ਾਲੀ ਕਰਵਾਉਣ ਦੀਆਂ ਕੋਝੀਆਂ ਹਰਕਤਾਂ। ਸਿਆਸੀ ਵਿਅਕਤੀ ਵੱਲੋਂ ਅਪਰਾਧੀ ਦਾ ਪੱਖ ਪੂਰਨ ਲਈ ਅਤੇ ਉਸ ਦੀ ‘ਆਪਣਾ ਬੰਦਾ’ ਵਜੋਂ ਜਾਣ-ਪਹਿਚਾਣ ਕਰਕੇ ਢੁਕਵੀਂ ਮਦਦ ਕਰਨ ਦਾ ਆਦੇਸ਼ ਵੀ ਪੁਲਿਸ ਵਾਲਿਆਂ ਨੂੰ ਮਿਲ ਜਾਂਦਾ ਹੈ। ਉਧਰੋਂ ਖੱਜਲ ਖ਼ੁਆਰ ਹੋ ਕੇ ਜਦੋਂ ਉਹ ਬਾਹਰ ਨਿਕਲਦਾ ਹੈ ਤਾਂ ਅਪਰਾਧੀ ਦਾ ਖਚਰਾ ਹਾਸਾ ਉਸ ਦਾ ਮਜ਼ਾਕ ਉਡਾਉਂਦਾ ਹੈ। ਕਈ ਵਾਰ ਤਾਂ ਥਾਣੇ ਵਿਚ ਹੀ ਪੁਲਿਸ ਦੇ ਸਾਹਮਣੇ ਉਸ ਨਾਲ ਧੌਲ਼-ਧੱਫਾ ਕਰ ਦਿੱਤਾ ਜਾਂਦਾ ਹੈ। ਜਿਹੜਾ ਪੁਲਿਸ ਅਧਿਕਾਰੀ ਜਾਂ ਕਰਮਚਾਰੀ ਸਿਆਸੀ ਵਿਅਕਤੀਆਂ ਨੂੰ ਕਾਨੂੰਨ ਦਾ ਵਾਸਤਾ ਪਾ ਕੇ ਸਹੀ ਤਰਾਂ ਡਿਊਟੀ ਕਰਦਿਆਂ ਉਨਾਂ ਦਾ ‘ਰੱਬੀ ਹੁਕਮ’ ਨਹੀਂ ਮੰਨਦਾ, ਉਸ ਨੂੰ ਪਹਿਲਾਂ ਤਾਂ ਧਮਕੀਆਂ ਦੇ ਕੇ ‘ਤੂੰ ਮੈਨੂੰ ਜਾਣਦਾ ਨਹੀਂ। ਆਪਣਾ ਬੋਰੀਆ ਬਿਸਤਰਾ ਸਾਂਭ ਲੈ। ਤੂੰ ਸਾਡੀ ਬੁੱਕਤ ਨਹੀਂ ਜਾਣਦਾ। ਅਸੀਂ ਵੱਡੇ ਵੱਡੇ ਸਿੱਧੇ ਕਰ ਦਿੱਤੇ ਆਦਿ ਜਿਹੇ ਸ਼ਬਦ-ਬਾਣ ਛੱਡ ਕੇ ਉਸ ਨੂੰ ਧਮਕਾਇਆ ਜਾਂਦਾ ਹੈ। ਜੇ ਤਾਂ ਪੁਲਿਸ ਨੇ ‘ਮਾਈ ਬਾਪ’ ਕਹਿ ਕੇ ਮਾਫ਼ੀ ਮੰਗ ਲਈ ਤਾਂ ਉਸ ਨੂੰ ਅੱਗੇ ਤੋਂ ‘ਬੰਦਾ ਬਣਨ’ ਦੀ ਤਾੜਨਾ ਕਰਕੇ ‘ਬਖ਼ਸ਼’ ਦਿੱਤਾ ਜਾਂਦਾ ਹੈ, ਨਹੀਂ ਫਿਰ ਬਦਲੀ ਕਰਕੇ ਕੋਈ ਹੋਰ ‘ਆਪਣਾ ਬੰਦਾ’ ਫਿੱਟ ਕਰ ਦਿੱਤਾ ਜਾਂਦਾ ਹੈ। ਰਾਜ ਸੱਤਾ ਭੋਗ ਰਹੇ ਬਹੁਤ ਸਾਰੇ ਸਿਆਸੀ ਆਗੂਆਂ ਦੀਆਂ ‘ਲੋਕ ਹਿਤ’ ਵਿਚ ਦਿੱਤੀਆਂ ਧਮਕੀਆਂ ਜੱਗ ਜ਼ਾਹਿਰ ਹਨ। ਰਾਜਸੀ ਆਗੂਆਂ ਦੀ ਕੁੱਤੇ-ਖਾਣੀ ਅਤੇ ਬਦਲੀ ਦੇ ਡਰ ਕਾਰਨ ਪੁਲਿਸ ਵਾਲੇ ਸਮਾਜ ਪ੍ਰਤੀ ਨਹੀਂ ਸਗੋਂ ਸਿਰਫ਼ ਤੇ ਸਿਰਫ਼ ਸੱਤਾ ‘ਚ ਭਾਈਵਾਲ ਆਗੂਆਂ ਪ੍ਰਤੀ ਹੀ ਜਵਾਬਦੇਹ ਹੁੰਦੇ ਹਨ। ਇਸੇ ਕਾਰਨ ਪੀੜਤ ਵਿਅਕਤੀ ਪਹਿਲਾਂ ਰਾਜਸੀ ਵਿਅਕਤੀਆਂ ਦੀ ਸ਼ਰਨ ਵਿਚ ਜਾਂਦੇ ਹਨ। ਉਨਾਂ ਦਾ ਟੈਲੀਫ਼ੋਨ ਖੜਕਦਾ ਹੈ, ਫਿਰ ਉਹ ਸਿਆਸੀ ਵਿਅਕਤੀ ਦੀ ਭਾਸ਼ਾ ਅਨੁਸਾਰ ਕੰਮ ਦਾ ਨਿਪਟਾਰਾ ਕਰਦੇ ਹਨ। ਬਿਨਾਂ ਸ਼ੱਕ ਇਸ ਵੇਲੇ ਕੁੱਤੀ ਚੋਰਾਂ ਨਾਲ ਰਲੀ ਹੋਈ ਹੈ, ਦਰਬਾਨਾਂ ਦੀ ਅੱਖ ਚੋਰਾਂ ਨਾਲ ਮਿਲੀ ਹੋਈ ਹੈ, ਮਾਲੀਆਂ ਤੇ ‘ਜੰਗਲ ਵਾਲੀ ਸੋਚ’ ਭਾਰੂ ਹੈ। ਜ਼ਖ਼ਮ ‘ਤੇ ਮਲਮ ਵੀ ਲਾਈ ਜਾਂਦੀ ਹੈ, ਪਰ ਸੂਈ ਦੀ ਨੋਕ ‘ਤੇ ਅਤੇ ਦਰਬਾਨਾਂ ਦੀ ਅੱਖ ਚੋਰਾਂ ਨਾਲ ਮਿਲੀ ਹੋਈ ਹੈ। ਕੁਖ਼ਿਆਤ ਗੈਂਗਸਟਰ ਵਿਕਾਸ ਦੂਬੇ ਵਰਗੇ ਹੋਰ ਅਨੇਕਾਂ ਹੀ ਗੈਂਗਸਟਰ ਅਜਿਹੇ ਮਾਹੌਲ ਦੀ ਹੀ ਦੇਣ ਹਨ। ਅਜਿਹੀ ਸਥਿਤੀ ਬਿਮਾਰ ਸਿਆਸੀ ਰਾਜਤੰਤਰ ਦੇ ਨਾਲ-ਨਾਲ ਪੁਲਿਸ ਤੰਤਰ ਨੂੰ ਵੀ ਖੋਖਲਾ ਕਰਦੀ ਹੈ। ਅਜਿਹੇ ਵਰਤਾਰੇ ਵਿਚ ਤੰਦਰੁਸਤ ਅਤੇ ਖ਼ੁਸ਼ਹਾਲ ਸਮਾਜ ਦੀ ਆਸ ਰੱਖਣੀ ਰੇਤ ਵਿਚੋਂ ਤੇਲ ਕੱਢਣ ਵਾਂਗ ਹੈ। ਪੁਲਿਸ ਤੰਤਰ ਲੋਕਾਂ ਪ੍ਰਤੀ ਸੁਹਿਰਦ ਤਾਂ ਹੋਵੇਗਾ ਜੇ ਸਿਆਸੀ ਵਿਅਕਤੀ ਵੱਖ-ਵੱਖ ਤਰਾਂ ਦੇ ਪਨਪ ਰਹੇ ਮਾਫ਼ੀਆ ਗਰੋਹਾਂ ਦੀ ਸਰਪ੍ਰਸਤੀ ਕਬੂਲ ਨਹੀਂ ਕਰਨਗੇ। ਇਹ ਕਿੰਜ ਸੰਭਵ ਹੋ ਸਕਦਾ ਹੈ ? ਇਸ ਸਬੰਧੀ ਪਾਠਕਾਂ ਨਾਲ ਇਕ ਸੱਚੀ ਘਟਨਾ ਸਾਂਝੀ ਕਰ ਰਿਹਾ ਹਾਂ। ਇਹ ਗੱਲ ਸਾਲ ੧੯੭੯ ਦੀ ਹੈ। ਉੱਤਰ ਪ੍ਰਦੇਸ਼ ਦੇ ਇਕ ਥਾਣੇ ਵਿਚ ਮੈਲੇ ਜਿਹੇ ਕੱਪੜਿਆਂ ਵਿਚ ਇਕ ਬਜ਼ੁਰਗ ਦਾਖਲ ਹੋਇਆ। ਉਸ ਨੇ ਥਾਣੇਦਾਰ ਕੋਲ ਆਪਣਾ ਬਲਦ ਚੋਰੀ ਹੋਣ ਦੀ ਵਿਥਿਆ ਦੱਸ ਕੇ ਰਿਪੋਰਟ ਲਿਖਣ ਲਈ ਬੇਨਤੀ ਕੀਤੀ। ਥਾਣੇਦਾਰ ਨੇ ਉਸ ਬਜ਼ੁਰਗ ਨੂੰ ਮੁਨਸ਼ੀ ਵੱਲ ਭੇਜ ਦਿੱਤਾ। ਅਗਾਂਹ ਮੁਨਸ਼ੀ ਪੈਰਾਂ ‘ਤੇ ਪਾਣੀ ਨਾ ਪੈਣ ਦੇਵੇ। ਬਜ਼ੁਰਗ ਦੇ ਸਾਹਮਣੇ ਉਸ ਨੇ ਸਵਾਲਾਂ ਦੀ ਝੜੀ ਲਾ ਦਿੱਤੀ। ਬਜ਼ੁਰਗ ਵਿਚਾਰਾ ਇੰਜ ਖੜਾ ਸੀ ਜਿਵੇਂ ਉਹ ਆਪ ਮੁਜਰਮ ਹੋਵੇ। ਅਖੀਰ ਨੂੰ ਮੁਨਸ਼ੀ ਨੇ ਇਹ ਕਹਿ ਕੇ ਕਿ ਕੱਲ ਨੂੰ ਜਿਸ ਕੋਲੋਂ ਬਲਦ ਖ਼ਰੀਦਿਆ ਗਿਆ ਸੀ, ਉਸ ਨੂੰ ਵੀ ਨਾਲ ਲੈ ਕੇ ਆਵੀ। ਫਿਰ ਰਿਪੋਰਟ ਲਿਖਣ ਲਈ ‘ਵਿਚਾਰ’ ਕਰਾਂਗੇ। ਬਜ਼ੁਰਗ ਦੁਬਾਰਾ ਥਾਣੇਦਾਰ ਕੋਲ ਚਲਾ ਗਿਆ।

ਥਾਣੇਦਾਰ ਨੇ ਵੀ ਖਚਰੀ ਜਿਹੀ ਨਜ਼ਰ ਨਾਲ ਵਿੰਹਦਿਆਂ ਉਸ ਨੂੰ ਕਿਹਾ ਕਿ ਜਿਵੇਂ ਮੁਨਸ਼ੀ ਕਹਿੰਦਾ ਹੈ, ਉਸ ਤਰਾਂ ਹੀ ਕਰਨਾ ਪਵੇਗਾ। ਉਹ ਨਿਰਾਸ਼ ਜਿਹਾ ਹੋ ਕੇ ਵਾਪਸ ਪਰਤ ਆਇਆ। ਹਾਲਾਂ ਉਹ ਥਾਣੇ ਦੇ ਬਾਹਰਲੇ ਗੇਟ ਕੋਲ ਹੀ ਪੁੱਜਿਆ ਸੀ ਕਿ ਇਕ ਸਿਪਾਹੀ ਤੇਜ਼ ਰਫ਼ਤਾਰ ਨਾਲ ਉਹਦੇ ਕੋਲ ਆਇਆ ਅਤੇ ਕਿਹਾ, ‘ਤੇਰੀ ਰਿਪੋਰਟ ਹੁਣੇ ਲਿਖੀ ਜਾਊਗੀ। ਜੇਬ ਹੌਲੀ ਕਰ’। ਉਹ ਵਾਪਸ ਪਰਤ ਆਇਆ। ਮੁਨਸ਼ੀ ਦੀ ਮੰਗ ਅਨੁਸਾਰ ਸੌ ਰੁਪਿਆ ਰਿਸ਼ਵਤ ਵਜੋਂ ਦੇ ਦਿੱਤਾ। ਮੁਨਸ਼ੀ ਨੇ ਤੁਰੰਤ ਰੋਜ਼ਨਾਮਚੇ ਵਿਚ ਰਿਪੋਰਟ ਦਰਜ ਕਰ ਲਈ। ਜਦੋਂ ਉਸ ਬਜ਼ੁਰਗ ਵੱਲ ਅੰਗੂਠਾ ਲਾਉਣ ਲਈ ਪੈਡ ਉਹਦੇ ਵੱਲ ਕੀਤੀ ਤਾਂ ਉਸ ਨੇ ਕਿਹਾ ਕਿ ਮੈਂ ਹਸਤਾਖ਼ਰ ਕਰਾਂਗਾ। ਉਸ ਨੇ ਹਸਤਾਖ਼ਰ ਕਰਕੇ ਜੇਬ ਵਿਚੋਂ ਮੋਹਰ ਕੱਢੀ ਅਤੇ ਆਪਣੇ ਹਸਤਾਖ਼ਰ ਹੇਠਾਂ ‘ਪ੍ਰਾਈਮ ਮਨਿਸਟਰ ਆਫ਼ ਇੰਡੀਆ’ ਦੀ ਮੋਹਰ ਲਾ ਦਿੱਤੀ। ਉਹ ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਸਨ।

ਸਾਰੇ ਥਾਣੇ ਵਿਚ ਹੜਦੁੰਮ ਮੱਚ ਗਿਆ। ਪੁਲਿਸ ਅਧਿਕਾਰੀ ਅਤੇ ਜ਼ਿਲਾ ਕਲੈਕਟਰ ਮੌਕੇ ‘ਤੇ ਪਹੁੰਚ ਗਏ। ਥਾਣੇਦਾਰ ਸਮੇਤ ਪੰਜ ਕਰਮਚਾਰੀਆਂ ਨੂੰ ਮੁਅੱਤਲ ਕਰਕੇ ਉਸੇ ਥਾਣੇ ਦੀਆਂ ਸੀਖਾਂ ਅੰਦਰ ਬੰਦ ਕਰ ਦਿੱਤਾ। ਅਗਾਂਹ ਤੋਂ ਉੱਤਰ ਪ੍ਰਦੇਸ਼ ਦੇ ਹੋਰ ਵਿਭਾਗ ਦੇ ਕਰਮਚਾਰੀਆਂ ਨੂੰ ਵੀ ਕੰਨ ਹੋ ਗਏ। ਬਹੁਤ ਸਾਲਾਂ ਤੱਕ ਉੱਥੇ ਜੇ ਕੋਈ ਹੋਰ ਬਜ਼ੁਰਗ ਵੀ ਥਾਣੇ ਜਾਂ ਕਿਸੇ ਹੋਰ ਦਫ਼ਤਰ ਵਿਚ ਕੰਮ ਲਈ ਜਾਂਦਾ ਸੀ ਤਾਂ ਕਰਮਚਾਰੀਆਂ ਨੂੰ ਚੌਧਰੀ ਚਰਨ ਸਿੰਘ ਦਾ ਹੀ ਝਉਲਾ ਪੈਂਦਾ ਸੀ ਅਤੇ ਹੱਥੋਂ ਹੱਥੀਂ ਕੰਮ ਦਾ ਨਿਪਟਾਰਾ ਹੋ ਜਾਂਦਾ ਸੀ।

ਕੀ ਏ.ਸੀ. ਕਮਰਿਆਂ ਵਿਚ ਆਰਾਮ ਫ਼ਰਮਾ ਰਹੇ ਸਿਆਸੀ ਆਗੂ ਗੈਂਗਸਟਰਾਂ ਤੋਂ ਪਾਸਾ ਵੱਟ ਕੇ ਅਜਿਹੀ ਦਲੇਰਾਨਾ ਕਾਰਵਾਈ ਕਰਨਗੇ ਜਾਂ ਫਿਰ ਥਾਣਿਆਂ ਵਿਚ ਆਪਣੇ ਮਨਪਸੰਦ ਕਰਮਚਾਰੀਆਂ ਦੀ ਨਿਯੁਕਤੀ ਕਰਵਾ ਕੇ ਰਾਜਸੀ ਹਿਤਾਂ ਦੀ ਪੂਰਤੀ ਕਰਨਗੇ ? ਜੇਕਰ ਰਾਜਸੀ ਹਿਤ ਹੀ ਅੱਗੇ ਰੱਖੇ ਗਏ ਤਾਂ ਪ੍ਰਸ਼ਾਸਨਿਕ ਸੁਧਾਰਾਂ ਦੀ ਗੱਲ ਕਰਦਿਆਂ ਸਿਰ ‘ਤੇ ਹੋਏ ਜ਼ਖ਼ਮ ਦੀ ਥਾਂ ਪੈਰ ‘ਤੇ ਮਲਮ ਪੱਟੀ ਕਰਨ ਵਾਲਾ ਕਰਮ ਹੀ ਹੋਵੇਗਾ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# “ਗਾਂਧੀ ਮਹਾਤਮਾ ਨਹੀਂ ‘ਦੋਗਲਾ’ ਸੀ”

## ✪ ਡਾਕਟਰ ਅੰਬੇਡਕਰ ਨੇ ਬੀਬੀਸੀ ਨੂੰ ਦਿੱਤਾ ਸੀ ਇਤਿਹਾਸਕ ਇੰਟਰਵਿਊ ✪ ਡਾਕਟਰ ਅੰਬੇਡਕਰ ਨੇ ਗਾਂਧੀ ਦੀਆਂ ਕਈ ਨੀਤੀਆਂ ਦਾ ਕੀਤਾ ਪਰਦਾਫਾਸ਼ ✪ ਗਾਂਧੀ ਨਹੀਂ ਚਾਹੁੰਦਾ ਸੀ ਕਿ ਅਸੀਂ ਆਪਣੇ ਸੱਚੇ ਨੁਮਾਇੰਦੇ ਚੁਣ ਕੇ ਭੇਜ ਸਕੀਏ

ਡਾਕਟਰ ਅੰਬੇਡਕਰ ਨੇ ਸਾਲ 1955 ਵਿੱਚ ਬੀਬੀਸੀ ਨਾਲ ਇਕ ਇੰਟਰਵਿਊ ਵਿੱਚ ਗਾਂਧੀ ਨਾਲ ਆਪਣੇ ਸਿਧਾਂਤਕ ਮਤਭੇਦਾਂ ਬਾਰੇ ਗੱਲਬਾਤ ਕੀਤੀ ਸੀ। ਡਾ. ਅੰਬੇਡਕਰ ਨਾਲ ਕੀਤੇ ਸਵਾਲ-ਜਵਾਬ ਇਸ ਤਰਾਂ ਹਨ।

ਸਵਾਲ: ਗਾਂਧੀ ਨਾਲ ਤੁਹਾਡੀ ਮੁਲਾਕਾਤ ਕਦੋਂ ਹੋਈ?

ਜਵਾਬ: ਮੇਰੀ ਗਾਂਧੀ ਨਾਲ ਮੁਲਾਕਾਤ ਸਭ ਤੋਂ ਪਹਿਲਾਂ 1929 ਵਿੱਚ ਹੋਈ ਸੀ। ਸਾਡੇ ਦੋਹਾਂ ਦੇ ਸਾਂਝੇ ਮਿੱਤਰ ਨੇ ਗਾਂਧੀ ਤੇ ਮੇਰੀ ਮੁਲਾਕਾਤ ਕਰਵਾਈ। ਗਾਂਧੀ ਨੇ ਵੀ ਮੈਨੂੰ ਪੱਤਰ ਲਿਖ ਕੇ ਮਿਲਣ ਦੀ ਇੱਛਾ ਜ਼ਾਹਿਰ ਕੀਤੀ, ਫਿਰ ਮੈਂ ਉਸ ਦੇ ਨਾਲ ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਜਾਣ ਤੋਂ ਪਹਿਲਾਂ ਮੁਲਾਕਾਤ ਕੀਤੀ। ਉੱਥੇ ਉਹ 5-6 ਮਹੀਨਿਆਂ ਤੱਕ ਰਿਹਾ ਸੀ। ਉਸ ਵੇਲੇ ਮੇਰੀ ਉਸ ਨਾਲ ਮੁਲਾਕਾਤ ਹੋਈ ਤੇ ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਅਸੀਂ ਇਕ ਦੂਸਰੇ ਦੇ ਆਹਮੋ-ਸਾਹਮਣੇ ਹੋਏ। ਪੂਨਾ ਪੈਕਟ ਦੇ ਹੋਣ ਤੋਂ ਬਾਅਦ ਗਾਂਧੀ ਨੇ ਮੈਨੂੰ ਫਿਰ ਮਿਲਣ ਵਾਸਤੇ ਬੁਲਾਇਆ। ਮੈਂ ਉਨਾਂ ਨੂੰ ਮਿਲਿਆ, ਉਸ ਵੇਲੇ ਉਹ ਜੇਲ ਵਿੱਚ ਸੀ। ਇਹ ਮੁਲਾਕਾਤਾਂ ਵਿਰੋਧੀ ਵਜੋਂ ਹੀ ਹੋਈਆਂ ਸਨ। ਮੈਂ ਗਾਂਧੀ ਨੂੰ ਹੋਰ ਲੋਕਾਂ ਨਾਲੋਂ ਵੱਧ ਜਾਣਦਾ ਹਾਂ, ਕਿਉਂਕਿ ਮੈਂ ਉਸ ਦਾ ਪਖੰਡੀ ਰਵੱਈਆ ਦੇਖਿਆ ਸੀ। ਗਾਂਧੀ ਭਗਤਾਂ ਨੂੰ ਗਾਂਧੀ ਦਾ ਬਾਹਰੀ ਰੂਪ ਹੀ ਨਜ਼ਰ ਆਉਂਦਾ ਸੀ ਜੋ ਇੱਕ ਮਹਾਤਮਾ ਦਾ ਸੀ। ਪਰ ਮੈਂ ਉਸ ਨੂੰ ਇੱਕ ਆਮ ਇਨਸਾਨ ਵਜੋਂ ਦੇਖਦਾ ਸੀ।

ਮੈਂ ਬਾਕੀ ਦੁਨੀਆਂ ਦੀ ਗਾਂਧੀ ਬਾਰੇ ਦਿਲਚਸਪੀ ਦੇਖ ਕੇ ਹੈਰਾਨ ਹੁੰਦਾ ਹਾਂ, ਕਿਉਂਕਿ ਮੇਰੇ ਮੁਤਾਬਿਕ ਉਹ ਭਾਰਤੀ ਇਤਿਹਾਸ ਦਾ ਇੱਕ ਅਧਿਆਇ ਹੈ ਪਰ ਕਦੇ ਵੀ ਉਹ ਅਜਿਹੀ ਉੱਚੀ ਸ਼ਖਸ਼ੀਅਤ ਨਹੀਂ ਰਿਹਾ, ਜਿਸ ਨੇ ਭਵਿੱਖ ਦੀਆਂ ਪੀੜੀਆਂ ਦੀ ਸੋਚ ਉੱਤੇ ਅਸਰ ਪਾਇਆ ਹੋਵੇ। ਗਾਂਧੀ ਦੇਸ ਦੀ ਯਾਦ ਤੋਂ ਗਾਇਬ ਹੋ ਚੁੱਕਿਆ ਹੈ। ਉਸ ਦੀ ਯਾਦ ਕੁਝ ਹੱਦ ਤੱਕ ਇਸ ਲਈ ਵੀ ਸਾਂਭੀ ਹੋਈ ਹੈ, ਕਿਉਂਕਿ ਕਾਂਗਰਸ ਹਰ ਸਾਲ ਉਸ ਦੇ ਜਨਮ ਦਿਨ ਜਾਂ ਉਸ ਦੀ ਜ਼ਿੰਦਗੀ ਨਾਲ ਜੁੜੇ ਕਿਸੇ ਦਿਨ ਲਈ ਛੁੱਟੀ ਦਾ ਐਲਾਨ ਕਰਦੀ ਹੈ।

ਸਵਾਲ: ਕੀ ਤੁਹਾਨੂੰ ਨਹੀਂ ਲਗਦਾ ਕਿ ਗਾਂਧੀ ਨੇ ਸਿਧਾਂਤਕ ਬਦਲਾਅ ਕੀਤਾ ਹੈ?

ਜਵਾਬ: ਬਿਲਕੁੱਲ ਨਹੀਂ...ਉਹ ਹਮੇਸ਼ਾ ਦੋਗਲਾ ਰਵੱਈਆ ਅਪਣਾਉਂਦੇ ਸਨ। ਇਸ ਦੀ ਉਦਾਹਰਨ ਤੁਹਾਨੂੰ ਉਨਾਂ ਵੱਲੋਂ ਛਾਪੇ ਜਾਂਦੇ ਦੋ ਅਖ਼ਬਾਰਾਂ ਤੋਂ ਮਿਲਦੀ ਹੈ। ਅੰਗਰੇਜ਼ੀ ਵਿੱਚ ਨੌਜਵਾਨਾਂ ਲਈ ਉਹ ‘ਹਰੀਜਨ’ ਅਖ਼ਬਾਰ ਚਲਾਉਂਦੇ ਸਨ ਤੇ ਗੁਜਰਾਤੀ ਵਿੱਚ ਉਹ ‘ਦੀਨ ਬੰਧੂ’ ਅਖ਼ਬਾਰ ਚਲਾਇਆ ਕਰਦੇ ਸਨ। ਜੇ ਤੁਸੀਂ ਦੋਵੇਂ ਭਾਸ਼ਾਵਾਂ ਦੇ ਅਖ਼ਬਾਰ ਪੜੋ ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਗਾਂਧੀ ਕਿਵੇਂ ਲੋਕਾਂ ਨੂੰ ਮੂਰਖ ਬਣਾ ਰਿਹਾ ਸੀ। ਅੰਗਰੇਜ਼ੀ ਅਖ਼ਬਾਰ ਵਿੱਚ ਉਹ ਜਾਤੀਵਾਦ ਤੇ ਛੂਤਛਾਤ ਦੇ ਵਿਰੋਧੀ ਵਜੋਂ ਖੁਦ ਨੂੰ ਪੇਸ਼ ਕਰਦਾ ਸੀ। ਪਰ ਜੇ ਤੁਸੀਂ ਗੁਜਰਾਤੀ ਮੈਗਜ਼ੀਨ ਪੜੋ ਤਾਂ ਉਹ ਤੁਹਾਨੂੰ ਜਾਤੀਵਾਦ ਤੇ ਵਰਣਵਾਦ ਦੇ ਹਮਾਇਤੀ ਵਜੋਂ ਨਜ਼ਰ ਆਏਗਾ।

ਸਵਾਲ: ਫਿਰ ਐੱਸਸੀ ਢਾਂਚੇ ਦੇ ਰਹਿਬਰ ਬਣਨ ਪਿੱਛੇ ਉਨਾਂ ਦਾ ਮਕਸਦ ਕੀ ਸੀ?

ਜਵਾਬ: ਵੇਖੋ ਅਨੁਸੂਚਿਤ ਜਾਤੀ ਨਾਲ ਜੁੜੇ ਦੋ ਮੁੱਦੇ ਹਨ। ਇੱਕ ਪਾਸੇ ਤਾਂ ਅਸੀਂ ਛੂਤਛਾਤ ਨੂੰ ਖ਼ਤਮ ਕਰਨਾ ਚਾਹੁੰਦੇ ਹਾਂ ਪਰ ਅਸੀਂ ਬਰਾਬਰ ਦੇ ਅਧਿਕਾਰ ਵੀ ਚਾਹੁੰਦੇ ਹਾਂ ਤਾਂ ਜੋ ਅਸੀਂ ਸਮਾਜ ਦੀਆਂ ਬਾਕੀਆਂ ਸ਼੍ਰੇਣੀਆਂ ਦੇ ਬਰਾਬਰ ਆ ਸਕੀਏ। ਕੇਵਲ ਛੂਤ-ਛਾਤ ਨੂੰ ਮੁਕਾਉਣਾ ਹੀ ਅਸਲ ਮਕਸਦ ਨਹੀਂ ਹੈ। ਹਾਂ ਮੁਸ਼ਕਲਾਂ ਛੂਤ-ਛਾਤ ਨਾਲ ਵੀ ਜੁੜੀਆਂ ਹਨ ਜਿਵੇਂ ਲੋਕ ਪਾਣੀ ਨਹੀਂ ਲਿਜਾ ਸਕਦੇ, ਆਪਣੀ ਜ਼ਮੀਨ ਨਹੀਂ ਖਰੀਦ ਸਕਦੇ, ਆਪਣੇ ਹਿਸਾਬ ਨਾਲ ਰੋਜ਼ੀ-ਰੋਟੀ ਨਹੀਂ ਕਮਾ ਸਕਦੇ।

ਸਭ ਤੋਂ ਜ਼ਰੂਰੀ ਹੈ ਕਿ ਅਨੁਸੂਚਿਤ ਜਾਤੀਆਂ ਨੂੰ ਦੇਸ ਵਿੱਚ ਬਰਾਬਰੀ ਦਾ ਦਰਜਾ ਮਿਲੇ। ਉਨਾਂ ਨੂੰ ਉੱਚ ਅਹੁਦੇ ਸਾਂਭਣ ਦੇ ਮੌਕੇ ਮਿਲਣੇ ਚਾਹੀਦੇ ਹਨ ਤਾਂ ਜੋ ਲੋਕ ਸਨਮਾਨ ਨਾਲ ਰਹਿ ਸਕਣ। ਇਸ ਦੇ ਨਾਲ ਹੀ ਉਨਾਂ ਨੂੰ ਅਜਿਹੇ ਅਹੁਦਿਆਂ ਤੱਕ ਵੀ ਪਹੁੰਚਣਾ ਚਾਹੀਦਾ ਹੈ ਜਿੱਥੋਂ ਉਹ ਆਪਣੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰ ਸਕਣ। ਪਰ ਗਾਂਧੀ ਨੇ ਇਨਾਂ ਤਜਵੀਜ਼ਾਂ ਦਾ ਹਮੇਸ਼ਾ ਪੁਰਜ਼ੋਰ ਵਿਰੋਧ ਕਰਦਾ ਸੀ। ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਕੇਵਲ ਮੰਦਰ ਵਿੱਚ ਜਾਣ ਦੀ ਇਜਾਜ਼ਤ ਦਿਵਾਉਣਾ ਗਾਂਧੀ ਦਾ ਮਕਸਦ ਸੀ। ਪਰ ਹਿੰਦੂ ਮੰਦਰਾਂ ਵਿੱਚ ਜਾਣਾ ਹੁਣ ਮੁੱਦਾ ਨਹੀਂ ਹੈ। ਅਨੁਸੂਚਿਤ ਜਾਤੀ ਦੇ ਲੋਕ ਇਸ ਬਾਰੇ ਪੂਰੇ ਤਰੀਕੇ ਨਾਲ ਸੁਚੇਤ ਹੋ ਚੁੱਕੇ ਹਨ ਕਿ ਮੰਦਰ ਜਾਣ ਨਾਲ ਮਕਸਦ ਪੂਰਾ ਨਹੀਂ ਹੋਵੇਗਾ। ਗਾਂਧੀ ਕੱਟੜਵਾਦੀ ਹਿੰਦੂ ਸਨ। ਉਹ ਕਦੇ ਵੀ ਇੱਕ ਸੁਧਾਰਕ ਨਹੀਂ ਰਿਹਾ।

ਸਵਾਲ: ਤੁਹਾਨੂੰ ਲਗਦਾ ਹੈ ਕਿ ਆਜ਼ਾਦੀ ਗਾਂਧੀ ਤੋਂ ਬਗੈਰ ਮਿਲ ਸਕਦੀ ਸੀ?

ਜਵਾਬ: ਬਿਲਕੁੱਲ। ਮੇਰਾ ਨਿੱਜੀ ਤੌਰ ’ਤੇ ਮੰਨਣਾ ਹੈ ਕਿ ਜੇ ਸਾਨੂੰ ਸਵਰਾਜ ਇੱਕ ਸਿਲਸਿਲੇਵਾਰ ਤਰੀਕੇ ਨਾਲ ਮਿਲਦਾ ਤਾਂ ਲੋਕਾਂ ਨੂੰ ਕਾਫੀ ਫਾਇਦਾ ਹੁੰਦਾ। ਜੇ ਹੌਲੀ-ਹੌਲੀ ਆਜ਼ਾਦੀ ਦਿੱਤੀ ਜਾਂਦੀ ਤਾਂ ਹਰ ਤਬਕੇ ਦੀ ਸਮੱਸਿਆ ਨੂੰ ਸੁਲਝਾਇਆ ਜਾ ਸਕਦਾ ਸੀ। ਹੁਣ ਸਾਨੂੰ ਆਜ਼ਾਦੀ ਇੱਕ ਹੜ ਵਾਂਗ ਮਿਲੀ ਹੈ ਜਿਸ ਲਈ ਲੋਕ ਤਿਆਰ ਨਹੀਂ ਸਨ। ਮੈਨੂੰ ਲਗਦਾ ਹੈ ਕਿ ਇੰਗਲੈਂਡ ਦੀ ਲੇਬਰ ਪਾਰਟੀ ਸਭ ਤੋਂ ਬੇਕਾਰ ਪਾਰਟੀ ਰਹੀ ਹੈ। ਮੈਨੂੰ ਨਹੀਂ ਪਤਾ ਬਰਤਾਨੀਆ ਦੇ ਪ੍ਰਧਾਨ ਮੰਤਰੀ ਐਤਲੀ ਕਿਵੇਂ ਭਾਰਤ ਨੂੰ ਆਜ਼ਾਦ ਕਰਨ ਲਈ ਤਿਆਰ ਹੋ ਗਏ। ਮੈਨੂੰ ਲਗਦਾ ਹੈ ਕਿ ਦੋ ਗੱਲਾਂ ਸਨ ਜਿਸ ਲਈ ਲੇਬਰ ਪਾਰਟੀ ਨੇ ਇਹ ਫੈਸਲਾ ਲਿਆ। ਪਹਿਲਾਂ ਤਾਂ ਸੁਭਾਸ਼ ਚੰਦਰ ਬੋਸ ਵੱਲੋਂ ਬਣਾਈ ਗਈ ਆਜ਼ਾਦ ਹਿੰਦ ਫੌਜ। ਅੰਗਰੇਜ਼ਾਂ ਨੂੰ ਲੱਗਦਾ ਸੀ ਕਿ ਕੁਝ ਵੀ ਹੋ ਜਾਵੇ, ਸਿਆਸੀ ਲੋਕ ਕੋਈ ਵੀ ਹਰਕਤ ਕਰਨ ਪਰ ਉਨਾਂ ਦੀ ਆਤਮਾ ਦੀ ਵਫ਼ਾਦਾਰੀ ਕਦੇ ਵੀ ਨਹੀਂ ਬਦਲੇਗੀ। ਪਰ ਉਨਾਂ ਦਾ ਇਹ ਵਿਸ਼ਵਾਸ ਟੋਟੇ-ਟੋਟੇ ਹੋ ਗਿਆ ਜਦੋਂ ਉਨਾਂ ਨੇ ਦੇਖਿਆ ਕਿ ਉਨਾਂ ਦੀ ਫੌਜ ਦੇ ਸਿਪਾਹੀਆਂ ਨੂੰ ਬਟਾਲੀਅਨ ਬਣਾ ਕੇ ਉਨਾਂ ਦੇ ਖਿਲਾਫ਼ ਹੀ ਖੜਾ ਕਰ ਦਿੱਤਾ ਗਿਆ। ਉਨਾਂ ਨੂੰ ਇਹ ਅਹਿਸਾਸ ਹੋ ਗਿਆ ਕਿ ਉਹ ਭਾਰਤ ਤੇ ਰਾਜ ਕੇਵਲ ਬਰਤਾਨਵੀ ਫੌਜ ਦਾ ਖਰਚ ਕੱਢਣ ਲਈ ਕਰ ਰਹੇ ਹਨ। ਦੂਜਾ ਕਾਰਨ ਜੋ ਮੈਨੂੰ ਲਗਦਾ ਹੈ ਪਰ ਉਸ ਦਾ ਕੋਈ ਸਬੂਤ ਨਹੀਂ ਕਿ ਬਰਤਾਨਵੀ ਫੌਜੀ ਵੀ ਵਾਪਸੀ ਚਾਹੁੰਦੇ ਸਨ ਤਾਂ ਜੋ ਉਹ ਸਿਵਿਲ ਡਿਊਟੀ ਕਰ ਸਕਣ। ਇਸ ਤੋਂ ਇਲਾਵਾ ਉਨਾਂ ਨੂੰ ਲਗਦਾ ਸੀ ਕਿ ਜੋ ਕਮਾਈ ਉਨਾਂ ਨੂੰ ਭਾਰਤ ਵਿੱਚ ਹੋ ਰਹੀ ਹੈ ਉਹ ਯੂਕੇ ਦੇ ਮੁਕਾਬਲੇ ਕਾਫੀ ਘੱਟ ਹੈ। ਉਨਾਂ ਨੂੰ ਲਗਦਾ ਸੀ ਕਿ ਭਾਰਤ ਨਾਲ ਵਪਾਰ ਕਰਕੇ ਉਹ ਵੱਧ ਮੁਨਾਫਾ ਕਮਾ ਸਕਦੇ ਹਨ। ਇਸ ਦੇ ਬਦਲੇ ਉਹ ਆਜ਼ਾਦੀ ਦੇਣ ਲਈ ਤਿਆਰ ਸਨ।

**ਵਿਸ਼ੇਸ਼ ਗੱਲਬਾਤ**

ਸਵਾਲ: ਪੂਨਾ ਪੈਕਟ ਵੇਲੇ ਤੁਹਾਡੇ ਤੇ ਗਾਂਧੀ ਵਿਚਾਲੇ ਕੀ ਗੱਲਬਾਤ ਹੋਈ ਸੀ?

ਜਵਾਬ: ਮੈਨੂੰ ਯਾਦ ਹੈ ਬਰਤਾਨਵੀ ਸਰਕਾਰ ਨੇ ਮੈਕ ਡੌਨਲਡ ਦੇ ਦਿੱਤੇ ਮੂਲ ਪ੍ਰਸਤਾਵ ਵਿੱਚ ਮੇਰਾ ਸੁਝਾਅ ਮੰਨ ਲਿਆ ਸੀ। ਮੈਂ ਕਿਹਾ ਸੀ ਕਿ ਹਿੰਦੂ ਚਾਹੁੰਦੇ ਸਨ ਕਿ ਸਾਂਝੀ ਚੋਣ ਪ੍ਰਕਿਰਿਆ ਰਹੇ ਤਾਂ ਜੋ ਅਨੁਸੂਚਿਤ ਜਾਤੀ ਤੇ ਹਿੰਦੂਆਂ ਵਿਚਾਲੇ ਵਿਤਕਰੇ ਦੀ ਭਾਵਨਾ ਬਣੀ ਰਹੇ। ਸਾਨੂੰ ਲਗਦਾ ਸੀ ਕਿ ਸਾਂਝੀ ਚੋਣ ਪ੍ਰਕਿਰਿਆ ਸਾਨੂੰ ਦਬਾ ਦੇਵੇਗੀ ਕਿਉਂਕਿ ਇਸ ਨਾਲ ਜੋ ਅਨੁਸੂਚਿਤ ਜਾਤੀ ਦੇ ਨੁਮਾਇੰਦੇ ਚੁਣੇ ਜਾਣਗੇ ਉਹ ਹਿੰਦੂਆਂ ਦੇ ਹੀ ਗੁਲਾਮ ਹੋਣਗੇ। ਮੈਂ ਰਾਮਸੇਅ ਮੈਕ ਡੌਨਲਡ ਨੂੰ ਕਿਹਾ ਸੀ ਕਿ ਸਾਨੂੰ ਵੱਖਰਾ ਇਲੈਕਟਰੋਰੇਟ ਤੇ ਵੱਖਰਾ ਵੋਟ ਦਿਓ ਜਿਸ ਵਿੱਚ ਅਨੁਸੂਚਿਤ ਜਾਤੀ ਦੇ ਨੁਮਾਇੰਦੇ ਅਨੁਸੂਚਿਤ ਜਾਤੀ ਦੇ ਵੋਟਰਾਂ ਵੱਲੋਂ ਚੁਣੇ ਜਾਣ। ਗਾਂਧੀ ਇਹ ਨਹੀਂ ਕਹਿ ਸਕਦੇ ਕਿ ਅਸੀਂ ਚੋਣ ਵੇਲੇ ਵੱਖ ਹਾਂ। ਮੇਰਾ ਸੁਝਾਅ ਮੰਨ ਵੀ ਲਿਆ ਗਿਆ ਸੀ। ਮੈਂ ਉਨਾਂ ਨੂੰ ਨੈਪਲਜ਼ ਤੋਂ ਚਿੱਠੀਆਂ ਵੀ ਲਿਖੀਆਂ ਸਨ। ਇਸ ਸਿਸਟਮ ਨਾਲ ਕੋਈ ਸਮੱਸਿਆ ਵੀ ਨਹੀਂ ਆਉਣੀ ਸੀ। ਮੈਕਡੌਨਲਡ ਵੱਲੋਂ ਸਾਨੂੰ ਵੱਖਰਾ ਇਲੈਕਟਰੋਰੇਟ ਅਤੇ ਵੱਖਰਾ ਵੋਟ ਦੇ ਦਿੱਤਾ ਗਿਆ ਸੀ। ਪਰ ਗਾਂਧੀ ਨਹੀਂ ਚਾਹੁੰਦਾ ਸੀ ਕਿ ਅਸੀਂ ਆਪਣੇ ਸੱਚੇ ਨੁਮਾਇੰਦੇ ਚੁਣ ਕੇ ਭੇਜ ਸਕੀਏ।

ਇਸ ਲਈ ਉਹ ਵੱਖਰੇ ਇਲੈਕਟੋਰੇਟ ਦੇ ਵਿਰੋਧ ਵਿੱਚ ਭੁੱਖ ਹੜਤਾਲ ’ਤੇ ਬੈਠ ਗਿਆ। ਬਰਤਾਨਵੀ ਸਰਕਾਰ ਨੇ ਗਾਂਧੀ ਨੂੰ ਕਿਹਾ ਕਿ ਜੇ ਅੰਬੇਡਕਰ ਪੈਕਟ ਤੋਂ ਪਿੱਛੇ ਹਟ ਜਾਂਦੇ ਹਨ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਪਰ ਜਦੋਂ ਅਸੀਂ ਇਸ ਪੈਕਟ ਨੂੰ ਬਣਾਇਆ ਤਾਂ ਅਸੀਂ ਕਿਵੇਂ ਇਸ ਤੋਂ ਪਿੱਛੇ ਹਟ ਸਕਦੇ ਸੀ। ਇਸ ਪੈਕਟ ਨੂੰ ਬਣਾਉਣ ਵੇਲੇ ਅਸੀਂ ਸਾਰੀਆਂ ਗੱਲਾਂ ਦਾ ਧਿਆਨ ਰੱਖਿਆ ਸੀ। ਤੁਸੀਂ ਮੈਕਡੌਨਲਡ ਦਾ ਪੱਤਰ ਦੇਖ ਸਕਦੇ ਹੋ ਅਸੀਂ ਫਾਸਲੇ ਵਧਾਉਣ ਦੀ ਗੱਲ ਨਹੀਂ ਕੀਤੀ ਸੀ ਸਗੋਂ ਘੱਟ ਕਰਨ ਬਾਰੇ ਕੋਸ਼ਿਸ਼ ਕਰ ਰਹੇ ਸੀ। ਪਰ ਗਾਂਧੀ ਦਾ ਇਤਰਾਜ਼ ਸੀ ਕਿ ਸਾਨੂੰ ਆਪਣਾ ਆਜ਼ਾਦ ਨੁਮਾਇੰਦਾ ਨਹੀਂ ਮਿਲਣਾ ਚਾਹੀਦਾ ਹੈ। ਉਨਾਂ ਨੇ ਜ਼ੋਰ ਦਿੱਤਾ ਕਿ ਅਨੁਸੂਚਿਤ ਜਾਤੀਆਂ ਨੂੰ ਆਪਣਾ ਨੁਮਾਇੰਦਾ ਮਿਲਣਾ ਹੀ ਨਹੀਂ ਚਾਹੀਦਾ ਹੈ। ਉਹ ਇਸੇ ਸੋਚ ਨਾਲ ਗੋਲ ਮੇਜ਼ ਕਾਨਫਰੰਸ ਵਿੱਚ ਆਇਆ ਸੀ। ਉਸ ਨੇ ਕਿਹਾ ਕਿ ਉਹ ਕੇਵਲ ਹਿੰਦੂ, ਮੁਸਲਮਾਨ ਤੇ ਸਿੱਖਾਂ ਨੂੰ ਵੱਖਰੀ ਕੌਮ ਮੰਨਦਾ ਹੈ। ਉਸ ਨੇ ਇਨਾਂ ਤਿੰਨੋ ਭਾਈਚਾਰਿਆਂ ਨੂੰ ਹੀ ਸੰਵਿਧਾਨ ਵਿੱਚ ਨੁਮਾਇੰਦਗੀ ਦੇਣ ਦੀ ਗੱਲ ਕੀਤੀ। ਪਰ ਈਸਾਈਆਂ, ਐਂਗਲੋ ਇੰਡੀਅਨ ਤੇ ਅਨੁਸੂਚਿਤ ਜਾਤੀਆਂ ਲਈ ਸੰਵਿਧਾਨ ਵਿੱਚ ਕੋਈ ਥਾਂ ਨਹੀਂ ਰੱਖੀ। ਉਸ ਦੇ ਆਪਣੇ ਸਹਿਯੋਗੀ ਇਸ ਫੈਸਲੇ ਨਾਲ ਖੁਸ਼ ਨਹੀਂ ਸਨ ਤੇ ਉਨਾਂ ਦਾ ਗਾਂਧੀ ਨਾਲ ਇਸ ਬਾਰੇ ਵਿਵਾਦ ਰਿਹਾ। ਜੇ ਤੁਸੀਂ ਸਿੱਖਾਂ ਤੇ ਮੁਸਲਮਾਨਾਂ ਨੂੰ ਨੁਮਾਇੰਦਗੀ ਦੇ ਸਕਦੇ ਹੋ ਜੋ ਸਿਆਸੀ ਤੇ ਆਰਥਿਕ ਪੱਧਰ ’ਤੇ ਕਾਫੀ ਮਜ਼ਬੂਤ ਹਨ ਤਾਂ ਤੁਸੀਂ ਈਸਾਈਆਂ ਤੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਨੁਮਾਇੰਦਗੀ ਕਿਉਂ ਨਹੀਂ ਦੇ ਸਕਦੇ।

ਬੱਸ ਉਹ ਇਹੀ ਕਹਿੰਦੇ ਸਨ ਕਿ ਤੁਸੀਂ ਸਮੱਸਿਆ ਨੂੰ ਨਹੀਂ ਸਮਝਦੇ। ਉਨਾਂ ਦੀ ਕਰੀਬੀ ਐਲੈਕਸਜ਼ੈਂਡਰੀਆ ਦਾ ਵੀ ਉਨਾਂ ਨਾਲ ਇਸ ਬਾਰੇ ਕਾਫੀ ਵਿਵਾਦ ਹੋਇਆ। ਮੈਨੂੰ ਇਹ ਸਮਝ ਹੀ ਨਹੀਂ ਆਇਆ ਕਿ ਇੱਕ ਪਾਸੇ ਤਾਂ ਕਿਹਾ ਜਾ ਰਿਹਾ ਹੈ ਕਿ ਕੇਵਲ ਇੱਕੋ ਇਲੈਕਟੋਰੇਟ ਰਹੇਗਾ ਪਰ ਦੂਜੇ ਪਾਸੇ ਤੁਸੀਂ ਮੁਸਲਮਾਨਾਂ ਤੇ ਸਿੱਖਾਂ ਨੂੰ ਨੁਮਾਇੰਦਗੀ ਦੇ ਰਹੇ ਹੋ ਪਰ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਨਹੀਂ, ਕਿਉਂ?

ਉਨਾਂ ਕੋਲ ਕੋਈ ਜਵਾਬ ਨਹੀਂ ਸੀ। ਅਸੀਂ ਇਹ ਸੁਝਾਅ ਦਿੱਤਾ ਸੀ। ਗਾਂਧੀ ਨੇ ਰਾਮਸੇਅ ਮੈਕਡੌਨਲਡ ਨੂੰ ਚਿੱਠੀ ਲਿਖੀ ਤੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਨੁਮਾਇੰਦਗੀ ਨਹੀਂ ਮਿਲਣੀ ਚਾਹੀਦੀ ਹੈ। ਉਸ ਦੇ ਕਰੀਬੀਆਂ ਨੇ ਕਿਹਾ ਕਿ ਤੁਸੀਂ ਇਹ ਨਜਾਇਜ਼ ਮੰਗ ਕਰ ਰਹੇ ਹੋ, ਤੁਹਾਨੂੰ ਇਸ ਬਾਰੇ ਕੋਈ ਹਮਾਇਤ ਨਹੀਂ ਮਿਲੇਗੀ। ਤਾਂ ਮਾਲਵੀਆ ਮੇਰੇ ਕੋਲ ਆਏ ਤਾਂ ਉਨਾਂ ਨੇ ਮੈਨੂੰ ਕਿਹਾ ਕਿ, ਕੀ ਤੁਸੀਂ ਇਸ ਸਮੱਸਿਆ ਨੂੰ ਹੱਲ ਕਰਨ ਵਿੱਚ ਮਦਦ ਨਹੀਂ ਕਰੋਗੇ? ਮੈਂ ਉਨਾਂ ਨੂੰ ਕਿਹਾ ਕਿ ਮੈਂ ਇਸ ਸਮੱਸਿਆ ਦਾ ਹੱਲ ਉਨਾਂ ਸਹੂਲਤਾਂ ਦੀ ਕੁਰਬਾਨੀ ਦੇ ਕੇ ਨਹੀਂ ਦੇ ਸਕਦਾ ਜੋ ਸਾਨੂੰ ਬਰਤਾਨਵੀ ਸਰਕਾਰ ਤੋਂ ਮਿਲ ਸਕਦੀਆਂ ਹਨ।

ਸਵਾਲ: ਤੁਸੀਂ ਆਪਣੇ ਵਿਚਾਰ ’ਤੇ ਟਿਕੇ ਰਹੇ?

ਜਵਾਬ: ਮੈਂ ਇੱਕ ਹੋਰ ਫਾਰਮੂਲਾ ਵੀ ਦੱਸਿਆ ਸੀ। ਮੈਂ ਵੱਖਰਾ ਇਲੈਕਟੋਰੇਟ ਛੱਡਣ ਨੂੰ ਤਿਆਰ ਨਹੀਂ ਸੀ। ਉਨਾਂ ਕਿਹਾ ਕਿ ਅਨੁਸੂਚਿਤ ਜਾਤੀ ਦੇ ਲੋਕ ਪਹਿਲਾਂ ਆਪਣੀ ਜਾਤ ਵਿੱਚੋਂ 4 ਲੋਕ ਚੁਣਨ। ਉਨਾਂ 4 ਵਿੱਚੋਂ ਚੋਣਾਂ ਵਿੱਚ ਉਮੀਦਵਾਰ ਚੁਣਿਆ ਜਾਵੇ। ਇਸ ਦੇ ਨਾਲ ਹੀ ਪਾਰਟੀਆਂ ਨੁਮਾਇੰਦਿਆਂ ਨੂੰ ਨਾਮਜ਼ਦ ਵੀ ਨਹੀਂ ਕਰ ਸਕਦੀਆਂ ਹਨ। ਗਾਂਧੀ ਨੂੰ ਇਹ ਗੱਲਾਂ ਮੰਨਣੀਆਂ ਪਈਆਂ। ਸਾਨੂੰ ਇਸ ਨਾਲ ਫਾਇਦਾ ਵੀ ਹੋਇਆ। 1937 ਵਿੱਚ ਸਾਨੂੰ ਕਾਮਯਾਬੀ ਹਾਸਿਲ ਹੋਈ ਅਤੇ ਗਾਂਧੀ ਦੀ ਪਾਰਟੀ ਦਾ ਇੱਕ ਵੀ ਉਮੀਦਵਾਰ ਨਹੀਂ ਚੁਣਿਆ ਜਾ ਸਕਿਆ। ਉਨਾਂ ਨੇ ਕਈ ਵਾਰ ਮੇਰੇ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਕਿਹਾ ਕਿ ਮੈਂ ਤੁਹਾਡੀ ਜ਼ਿੰਦਗੀ ਬਚਾਉਣਾ ਚਾਹੁੰਦਾ ਹਾਂ ਇਸ ਲਈ ਮੇਰੇ ਲਈ ਮੁਸ਼ਕਿਲ ਹਾਲਾਤ ਖੜੇ ਨਾ ਕਰੋ। ਪਰ ਮੈਂ ਤੁਹਾਨੂੰ ਆਪਣੇ ਲੋਕਾਂ ਦੀਆਂ ਜ਼ਿੰਦਗੀਆਂ ਦਾਅ ’ਤੇ ਲਗਾ ਕੇ ਨਹੀਂ ਬਚਾਉਂਗਾ।

ਸਵਾਲ: ਗਾਂਧੀ ਨੇ ਕੀ ਕਿਹਾ?

ਜਵਾਬ: ਉਹ ਕੁਝ ਨਹੀਂ ਕਹਿ ਸਕੇ। ਉਨਾਂ ਨੂੰ ਡਰ ਸੀ ਕਿ ਜੇ ਅਨੁਸੂਚਿਤ ਜਾਤੀ ਸਿੱਖਾਂ ਤੇ ਮੁਸਲਮਾਨਾਂ ਵਾਂਗ ਵੱਖਰੀ ਤਾਕਤ ਬਣ ਗਈ ਤਾਂ ਇਨਾਂ ਤਿੰਨਾਂ ਦੀਆਂ ਤਾਕਤਾਂ ਨਾਲ ਲੜਨ ਲਈ ਹਿੰਦੂ ਇਕੱਲੇ ਰਹਿ ਜਾਣਗੇ। ਸਿਆਸਤਦਾਨ ਵਜੋਂ ਉਹ ਕਦੇ ਵੀ ਮਹਾਤਮਾ ਨਹੀਂ ਸਨ। ਮੈਂ ਉਨਾਂ ਨੂੰ ਮਹਾਤਮਾ ਨਹੀਂ ਕਹਿੰਦਾ ਸੀ। ਉਹ ਇਸ ਸਨਮਾਨ ਦੇ ਲਾਇਕ ਹੀ ਨਹੀਂ ਸਨ।



# ਗੁਰੂ ਗ੍ਰੰਥ ਸਾਹਿਬ ਜੀ-ਸ਼ਬਦ ਗੁਰ ਪੀਰਾਂ



**- ਪ੍ਰਮਿੰਦਰ ਸਿੰਘ ਪ੍ਰਵਾਨਾ**

ਅਗਿਆਨ ਅਤੇ ਵਹਿਮਾਂ-ਭਰਮਾਂ ਵਿਚ ਭਟਕਦੀ ਮਨੁੱਖਤਾ ਨੂੰ ਰਾਹ ਦਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿਚ ਆਉਂਦੇ ਹਨ। ਅੱਠਵੀਂ ਸਦੀ ਮੱਧਕਾਲ ਵਿਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਬਨਾਰਸ ਵਿਚ ਹੋਇਆ। ਇਹ ਇਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ। ਜੋ ਬ੍ਰਾਹਮਣਵਾਦ ਦੇ ਖ਼ਿਲਾਫ਼ ਸੀ। ਇਸ ਲਹਿਰ ਦੇ ਸਮਾਜ ਸੁਧਾਰਕਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾ-ਬਰਾਬਰੀ ਅਤੇ ਨਫ਼ਰਤ ਨੂੰ ਖ਼ਤਮ ਕਰਕੇ ਸਾਂਝੀਵਾਲਤਾ ਨਾਲ ਜੋੜਿਆ। ਸੂਫ਼ੀਆਂ ਵਾਂਗ ਆਪਣੀ ਰਚਨਾ ਨੂੰ ਰਾਗਾਂ ਵਿਚ ਗਾਇਆ। ਦੂਰ ਦੂਰ ਤੱਕ ਭਰਮਣ ਕਰਕੇ ਪ੍ਰਚਾਰ ਕਰਦਿਆਂ ਇਨਾਂ ਦੀ ਪ੍ਰਸਿੱਧੀ ਵਧਦੀ ਗਈ। ਸਿੱਖ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਪਾਤਸ਼ਾਹ ਨੇ ਇਸ ਅਧਿਆਤਮਕ ਕਾਰਜ ਨੂੰ ਬੜੀ ਸ਼ਿੱਦਤ ਨਾਲ ਨੇਪਰੇ ਚਾੜਿਆ। ਰੱਬੀ ਬਾਣੀ ਦਾ ਪ੍ਰਚਾਰ ਕਰਦਿਆਂ ਅਗਾਂਹ ਤੋਰਿਆ। ਸਿੱਖ ਧਰਮ ਦੀ ਨੀਂਹ ਸਤਿ ਤੇ ਰੱਖੀ ਗਈ। ਜਿਸ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਪ੍ਰਾਪਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਗੁਰੂ ਗ੍ਰੰਥ ਸਾਹਿਬ ਜੀ ਇਕ ਅਜਿਹਾ ਗ੍ਰੰਥ ਹੈ ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਸਮੁੱਚੀ ਮਾਨਵਜਾਤੀ ਵਾਸਤੇ ਹੈ। ਖੱਤਰੀ, ਬ੍ਰਾਹਮਣ, ਸੂਦ, ਵੈਸ਼ ਉਪਦੇਸ਼ ਚਹੁੰ ਵਰਨਾ ਕਉ ਸਾਂਝਾ ਅਨੁਸਾਰ ਸਾਰੀ ਸਿੱਖਿਆ ਅਧਿਆਤਮਕ ਜਨ ਕਲਿਆਣ ਵਾਸਤੇ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਭਾਵਨਾ ਚਿੰਤਨ ਅਤੇ ਦ੍ਰਿਸ਼ਟੀਕੋਣ ਵਿਸ਼ਵ ਵਿਆਪੀ ਹੈ। ਗੁਰੂਆਂ ਨੇ ਸ਼ਬਦ ਗੁਰੂ ਦੇ ਲੜ ਲਾਇਆ ਹੈ ਜੋ ਸਦੀਵੀ ਸ਼ਬਦ ਰੂਪੀ ਗੁਰੂ ਹੈ। ਗੁਰਬਾਣੀ ਗੁਰੂ ਦਾ ਉਪਦੇਸ਼ ਨਿਰੰਕਾਰ ਨਾਲ ਜੁੜਨ ਦੀ ਜਾਚ ਦੱਸਦਾ ਹੈ। ਸਿੱਖ ਗੁਰੂਆਂ ਅਤੇ ਹੋਰ ਸੰਤਾਂ ਭਗਤਾਂ ਦੀ ਬਾਣੀ ਵਡਮੁੱਲੀ ਸਿੱਖਿਆ ਦਾ ਅਨਮੋਲ ਖ਼ਜ਼ਾਨਾ ਹੈ। ਇਸ ਦਾ ਪ੍ਰਕਾਸ਼ ਅਤੇ ਸੁਖ-ਆਸਣ ਬੜੀ ਸ਼ਰਧਾ ਭਾਵਨਾ ਨਾਲ ਹਰ ਗੁਰਦੁਆਰਾ ਸਾਹਿਬ ਵਿਖੇ ਕੀਤਾ ਜਾਂਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਦਾ ਸਤਿਕਾਰ ਪ੍ਰਮਾਤਮਾ ਦਾ ਸਤਿਕਾਰ ਹੈ-'ਸ਼ਬਦ ਗੁਰ ਪੀਰਾਂ'।

ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ ਅਤੇ ਸਿੱਖ ਬਾਣੀਕਾਰਾਂ ਦੀ ਪਵਿੱਤਰ ਰਚਨਾ ਨੂੰ ਸੰਭਾਲਿਆ ਗਿਆ ਹੈ, ਜੋ ਬੰਦਗੀ ਅਤੇ ਪ੍ਰਭੂ ਮਿਲਣ ਦਾ ਰਾਹ ਦੱਸਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੱਬੀ ਬਾਣੀ ਹੈ। ਪ੍ਰਮਾਤਮਾ ਦੀ ਇਸ ਉਸਤਤਿ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਤਾਂ ਕਾਵਿਕ ਸੰਗੀਤ ਦਾ ਰਹੱਸਮਈ ਪ੍ਰਵਾਹ ਚਲਦਾ ਹੈ ਜੋ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਪੋਥੀ ਰੂਪ ਵਿਚ ਸ੍ਰੀ ਗੁਰੂ ਅੰਗਦ ਪਾਤਸ਼ਾਹ ਜੀ ਨੂੰ ਸੌਂਪੀ ਗਈ। ਫਿਰ ਗੁਰੂ ਅਮਰਦਾਸ ਸਾਹਿਬ ਜੀ ਅਤੇ ਗੁਰੂ ਰਾਮਦਾਸ ਸਾਹਿਬ ਜੀ ਤੋਂ ਇਕੱਤਰ ਹੁੰਦੀ ਗਈ। ਜਿਸ ਦਾ ਸੰਕਲਨ ਗੁਰੂ ਅਰਜਨ ਪਾਤਸ਼ਾਹ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਇਆ। ਬਾਣੀ ਦੀ ਘੋਖ ਅਤੇ ਵਾਚਨਾ ਰਾਮ ਸਰੋਵਰ ਦੇ ਰਮਣੀਕ ਕੰਡੇ ਤੇ ਨਿਭਾਈ ਗਈ। ਗੁਰੂ ਅਰਜਨ ਪਾਤਸ਼ਾਹ ਨੇ ਇਕੱਤਰ ਹੋਈ ਸਮੁੱਚੀ ਬਾਣੀ ਨੂੰ 31 ਰਾਗਾਂ ਵਿਚ ਤਰਤੀਬ ਦੇ ਕੇ 30 ਅਗਸਤ 1604 ਨੂੰ ਆਦਿ ਗ੍ਰੰਥ ਸੰਪੂਰਨ ਕੀਤਾ। ਸਤੰਬਰ 1, 1604 ਈ. ਨੂੰ ਆਦਿ ਗ੍ਰੰਥ ਨਗਰ ਕੀਰਤਨ ਦੇ ਰੂਪ ਵਿਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਪਾਤਸ਼ਾਹ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਦੀ ਹਜ਼ੂਰੀ ਵਿਚ ਬੈਠੀਆਂ। ਪਹਿਲਾ ਹੁਕਮਨਾਮਾ ਪ੍ਰਾਪਤ ਹੋਇਆ -

**ਸੂਹੀ ਮਹੱਲਾ ਪੰਜਵਾਂ॥**
**ਸੰਤਾ ਕੇ ਕਾਰਜਿ ਆਪ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।।**
**ਅੰਗ ੭੮੩**

ਆਦਿ ਗ੍ਰੰਥ ਸਾਹਿਬ ਜੀ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਕੱਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ 1705 ਈ. ਨੂੰ ਮੁਕੰਮਲ ਕੀਤਾ। ਅਕਤੂਬਰ 20, 1708 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਨੰਦੇੜ ਸਾਹਿਬ ਵਿਖੇ ਗੁਰਿਆਈ ਆਦਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪੀ ਗਈ ਅਤੇ ਨਾਮ 'ਗੁਰੂ ਗ੍ਰੰਥ ਸਾਹਿਬ' ਹੋ ਗਿਆ। ਉਨਾਂ ਸਾਰੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੇ ਚੱਲਣ ਦਾ ਆਦੇਸ਼ ਦਿੱਤਾ। ਉਨਾਂ ਦੇ ਹੁਕਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਹੀ ਹਰ ਸਿੱਖ ਦੇ ਗੁਰੂ ਹਨ।

ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿਚ ਵੰਡੇ। ਹੁਣ 1430 ਅੰਗਾਂ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲ ਰਾਖਵੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਦੀ ਅਗਵਾਈ ਕਰਦੇ ਹਨ। ਸੰਗਤਾਂ ਦੇ ਅਥਾਹ ਵਿਸ਼ਵਾਸ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਰੱਬ ਦੇ ਭਾਣੇ ਵਿਚ ਰਹਿ ਕੇ ਚੜਦੀ ਕਲਾ ਦਾ ਵਿਸ਼ਵਾਸ ਮਿਲਦਾ ਹੈ। ਜੀਵਨ ਵਿਚ ਉਤਸ਼ਾਹ ਅਤੇ ਖੇੜਾ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਸੁਤੰਤਰ ਖ਼ਾਲਸਾ ਸਾਮਰਾਜ ਦੀ ਨੀਂਹ ਰੱਖੀ। ਇਕ ਸਭਨਾਂ ਦਾ ਸਾਂਝਾ ਖ਼ਾਲਸਾ ਰਾਜ ਸਥਾਪਤ ਕੀਤਾ। ਮਹਾਰਾਜਾ ਦਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੇ ਹੀ ਕੇਂਦਰਿਤ ਰਿਹਾ। ਮਹਾਰਾਜਾ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ। ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਬਾਅਦ ਇਸ ਧਾਰਮਿਕ ਗ੍ਰੰਥ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ ਜੋ ਗੁਰੂ ਮੰਨਿਆ ਜਾਂਦਾ ਹੈ।

**ਅੰਤਿਕਾ** : ਹੇ ਨਾਨਕ, ਜੋ ਮਨੁੱਖ ਸਦਾ ਉੱਚੇ ਆਤਮਿਕ ਮੰਡਲ ਵਿਚ ਵੱਸਦਾ ਹੈ, ਉਸ ਦੇ ਅੰਦਰ ਆਤਮਿਕ ਗੁਣਾਂ ਨਾਲ ਉਸ ਦੀ ਸੁਰਤਿ ਜੁੜੀ ਰਹਿੰਦੀ ਹੈ। ਉਸ ਦੇ ਮਨ ਨੂੰ ਪ੍ਰਮਾਤਮਾ ਦਾ ਨਾਮ ਪਿਆਰਾ ਲਗਦਾ ਹੈ। ਉਹ ਸਿਮਰਦਾ ਹੈ, ਪ੍ਰੇਰਦਾ ਹੈ, ਉਹ ਸਦਾ ਜਗਤ ਮੂਲ ਪ੍ਰਭੂ ਦੀ ਹੀ ਸਿਫ਼ਤ ਸਲਾਹ ਕਰਦਾ ਹੈ। ਗੁਰੂ ਪੀਰ ਦੇ ਸ਼ਬਦ ਨੂੰ ਹਿਰਦੇ ਵਿਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ। ਪਰ ਗੁਰੂ ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਮੋਹ ਦੇ ਵਿਚ ਕਮਲਾ ਹੋਇਆ ਫਿਰਦਾ ਹੈ। ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਿਕ ਅਵਸਥਾ ਵਿਚ ਟਿਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ।

**ਅੰਗ 634-635**

# ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ : ਕੌਮ ਦੇ ਮਹਾਨ ਯੋਧੇ ਸ਼ਹੀਦ ਬਾਬਾ ਜੀਵਨ ਸਿੰਘ ਜੀ

ਵਿਦਵਾਨਾਂ ਦੇ ਵਿਚਾਰ ਹਨ ਕਿ ਯੋਧੇ ਦੀ ਸੂਰਬੀਰਤਾ ਨੂੰ ਸਿਰਫ਼ ਇਸ ਪੈਮਾਨੇ ਨਾਲ ਨਹੀਂ ਮਾਪਿਆ ਜਾਣਾ ਚਾਹੀਦਾ ਕਿ ਉਸ ਯੋਧੇ ਨੇ ਬਹਾਦਰੀ ਦੀਆਂ ਕਿੰਨੀਆਂ ਲੰਬੀਆਂ ਮੰਜ਼ਿਲਾਂ ਤਹਿ ਕੀਤੀਆਂ ਬਲਕਿ ਇਸ ਪੈਮਾਨੇ ਨਾਲ ਮਾਪਿਆ ਜਾਣਾ ਜ਼ਰੂਰੀ ਹੈ ਕਿ ਇਹ ਮੰਜ਼ਿਲਾਂ ਤਹਿ ਕਰਨ ਲਈ ਉਸ ਨੂੰ ਕਿੰਨੀਆਂ ਰੁਕਾਵਟਾਂ ਪਾਰ ਕਰਨੀਆਂ ਤੇ ਕਿੰਨੀਆਂ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਇਹ ਕਥਨ ਸਿੱਖ ਇਤਿਹਾਸ ਦੇ ਮਹਾਨ ਸ਼ਹੀਦ, ਦਸਮੇਸ਼ ਗੁਰੂ ਦੀਆਂ ਫ਼ੌਜਾਂ ਦੇ ਮੁੱਖ ਜਰਨੈਲ ਤੇ ਅਨਿਨ ਸੇਵਕ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦੇ ਜੀਵਨ 'ਤੇ ਸਹੀ ਢੁੱਕਦੇ ਹਨ।

ਬਾਬਾ ਜੀਵਨ ਸਿੰਘ ਜੀ ਦੇ ਪਰਿਵਾਰ ਦੇ ਬਜ਼ੁਰਗ ਭਾਈ ਕਲਿਆਣਾ ਜੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਕੱਥੂ ਨੰਗਲ ਤੋਂ ਸ਼ੁਰੂ ਕੀਤੀ ਗਈ ਸੇਵਾ ਬੇਦਾਗ਼ ਤੇ ਅਟੁੱਟ ਚੱਲਦੀ ਹੋਈ 23 ਦਸੰਬਰ 1704 ਨੂੰ ਲਾਮਿਸਾਲ ਸ਼ਹਾਦਤਾਂ ਨਾਲ ਸਿਰੇ ਚੜ੍ਹੀ। ਇਹ ਕਰੀਬ 235-36 ਸਾਲ ਦਾ ਲੰਬਾ ਅਰਸਾ ਬਣਦਾ ਹੈ। ਇਸ ਤੋਂ ਇਲਾਵਾ ਭਾਈ ਜੈਤਾ ਜੀ ਨੇ ਗੁਰੂ ਆਸ਼ੇ ਦੀ ਪੂਰਤੀ ਲਈ ਆਪਣਾ ਸਾਰਾ ਪਰਿਵਾਰ ਸ਼ਹੀਦ ਕਰਵਾ ਦਿੱਤਾ ਤੇ ਆਪਣੀ ਕੁਰਬਾਨੀ ਵੀ ਉੱਥੇ ਦਿੱਤੀ, ਜਿੱਥੋਂ ਹੋਰ ਕਈ ਸਿੱਖ ਪਾਸਾ ਵੱਟਦੇ ਦੇਖੇ ਗਏ।

ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ ਕੰਕਣ 'ਸੰਖੇਪ 10 ਗੁਰੂ ਕਥਾ' ਵਿਚ ਬਿਆਨ ਕਰਦੇ ਹਨ ਕਿ ਜਦੋਂ 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਚਾਂਦਨੀ ਚੌਕ ਵਿਖੇ ਕੈਦ ਵੇਲੇ 9 ਸਾਲ ਦੇ ਗੁਰੂ ਗੋਬਿੰਦ ਰਾਏ ਜੀ ਅਨੰਦਪੁਰ ਸਾਹਿਬ ਵਿਚ ਸੰਗਤਾਂ ਦੇ ਭਰੇ ਇਕੱਠ ਵਿੱਚੋਂ ਕੋਈ ਐਸਾ ਸੂਰਮਾ ਨਿਤਰਣ ਦੀ ਮੰਗ ਕਰਦੇ ਹਨ, ਜੋ ਸ਼ਹਾਦਤ ਉਪਰੰਤ ਗੁਰੂ ਪਿਤਾ ਜੀ ਦਾ ਸੀਸ ਚੁੱਕ ਕੇ ਲਿਆ ਸਕੇ ਤਾਂ ਉਦੋਂ ਔਰੰਗਜ਼ੇਬ ਦੇ ਡਰ ਕਾਰਨ ਹੋਰਨਾਂ ਸਿੱਖਾਂ ਵੱਲੋਂ ਸਹਿਮਦੇ ਹੋਏ ਚੁੱਪ ਵੱਟ ਲੈਣ ਕਾਰਨ ਭਾਈ ਜੈਤਾ ਜੀ ਨੇ ਉਠ ਕੇ ਕਿਹਾ ਸੀ ਕਿ 'ਇਹ ਸੀਸ ਮੈਂ ਲਿਆਵਾਂਗਾ।' ਇਸ ਲਾਮਿਸਾਲ ਵਫ਼ਾਦਾਰੀ ਤੇ ਕੁਰਬਾਨੀ ਦਾ ਜ਼ਿਕਰ ਕਵੀ ਕੰਕਣ ਜੀ ਨੇ ਇੰਜ ਬਿਆਨ ਕੀਤਾ ਹੈ :

ਹੋਵੇ ਐਸਾ ਸਿੱਖ ਮਮ ਸਤਿਗੁਰ)
ਕਹਯਾ ਸੋਣਾਇ,
ਸੀਸ ਹਮਾਰੋ ਪਿਤਾ ਕਾ ਤਹਤੇ
ਲਆਵੇ ਜਾਏ।
ਔਰ ਸਭੈ ਚੁਪ ਕਰ ਰਹੇ ਮਜ੍ਹਬੀ
ਉਠਿਓ ਰ੍ਹੋਏ,
ਮੈਂ ਹੂੰ ਉਦਮ ਕਰੂੰਗਾ ਹੋਣੀ ਹੋਏ ਸੋ ਹੋਏ।

ਭਾਈ ਜੈਤਾ ਜੀ ਦੇ ਪਰਿਵਾਰ ਦੀ ਲੰਬੀ ਬੇਦਾਗ਼ ਸੇਵਾ ਤੇ ਵਫ਼ਾਦਾਰੀ ਕਾਰਨ ਰੰਘਰੇਟੇ ਸਿੰਘਾਂ ਦੀ ਬਹਾਦਰੀ ਤੇ ਭਰੋਸੇਯੋਗਤਾ 'ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਪੂਰਨ ਭਰੋਸਾ ਸੀ। 11 ਨਵਬੰਰ 1675 ਨੂੰ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਉਪਰੰਤ ਭਾਈ ਜੈਤਾ ਜੀ ਨੇ ਆਪਣੇ ਪਿਤਾ ਭਾਈ ਸਦਾਨੰਦ ਦੇ ਸੀਸ ਦੀ ਕੁਰਬਾਨੀ ਦੇ ਕੇ ਉਸੇ ਰਾਤ ਗੁਰੂ ਜੀ ਦਾ ਪਾਵਨ ਸੀਸ ਚੁੱਕ ਕੇ ਕਠਿਨ ਜੰਗਲੀ ਪੈਂਡਾ ਤਹਿ ਕਰਦੇ ਹੋਏ 14 ਨਵੰਬਰ 1675 ਨੂੰ ਗੁਰੂ ਗੋਬਿੰਦ ਸਿੰਘ ਜੀ ਪਾਸ ਸੀਸ ਅਨੰਦਪੁਰ ਸਾਹਿਬ ਵਿਖੇ ਪੁੱਜਦਾ ਕੀਤਾ।

ਭਾਈ ਜੈਤਾ ਜੀ ਦੀ ਇਸ ਮਹਾਨ ਕੁਰਬਾਨੀ ਤੇ ਵਫ਼ਾਦਾਰੀ ਤੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਜਿੱਥੇ ਫ਼ਖ਼ਰ ਤੇ ਸੰਤੁਸ਼ਟੀ ਹੋਈ ਉੱਥੇ ਦਿੱਲੀ ਦੇ ਸਿੱਖਾਂ ਵੱਲੋਂ ਇਸ ਸ਼ਹੀਦੀ ਸਾਕੇ ਦੌਰਾਨ ਨਿਭਾਈ ਨਿਰਾਸ਼ਾਜਨਕ ਭੂਮਿਕਾ, ਜੋ ਭਾਈ ਜੈਤਾ ਜੀ ਨੇ ਅੱਖੀਂ ਡਿੱਠੀ ਦੱਸੀ ਸੀ, ਉਸ ਪ੍ਰਤੀ ਅਫ਼ਸੋਸ ਵੀ ਹੋਇਆ। ਇਸੇ ਕਰਕੇ ਗੁਰੂ ਸੀਸ ਦੇ ਸਸਕਾਰ ਉਪਰੰਤ ਸੰਗਤ ਵਿਚ ਉਨ੍ਹਾਂ ਨੇ ਭਾਈ ਜੈਤਾ ਜੀ ਨੂੰ ਪਿਆਰ ਨਾਲ ਗਲਵਕੜੀ 'ਚ ਲੈ ਕੇ 'ਰੰਘਰੇਟੇ ਗੁਰੂ ਕੇ ਬੇਟੇ' ਤੇ 'ਸਿੱਖੀ ਦੇ ਰਾਖੇ' ਜਿਹੇ ਮਾਣ ਭਰੇ ਸ਼ਬਦਾਂ ਨਾਲ ਨਿਵਾਜਿਆ ਸੀ। ਇਸੇ ਵਫ਼ਾਦਾਰੀ ਕਾਰਨ ਬਾਅਦ 'ਚ ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਫ਼ੌਜ ਦੇ ਮੁੱਖ ਜਰਨੈਲ, ਮੁੱਖ ਨਗਾਰਚੀ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਤੇ ਅਨੰਦਗੜ੍ਹ ਕਿਲ੍ਹੇ ਵਿਚ ਗੁਰੂ ਜੀ ਨੇ ਭਾਈ ਜੈਤਾ ਜੀ ਦੀ ਰਿਹਾਇਸ਼ ਵੀ ਆਪਣੇ ਨੇੜੇ ਹੀ ਰੱਖੀ ਸੀ।

1699 ਦੀ ਵਿਸਾਖੀ ਵੇਲੇ ਗੁਰੂ ਸਾਹਿਬ ਨੇ ਚਾਰ ਸਾਹਿਬਜ਼ਾਦਿਆਂ ਸਮੇਤ ਭਾਈ ਜੈਤਾ ਜੀ ਨੂੰ ਅੰਮ੍ਰਿਤ ਛਕਾ ਕੇ ਜੈਤਾ ਤੋਂ ਜੀਵਨ ਸਿੰਘ ਨਾਂ ਰੱਖਿਆ। ਉਨ੍ਹਾਂ ਦੇ ਰਿਹਾਇਸ਼ੀ ਅਸਥਾਨ 'ਤੇ ਅੱਜ ਗੁਰਦੁਆਰਾ ਸਾਹਿਬ 'ਤਪ ਅਸਾਥਾਨ ਸ਼ਹੀਦ ਬਾਬਾ ਜੀਵਨ ਸਿੰਘ ਜੀ' ਸੁਸ਼ੋਭਿਤ ਹੈ, ਜਿੱਥੇ ਪੁਰਾਤਨ ਨਿਸ਼ਾਨੀਆਂ, ਤੋਸ਼ਾਖ਼ਾਨਾ, ਰਿਹਾਇਸ਼ੀ ਕਮਰਾ, ਪੁਰਾਤਨ ਪੌੜੀਆਂ ਅਸਲੀ ਰੂਪ 'ਚ ਅੱਜ ਵੀ ਮੌਜੂਦ ਹਨ। ਇਸ ਪਰਿਵਾਰ ਦੀਆਂ ਸ਼ਹਾਦਤਾਂ ਦੀ ਲੜੀ ਦਿੱਲੀ ਚਾਂਦਨੀ ਚੌਕ ਤੋਂ ਸ਼ੁਰੂ ਹੋ ਕੇ ਅਨੰਦਗੜ੍ਹ ਕਿਲ੍ਹਾ, ਸਿਰਸਾ ਦੀ ਜੰਗ ਤੋਂ ਹੁੰਦੀ ਹੋਈ ਚਮਕੌਰ ਦੀ ਗੜ੍ਹੀ 'ਚ ਜਾ ਕੇ ਸੰਪੂਰਨ ਹੋਈ। ਜੈਤਾ ਜੀ ਦੇ ਪਿਤਾ ਭਾਈ ਸਦਾਨੰਦ ਵੱਲੋਂ ਆਪਣੇ ਸੀਸ ਦੀ ਕੁਰਬਾਨੀ, ਤਾਇਆ ਆਗਿਆ ਰਾਮ ਨੂੰ ਨੌਵੇਂ ਪਾਤਸ਼ਾਹ ਦਾ ਸੀਸ ਚੁੱਕਣ 'ਚ ਸਹਿਯੋਗ ਲਈ ਔਰੰਗਜ਼ੇਬ ਵੱਲੋਂ ਕਤਲ ਕਰ ਦੇਣਾ, 19-20 ਦਸੰਬਰ 1704 ਦੀ ਰਾਤ ਨੂੰ ਅਨੰਦਗੜ੍ਹ ਕਿਲ੍ਹਾ ਖ਼ਾਲੀ ਕਰਨ ਉਪਰੰਤ ਦਸਮੇਸ਼ ਗੁਰੂ ਜੀ ਦੇ ਪਰਿਵਾਰ ਸਮੇਤ 40 ਸਿੰਘਾਂ ਤੇ ਮੁਗ਼ਲ ਫ਼ੌਜਾਂ ਵਿਚਾਲੇ ਸਿਰਸਾ ਨਦੀ ਕੰਢੇ ਹੋਏ ਯੁੱਧ 'ਚ ਬਾਬਾ ਜੀਵਨ ਸਿੰਘ ਜੀ ਦੇ ਮਾਤਾ ਪ੍ਰੇਮੋ ਜੀ, ਦੋ ਛੋਟੇ ਪੁੱਤਰ ਸ਼ਹੀਦ ਹੋਏ ਤੇ ਧਰਮ ਪਤਨੀ ਬੀਬੀ ਰਾਜ ਕੌਰ ਵਿੱਛੜ ਗਏ।

ਇਹ ਇਤਿਹਾਸ ਵੀ ਵਿਸ਼ੇਸ ਫ਼ਖ਼ਰ ਵਾਲਾ ਹੈ ਕਿ ਜਦੋਂ ਅਨੰਦਗੜ੍ਹ ਕਿਲ੍ਹੇ ਨੂੰ ਮੁਗ਼ਲ ਫ਼ੌਜ ਵੱਲੋਂ 8-9 ਮਹੀਨੇ ਘੇਰਾ ਪਾਈ ਰੱਖਣ ਕਾਰਨ ਕਿਲ੍ਹੇ ਅੰਦਰ ਰਾਸ਼ਨ-ਪਾਣੀ ਖ਼ਤਮ ਹੋਣ 'ਤੇ ਮਾਝੇ ਦੇ 40 ਸਿੰਘ (ਜੋ ਬਾਅਦ 'ਚ ਮਾਈ ਭਾਗੋ ਜੀ ਦੀ ਅਗਵਾਹੀ ਵਿਚ ਸ੍ਰੀ ਮੁਕਤਸਰ ਸਾਹਿਬ ਦੀ ਜੰਗ 'ਚ ਸ਼ਹੀਦ ਹੋਏ ਤੇ 40 ਮੁਕਤੇ ਅਖਵਾਏ) ਭੁੱਖ ਨਾ ਸਹਾਰਦੇ ਹੋਏ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਛੱਡ ਗਏ ਸਨ ਤਾਂ ਬਾਬਾ ਜੀਵਨ ਸਿੰਘ ਜੀ ਸਮੁੱਚੇ ਪਰਿਵਾਰ ਤੇ ਹੋਰ ਸਿੰਘਾਂ ਸਮੇਤ ਭੁੱਖੇ-ਪਿਆਸੇ ਗੁਰੂ ਜੀ ਦੇ ਪਰਿਵਾਰ ਨਾਲ ਅਖ਼ੀਰ ਤਕ ਡਟੇ ਰਹੇ।

ਸਿਰਸਾ ਨਦੀ ਦੇ ਯੁੱਧ ਤੋਂ ਚੱਲਦੇ ਹੋਏ ਗੁਰੂ ਜੀ ਰੋਪੜ ਵੱਲ ਚਲੇ ਗਏ ਤੇ ਚਮਕੌਰੇ ਦੀ ਕੱਚੀ ਹਵੇਲੀ, ਜਿਸ ਦਾ ਇਤਿਹਾਸਕ ਨਾਮ 'ਚਮਕੌਰ ਦੀ ਗੜ੍ਹੀ' ਹੈ ਵਿਚ 21 ਦਸੰਬਰ ਦੀ ਰਾਤ ਨੂੰ ਸਿੰਘਾਂ ਸਮੇਤ ਡੇਰੇ ਲਾ ਲਏ, ਜਿੱਥੇ ਫਿਰ ਮੁਗ਼ਲ ਫ਼ੌਜ ਨੇ ਘੇਰਾ ਪਾ ਲਿਆ। 22 ਦਸੰਬਰ 1704 ਦੀ ਸਵੇਰ ਨੂੰ 40 ਸਿੰਘਾਂ ਤੇ ਲੱਖਾਂ ਦੀ ਮੁਗ਼ਲ ਫ਼ੌਜ ਦਰਮਿਆਨ ਯੁੱਧ ਵਿਚ ਬਾਬਾ ਜੀ ਦੇ ਦੋ ਵੱਡੇ ਸਪੁੱਤਰ, ਸਹੁਰਾ ਭਾਈ ਖਜ਼ਾਨ ਸਿੰਘ ਤੇ ਛੋਟੇ ਭਰਾ ਸੰਗਤ ਸਿੰਘ ਜੀ ਸ਼ਹੀਦ ਹੋ ਗਏ। ਗੜ੍ਹੀ ਵਿਚ 22 ਦਸੰਬਰ 1704 ਨੂੰ ਜਦੋਂ ਗੁਰੂ ਸਾਹਿਬ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਵੀ ਹੋਰ ਸਿੰਘਾਂ ਸਮੇਤ ਜੁਝਦੇ ਹੋਏ ਸ਼ਹੀਦ ਹੋ ਗਏ ਤੇ ਗੜ੍ਹੀ 'ਚ ਕੇਵਲ 11 ਸਿੰਘ ਰਹਿ ਗਏ ਸਨ ਤਾਂ ਗੁਰੂ ਜੀ ਦੀ ਸੁਰੱਖਿਆ ਤੇ ਸਿੱਖ ਕੌਮ ਦੇ ਭਵਿੱਖ ਦਾ ਵਾਸਤਾ ਪਾਉਂਦੇ ਹੋਏ ਪੰਜ ਸਿੰਘਾਂ ਨੇ ਗੁਰੂ ਜੀ ਨੂੰ ਗੜ੍ਹੀ 'ਚੋਂ ਸੁਰੱਖਿਅਤ ਨਿਕਲ ਜਾਣ ਦੀ ਸਲਾਹ ਦਿੱਤੀ।

ਗੁਰੂ ਜੀ ਨੇ 22 ਦਸੰਬਰ ਦੀ ਰਾਤ ਨੂੰ ਗੜ੍ਹੀ ਛੱਡਣ ਤੋਂ ਪਹਿਲਾਂ ਯੁੱਧ ਨੀਤੀ ਦੇ ਨਿਪੁੰਨ ਬਾਬਾ ਜੀਵਨ ਸਿੰਘ ਜੀ ਨੂੰ ਆਪਣੀ ਕਲਗੀ ਤੇ ਪੁਸ਼ਾਕਾ ਸੌਂਪਦੇ ਹੋਏ ਗੜ੍ਹੀ ਦੀ ਮੰਮਟੀ 'ਤੇ ਬਿਠਾਇਆ ਤਾਂ ਕਿ ਸਵੇਰ ਤਕ ਮੁਗ਼ਲ ਫ਼ੌਜ ਨੂੰ ਭੁਲਖੇ ਵਿਚ ਰੱਖਿਆ ਜਾ ਸਕੇ ਕਿ ਗੁਰੂ ਜੀ ਗੜ੍ਹੀ ਦੇ ਅੰਦਰ ਹੀ ਹਨ। ਬਾਬਾ ਜੀ ਯੁੱਧ ਨੀਤੀ 'ਚ ਇੰਨੇ ਨਿਪੁੰਨ ਸਨ ਕਿ ਉਹ ਦੋਹਾਂ ਹੱਥਾਂ ਨਾਲ ਇੱਕੋ ਵੇਲੇ ਦੋ ਬੰਦੂਕਾਂ ਚਲਾ ਸਕਦੇ ਸਨ ਤੇ ਘੋੜੇ ਤੇ ਸਵਾਰ ਹੋ ਕੇ ਲਗਾਮਾਂ ਮੂੰਹ 'ਚ ਫੜ ਕੇ ਦੋ ਤਲਵਾਰਾਂ ਦੋਹਾਂ ਹੱਥਾਂ ਨਾਲ ਚਲਾ ਸਕਦੇ ਸਨ। ਇਸ ਜ਼ਿੰਮੇਵਾਰੀ ਨੂੰ ਉਨ੍ਹਾਂ ਨੇ ਬੜੀ ਨਿਪੁੰਨਤਾ ਨਾਲ ਆਪਣੀ ਨਾਗਣੀ ਤੇ ਬਾਗਨੀ ਬੰਦੂਕਾਂ ਤੇ ਤੀਰ ਚਲਾ ਕੇ ਨਿਭਾਇਆ। ਕਵੀ ਕੰਕਨ ਲਿਖਦੇ ਹਨ :

ਨਿਜ ਕਲਗੀ ਸਿਰ ਦਈ ਸਜਾਇ।
ਦਈ ਪੁਸ਼ਾਕ ਅਪਨੀ ਪਹਿਰਾਇ।
ਜੀਵਨ ਸਿੰਘ ਕੋ ਬੁਰਜ ਬਠਾਇ।
ਤਹਿ ਗੜ੍ਹੀ ਗੁਰੂ ਗੋਬਿੰਦ ਸਿੰਘ ਜਾਇ।

ਗੁਰੂ ਜੀ ਤਿੰਨ ਸਿੰਘਾਂ ਸਮੇਤ ਰਾਤ ਨੂੰ ਗੜ੍ਹੀ ਛੱਡ ਕੇ ਮਾਛੀਵਾੜੇ ਵੱਲ ਚਲੇ ਗਏ। ਬਾਬਾ ਜੀਵਨ ਸਿੰਘ ਜੀ ਨੇ ਇਕ ਮਹਾਨ ਗ੍ਰੰਥ 'ਸ੍ਰੀ ਗੁਰੂ ਕਥਾ ਗ੍ਰੰਥ' ਦੀ ਵੀ ਰਚਨਾ ਕੀਤੀ, ਜਿਸ 'ਚ ਉਨ੍ਹਾਂ ਨੇ 9ਵੇਂ ਤੇ ਦਸਮੇਸ਼ ਗੁਰੂ ਜੀ ਨਾਲ ਬਿਤਾਈ ਆਪਣੀ ਹੱਡਬੀਤੀ, ਗੁਰੂ ਸਾਹਿਬਾਨ ਦੇ ਗੁਣਾਂ, ਰਣਨੀਤੀ, ਧਾਰਮਿਕ, ਸਮਾਜਿਕ ਤੇ ਰਾਜਸੀ ਗੁਣਾਂ ਦਾ ਜ਼ਿਕਰ ਕੀਤਾ ਹੈ।

ਬਾਬਾ ਜੀਵਨ ਸਿੰਘ ਜੀ 22 ਦਸੰਬਰ ਦੀ ਰਾਤ ਨੂੰ ਗੜ੍ਹੀ ਦੀ ਮੰਮਟੀ 'ਤੇ ਬੈਠ ਕੇ ਬਹਾਦਰੀ ਨਾਲ ਬੰਦੂਕਾਂ ਤੇ ਤੀਰ ਚਲਾਉਂਦੇ ਰਹੇ ਤੇ ਵਿਚ-ਵਿਚ ਨਗਾਰਾ ਵੀ ਵਜਾਉਂਦੇ ਰਹੇ ਤਾਂ ਕਿ ਦੁਸ਼ਮਣ ਨੂੰ ਭੁਲੇਖਾ ਪਵੇ ਕਿ ਗੁਰੂ ਜੀ ਅੰਦਰ ਹੀ ਹਨ। 23 ਦਸੰਬਰ ਨੂੰ ਸਵੇਰੇ ਬਾਕੀ ਰਹਿੰਦੇ ਸਿੰਘ ਵੀ ਜੂਝਦੇ ਹੋਏ ਸ਼ਹੀਦ ਹੋ ਗਏ ਤੇ ਬਾਬਾ ਜੀਵਨ ਸਿੰਘ ਜੀ ਕੋਲੋਂ ਵੀ ਗੋਲੀ ਸਿੱਕਾ ਖ਼ਤਮ ਹੋ ਗਿਆ ਤਾਂ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਕੇ ਆਪ ਦੋਹਾਂ ਹੱਥਾਂ 'ਚ ਤਲਵਾਰਾਂ ਲੈ ਕੇ ਬਾਹਰ ਆਏ ਤੇ ਦੁਸ਼ਮਣ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਉਨ੍ਹਾਂ ਦੀ ਸ਼ਹੀਦੀ ਉਪਰੰਤ ਜਦੋਂ ਉਨ੍ਹਾਂ ਦੇ ਸੀਸ ਨੂੰ ਦੁਸ਼ਮਣ ਫ਼ੌਜ ਵੱਲੋਂ ਔਰੰਗਜ਼ੇਬ ਪਾਸ ਲਿਜਾਇਆ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਹੈ ਤਾਂ ਦਿੱਲੀ ਪਹੁੰਚ ਕੇ ਪਤਾ ਲੱਗਾ ਕਿ ਇਹ ਸੀਸ ਬਾਬਾ ਜੀਵਨ ਸਿੰਘ ਜੀ ਦਾ ਹੈ। ਇਸ ਬਾਰੇ ਗੁਰੂ ਬਿਲਾਸ ਪਾਤਸ਼ਾਹੀ-10 ਕ੍ਰਿਤ ਭਾਈ ਸੁੱਖਾ ਸਿੰਘ ਪੰਨਾ ਨੰਬਰ 329 'ਤੇ ਲਿਖਦੇ ਹਨ :

ਸੀਸ ਨਿਹਾਰ ਬੰਗੇਸਰ ਕੋ ਇਮ ਬੋਲਤ ਹੈ ਸਭ ਹੀ ਨਰ ਨਾਰੀ।
ਏਕ ਕਹੈ ਕਰੁਨਾ ਨਿਧਕੌ ਇਕ ਭਾਖਤ ਹੈ ਇਹ ਖੇਲ ਅਪਾਰੀ।

**ਬਾਕੀ ਸਫ਼ਾ 32 'ਤੇ**

# ਆਓ ਸਰੀਰ ਵਿਚਲੀ ਇਮਿਊਨਿਟੀ ਬਾਰੇ ਜਾਣੀਏ



**- ਡਾ. ਹਰਸ਼ਿੰਦਰ ਕੌਰ, ਐਮ. ਡੀ.**

ਮਨੁੱਖੀ ਸਰੀਰ ਅੰਦਰ ਕੁਦਰਤੀ ਇਮਿਊਨ ਸਿਸਟਮ ਫਿੱਟ ਹੋਇਆ ਪਿਆ ਹੈ ਜਿਸ ਦਾ ਕੰਮ ਹੈ ਬੀਮਾਰੀਆਂ ਤੋਂ ਬਚਾਉਣਾ! ਇੱਕ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਇਹ ਇੱਕ ਪੂਰਾ 'ਸਿਸਟਮ' ਹੈ ਨਾ ਕਿ ਇੱਕ ਸੈੱਲ।

ਜਿਵੇਂ ਬੈਂਕ ਜਾ ਕੇ ਬਾਹਰ ਖੜੇ ਸਕਿਓਰਿਟੀ ਗਾਰਡ ਕੋਲੋਂ ਪੈਸੇ ਲੈ ਕੇ ਵਾਪਸ ਨਹੀਂ ਮੁੜਿਆ ਜਾ ਸਕਦਾ ਤੇ ਇਕ ਸਿਸਟਮ ਅਧੀਨ ਚੈੱਕ ਦੇ ਕੇ ਪੈਸੇ ਕਢਵਾਏ ਜਾ ਸਕਦੇ ਹਨ, ਉਸੇ ਤਰਾਂ ਜਦੋਂ ਕੋਈ ਵਾਇਰਸ, ਬੈਕਟੀਰੀਆ ਜਾਂ ਹੋਰ ਕੀਟਾਣੂ ਸਰੀਰ ਅੰਦਰ ਵੜਨ ਦੀ ਕੋਸ਼ਿਸ਼ ਕਰਦੇ ਹਨ ਤਾਂ ਇੱਕ ਸਿਸਟਮ ਰਾਹੀਂ ਉਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਰੀਰ ਦੇ ਵੱਖੋ-ਵੱਖ ਹਿੱਸਿਆਂ ਵਿਚ ਜੜੇ ਯੰਤਰ, ਇਹ ਫੈਸਲਾ ਲੈਂਦੇ ਹਨ ਕਿ ਇਹ ਕੀਟਾਣੂ ਸਰੀਰ ਲਈ ਠੀਕ ਹਨ ਜਾਂ ਨਹੀਂ। ਫੇਰ ਉਨਾਂ ਨੂੰ ਉੱਥੋਂ ਹੀ ਨਿੱਛ ਰਾਹੀਂ ਜਾਂ ਖੰਘ ਰਾਹੀਂ ਬਾਹਰ ਕੱਢਣ ਜਾਂ ਸਰੀਰ ਦੇ ਲਿੰਫੈਟਿਕ ਸਿਸਟਮ (ਹੱਡੀਆਂ ਦਾ ਮਾਦਾ, ਤਿਲੀ, ਥਾਈਮਸ, ਲਿੰਫ ਨੋਡ-ਗਿਲਟੀਆਂ) ਰਾਹੀਂ ਤਿਆਰ ਕੀਤੇ ਸੈੱਲਾਂ ਨਾਲ ਮਾਰਨ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਜਾਂਦੀ ਹੈ।

ਹੱਡੀਆਂ ਦੇ ਮਾਦੇ ਵਿੱਚੋਂ ਚਿੱਟੇ ਸੈੱਲ ਤਿਆਰ ਹੁੰਦੇ ਹਨ ਜਿਨਾਂ ਦਾ ਕੰਮ ਕੀਟਾਣੂਆਂ ਨਾਲ ਲੜਨਾ ਹੈ। ਤਿਲੀ ਵੀ ਕੀਟਾਣੂ ਮਾਰਦੀ ਹੈ। ਥਾਈਮਸ ਵਿਚ ਟੀ-ਸੈੱਲ ਬਣਦੇ ਹਨ ਜੋ ਕੀਟਾਣੂ ਲੱਦੇ ਸੈੱਲਾਂ ਨੂੰ ਮਾਰਦੇ ਹਨ। ਲਿੰਫ ਨੋਡ ਵਿਚ ਫੌਜੀ ਸੈੱਲ ਤਿਆਰ ਵੀ ਹੁੰਦੇ ਹਨ ਤੇ ਜਮਾਂ ਵੀ ਹੁੰਦੇ ਰਹਿੰਦੇ ਹਨ। ਬੀ-ਸੈੱਲ ਐਂਟੀਬਾਡੀ ਤਿਆਰ ਕਰਦੇ ਹਨ ਅਤੇ ਕੀਟਾਣੂਆਂ ਉੱਤੇ ਹਮਲਾ ਬੋਲਦੇ ਹਨ। ਟੀ-ਸੈਲ ਉਨਾਂ ਨੂੰ ਮਾਰ ਮੁਕਾਉਂਦੇ ਹਨ।

ਹਰ ਸਰੀਰ ਅੰਦਰ ਵੜੇ ਮਾੜੇ ਕੀਟਾਣੂ ਨੂੰ ਸਮਝ ਕੇ, ਉਸ ਹਿਸਾਬ ਦੇ ਫੌਜੀ ਸੈੱਲ ਤਿਆਰ ਕਰ ਕੇ ਉਨਾਂ ਨੂੰ ਮਾਰਨ ਅਤੇ ਅੱਗੇ ਤੋਂ ਵੜਨ ਤੋਂ ਵੀ ਰੋਕਣ ਲਈ ਪੂਰਾ ਸਿਸਟਮ ਮਿਲ-ਜੁਲ ਕੇ ਕੰਮ ਕਰਦਾ ਹੈ। ਜੇ ਕੀਟਾਣੂ ਲੋੜੋਂ ਵੱਧ ਹੋਣ ਅਤੇ ਸਰੀਰ ਦਾ ਸਿਸਟਮ ਪਹਿਲਾਂ ਤਿਆਰ ਨਾ ਹੋਵੇ ਤਾਂ ਬੀਮਾਰੀ ਹੋ ਜਾਂਦੀ ਹੈ।

ਇਮਿਊਨ ਸਿਸਟਮ ਕਿਵੇਂ ਕੰਮ ਕਰਦਾ ਹੈ:

ਜਿਵੇਂ ਹੀ ਬੈਕਟੀਰੀਆ, ਵਾਇਰਸ, ਉੱਲੀ, ਕੈਂਸਰ ਸੈੱਲ ਆਦਿ ਦੇ ਬਾਹਰਵਾਰ ਲੱਗੇ ਪ੍ਰੋਟੀਨ ਘੁੰਮਦੇ ਫਿਰਦੇ ਜਾਂ ਟਿਕੇ ਹੋਏ ਇਮਿਊਨ ਸੈੱਲਾਂ ਨਾਲ ਜੁੜਦੇ ਹਨ ਤਾਂ ਝਟਪਟ ਅੱਗੇ ਇਸ ਕੀਟਾਣੂ ਬਾਰੇ ਜਾਣਕਾਰੀ ਭੇਜ ਦਿੱਤੀ ਜਾਂਦੀ ਹੈ।

ਜੇ ਕੀਟਾਣੂ ਪਹਿਲੀ ਵਾਰ ਸਰੀਰ ਅੰਦਰ ਵੜਿਆ ਹੋਵੇ ਤਾਂ ਉਸ ਬਾਰੇ ਪਹਿਲਾਂ ਸਾਰੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਕਿ ਕਿਵੇਂ ਮਾਰਨਾ ਹੈ ਜਾਂ ਕਾਬੂ ਕਰਨਾ ਹੈ। ਜੇ ਦੂਜੀ ਵਾਰ ਵੜਿਆ ਹੋਵੇ ਤਾਂ ਪਹਿਲਾਂ ਦੇ ਤਿਆਰ ਹੋਏ ਫੌਜੀ ਸੈੱਲ ਝਟਪਟ ਕੀਟਾਣੂ ਨੂੰ ਮਾਰ ਮੁਕਾਉਂਦੇ ਹਨ।

ਕਦੇ ਕਦਾਈਂ ਸਰੀਰ ਦੇ ਫੌਜੀ ਸੈੱਲ ਆਪਣੇ ਹੀ ਸੈੱਲਾਂ ਉੱਪਰਲੀ ਪ੍ਰੋਟੀਨ ਉੱਤੇ ਹੱਲਾ ਬੋਲ ਦਿੰਦੇ ਹਨ। ਇਸ ਨੂੰ 'ਆਟੋ ਇਮਿਊਨ ਰਿਸਪੌਂਸ' ਕਹਿੰਦੇ ਹਨ।

ਦੋ ਵੱਖੋ-ਵੱਖਰੇ ਇਮਿਊਨ ਸਿਸਟਮ, ਯਾਨੀ 'ਇੰਨੇਟ' ਤੇ 'ਅਡੈਪਟਿਵ' ਰਲ ਮਿਲ ਕੇ ਸਰੀਰ ਅੰਦਰ ਕੰਮ ਕਰਦੇ ਹਨ। ਇੰਨੇਟ ਦਾ ਕੰਮ ਹੁੰਦਾ ਹੈ ਹਰ ਕਿਸਮ ਦੇ ਮਾੜੇ ਕੀਟਾਣੂਆਂ ਨੂੰ ਮਾਰ ਮੁਕਾਉਣਾ। ਇਸ ਵਾਸਤੇ ਕੁਦਰਤੀ ਕਿੱਲਰ ਸੈੱਲ ਤੇ ਫੈਗੋਸਾਈਟ ਕੰਮ ਉੱਤੇ ਲੱਗ ਜਾਂਦੇ ਹਨ। ਆਮ ਤੌਰ ਉੱਤੇ ਚਮੜੀ ਤੇ ਮੂੰਹ ਰਾਹੀਂ ਢਿੱਡ ਅੰਦਰ ਪਹੁੰਚਦੇ ਕੀਟਾਣੂਆਂ ਉੱਤੇ ਇਹ ਹਮਲਾ ਬੋਲਦੇ ਹਨ।

ਅਡੈਪਟਿਵ ਦਾ ਕੰਮ ਹੁੰਦਾ ਹੈ ਐਂਟੀਬਾਡੀਜ਼ ਬਣਾਉਣੀਆਂ ਤੇ ਇਕ ਖ਼ਾਸ ਕਿਸਮ ਦੇ ਕੀਟਾਣੂ ਮਾਰ ਮੁਕਾਉਣੇ ਜੋ ਪਹਿਲਾਂ ਬੀਮਾਰੀ ਕਰ ਚੁੱਕੇ ਹੋਣ। ਇਹ ਪਹਿਲੇ ਹੱਲੇ ਉੱਤੇ ਨਹੀਂ ਬਲਕਿ ਕੀਟਾਣੂਆਂ ਦੇ ਦੂਜੇ ਹੱਲੇ ਉੱਤੇ ਕੰਮ ਸ਼ੁਰੂ ਕਰਦੇ ਹਨ।

ਅਡੈਪਟਿਵ ਇਮਿਊਨ ਸਿਸਟਮ ਕੁਦਰਤੀ ਤੌਰ ਉੱਤੇ ਏਨਾ ਤਗੜਾ ਹੁੰਦਾ ਹੈ ਕਿ ਜੇ ਕੀਟਾਣੂ ਥੋੜੀ ਬਹੁਤ ਸ਼ਕਲ ਬਦਲ ਕੇ ਦੁਬਾਰਾ ਸਰੀਰ ਅੰਦਰ ਵੜਨ ਦੀ ਕੋਸ਼ਿਸ਼ ਕਰਨ, ਤਾਂ ਵੀ ਉਨਾਂ ਨੂੰ ਮਾਰ ਮੁਕਾਉਂਦੇ ਹਨ। ਬੀ ਲਿੰਫੋਸਾਈਟ ਐਂਟੀਬਾਡੀ ਤਿਆਰ ਕਰਦੇ ਹਨ ਜਿਸ ਵਿਚ ਕਾਫੀ ਸਮਾਂ ਲੱਗਦਾ ਹੈ। ਜਦੋਂ ਬੱਚੇ ਦਾ ਟੀਕਾਕਰਨ ਕੀਤਾ ਜਾਂਦਾ ਹੈ ਤਾਂ ਇਹੋ ਸਿਸਟਮ ਬੀਮਾਰੀਆਂ ਨਾਲ ਲੜਨ ਦੀ ਤਾਕਤ ਬਖ਼ਸ਼ਦਾ ਹੈ।

ਨੱਕ ਪਿੱਛਲੇ ਐਡੀਨਾਈਡ ਗ੍ਰੰਥੀਆਂ, ਹੱਡੀਆਂ ਦਾ ਮਾਦਾ, ਗਿਲਟੀਆਂ (ਲਿੰਫ ਨੋਡ), ਲਿੰਫੈਟਿਕ ਨਸਾਂ, ਅੰਤੜੀਆਂ ਵਿਚਲੇ ਪਾਇਰ ਪੈਚ, ਤਿਲੀ, ਟੌਂਸਿਲ, ਥਾਈਮਸ (ਛਾਤੀ ਵਿਚਲਾ ਗਲੈਂਡ) ਆਦਿ ਸਭ ਸਰੀਰ ਦੇ ਇਮਿਊਨ ਸਿਸਟਮ ਦਾ ਹੀ ਹਿੱਸਾ ਹਨ।

ਐਂਟੀਬਾਇਓਟਿਕ ਦਵਾਈਆਂ ਕਿਵੇਂ ਅਸਰ ਕਰਦੀਆਂ ਹਨ: -

ਜਦੋਂ ਕਿਸੇ ਨੂੰ ਐਂਟੀਬਾਇਓਟਿਕ ਦਵਾਈਆਂ ਖਾਣ ਲਈ ਦਿੱਤੀਆਂ ਜਾਂਦੀਆਂ ਹਨ ਤਾਂ ਇਹ ਸਰੀਰ ਅੰਦਰ ਵੜੇ ਬੈਕਟੀਰੀਆ ਕੀਟਾਣੂ ਮਾਰ ਸਕਦੀਆਂ ਹਨ ਪਰ ਵਾਇਰਸ ਜਾਂ ਉੱਲੀ ਨਹੀਂ। ਜੇ ਬੇਲੋੜੀਆਂ ਐਂਟੀਬਾਇਓਟਿਕ ਦਵਾਈਆਂ ਖਾਧੀਆਂ ਜਾਣ ਤਾਂ ਉਹ ਕਿਸੇ ਬੈਕਟੀਰੀਆ ਨੂੰ ਮਾਰ ਹੀ ਨਹੀਂ ਸਕਦੀਆਂ ਪਰ ਸਰੀਰ ਉਨਾਂ ਵਿਰੁੱਧ ਆਪਣੇ ਐਂਟੀਬਾਡੀ ਸੈੱਲ ਬਣਾ ਲੈਂਦਾ ਹੈ ਜਿਸ ਕਰ ਕੇ ਦੁਬਾਰਾ ਲੋੜ ਪੈਣ ਉੱਤੇ ਇਹ ਦਵਾਈਆਂ ਬੇਅਸਰ ਹੋ ਜਾਂਦੀਆਂ ਹਨ। ਜੇ ਗਲਤ ਦਵਾਈ ਦੇ ਦਿੱਤੀ ਜਾਵੇ ਤਾਂ ਬੈਕਟੀਰੀਆ ਕੀਟਾਣੂ ਜ਼ਿਆਦਾ ਜ਼ਹਿਰੀ ਹੋ ਜਾਂਦੇ ਹਨ ਅਤੇ ਦਵਾਈ ਉਨਾਂ ਉੱਤੇ ਅਸਰ ਕਰਦੀ ਹੀ ਨਹੀਂ।

ਜੇ ਅਸਰ ਕਰਦੀ ਦਵਾਈ ਪੂਰੇ ਸਮੇਂ ਲਈ ਨਾ ਖਾਧੀ ਜਾਵੇ ਤਾਂ ਵੀ ਬੈਕਟੀਰੀਆ ਕੀਟਾਣੂ ਦੁਬਾਰਾ ਵਧ ਕੇ ਤਗੜਾ ਹੱਲਾ ਕਰ ਦਿੰਦੇ ਹਨ ਜਿੱਥੇ ਉਹ ਦਵਾਈ ਬੇਅਸਰ ਸਾਬਤ ਹੋ ਜਾਂਦੀ ਹੈ। ਇੰਜ ਹੀ ਜੇ ਲੋੜੋਂ ਵੱਧ ਸਮੇਂ ਤੱਕ ਦਵਾਈ ਖਾਧੀ ਜਾਵੇ, ਤਾਂ ਵੀ ਇਹੋ ਕੁੱਝ ਹੁੰਦਾ ਹੈ।

### ਕੀ ਇਮਿਊਨਿਟੀ ਵੱਧ ਸਕਦੀ ਹੈ ?

ਅੱਜ ਤੱਕ ਸਰੀਰ ਅੰਦਰਲੇ ਇਮਿਊਨਿਟੀ ਸਿਸਟਮ ਦੇ ਜਾਲ ਅਤੇ ਉਸ ਦੇ ਕੰਮ ਕਰਨ ਦੇ ਢੰਗ ਬਾਰੇ ਪੂਰੀ ਜਾਣਕਾਰੀ ਨਹੀਂ ਮਿਲ ਸਕੀ ਹੈ। ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਇੱਕੋ ਵੇਲੇ ਇਸ ਸਿਸਟਮ ਦਾ ਕਿੰਨਾ ਹਿੱਸਾ ਹਰਕਤ ਵਿਚ ਆਇਆ ਹੈ ਤੇ ਕਿੰਨੀ ਦੇਰ ਰਹੇਗਾ!

ਜੇ ਇਮਿਊਨ ਸਿਸਟਮ ਲੋੜੋਂ ਵੱਧ ਹਰਕਤ ਵਿਚ ਆ ਜਾਵੇ ਤਾਂ ਆਪਣੇ ਹੀ ਸਰੀਰ ਦੇ ਸੈੱਲਾਂ ਨੂੰ ਖਾਣ ਲੱਗ ਪੈਂਦਾ ਹੈ। ਇਸ ਦੇ ਨਤੀਜੇ ਵਜੋਂ ਕਈ ਭਿਆਨਕ ਬੀਮਾਰੀਆਂ ਸ਼ੁਰੂ ਹੋ ਸਕਦੀਆਂ ਹਨ ਜਿਨਾਂ ਲਈ ਪੂਰੀ ਉਮਰ ਦਵਾਈ ਖਾਣੀ ਪੈ ਸਕਦੀ ਹੈ, ਜਿਵੇਂ ਸ਼ੱਕਰ ਰੋਗ, ਰਿਊਮੈਟਾਇਡ ਆਰਥਰਾਈਟਿਸ, ਲਿਊਪਸ ਆਦਿ। ਸਦੀਆਂ ਤੋਂ ਖੋਜੀ ਡਾਕਟਰ ਇਸ ਬਾਰੇ ਕਿਆਸ ਲਾ ਰਹੇ ਹਨ ਕਿ ਸ਼ਾਇਦ ਕੋਈ ਖ਼ੁਰਾਕ, ਕਿਸੇ ਤਰਾਂ ਦੀ ਇਨਫੈਕਸ਼ਨ ਜਾਂ ਕਿਸੇ ਕਿਸਮ ਦੇ ਪਾਣੀ ਜਾਂ ਹਵਾ ਵਿਚਲੇ ਮਾੜੇ ਤੱਤ ਆਦਿ ਇਸ ਦੇ ਕਾਰਣ ਹੋਣਗੇ। ਪਰ ਹਾਲੇ ਤੱਕ ਇੱਕ ਵੀ ਕਿਆਸ ਸਾਬਤ ਨਹੀਂ ਹੋ ਸਕਿਆ। ਹੋ ਸਕਦਾ ਹੈ ਕਿ ਇਨਾਂ ਤੋਂ ਇਲਾਵਾ ਕੋਈ ਹੋਰ ਕਾਰਨ ਹੋਵੇ ਜਾਂ ਸਾਰੇ ਕਾਰਨ ਇਕੱਠੇ ਅਸਰ ਕਰਦੇ ਹੋਣ!

ਕੀ ਲੋੜੋਂ ਵੱਧ ਵਿਟਾਮਿਨ ਜਾਂ ਮਿਨਰਲ ਤੱਤ ਇਮਿਊਨ ਸਿਸਟਮ ਦਾ ਕੰਮ ਵਧਾ ਸਕਦੇ ਹਨ?

ਹਾਲੇ ਤੱਕ ਦੀ ਇੱਕ ਵੀ ਖੋਜ ਅਜਿਹਾ ਸਾਬਤ ਨਹੀਂ ਕਰ ਸਕੀ ਕਿ ਕਿਸੇ ਤਰਾਂ ਦੇ ਵਿਟਾਮਿਨ ਜਾਂ ਮਿਨਰਲ ਤੱਤ ਇਮਿਊਨਿਟੀ ਵਧਾ ਸਕੇ ਹੋਣ। ਸਿਰਫ਼ ਉਨਾਂ ਲੋਕਾਂ ਵਿਚ, ਜਿਨਾਂ ਵਿਚ ਲਹੂ ਦੀ ਕਮੀ ਜਾਂ ਮਿਨਰਲ ਤੱਤਾਂ ਦੀ ਕਮੀ ਹੋ ਚੁੱਕੀ ਹੋਵੇ, ਉਸ ਕਮੀ ਨੂੰ ਠੀਕ ਕਰਨ ਬਾਅਦ ਜ਼ਰੂਰ ਬੀਮਾਰੀ ਨਾਲ ਲੜਨ ਦੀ ਤਾਕਤ ਵਿਚ ਕੁੱਝ ਵਾਧਾ ਵੇਖਿਆ ਗਿਆ ਹੈ।

ਸੋਚਣ ਦੀ ਗੱਲ ਇਹ ਹੈ ਕਿ ਜੇ ਅਸੀਂ ਹਾਲੇ ਤੱਕ ਕੁਦਰਤ ਵੱਲੋਂ ਬਖ਼ਸ਼ੇ ਇਮਿਊਨ ਸਿਸਟਮ ਦੀਆਂ ਬਰੀਕੀਆਂ ਬਾਰੇ ਹੀ ਨਹੀਂ ਸਮਝ ਸਕੇ ਤਾਂ ਉਸ ਦੇ ਕੰਮ ਕਾਰ ਨੂੰ ਵਧਾ ਜਾਂ ਘਟਾ ਕਿਵੇਂ ਸਕਦੇ ਹਾਂ?

### ਕੀ ਟੀਕਾਕਰਨ ਨੁਕਸਾਨ ਕਰ ਸਕਦਾ ਹੈ ?

ਕਾਰ ਚਲਾਉਣ ਵਾਲਿਆਂ ਵਿਚ ਵੀ ਹਰ 6700 ਪਿੱਛੇ ਇੱਕ ਮੌਤ ਹੋਣੀ ਆਮ ਗੱਲ ਮੰਨੀ ਜਾਂਦੀ ਹੈ। ਨਹਾਉਣ ਲੱਗਿਆਂ ਬਾਥ ਟੱਬ ਵਿਚ ਵੀ 8 ਲੱਖ 40 ਹਜ਼ਾਰ ਪਿੱਛੇ ਇੱਕ ਮੌਤ ਹੋ ਰਹੀ ਹੈ। ਕਿਸੇ ਕਿਸਮ ਦੇ ਟੀਕਾਕਰਨ ਵਿਚ 10 ਲੱਖ ਪਿੱਛੇ ਇੱਕ ਨੂੰ ਜ਼ਰੂਰ ਥੋੜਾ ਬਹੁਤ ਰਿਐਕਸ਼ਨ ਵੇਖਣ ਵਿਚ ਆਉਂਦਾ ਹੈ। ਸੋਚਣ ਦੀ ਗੱਲ ਇਹ ਵੀ ਹੈ ਕਿ ਜੇ ਮੌਤਾਂ ਦੇ ਬਾਅਦ ਵੀ ਕਾਰ ਚਲਾਉਣੀ ਜਾਂ ਨਹਾਉਣਾ ਨਹੀਂ ਛੱਡਿਆ ਗਿਆ ਤਾਂ ਟੀਕਾਕਰਨ ਲਈ ਸ਼ੋਰ ਕਿਉਂ?

ਕੀ ਇਮਿਊਨ ਸਿਸਟਮ ਤਗੜਾ ਕੀਤਾ ਜਾ ਸਕਦਾ ਹੈ?

ਸਭ ਤੋਂ ਜ਼ਰੂਰੀ ਨੁਕਤਾ ਇਹ ਹੈ ਕਿ ਇਮਿਊਨ ਸਿਸਟਮ ਨੂੰ ਆਪਣਾ ਕੰਮ-ਕਾਰ ਕਰਨ ਦਿੱਤਾ ਜਾਵੇ ਤੇ ਉਸ ਵਿਚ ਕੋਈ ਰੋਕ ਜਾਂ ਅਚੜਨ ਨਾ ਪਾਈ ਜਾਵੇ।

ਜੇ ਮਦਦ ਕੀਤੀ ਜਾ ਸਕਦੀ ਹੈ ਤਾਂ ਕੀਟਾਣੂਆਂ ਦੇ ਹਮਲੇ ਨੂੰ ਘਟਾ ਕੇ ਕੀਤੀ ਜਾ ਸਕਦੀ ਹੈ। ਮਿਸਾਲ ਵਜੋਂ, ਹੱਥ ਸਾਫ਼ ਰੱਖੇ ਜਾਣ! ਜੇ ਲੋੜੋਂ ਵੱਧ ਸੈਨੇਟਾਈਜ਼ਰ ਵਰਤੇ ਜਾਣ ਤਾਂ ਚਮੜੀ ਉੱਤੇ ਪਏ ਚੰਗੇ ਬੈਕਟੀਰੀਆ ਖ਼ਤਮ ਹੋ ਜਾਣਗੇ, ਜੋ ਇਮਿਊਨ ਸਿਸਟਮ ਦੀ ਮਦਦ ਕਰਨ ਲਈ ਬੈਠੇ ਹੁੰਦੇ ਹਨ। ਇਨਾਂ ਦਾ ਕੰਮ ਹੁੰਦਾ ਹੈ ਮਾੜੇ ਬੈਕਟੀਰੀਆ ਨੂੰ ਚਮੜੀ ਰਾਹੀਂ ਸਰੀਰ ਅੰਦਰ ਵੜਨ ਹੀ ਨਾ ਦਿੱਤਾ ਜਾਵੇ। ਇੰਜ ਇਮਿਊਨ ਸਿਸਟਮ ਦੀ ਆਪੇ ਹੀ ਕੁਦਰਤੀ ਤੌਰ ਉੱਤੇ ਮਦਦ ਹੋ ਜਾਂਦੀ ਹੈ।

1. ਸਾਬਣ ਨਾਲ ਜਾਂ ਸਾਫ਼ ਪਾਣੀ ਨਾਲ ਦਿਨ ਵਿਚ ਕਈ ਵਾਰ ਹੱਥ ਧੋਣ ਨਾਲ ਵੀ ਕਈ ਚੰਗੇ ਬੈਕਟੀਰੀਆ ਚਿਪਕੇ ਰਹਿੰਦੇ ਹਨ। ਜੇ ਇਹ ਨਾ ਰਹਿਣ ਤਾਂ ਮਾੜੇ ਬੈਕਟੀਰੀਆ ਵੱਡੀ ਗਿਣਤੀ ਵਿਚ ਸਰੀਰ ਉੱਤੇ ਹੱਲਾ ਬੋਲ ਸਕਦੇ ਹਨ ਜਿਨਾਂ ਲਈ ਸਰੀਰ ਦੇ ਸੈੱਲ ਤਿਆਰ ਨਹੀਂ ਹੁੰਦੇ।
2. ਖਾਣਾ ਚੰਗੀ ਤਰਾਂ ਪਕਾ ਕੇ ਖਾਧਾ ਜਾਵੇ ਤਾਂ ਵੀ ਬਹੁਤ ਸਾਰੇ ਮਾੜੇ ਕੀਟਾਣੂ ਖ਼ਤਮ ਹੋ ਸਕਦੇ ਹਨ।
3. ਸਿਗਰਟ ਨਾ ਪੀ ਕੇ ਅਸੀਂ ਫੇਫੜਿਆਂ ਵਿਚਲੇ ਇਮਿਊਨ ਸਿਸਟਮ ਦੇ ਸੈੱਲਾਂ ਦੀ ਮਦਦ ਕਰ ਸਕਦੇ ਹਾਂ ਤੇ ਫੇਫੜਿਆਂ ਅੰਦਰਲੇ ਸੈੱਲਾਂ ਨੂੰ ਰਵਾਂ ਰੱਖ ਸਕਦੇ ਹਾਂ।
4. ਲੋੜੋਂ ਵਾਧੂ ਸ਼ੱਕਰ, ਘਿਓ, ਲੂਣ, ਪ੍ਰੋਟੀਨ, ਡੱਬਾ ਬੰਦ ਚੀਜ਼ਾਂ, ਫਾਸਟ ਫੂਡਜ਼ ਆਦਿ ਤੋਂ ਪਰਹੇਜ਼ ਕਰਨ ਨਾਲ ਵੀ ਸਰੀਰ ਨੂੰ ਬੇਲੋੜਾ ਭਾਰ ਨਹੀਂ ਝੱਲਣਾ ਪੈਂਦਾ ਤੇ ਨਾ ਹੀ ਇਨਾਂ ਨੂੰ ਸਰੀਰ ਵਿੱਚੋਂ ਕੱਢਣ ਦੀ ਮਿਹਨਤ ਕਰਨੀ ਪੈਂਦੀ ਹੈ।
5. ਨੱਕ ਵਿਚਲੇ ਵਾਲ ਨਾ ਕੱਟੇ ਜਾਣ। ਇਨਾਂ ਦਾ ਕੰਮ ਹੁੰਦਾ ਹੈ ਮਿੱਟੀ ਘੱਟਾ ਤੇ ਵੱਡੇ ਕੀਟਾਣੂਆਂ ਨੂੰ ਅੜਾ ਕੇ ਨਿੱਛ ਰਾਹੀਂ ਬਾਹਰ ਕੱਢ ਦਿੱਤਾ ਜਾਏ। ਇਸੇ ਲਈ ਨਿੱਛ ਨੂੰ ਰੋਕਣਾ ਨਹੀਂ ਚਾਹੀਦਾ ਤੇ ਨਾ ਹੀ ਨਹਿਸ਼ ਮੰਨਣੀ ਚਾਹੀਦੀ ਹੈ।

# ਸਿਹਤ ਮੁਲਾਜ਼ਮ ਕਰੋਨਾ ਯੋਧੇ ਜਾਂ ਕਿਡਨੀ ਚੋਰ ?



**- ਚਾਨਣ ਦੀਪ ਸਿੰਘ ਔਲਖ**
**9876888177**

ਕਰੋਨਾ ਮਹਾਂਮਾਰੀ ਕਾਰਨ ਮਾਰਚ ਵਿੱਚ ਲਾਕਡਾਊਨ ਹੋਣ ਪਿੱਛੋਂ ਤੇਜ਼ ਰਫ਼ਤਾਰ ਦੌੜ ਰਹੀ ਜ਼ਿੰਦਗੀ ਜਿਉਂ ਥਮ ਜਿਹੀ ਗਈ। ਸੜਕਾਂ ਸੁੰਨੀਆਂ ਹੋ ਗਈਆਂ ਲੋਕ ਕਰੋਨਾ ਵਾਇਰਸ ਦੇ ਡਰ ਨਾਲ ਘਰਾਂ ਵਿੱਚ ਕੈਦ ਹੋ ਗਏ। ਸੜਕਾਂ ਉੱਤੇ ਬਾਹਰ ਸਿਰਫ ਪੁਲਿਸ, ਸਿਹਤ ਅਤੇ ਸਫਾਈ ਮੁਲਾਜ਼ਮ ਹੀ ਨਜ਼ਰ ਆਉਂਦੇ ਸਨ। ਡਰ ਇਨਾਂ ਜ਼ਿਆਦਾ ਸੀ ਕਿ ਲੋਕ ਮਾਨਸਿਕ ਰੂਪ ਵਿੱਚ ਬਿਮਾਰ ਹੋਣ ਲੱਗੇ ਸਨ। ਪਰ ਸਿਹਤ ਵਿਭਾਗ ਦੇ ਕਰਮਚਾਰੀ ਜਾਨ ਜੋਖ਼ਮ ਵਿੱਚ ਪਾ ਕੇ ਆਪਣਾ ਫ਼ਰਜ਼ ਨਿਭਾਉਂਦੇ ਰਹੇ। ਲਗਾਤਾਰ 24-24 ਘੰਟੇ ਡਿਊਟੀ ਕੋਈ ਐਤਵਾਰ ਕੋਈ ਗਜ਼ਟਿਡ ਛੁੱਟੀ ਨਹੀਂ। ਡਿਊਟੀ ਤੇ ਰਹਿੰਦੇ ਆਪਣੇ ਬਚਾਅ ਲਈ ਚੁਕੰਨਾ ਰਹਿਣਾ ਘਰ ਜਾ ਕੇ ਵੀ ਘਰ ਵਾਲਿਆਂ ਤੋਂ ਵੱਖਰਾ ਰਹਿਣਾ। ਮਾਸਕ , ਸੈਨੀਟਾਈਜ਼ਰ ਅਤੇ ਹਾਈਪੋਕਲੋਰਾਈਡ ਨੇ ਮਾਸ ਉਧੇੜ ਦਿੱਤਾ ਸੀ। ਇੰਝ ਲੱਗਦਾ ਸੀ ਕਿ ਕੋਈ ਜੰਗ ਹੀ ਲੜ ਰਹੇ ਹਾਂ। ਉਸ ਸਮੇਂ ਲੋਕਾਂ ਨੇ ਵੀ ਬੜਾ ਸਨਮਾਨ ਦਿੱਤਾ ਥਾਂ ਥਾਂ ਤੇ ਫੁੱਲਾਂ ਦੀ ਵਰਖਾ ਅਤੇ ਕਰੋਨਾ ਯੋਧੇ ਨਾਮ ਨਾਲ ਸਨਮਾਨਿਆਂ ਗਿਆ। ਜਾਣੀਂ ਮੁਸ਼ਕਿਲਾਂ ਨਾਲ ਕੀਤੀਆਂ ਡਿਊਟੀਆਂ ਦਾ ਮੁੱਲ ਮੁੜ ਗਿਆ ਹੋਵੇ।

ਪਰ ਪਿਛਲੇ ਕੁਝ ਦਿਨਾਂ ਤੋਂ ਵਾਹ ਉਲਟੀ ਵਗਣ ਲੱਗੀ ਹੈ। ਕੁਝ ਥਾਵਾਂ ਤੇ ਲੋਕ ਸਿਹਤ ਮੁਲਾਜ਼ਮਾਂ ਦਾ ਵਿਰੋਧ ਕਰ ਰਹੇ ਹਨ। ਪਿਛਲੇ ਦਿਨੀਂ ਮਾਨਸਾ ਜ਼ਿਲੇ ਦੇ ਪਿੰਡ ਬਛੋਆਣਾ ਵਿਖੇ ਜਦੋਂ ਸਿਹਤ ਮੁਲਾਜ਼ਮਾਂ ਦੀ ਟੀਮ ਕਰੋਨਾ ਪਾਜ਼ਿਟਿਵ ਮਰੀਜ਼ ਨੂੰ ਆਈਸੋਲੇਸ਼ਨ ਵਾਰਡ ਵਿੱਚ ਸਿਫਟ ਕਰਵਾਉਣ ਲਈ ਪਹੁੰਚੀ ਤਾਂ ਪਿੰਡ ਵਾਸੀਆਂ ਵੱਲੋਂ ਮਰੀਜ਼ ਨੂੰ ਭੇਜਣ ਤੋਂ ਇਨਕਾਰ ਕਰ ਦਿੱਤਾ। ਇਨਾਂ ਹੀ ਨਹੀਂ ਸਿਹਤ ਮੁਲਾਜ਼ਮਾਂ ਨੂੰ ਐਂਬੂਲੈਂਸ ਸਮੇਤ ਘੇਰ ਲਿਆ ਅਤੇ ਚਾਬੀ ਕੱਢ ਲਈ। ਪਿੰਡ ਵਾਸੀਆਂ ਦਾ ਇਹ ਤਰਕ ਹੈ ਕਿ ਡਾਕਟਰ ਮਰੀਜ਼ਾਂ ਨੂੰ ਲਿਜਾ ਕੇ ਕਿਡਨੀਆਂ ਅਤੇ ਹੋਰ ਅੰਗ ਕੱਢ ਲੈਂਦੇ ਹਨ ਅਤੇ ਕਰੋਨਾ ਕਾਰਨ ਮਿਰਤਕਾਂ ਦਾ ਮੂੰਹ ਵੀ ਨਹੀਂ ਵੇਖਣ ਦਿੰਦੇ। ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿੱਚ ਸਿਹਤ ਮੁਲਾਜ਼ਮਾਂ ਦਾ ਘਿਰਾਓ ਅਤੇ ਦੁਰਵਿਹਾਰ ਦੀਆਂ ਖ਼ਬਰਾਂ ਮਿਲੀਆਂ ਹਨ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਤੇ ਆਸ਼ਾ ਵਰਕਰਾਂ ਅਤੇ ਹੋਰ ਸਿਹਤ ਮੁਲਾਜ਼ਮਾਂ ਬਾਰੇ ਭੰਡੀ ਪ੍ਰਚਾਰ ਜ਼ੋਰਾਂ ਤੇ ਹੈ। ਪਿੰਡ ਪਿੰਡ ਸਪੀਕਰਾਂ ਰਾਹੀਂ ਅਨਾਊਂਸਮੈਂਟ ਕਰਵਾ ਕੇ ਸਿਹਤ ਮੁਲਾਜ਼ਮਾਂ ਨੂੰ ਪਿੰਡ ਵਿੱਚ ਵੜਨ ਤੋਂ ਰੋਕਿਆ ਜਾ ਰਿਹਾ ਹੈ।

ਆਮ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਇਹ ਸਿਹਤ ਮੁਲਾਜ਼ਮ ਉਹੀ ਹਨ ਜੋ ਲੰਬੇ ਸਮੇਂ ਤੋਂ ਸਾਨੂੰ ਮੁਫ਼ਤ ਸਿਹਤ ਸੇਵਾਵਾਂ ਦੇ ਰਹੇ ਹਨ। ਜਦੋਂ ਵੀ ਕੋਈ ਬਿਮਾਰੀ ਆਈ ਹੈ ਇਨਾਂ ਸਿਹਤ ਮੁਲਾਜ਼ਮਾਂ ਨੇ ਹੀ ਬਿਮਾਰੀ ਤੇ ਕਾਬੂ ਪਾਉਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਸੰਭਵ ਇਲਾਜ ਮੁਹੱਈਆ ਕਰਵਾਇਆ ਹੈ। ਕੋਵਿਡ-19 ਮਹਾਂਮਾਰੀ ਦੌਰਾਨ ਇਹ ਵਰਤਾਰਾ ਸਭ ਨੇ ਅੱਖੀਂ ਡਿੱਠਾ ਹੈ। ਇਨਾਂ ਵਿਚੋਂ ਜ਼ਿਆਦਾਤਰ ਮੁਲਾਜ਼ਮ ਤਾਂ ਠੇਕਾ ਅਧਾਰਿਤ ਅਤੇ ਨਿਗੂਣੀਆਂ ਤਨਖ਼ਾਹਾਂ ਤੇ ਜੂਨ ਬਸ਼ਰ ਕਰਦੇ ਜਾਨ ਜੋਖ਼ਮ ਵਿੱਚ ਪਾ ਕੇ ਕੰਮ ਕਰ ਰਹੇ ਹਨ। ਐਵੇਂ ਸੁਣੀਆਂ ਸੁਣਾਈਆਂ ਗੱਲਾਂ ਵਿਚ ਆ ਕੇ ਸਿਹਤ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ।

ਹਰ ਕਿੱਤੇ ਵਿੱਚ ਸਾਰੇ ਲੋਕ ਮਾੜੇ ਨਹੀਂ ਹੁੰਦੇ ਕੁਝ ਲੋਕ ਮਾੜੇ ਹੋ ਸਕਦੇ ਹਨ। ਪਰ ਉਨਾਂ ਕੁਝ ਲੋਕਾਂ ਕਰਕੇ ਸਾਰੇ ਸਿਹਤ ਮੁਲਾਜ਼ਮਾਂ ਦਾ ਵਿਰੋਧ ਜਾਂ ਘਿਰਾਓ ਕਰਨਾ ਕੋਈ ਚੰਗੀ ਗੱਲ ਨਹੀਂ ਹੈ। ਪਰ ਸਾਡੇ ਲੋਕ ਬੜੀ ਛੇਤੀ ਇਸ ਤਰਾਂ ਦੀਆਂ ਖ਼ਬਰਾਂ ਦੇ ਪ੍ਰਭਾਵ ਵਿੱਚ ਆ ਜਾਂਦੇ ਹਨ। ਜੇਕਰ ਕੋਈ ਅਜਿਹੀ ਗੱਲਬਾਤ ਹੋਈ ਹੈ ਤਾਂ ਲੋਕਾਂ ਨੂੰ ਸਿਹਤ ਮੁਲਾਜ਼ਮਾਂ ਦਾ ਘਿਰਾਓ ਜਾਂ ਵਿਰੋਧ ਕਰਨ ਦੀ ਥਾਂ ਮੰਤਰੀਆਂ ਅਤੇ ਵਿਧਾਇਕਾਂ ਤੋਂ ਇਸਦਾ ਜਵਾਬ ਮੰਗਣਾ ਚਾਹੀਦਾ ਹੈ। ਸਰਕਾਰ ਅਤੇ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਇਸ ਤਰਾਂ ਦੀਆਂ ਘਟਨਾਵਾਂ ਤੇ ਸਾਰਥਕ ਕਾਰਵਾਈ ਕਰਕੇ ਲੋਕਾਂ ਸਾਹਮਣੇ ਸਚਾਈ ਲੈ ਕੇ ਆਵੇ ਤਾਂ ਕਿ ਅਫਵਾਹਾਂ ਨਾਲ ਡਰੇ ਹੋਏ ਲੋਕਾਂ ਵਿੱਚ ਵਿਸ਼ਵਾਸ ਪੈਦਾ ਹੋ ਸਕੇ।

ਚੁੱਪ ਧਾਰ ਕੇ ਸਿਹਤ ਮੁਲਾਜ਼ਮਾਂ ਨੂੰ ਬਲੀ ਦਾ ਬੱਕਰਾ ਬਣਾਉਣਾ ਠੀਕ ਨਹੀਂ ਹੈ। ਇਸ ਨਾਲ ਲੋਕਾਂ ਵਿੱਚ ਸਿਹਤ ਮੁਲਾਜ਼ਮਾਂ ਦੇ ਨਾਲ ਨਾਲ ਸਰਕਾਰ ਦਾ ਅਕਸ ਖ਼ਰਾਬ ਹੋ ਰਿਹਾ ਹੈ। ਸਰਕਾਰ ਨੂੰ ਝੂਠੀਆਂ ਅਫਵਾਹਾਂ ਫੈਲਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਇਸ ਤੋਂ ਇਲਾਵਾ ਕਰੋਨਾ ਸੈਂਪਲਿੰਗ ਪ੍ਰਕਿਰਿਆ, ਇਕਾਂਤਵਾਸ , ਘਰੇਲੂ ਇਕਾਂਤਵਾਸ ਫਾਰਮੈਲਿਟੀ ਆਦਿ ਨੂੰ ਵਧੇਰੇ ਸਰਲ ਅਤੇ ਪਾਰਦਰਸ਼ੀ ਬਣਾਉਣ ਦੀ ਲੋੜ ਹੈ। ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ ਦੀਆਂ ਪੰਚਾਇਤਾਂ ਨੂੰ ਬੁਲਾ ਕੇ ਜਾਣਕਾਰੀ ਦਿੱਤੀ ਜਾ ਸਕਦੀ ਹੈ। ਸਰਕਾਰ ਨੂੰ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਠੋਸ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਇਸ ਮਹਾਂਮਾਰੀ ਨਾਲ ਲੋਕਾਂ ਦਾ ਨੁਕਸਾਨ ਹੋਣ ਦੇ ਨਾਲ ਨਾਲ ਲੋਕਾਂ ਦੇ ਰੋਹ ਨਾਲ ਸਿਹਤ ਮੁਲਾਜ਼ਮਾਂ ਦਾ ਨੁਕਸਾਨ ਹੋਣ ਤੋਂ ਬਚਾਇਆ ਜਾ ਸਕੇ।

# ਪੰਜਾਬ ਦੇ 600 ਅਰਬ ਡਾਲਰ ਮੁੱਲ ਦੇ ਪਾਣੀ ਦੀ ਲੁੱਟ

**ਭਾਗ 1**

**ਮੂਲ ਲੇਖਕ: ਦਲਜੀਤ ਸਿੰਘ**
**ਪੰਜਾਬੀ ਅਨੁਵਾਦ: ਗੁਰਪ੍ਰੀਤ ਸਿੰਘ**

ਆਮ ਤੌਰ 'ਤੇ, ਅਸੀਂ ਅਜਿਹੇ ਕਿਸੇ ਵਿਸ਼ੇ' ਤੇ ਨਹੀਂ ਲਿਖਦੇ ਜੋ ਮੌਜੂਦਾ ਮੁੱਦਾ (ਮਤਲਬ ਵਿਚਾਰਅਧੀਨ) ਹੋਵੇ। ਪਰ ਬਦਕਿਸਮਤੀ ਨਾਲ ਅਤੇ ਅਸਲ ਵਿਚ ਅਣਜਾਣਤਾ ਅਤੇ ਅਸਪੱਸ਼ਟਤਾ ਨਾਲ, ਅਕਾਦਮਿਕ ਪ੍ਰਕਾਸ਼ਨਾਂ ਅਤੇ ਸਰਕਲਾਂ ਵਿਚ ਪੰਜਾਬ ਸਮੱਸਿਆ ਦੇ ਸੰਬੰਧ ਵਿਚ ਜੋ ਵਿਚਾਰ ਪ੍ਰਗਟ ਕੀਤੇ ਗਏ ਹਨ ਉਹ ਗ਼ਲਤ ਅਤੇ ਤੱਥਾਂ ਤੋਂ ਦੂਰ ਹਨ। ਇਸ ਕਾਰਨ ਕਰਕੇ, ਇਹ ਜ਼ਰੂਰੀ ਬਣ ਜਾਂਦਾ ਹੈ ਕਿ ਸੰਖੇਪ ਵਿਚ ਪੰਜਾਬ ਦੇ ਪਾਣੀ ਅਤੇ ਪਣ ਬਿਜਲੀ ਦੀ ਸਮੱਸਿਆ ਬਾਰੇ ਅਸਲ, ਕਾਨੂੰਨੀ ਅਤੇ ਸੰਵਿਧਾਨਕ ਸਥਿਤੀ ਬਾਰੇ ਦੱਸਿਆ ਜਾਵੇ ਜੋ ਕਿ ਸਭ ਤੋਂ ਗੰਭੀਰ ਮੁੱਦਾ ਹੈ। ਅਸੀਂ ਆਸ ਕਰਦੇ ਹਾਂ ਉਹ ਸਾਰੇ ਭਰਮ ਅਤੇ ਗਲਤ ਜਾਣਕਾਰੀ ਜੋ ਕੁਝ ਸਾਹਿਤਿਕ ਹਲਕਿਆਂ ਵਿਚ ਕੁਝ ਗਲਤ ਅਤੇ ਕਾਹਲੇ ਵਗਣ ਵਾਲੇ ਪੱਤਰਕਾਰਾਂ ਕਰਕੇ ਪੈਦਾ ਹੋਈ ਹੈ ਦੂਰ ਹੋਵੇਗੀ। ਜਾਂ ਘੱਟੋ ਘੱਟ ਗੰਭੀਰ ਵਿਦਵਾਨ ਜਾਂ ਖੋਜਕਰਤਾ ਪੰਜਾਬ ਸਮੱਸਿਆ ਦੇ ਉਸ ਪਹਿਲੂ ਨੂੰ ਧਿਆਨ ਨਾਲ ਵਿਚਾਰਨਗੇ ਜੋ ਇਸ ਖੋਜ ਪੱਤਰ ਵਿੱਚ ਦੱਸਿਆ ਗਿਆ ਹੈ।

ਦਰਿਆ-ਪਾਣੀਆਂ ਦਾ ਵਿਵਾਦ ਪੰਜਾਬ ਵਿਚ ਸਭ ਤੋਂ ਵੱਡਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਮੁੱਦਾ ਹੈ, ਅਤੇ ਰਾਜ ਵਿਚ ਸਮਾਜਿਕ-ਰਾਜਨੀਤਿਕ ਸਮੱਸਿਆਵਾਂ ਦੇ ਹੱਲ ਲਈ ਸਭ ਤੋਂ ਵੱਧ ਜ਼ਰੂਰੀ ਹੈ, ਕਿਉਂਕਿ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰਾਂ ਵਿਚ ਅਗਾਂਹ ਸਾਰੀ ਤਰੱਕੀ ਇਸ ਮਸਲੇ ਦੇ ਸੰਵਿਧਾਨਿਕ ਤੌਰ 'ਤੇ ਨਿਰਪੱਖ ਹੱਲ ਉੱਤੇ ਨਿਰਭਰ ਕਰਦੀ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਸ ਮਸਲੇ ਦੀ ਜੜ ਅਤੇ ਗੰਭੀਰਤਾ ਨੂੰ ਸਮਝਿਆ ਜਾਵੇ ਕਿ ਕਿਵੇਂ ਇਸ ਮਸਲੇ ਨੂੰ ਜਾਣਬੁਝ ਕੇ ਗੈਰਜ਼ਰੂਰੀ ਲਟਕਾਇਆ ਗਿਆ, ਅੜਿਕੇ ਡਾਹੇ ਗਏ ਜਿਸ ਨਾਲ ਸਾਰੀਆਂ ਸੰਬੰਧਿਤ ਧਿਰਾਂ ਨੂੰ ਗੰਭੀਰ ਖ਼ਮਿਆਜ਼ੇ ਭੁਗਤਣੇ ਪਏ।

**ਸਮੱਸਿਆ**

1966 ਤਕ, ਪੰਜਾਬ ਦੂਜੇ ਰਾਜਾਂ ਦੀ ਤਰਾਂ ਇਸ ਦੇ ਦਰਿਆਈ ਪਾਣੀਆਂ ਦਾ ਮਾਲਕ ਸੀ। ਪਰ 1966 ਵਿਚ, ਪੰਜਾਬੀ ਸੂਬੇ ਦੀ ਸਿਰਜਣਾ ਸਮੇਂ, ਕੇਂਦਰ ਨੇ ਪੰਜਾਬ ਪੁਨਰਗਠਨ ਕਾਨੂੰਨ, 1966 ਵਿਚ ਧਾਰਾਵਾਂ 78 ਤੋਂ 80 ਜੋੜ ਦਿਤੀਆਂ, ਜਿਸ ਦੇ ਤਹਿਤ ਕੇਂਦਰ ਨੇ ਪੰਜਾਬ ਦੇ ਪਾਣੀਆਂ ਦੇ ਪ੍ਰਬੰਧ, ਵੰਡ ਅਤੇ ਵਿਕਾਸ ਅਤੇ ਪੰਜਾਬ ਦੇ ਦਰਿਆਵਾਂ ਦੀ ਪਣ-ਬਜਿਲੀ ਦੀਆਂ ਸ਼ਕਤੀਆਂ ਹਥਿਆ ਲਈਆਂ। ਅਜਿਹਾ ਕਰਨਾ ਗੈਰ-ਸੰਵਿਧਾਨਕ ਸੀ ਕਿਉਂਕਿ ਸੈਕਸ਼ਨ 78-80 ਜੋ ਤਾਕਤਾਂ ਕੇਂਦਰ ਸਰਕਾਰ ਨੂੰ ਦਿੰਦਾ ਸੀ, ਉਹ ਭਾਰਤੀ ਸੰਵਿਧਾਨ ਮੁਤਾਬਿਕ ਪੱਖਪਾਤੀ ਸਨ ਅਤੇ ਸੰਵਿਧਾਨ ਦੇ ਨਿਯਮਾਂ ਦੇ ਉਲਟ ਸਨ। ਜਦੋਂ ਕਿ ਪੰਜਾਬ ਵਲੋਂ ਇਹ ਮੰਗ ਕੀਤੀ ਗਈ ਸੀ ਕਿ ਸਮੱਸਿਆ ਦਾ ਇੱਕੋ-ਇੱਕ ਨਿਰਪੱਖ ਅਤੇ ਸਹੀ ਹੱਲ ਇਸ ਮੁੱਦੇ ਨੂੰ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਨੂੰ ਵਿਚਾਰ ਲਈ ਭੇਜਿਆ ਜਾਵੇ। ਪਰ ਇਸ ਜਾਇਜ਼ ਮੰਗ ਨੂੰ ਪਾਸੇ ਕਰ ਦਿੱਤਾ ਗਿਆ, ਅਤੇ ਇਸ ਦੀ ਬਜਾਏ, ਕੇਂਦਰ ਨੇ ਨਾ ਸਿਰਫ ਇਸ ਕਾਨੂੰਨ ਦੀਆਂ ਇਨਾਂ ਧਾਰਾਵਾਂ (78 -80 ) ਅਧੀਨ ਨਜਾਇਜ ਹੱਕਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ, ਬਲਕਿ ਗੈਰ-ਰਿਪੇਰੀਅਨ ਖੇਤਰਾਂ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਪੰਜਾਬ ਦੇ 75% ਤੋਂ ਵੱਧ ਪਾਣੀਆਂ ਦੀ ਗੈਰ ਸੰਵਿਧਾਨਿਕ ਵੰਡ ਕਰ ਦਿੱਤੀ।

ਦਰਅਸਲ ਪੰਜਾਬ ਜਾ ਸਿੱਖਾਂ ਦੇ ਕੇਂਦਰ ਨਾਲ ਸੰਘਰਸ਼ ਦਾ ਇਤਿਹਾਸ ਇਸ ਤੱਥ ਦਾ ਇਤਿਹਾਸ ਹੈ ਕਿ ਇਸ ਸਾਰੇ ਸਮੇਂ ਦੌਰਾਨ ਪੰਜਾਬ ਕੋਸ਼ਿਸ਼ ਤੇ ਆਸ ਕਰਦਾ ਰਿਹਾ ਕਿ ਇਸ ਸਮੱਸਿਆ ਦਾ ਹੱਲ ਸੰਵਿਧਾਨਿਕ ਹਵਾਲਿਆਂ ਨਾਲ ਕੀਤਾ ਜਾਵੇ, ਜਦੋਂ ਕਿ ਕੇਂਦਰ ਇਸ ਅਮਲ ਤੋਂ ਟਾਲਾ ਵੱਟਦਾ ਰਿਹਾ। ਇੰਨਾ ਕੁਛ ਹੋਣ ਤੋਂ ਬਾਅਦ, ਇਕ ਸਮੇਂ ਜਦੋਂ ਇਹ ਮਸਲਾ ਅਸਲ ਵਿਚ ਪੰਜਾਬ ਸਰਕਾਰ (ਇਕ ਅਕਾਲੀ ਸਰਕਾਰ ਦੌਰਾਨ) ਦੁਆਰਾ ਸੁਪਰੀਮ ਕੋਰਟ ਵਿਚ ਭੇਜਿਆ ਗਿਆ ਸੀ, ਅਤੇ ਸੁਣਵਾਈ ਅਤੇ ਫ਼ੈਸਲੇ ਲਈ ਉਥੇ ਵਿਚਾਰ ਅਧੀਨ ਸੀ, ਤਾਂ ਕੇਂਦਰ (ਕਾਂਗਰਸ ਸਰਕਾਰ) ਦੁਆਰਾ ਸੁਪਰੀਮ ਕੋਰਟ ਵਿਚੋਂ ਕੇਸ ਨਿਰਸਤ ਕਰਾ ਦਿੱਤਾ ਗਿਆ ਅਤੇ ਪੰਜਾਬ ਦੀ ਨਿਆਇਕ ਫੈਸਲਾ ਲੈਣ ਦੀ ਕੋਸ਼ਿਸ਼ ਨੂੰ ਫੇਲ ਕਰਨ ਵਿਚ ਕਾਮਯਾਬ ਰਿਹਾ। ਇਸ ਲਈ ਇਹ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ, ਜਦੋਂਕਿ ਪੰਜਾਬ ਨੂੰ ਲਗਦਾ ਹੈ ਕਿ ਇਸ ਦੀ ਕੁਦਰਤੀ ਦੌਲਤ ਦੀ ਲੁੱਟ ਗੈਰ-ਸੰਵਿਧਾਨਕ ਅਤੇ ਗੈਰ ਕਾਨੂੰਨੀ ਹੈ ਅਤੇ ਇਸਦੇ ਸਿੱਟੇ ਪੰਜਾਬ ਦੇ ਭਵਿੱਖ ਅਤੇ ਇਸ ਦੇ ਲੋਕਾਂ ਲਈ ਨੁਕਸਾਨਦੇਹ ਹੋਣਗੇ।

**ਰਿਪੇਰੀਅਨ ਕਾਨੂੰਨ, ਸੰਵਿਧਾਨਕ ਹੱਕ ਅਤੇ ਵਰਤੋਂ**

ਸਦੀਆਂ ਤੋਂ ਚਲਦੇ ਅਤੇ ਮੰਨੇ ਜਾ ਰਹੇ ਕੌਮਾਂਤਰੀ ਕਾਨੂੰਨ ਅਤੇ ਅਭਿਆਸ ਦੇ ਤਹਿਤ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ ਜਿੱਥੇ ਇੱਕ ਨਦੀ ਪੂਰੀ ਤਰਾਂ ਇੱਕ ਹੀ ਸੂਬੇ, ਰਾਜ, ਮੁਲਕ ਜਾਂ ਖਿੱਤੇ ਵਿੱਚ ਪਈ ਹੁੰਦੀ ਹੈ, ਇਹ ਪੂਰੀ ਤਰਾਂ ਉਸੇ ਖਿੱਤੇ ਨਾਲ ਸਬੰਧਤ ਹੁੰਦੀ ਹੈ ਤੇ ਉਸਦੀ ਮਾਲਕੀ ਹੇਠ ਆਉਂਦੀ ਹੈ, ਅਤੇ ਇਸ ਵਿੱਚ ਕਿਸੇ ਵੀ ਹੋਰ ਰਾਜ ਜਾਂ ਖਿੱਤੇ ਦਾ ਕੋਈ ਹੱਕ ਨਹੀਂ ਹੁੰਦਾ। ਅਤੇ ਜਿੱਥੇ ਇਕ ਨਦੀ ਇਕ ਤੋਂ ਵੱਧ ਰਾਜਾਂ ਵਿਚੋਂ ਦੀ ਲੰਘਦੀ ਹੈ; ਹਰੇਕ ਰਾਜ ਜਾਂ ਖਿੱਤਾ ਨਦੀ ਦੇ ਉਸ ਹਿੱਸੇ ਦਾ ਮਾਲਕ ਹੁੰਦਾ ਹੈ ਜੋ ਇਸਦੇ ਖੇਤਰ ਵਿੱਚੋਂ ਲੰਘਦਾ ਹੈ। ਇਸ ਤਰਾਂ, ਬਰਬਰ, ਹੇਫਰ, ਸਟਾਰਕ, ਸੈਮਿਸਿਅਨ ਅਤੇ ਹੋਰ ਮਾਹਿਰਾਂ ਦੇ ਅਨੁਸਾਰ ਦਰਿਆਈ ਪਾਣੀਆਂ ਨਾਲ ਜੁੜੇ ਝਗੜੇ ਸਿਰਫ ਰਿਪੇਰੀਅਨ ਰਾਜਾਂ ਵਿਚਕਾਰ ਹੋ ਸਕਦੇ ਹਨ, ਨਾ ਕਿ ਰਿਪੇਰੀਅਨ ਰਾਜ ਅਤੇ ਗੈਰ-ਰਿਪੇਰੀਅਨ ਰਾਜ ਦੇ ਵਿਚਕਾਰ। ਇਹ ਰਿਪੇਰੀਅਨ ਸਿਧਾਂਤ ਕੌਮਾਂਤਰੀ ਕਾਨੂੰਨਾਂ ਅਤੇ ਰਾਸ਼ਟਰੀ ਕਾਨੂੰਨਾਂ ਵਿੱਚ ਸ਼ਾਮਲ ਹੈ, ਜਿਸ ਵਿੱਚ ਇੰਗਲੈਂਡ ਦਾ ਸਾਂਝਾ ਕਾਨੂੰਨ ਵੀ ਸ਼ਾਮਲ ਹੈ, ਅਤੇ ਅੰਤਰ-ਰਾਜ ਪਾਣੀ ਦੀ ਵੰਡ ਲਈ ਹੇਲਸਿੰਕੀ ਨਿਯਮਾਂ ਵਿੱਚ ਵੀ ਸ਼ਾਮਲ ਹੈ।

1. ਸੰਖੇਪ ਵਿੱਚ, ਦਰਿਆ ਅਤੇ ਦਰਿਆ ਦਾ ਪਾਣੀ ਜੋ ਧਰਤੀ ਉੱਤੇ ਵਗਦੇ ਹਨ ਇੱਕ ਰਾਜ ਦੇ ਭੂਮੀ ਜਾਂ ਖੇਤਰ ਦਾ ਇੱਕ ਜ਼ਰੂਰੀ ਹਿੱਸਾ ਹੁੰਦੇ ਹਨ, ਜਿਸ ਉੱਤੇ ਇਸ ਦਾ ਪੂਰਨ ਹੱਕ ਹੁੰਦਾ ਹੈ। ਧਰਤੀ ਜਾਂ ਇਲਾਕਾ ਇੱਕ ਰਾਜ ਦਾ ਅਨਿੱਖੜਵਾਂ ਅੰਗ ਹੁੰਦਾ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਸ ਹੱਕ ਦੇ ਉਦੇਸ਼ ਲਈ ਵਰਤੇ ਜਾ ਰਹੇ ਸ਼ਬਦ 'ਰਾਜ' ਤੋਂ ਮਤਲਬ ਵਿੱਚ ਇੱਕ ਦੇਸ਼ ਦੇ ਅੰਦਰ ਇੱਕ ਰਾਜ ਜਾਂ ਸੂਬਾ ਹੈ। ਇਹ ਰਿਪੇਰੀਅਨ ਸਿਧਾਂਤ ਭਾਰਤੀ ਸੰਵਿਧਾਨ ਦੇ 7ਵੇਂ ਸ਼ਡਿਊਲ (Gth Schedule) ਦੀ ਅਨੁਸੂਚੀ 17 (Entry 17th) ਵਿੱਚ ਸ਼ਾਮਲ ਹੈ। ਇਸ ਵਿੱਚ ਨਦੀਆਂ, ਦਰਿਆਈ ਪਾਣੀ ਅਤੇ ਪਣ-ਬਿਜਲੀ ਨੂੰ ਵਿਸ਼ੇਸ਼ ਤੌਰ 'ਤੇ ਸੂਬੇ ਦੇ ਵਿਸ਼ੇ ਵਜੋਂ ਰੱਖਿਆ ਗਿਆ ਹੈ। ਸਵਿੰਧਾਨ ਦੀ ਅਨੁਸੂਚੀ 17 ਮੁਤਾਬਕ;

17- ਪਾਣੀ, ਭਾਵ, ਪਾਣੀ ਦੀ ਸਪਲਾਈ, ਸਿੰਜਾਈ ਅਤੇ ਨਹਿਰਾਂ ਦੀ ਨਿਕਾਸੀ ਅਤੇ ਬੰਨ, ਜਲ ਭੰਡਾਰਣ ਅਤੇ ਪਣ-ਬਿਜਲੀ ਸੰਵਿਧਾਨ ਦੀ ਸੂਚੀ (list 1) ਦੀ ਅਨੁਸੂਚੀ 56 (Entry 56th) ਦੀ ਮੱਦ ਅਧੀਨ ਹਨ।

7ਵੇਂ ਸ਼ਡਿਊਲ (Gth Schedule) ਦੀ ਸੂਚੀ (List 1) ਦੀ ਅਨੁਸੂਚੀ 56 (ਐਂਟਰੀ 56) ਅਨੁਸਾਰ;

56 - ਅੰਤਰਰਾਜੀ ਦਰਿਆਵਾਂ ਅਤੇ ਘਾਟੀਆਂ ਦਾ ਰੱਖ ਰਖਾਉ ਅਤੇ ਵਿਕਾਸ ਜਿਸ ਹੱਦ ਤੱਕ ਕੇਂਦਰ ਸਰਕਾਰ ਦੇ ਪ੍ਰਬੰਧ ਅਧੀਨ ਆਉਂਦਾ ਹੈ ਉਸ ਹੱਦ ਤੱਕ ਅਜਿਹੇ ਰੱਖ ਰਖਾਓ ਅਤੇ ਵਿਕਾਸ ਨੂੰ ਸੰਸਦ ਦੁਆਰਾ ਜਨਤਕ ਹਿੱਤ ਵਿੱਚ ਲਾਭਦਾਇਕ ਐਲਾਨਿਆ ਜਾਂਦਾ ਹੈ।

ਸੰਵਿਧਾਨ ਦਾ ਆਰਟੀਕਲ 262 ਕਹਿੰਦਾ ਹੈ;

262 - ਅੰਤਰਰਾਜੀ ਦਰਿਆਵਾਂ ਜਾਂ ਦਰਿਆ ਦੀਆਂ ਵਾਦੀਆਂ ਦੇ ਪਾਣੀਆਂ ਨਾਲ ਸਬੰਧਤ ਵਿਵਾਦਾਂ ਦਾ ਨਿਰਣਾ।

(ਧਾਰਾ 1) - ਕਿਸੇ ਵੀ ਅੰਤਰ-ਰਾਜੀ ਦਰਿਆ ਜਾਂ ਨਦੀ ਘਾਟੀ ਦੇ ਪਾਣੀਆਂ ਦੀ ਵਰਤੋਂ, ਵੰਡ ਜਾਂ ਨਿਯੰਤਰਣ ਦੇ ਸੰਬੰਧ ਵਿੱਚ ਕਿਸੇ ਵਿਵਾਦ ਜਾਂ ਸ਼ਿਕਾਇਤ ਦਾ ਨਿਪਟਾਰਾ ਕੇਂਦਰ ਸਰਕਾਰ ਸੰਸਦੀ ਕਾਨੂੰਨ ਦੁਆਰਾ ਕਰ ਸਕਦੀ ਹੈ।

(ਧਾਰਾ 2) - ਸੰਵਿਧਾਨ ਵਿੱਚ ਦਰਜ ਕਿਸੇ ਵੀ ਚੀਜ ਦੇ ਬਾਵਜੂਦ, ਕੇਂਦਰ ਸਰਕਾਰ ਦੇ ਸੰਸਦੀ ਕਾਨੂੰਨ ਦੁਆਰਾ ਇਹ ਪ੍ਰਬੰਧ ਕੀਤਾ ਜਾ ਸਕਦਾ ਹੈ ਕਿ ਨਾ ਤਾਂ ਸੁਪਰੀਮ ਕੋਰਟ ਅਤੇ ਨਾ ਹੀ ਕੋਈ ਹੋਰ ਅਦਾਲਤ ਅਜਿਹੇ ਕਿਸੇ ਵਿਵਾਦ ਜਾਂ ਸ਼ਿਕਾਇਤ ਦੇ ਸੰਬੰਧ ਵਿਚ ਆਪਣੇ ਅਧਿਕਾਰ ਖੇਤਰ ਦੀ ਵਰਤੋਂ ਕਰੇਗੀ ਜਿਸ ਵਿਵਾਦ ਦੀ ਵਿਆਖਿਆ ਧਾਰਾ (1) ਵਿਚ ਕੀਤੀ ਗਈ ਹੈ।

ਉਪਰੋਕਤ ਦੱਸੀਆਂ ਹਾਲਤਾਂ ਤੋਂ ਇਲਾਵਾ, ਇਕ ਦਰਿਆ ਦੇ ਸੰਬੰਧ ਵਿਚ ਕਿਸੇ ਸੂਬੇ ਕੋਲ ਭਾਰਤੀ ਸੰਵਿਧਾਨ ਦੇ ਆਰਟੀਕਲ 246 (3) ਅਤੇ 162 ਅਧੀਨ ਪੂਰੀ ਤਰਾਂ ਅਤੇ ਵਿਸ਼ੇਸ਼ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਹਨ। ਉਪਰੋਕਤ ਜ਼ਿਕਰ ਕੀਤੀ ਐਂਟਰੀ 56 ਅਤੇ ਆਰਟੀਕਲ 262 ਸੰਸਦ ਨੂੰ ਸਿਰਫ ਅੰਤਰਰਾਜੀ ਨਦੀਆਂ ਦੇ ਸੰਬੰਧ ਵਿਚ ਕਾਨੂੰਨ ਬਣਾਉਣ ਦਾ ਹੱਕ ਦਿੰਦੀਆਂ ਹਨ, ਨਾ ਕਿ ਕਿਸੇ ਸੂਬਾਈ ਨਦੀ ਦੇ ਪਾਣੀ ਦੇ ਸੰਬੰਧ ਵਿਚ, ਜਿਸ ਉੱਤੇ ਸਬੰਧਤ ਸੂਬੇ ਦਾ ਪੂਰਾ, ਨਿਵੇਕਲਾ ਅਤੇ ਅੰਤਮ ਹੱਕ ਹੋਵੇ।

ਇੱਕ ਦਰਿਆ ਘਾਟੀ (ਰਵਿ ?ਰ ਵ ?ਲਲਏ ) ਤੋਂ ਮਤਲਬ ਉਸ ਭੂ ਭਾਗ ਤੋਂ ਹੈ ਜੋ ਪਹਾੜਾਂ ਅਤੇ ਪਰਬਤੀ ਚੋਟੀਆਂ ਦੇ ਵਿਚਕਾਰ ਪਿਆ ਹੁੰਦਾ ਹੈ ਅਤੇ ਜਿਸ ਵਿੱਚ ਦਰਿਆ ਵਗਦੇ ਹੋਣ ਜਾਂ ਜਿਸ ਵਿੱਚ ਕੋਈ ਝੀਲ ਪਾਈ ਜਾਂਦੀ ਹੋਵੇ ਜੋ ਸਿਧੇ ਖੜੇ ਪਹਾੜਾਂ ਦੇ ਵਿਚਕਾਰ ਹੋਵੇ. ਘਾਟੀ ਦੀ ਇੱਕ ਹੋਰ ਪਰਿਭਾਸ਼ਾ ਇੱਕ ਵੱਡੀ ਨਦੀ ਨਾਲ ਸਿੰਜਿਆ ਖੇਤਰ ਵੀ ਹੈ। 1958 ਦੀ ਅੰਤਰਰਾਸ਼ਟਰੀ ਲਾਅ ਐਸੋਸੀਏਸ਼ਨ ਦੀ ਕਾਨਫ਼ਰੰਸ ਵਿੱਚ ਇੱਕ ਬੇਸਿਨ ਦੀ ਪਰਿਭਾਸ਼ਾ ਇਸ ਤਰਾਂ ਦਿੱਤੀ ਗਈ ਹੈ:

ਡਰੇਨੇਜ ਬੇਸਿਨ ਦੋ ਜਾਂ ਦੋ ਤੋਂ ਵੱਧ ਰਾਜਾਂ ਦੇ ਇਲਾਕਿਆਂ ਦੇ ਅੰਦਰ ਇਕ ਅਜਿਹਾ ਖੇਤਰ ਹੁੰਦਾ ਹੈ ਜਿਸ ਵਿਚ ਵਹਿ ਰਿਹਾ ਸਾਰਾ ਪਾਣੀ (ਕੁਦਰਤੀ ਵਹਾਓ ਅਤੇ ਮਨੁੱਖੀ ਨਿਰਮਤ ਨਹਿਰਾਂ ਦਾ ਵਹਾਓ ਦੋਵੇਂ), ਇਕ ਸਾਂਝੇ ਥਾਂ (ਕੋਈ ਦਰਿਆ, ਝੀਲ) ਵਿੱਚ ਜਾ ਇਕੱਠਾ ਹੁੰਦਾ ਹੋਵੇ ਜਾਂ ਸਾਂਝੇ ਥਾਂ ਤੋਂ ਸਮੁੰਦਰ ਵਿੱਚ ਜਾ ਮਿਲਦਾ ਹੋਵੇ, ਜਾਂ ਕਿਸੇ ਅਜਿਹੇ ਖੇਤਰ ਚ ਜਾ ਜਮਾਂ ਹੁੰਦਾ ਹੋਵੇ ਜਿਥੋਂ ਸਮੁੰਦਰ ਵਿੱਚ ਜਾ ਮਿਲਣ ਦਾ ਕੋਈ ਰਸਤਾ ਨਾ ਹੋਵੇ। ਵਿਕੀਪੀਡੀਆ ਉੱਤੇ ਡਰੇਨੇਜ ਬੇਸਿਨ ਦੀ ਵਿਆਖਿਆ, "ਡਰੇਨੇਜ ਬੇਸਿਨ ਜ਼ਮੀਨ ਦਾ ਉਹ ਇਲਾਕਾ ਹੁੰਦਾ ਹੈ ਜਿਥੇ ਮੀਂਹ ਦਾ ਪਾਣੀ ਇਕੱਠਾ ਹੋ ਜਾਂਦਾ ਹੈ ਅਤੇ ਕਿਸੇ ਇੱਕ ਸਾਂਝੀ ਜਗਾ ਉਤੇ ਜਾ ਕੇ ਨਿਕਾਸ ਹੋ ਜਾਂਦਾ ਹੈ, ਜਿਵੇਂ ਕਿ ਨਦੀ, ਤਲਾਅ ਜਾਂ ਪਾਣੀ ਦੇ ਕਿਸੇ ਹੋਰ ਸਰੋਤ ਵਿਚ।

**ਬਾਕੀ ਸਫ਼ਾ 32 'ਤੇ**

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)

• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਕਹਾਣੀ ਕੋਰੋਨਾ ਕਾਲ ਤੇ ਬਜ਼ੁਰਗਾਂ ਦਾ ਸਤਿਕਾਰ



**- ਗੋਵਰਧਨ ਗੱਬੀ**

ਜਦੋਂ ਦਾ ਕੋਰੋਨਾ ਕਾਲ ਚੱਲ ਰਿਹਾ ਹੈ ਉਦੋਂ ਤੋਂ ਦੁਨੀਆ ਭਰ ਤੋਂ ਇਸ ਮਹਾਂਮਾਰੀ ਨਾਲ ਸਬੰਧਿਤ ਵੱਖ-ਵੱਖ ਵਿਸ਼ਿਆਂ ਤੇ ਮੁੱਦਿਆਂ 'ਤੇ ਖ਼ਬਰਾਂ ਪੜਨ-ਸੁਣਨ ਤੇ ਵੇਖਣ ਨੂੰ ਮਿਲ ਰਹੀਆਂ ਹਨ ਜੋ ਨਿਰਾਸ਼, ਪਰੇਸ਼ਾਨ ਤੇ ਦੁਖੀ ਕਰਨ ਵਾਲੀਆਂ ਹੀ ਹੁੰਦੀਆਂ ਹਨ। ਮਸਲਨ ਔਰਤਾਂ ਨਾਲ ਘਰੇਲੂ ਹਿੰਸਾ, ਬੱਚਿਆਂ ਦਾ ਘਰ ਦੇ ਹੀ ਰਿਸ਼ਤੇਦਾਰਾਂ ਦੁਆਰਾ ਜਿਨਸੀ ਸ਼ੋਸ਼ਣ, ਬਜ਼ੁਰਗਾਂ ਨਾਲ ਘਰਦਿਆਂ ਦੁਆਰਾ ਕੀਤੀਆਂ ਜਾਂਦੀਆਂ ਬਦਸਲੂਕੀਆਂ ਦੇ ਸਿਲਸਿਲੇ 'ਚ ਅਚਾਨਕ ਉਛਾਲ ਆਉਣਾ। ਵੈਸੇ ਤਾਂ ਅਜਿਹੀਆਂ ਸਾਰੀਆਂ ਖ਼ਬਰਾਂ ਮਨ ਨੂੰ ਦੁਖੀ ਕਰਦੀਆਂ ਹਨ ਪਰ ਬਜ਼ੁਰਗਾਂ ਨਾਲ ਸਬੰਧਿਤ ਖ਼ਬਰਾਂ ਕੁਝ ਜ਼ਿਆਦਾ ਚਿੰਤਾ ਤੇ ਫ਼ਿਕਰ ਪੈਦਾ ਕਰਨ ਵਾਲੀਆਂ ਹੁੰਦੀਆਂ ਹਨ। ਇਸ ਸਭ ਦੇ ਚੱਲਦਿਆਂ ਮੈਨੂੰ ਚਾਲੀ-ਪੰਤਾਲੀ ਸਾਲ ਪਹਿਲਾਂ ਦੀ ਮੇਰੇ ਮਰਹੂਮ ਤਾਇਆ ਜੀ ਦੁਆਰਾ ਸੁਣਾਈ ਜਾਂਦੀ ਇਕ ਬਾਤ ਯਾਦ ਆਉਂਦੀ ਰਹਿੰਦੀ ਹੈ। ਉਹ ਇਸ ਬਾਤ ਨੂੰ ਉਸ ਵੇਲੇ ਦੇ ਆਧੁਨਿਕ ਸਮਾਜ ਨਾਲ ਜੋੜ ਕੇ ਸੁਣਾਉਂਦੇ ਹੁੰਦੇ ਸਨ।

ਬਾਤ ਇਹ ਹੈ। ਪਿੰਡ ਦੇ ਇਕ ਮੱਧ-ਵਰਗੀ ਪਰਿਵਾਰ ਵਿਚ ਰਾਮ ਪਿਆਰੇ ਨਾਂ ਦਾ ਅਧਖੜ ਆਦਮੀ, ਉਸ ਦੀ ਪਤਨੀ, ਉਨਾਂ ਦੇ ਦੋ ਬੱਚੇ ਤੇ ਉਸ ਦਾ ਬਜ਼ੁਰਗ ਪਿਤਾ ਰਹਿੰਦੇ ਸਨ। ਰਾਮ ਪਿਆਰੇ ਦੀ ਮਾਂ ਕੁਝ ਸਾਲ ਪਹਿਲਾਂ ਫ਼ੌਤ ਹੋ ਚੁੱਕੀ ਸੀ। ਉਹ ਦੋਨੋਂ ਸਰਕਾਰੀ ਮਹਿਕਮੇ ਵਿਚ ਨੌਕਰੀ ਕਰਦੇ ਸਨ। ਪੁੱਤਰ ਤੇ ਬੇਟੀ ਸਕੂਲ ਵਿਚ ਪੜਦੇ ਸਨ। ਰਾਮ ਪਿਆਰੇ ਦੀ ਪਤਨੀ ਆਪਣੇ-ਆਪ ਨੂੰ ਕੁਝ ਜ਼ਿਆਦਾ ਹੀ ਪੜੀ-ਲਿਖੀ ਤੇ ਆਧੁਨਿਕ ਸਮਝਦੀ ਸੀ। ਉਸ ਦਾ ਸੁਭਾਅ ਕੁਝ ਅੜਬ ਤੇ ਝਗੜਾਲੂ ਕਿਸਮ ਦਾ ਸੀ। ਉਸ ਦੀ ਰਾਮ ਪਿਆਰੇ ਨਾਲ ਤਾਂ ਛੋਟੀ-ਛੋਟੀ ਗੱਲ 'ਤੇ ਬਹਿਸ ਤੇ ਕਿਹਾ-ਸੁਣੀ ਹੁੰਦੀ ਹੀ ਰਹਿੰਦੀ ਪਰ ਮੌਕਾ ਮਿਲਦੇ ਹੀ ਉਹ ਨਜ਼ਲਾ ਆਪਣੇ ਸਹੁਰੇ 'ਤੇ ਝਾੜ ਦਿੰਦੀ। ਸਹੁਰਾ ਘਰ ਵਿਚ ਸ਼ਾਂਤੀ ਬਣਾਈ ਰੱਖਣ ਖ਼ਾਤਰ ਬਹੁਤਾ ਹੁੰਗਾਰਾ ਨਾ ਭਰਦਾ। ਉਸ ਦੀ ਸ਼ਿਕਾਇਤ ਵੀ ਆਪਣੇ ਪੁੱਤ ਕੋਲ ਨਾ ਲਗਾਉਂਦਾ।

ਪੁੱਤਰ ਵੀ ਸਾਰਾ ਕੁਝ ਸਮਝਦਾ ਹੋਇਆ ਚੁੱਪ ਰਹਿਣ ਨੂੰ ਤਰਜੀਹ ਦਿੰਦਾ ਸੀ। ਉਹ ਨਹੀਂ ਚਾਹੁੰਦਾ ਸੀ ਕਿ ਘਰ ਵਿਚ ਕਲੇਸ਼ ਵਧੇ। ਉਮਰ ਵਧਣ ਨਾਲ ਬਜ਼ੁਰਗ ਨੂੰ ਸਾਹ ਦੀ ਸਮੱਸਿਆ ਰਹਿਣ ਲੱਗ ਪਈ। ਰਾਮ ਪਿਆਰੇ ਉਸ ਦਾ ਇਲਾਜ ਕਰਵਾਉਂਦਾ ਰਿਹਾ ਪਰ ਬਜ਼ੁਰਗ ਦੀ ਬਿਮਾਰੀ ਵਿਗੜਦੀ ਗਈ। ਇਸ ਦੇ ਨਾਲ-ਨਾਲ ਨੂੰਹ ਦੀ ਉਸ ਨਾਲ ਬਦਸਲੂਕੀ ਤੇ ਗਾਲ਼ੀ-ਗਲੋਚ ਦੀ ਮਾਤਰਾ ਵੀ ਵੱਧ ਗਈ। ਓਧਰ ਰਾਮ ਪਿਆਰੇ ਨੇ ਸਹਿਣਸ਼ੀਲਤਾ ਵਧਾ ਲਈ। ਸਿਆਲ ਉੱਤਰਦੇ ਹੀ ਬਜ਼ੁਰਗ ਖਾਂਸੀ ਨਾਲ ਕੁਝ ਜ਼ਿਆਦਾ ਤੰਗ ਹੋ ਜਾਂਦਾ। ਉਸ ਦੀ ਖਾਂਸੀ ਕਾਰਨ ਉਸ ਦੀ ਨੂੰਹ ਵੀ ਛੇਤੀ ਤੰਗ ਹੋ ਜਾਂਦੀ। ਰਾਮ ਪਿਆਰੇ ਤੇ ਬੱਚੇ ਉਸ ਨੂੰ ਬਥੇਰਾ ਸਮਝਾਉਂਦੇ ਪਰ ਉਹ ਕਿਸੇ ਦੀ ਨਾ ਸੁਣਦੀ। "ਏਸ ਬੁੜੇ ਨੇ ਆਪ ਤਾਂ ਤੁਰ ਜਾਣੈ ਪਰ ਇਸ ਨੇ ਸਾਨੂੰ ਤੇ ਬੱਚਿਆਂ ਨੂੰ ਬਿਮਾਰੀ ਤੋਹਫ਼ੇ ਵਿਚ ਦੇ ਜਾਣੀ ਹੈ।" ਨੂੰਹ ਇਸ ਤਰਾਂ ਦੇ ਆਪਣੇ ਹੀ ਤਰਕ ਦਿੰਦੀ। ਫਿਰ ਇਕ ਦਿਨ ਐਸਾ ਆਇਆ ਕਿ ਨੂੰਹ ਨੇ ਰਾਮ ਪਿਆਰੇ ਨੂੰ ਸਾਫ਼ ਕਹਿ ਦਿੱਤਾ ਕਿ ਇਸ ਘਰ ਵਿਚ ਜਾਂ ਤਾਂ ਇਹ ਬੁੱਢਾ ਰਹੇਗਾ ਜਾਂ ਉਹ। ਹੁਣ ਵਿਚਾਰਾ ਰਾਮ ਪਿਆਰੇ ਕੀ ਕਰੇ ? ਆਪਣੇ ਪਿਉ ਨੂੰ ਕਿੱਥੇ ਛੱਡੇ ਪਰ ਜੇ ਪਿਉ ਨੂੰ ਨਾ ਛੱਡੇ ਤਾਂ ਪਤਨੀ ਘਰੋਂ ਜਾਂਦੀ ਸੀ। ਘਰ ਉੱਜੜਦਾ ਸੀ। ਬੱਚਿਆਂ ਦੀ ਜ਼ਿੰਦਗੀ ਖ਼ਰਾਬ ਹੁੰਦੀ ਸੀ। ਉਨੀਂ ਦਿਨੀਂ ਪਿੰਡਾਂ ਵਾਲੇ ਪਾਸੇ ਅਨਾਥ ਆਸ਼ਰਮ ਤਾਂ ਹੁੰਦੇ ਨਹੀਂ ਸਨ। ਜੇ ਹੁੰਦੇ ਤਾਂ ਉਹ ਪਿਤਾ ਜੀ ਨੂੰ ਉੱਥੇ ਹੀ ਛੱਡ ਆਉਂਦਾ। ਰਾਮ ਪਿਆਰੇ ਨੇ ਪਤਨੀ ਤੋਂ ਪਿਤਾ ਵਾਲੀ ਸਮੱਸਿਆ ਦਾ ਹੱਲ ਕੱਢਣ ਵਾਸਤੇ ਇਕ ਹਫ਼ਤੇ ਦਾ ਸਮਾਂ ਮੰਗਿਆ।ਅਖੀਰ ਰਾਮ ਪਿਆਰੇ ਨੇ ਦਿਲ ਨੂੰ ਮਜ਼ਬੂਤ ਕਰ ਕੇ ਇਕ ਅਹਿਮ ਫ਼ੈਸਲਾ ਲੈ ਲਿਆ। ਉਸ ਨੇ ਸਕੀਮ ਬਣਾ ਲਈ ਕਿ ਆਉਂਦੇ ਐਤਵਾਰ ਨੂੰ ਉਹ ਆਪਣੇ ਪਿਤਾ ਨੂੰ ਪਿੰਡ ਨੇੜੇ ਪੈਂਦੀ ਪੱਕੀ ਨਹਿਰ ਕੰਢੇ ਘੁਮਾਉਣ ਲੈ ਜਾਵੇਗਾ। ਮੌਕਾ ਮਿਲਦੇ ਹੀ ਉਸ ਨੂੰ ਨਹਿਰ ਵਿਚ ਧੱਕਾ ਦੇ ਦੇਵੇਗਾ। ਸੋ, ਉਸ ਨੇ ਪਿਤਾ ਜੀ ਵਾਸਤੇ ਮਰੀਜ਼ਾਂ ਨੂੰ ਤੋਰਨ-ਫੇਰਨ ਵਾਸਤੇ ਸਪੈਸ਼ਲ ਪਹੀਆਂ ਵਾਲੀ ਕੁਰਸੀ ਵੀ ਖਰੀਦ ਲਈ। ਕੁਰਸੀ ਦੇਖ ਕੇ ਪਿਤਾ ਖ਼ੁਸ਼ ਹੋ ਗਿਆ। ਰਾਮ ਪਿਆਰੇ ਮਨ ਵਿਚ ਸੋਚਣ ਲੱਗਾ ਕਿ ਪਿਤਾ ਜੀ ਨੂੰ ਮੌਕਾ ਦੇਖ ਨਹਿਰ ਵਿਚ ਸੁੱਟ ਦਿਆਂਗਾ ਤੇ ਲੋਕਾਂ ਨੂੰ ਕਹਿ ਦੇਵਾਂਗਾ ਕਿ ਅਸੀਂ ਸੈਰ ਕਰ ਰਹੇ ਸਾਂ। ਰਸਤੇ ਵਿਚ ਢਲਾਣ ਸੀ ਤੇ ਪੱਥਰ ਨਾਲ ਠੇਡਾ ਲੱਗਾ ਤੇ ਕੁਰਸੀ ਮੇਰੇ ਹੱਥੋਂ ਛੁੱਟ ਗਈ। ਪਿਤਾ ਜੀ ਉਸ ਕੁਰਸੀ ਸਮੇਤ ਨਹਿਰ ਵਿਚ ਰੁੜ ਗਏ। ਮੈਂ ਬਥੇਰੀ ਕੋਸ਼ਿਸ਼ ਕੀਤੀ ਪਰ ਉਨਾਂ ਨੂੰ ਬਚਾ ਨਾ ਸਕਿਆ। ਫਿਰ ਉਸ ਨੇ ਕਿਹਾ, "ਪਿਤਾ ਜੀ ! ਚੱਲੋ ਤੁਹਾਨੂੰ ਅੱਜ ਮੈਂ ਨਹਿਰ ਕੰਢੇ ਘੁਮਾ ਕੇ ਲਿਆਉਂਦਾ ਹਾਂ। ਥੋੜਾ ਮਾਹੌਲ ਬਦਲੇਗਾ, ਤੁਹਾਡਾ ਮਨ ਵੀ ਬਹਿਲ ਜਾਵੇਗਾ।" ਦਿਲ 'ਤੇ ਪੱਥਰ ਰੱਖ ਕੇ ਉਹ ਪਿਤਾ ਜੀ ਨੂੰ ਕੁਰਸੀ 'ਤੇ ਬਿਠਾ ਕੇ ਨਹਿਰ ਵੱਲ ਲੈ ਗਿਆ।

ਨਹਿਰ ਦੇ ਕੰਢੇ ਬਣੀ ਫਿਰਨੀ 'ਤੇ ਉਨਾਂ ਨੂੰ ਘੁਮਾਉਣ ਲੱਗ ਪਿਆ। ਬਾਪ ਬਹੁਤ ਖ਼ੁਸ਼ ਸੀ ਕਿ ਅੱਜ ਉਸ ਦੇ ਪੁੱਤ ਨੇ ਆਪਣੀ ਪਤਨੀ ਦੀ ਨਾ ਮੰਨ ਕੇ ਆਪਣੇ ਦਿਲ ਦੀ ਮੰਨੀ ਹੈ। ਭਰੇ ਮਨ ਨਾਲ ਰਾਮ ਪਿਆਰੇ ਜਾਣਬੁੱਝ ਕੇ ਉਸ ਨੂੰ ਨਹਿਰ ਦੇ ਉਸ ਪਾਸੇ ਲੈ ਗਿਆ ਜਿੱਥੇ ਲੋਕਾਂ ਦਾ ਆਉਣਾ-ਜਾਣਾ ਬਹੁਤ ਘੱਟ ਸੀ। ਉਸਦਾ ਜ਼ਮੀਰ ਤਾਂ ਉਸ ਨੂੰ ਲਾਹਨਤਾਂ ਪਾ ਰਿਹਾ ਸੀ ਪਰ ਪਤਨੀ ਦੀ ਜ਼ਿੱਦ ਅੱਗੇ ਉਹ ਹਾਰ ਚੁੱਕਾ ਸੀ। ਪੁਰਾਣੀਆਂ ਗੱਲਾਂ ਤੇ ਯਾਦਾਂ ਨੂੰ ਸਾਂਝਿਆਂ ਕਰਦੇ-ਕਰਦੇ ਜਦੋਂ ਉਹ ਇਕ ਐਸੀ ਥਾਂ 'ਤੇ ਪੁੱਜੇ ਜਿੱਥੇ ਪੁੱਤਰ ਨੂੰ ਲੱਗ ਰਿਹਾ ਸੀ ਕਿ ਹੁਣ ਪਿਤਾ ਜੀ ਵਾਲੀ ਰਿੜਦੀ ਕੁਰਸੀ ਨੂੰ ਧੱਕਾ ਦੇ ਦੇਣਾ ਚਾਹੀਦਾ ਹੈ। ਉਸ ਨੇ ਜਿਵੇਂ ਹੀ ਕੁਰਸੀ ਨੂੰ ਨਹਿਰ ਵੱਲ ਕੀਤਾ ਤਾਂ ਅਚਾਨਕ ਬਜ਼ੁਰਗ ਬੋਲ ਉੱਠਿਆ, ""ਪੁੱਤਰਾ ਇੱਥੇ ਨਹੀਂ, ਥੋੜਾ ਹੋਰ ਅੱਗੇ ਜਾ ਕੇ ਧੱਕਾ ਦੇਈਂ। ਅਸਲ 'ਚ ਇੱਥੇ ਮੈਂ ਆਪਣੇ ਪਿਉ ਨੂੰ ਧੱਕਾ ਦਿੱਤਾ ਸੀ।" "

ਪੁੱਤਰ ਦੇ ਹੱਥ ਰੁਕ ਗਏ ਤੇ ਕੁਝ ਦੇਰ ਲਈ ਸਾਹ ਵੀ।

ਉਸ ਦੇ ਮੂੰਹੋਂ ਕੁਝ ਨਹੀਂ ਨਿਕਲਿਆ। ਉਹ ਬੁੱਤ ਬਣ ਗਿਆ। ਪਿਤਾ ਜੀ ਸਮੇਤ ਘਰ ਵਾਪਸ ਆ ਗਿਆ। ਪਤਨੀ ਨੂੰ ਸਾਰਾ ਕਿੱਸਾ ਕਹਿ ਸੁਣਾਇਆ ਤੇ ਕਿਹਾ, "ਉਹ ਦੇਖ, ਸਾਡਾ ਪੁੱਤਰ ਵੀ ਸਾਰਾ ਕੁਝ ਦੇਖ ਰਿਹਾ ਹੈ। ਸਾਰੀ ਉਮਰ ਜਵਾਨ ਅਸੀਂ ਵੀ ਨਹੀਂ ਰਹਿਣਾ। ਸੋ ਬਿਹਤਰ ਹੈ ਕਿ ਅਸੀਂ ਆਪਣਾ ਨਜ਼ਰੀਆ ਬਦਲੀਏ।" ਉਸ ਦੀ ਪਤਨੀ ਨੂੰ ਗੱਲ ਪੂਰੀ ਤਰਾਂ ਸਮਝ ਆ ਗਈ। ਉਸ ਦਿਨ ਤੋਂ ਬਾਅਦ ਉਸ ਨੇ ਸਹੁਰੇ ਦੀ ਦਿਲ ਲਗਾ ਕਿ ਖ਼ੂਬ ਸੇਵਾ ਕੀਤੀ। ਬਜ਼ੁਰਗ ਇਸੇ ਖ਼ੁਸ਼ੀ ਵਿਚ ਸਰਦੀਆਂ ਨਿਕਲ ਜਾਣ ਤੋਂ ਪਹਿਲਾਂ ਹੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ। ਸੋ ਦੋਸਤੋ ! ਕੋਰੋਨਾ ਵਰਗੇ ਕਾਲ ਤਾਂ ਆਉਂਦੇ-ਜਾਂਦੇ ਰਹਿਣਗੇ ਪਰ ਕਦੇ ਵੀ ਬਜ਼ੁਰਗਾਂ ਦਾ ਨਿਰਾਦਰ ਨਾ ਕਰੋ। ਉਨਾਂ ਨੂੰ ਪਿਆਰ ਕਰੋ। ਉਨਾਂ ਦਾ ਸਤਿਕਾਰ ਕਰੋ ਅਤੇ ਉਨਾਂ ਦੀਆਂ ਅਸੀਸਾਂ ਮੁਫ਼ਤ ਵਿਚ ਪਾਓ। ਆਮੀਨ !

# ਰਿਸ਼ਤਿਆਂ ਦਾ ਹੋ ਰਿਹਾ ਕਤਲ, ਬਜੁਰਗਾਂ ਦਾ ਘੱਟ ਰਿਹਾ ਸਤਿਕਾਰ

**- ਹਰਕੀਰਤ ਕੌਰ ਸਭਰਾ**

ਜ਼ਿੰਦਗੀ ਵਿੱਚ ਰਿਸ਼ਤੇ ਬਹੁਤ ਗਹਿਰਾ ਮਹੱਤਵ ਰੱਖਦੇ ਹਨ। ਰਿਸ਼ਤਿਆਂ ਦੀ ਕੜੀ ਹੀ ਇੱਕ ਅਜਿਹੀ ਕੜੀ ਹੈ, ਜੋ ਸਾਨੂੰ ਇੱਕ ਦੂਸਰੇ ਨਾਲ ਜੋੜੀ ਰੱਖਦੀ ਹੈ। ਰਿਸ਼ਤੇਦਾਰ ਉਹ ਅਹਿਮ ਹਿੱਸਾ ਹੈ, ਜੋ ਬੰਦੇ ਦੇ ਦੁੱਖ ਸੁੱਖ ਵਿੱਚ ਭਾਈਵਾਲ ਹੁੰਦੇ ਹਨ। ਖੁਸ਼ੀਆਂ ਦੇ ਮੌਕੇ ਇਕੱਠੇ ਭੰਗੜਾ ਪਾਉਣ ਤੋਂ ਲੈ ਕੇ ਗਮਾਂ ਦੀਆਂ ਘੜੀਆਂ ਵਿੱਚ ਇੱਕ ਦੂਸਰੇ ਦਾ ਸਹਾਰਾ ਬਣਦੇ ਹਨ ਰਿਸ਼ਤੇ। ਪੁਰਾਣੇ ਸਮੇਂ ਵੀ ਬਹੁਤ ਨਿਆਰੇ ਹੁੰਦੇ ਸਨ। ਜਦੋਂ ਕਿਤੇ ਕੋਈ ਪ੍ਰਹੁਣਾ ਘਰ ਆਉਣਾ ਤਾਂ ਸਾਰਿਆਂ ਨੂੰ ਬਹੁਤ ਚਾਅ ਚੜਦਾ ਹੁੰਦਾ ਸੀ। ਮੈਨੂੰ ਅੱਜ ਵੀ ਯਾਦ ਹੈ ਕਿ ਜਦੋਂ ਸਾਡੀਆਂ ਭੂਆਂ ਸਾਡੇ ਕੋਲ ਰਹਿਣ ਆਉਦੀਆਂ ਸਨ, ਦੂਰੋਂ ਤੁਰੀਆਂ ਆਉਦੀਆਂ ਦੇਖ ਕੇ ਅੱਗਲਵਾਂਡੀ ਲੈਣ ਜਾਣਾ। ਮਾਤਾ ਜੀ ਨੇ ਝੱਟ ਦਿਨੀਂ ਪ੍ਰਹੁਣਿਆਂ ਦੇ ਪਸੰਦ ਦਾ ਭੋਜਨ ਬਣਾ ਕੇ ਰੱਖ ਦੇਣਾ। ਦਾਦੀ ਨੇ ਆਪਣੇ ਬਾਗ ਪਰਿਵਾਰ ਨੂੰ ਹੱਸਦਾ ਖੇਡਦਾ ਵੇਖ ਫੁਲੀ ਨਾ ਸਮਾਉਣਾ, ਰੱਬ ਦਾ ਸ਼ੁਕਰਾਨਾ ਕਰਨਾ ਤੇ ਆਪਣੇ ਦੋਹਤਿਆਂ ਪੋਤਰਿਆਂ ਦੇ ਹਾਸਿਆਂ ਤੋ ਵਾਰੇ ਵਾਰੇ ਜਾਣਾ।

ਕਹਿਣ ਤੋ ਭਾਵ ਪਿਛਲੇ ਸਮਿਆਂ ਵਿੱਚ ਪਿਆਰ, ਮਿਲਵਰਤਨ ਬਹੁਤ ਗਹਿਰਾ ਸੀ, ਜਿਸ ਕਾਰਣ ਪ੍ਰਹੁਣਿਆਂ ਨੂੰ ਰੱਬ ਵਾਂਗ ਪੂਜਿਆ ਜਾਂਦਾ ਸੀ। ਰਿਸ਼ਤੇਦਾਰੀਆਂ ਦੀਆਂ ਕਦਰਾਂ ਸਨ, ਲੋਕਾਂ ਨੂੰ ਰੁਝੇਵੇਂ ਘੱਟ ਤੇ ਖੁਸ਼ੀਆਂ ਮਾਨਣ ਦੇ ਪਲ ਜਿਆਦਾ ਸਨ। ਲੋਕਾਂ ਵਿੱਚ ਨਫਾ ਨੁਕਸਾਨ ਲੱਭਣ ਦੀ ਜਗਾ ਤੇ ਪਿਆਰ ਅਤੇ ਮਿਲਵਰਤਨ ਦੀ ਤਾਂਘ ਜਿਆਦਾ ਹੋਇਆ ਕਰਦੀ ਸੀ। ਪਰ ਜੇਕਰ ਅਜੋਕੇ ਸਮੇਂ ਦੀ ਗੱਲ ਕੀਤੀ ਜਾਵੇ ਤਾਂ ਲੋਕਾਂ ਦੇ ਰੁਝੇਵੇਂ ਜਿਆਦਾ ਵੱਧ ਗਏ ਹਨ। ਮਾਮੀਆਂ, ਮਾਸੀਆਂ, ਭੂਆ ਦੀ ਗੱਲ ਤਾਂ ਬਾਅਦ ਦੀ ਹੈ, ਹੁਣ ਲੋਕਾਂ ਕੋਲ ਇੱਕ ਛੱਤ ਹੇਠਾਂ ਰਹਿ ਰਹੇ ਪਰਿਵਾਰ ਦੇ ਜੀਆਂ ਕੋਲ ਬੈਠਣ ਦਾ ਸਮਾਂ ਨਹੀਂ ਹੈ।

ਰਿਸ਼ਤਿਆਂ ਦੀ ਇਸ ਕਦਰ ਬੇਪਤੀ ਹੋ ਰਹੀ ਹੈ ਕਿ, ਕਲਯੁਗ ਦਾ ਪਹਿਰਾ ਹੋਣ ਦਾ ਸਾਫ ਸਬੂਤ ਮਿਲਦਾ ਹੈ। ਸਮੇਂ ਦੀ ਐਸੀ ਹਨੇਰੀ ਝੁੱਲੀ ਕਿ ਆਪਸੀ ਪ੍ਰੇਮ ਪਿਆਰ ਤੇ ਮਿਲਵਰਤਨ ਦੀ ਜਗਾ ਈਰਖਾ, ਲੜਾਈ ਝਗੜੇ ਤੇ ਖਹਿਬਾਜੀ ਨੇ ਲੈ ਲਈ। ਬਾਕੀ ਰਿਸ਼ਤਿਆਂ ਦੀ ਗੱਲ ਬਾਅਦ ਵਿੱਚ ਢਿੱਡੋਂ ਜਾਏ ਭੈਣ ਭਰਾਵਾਂ ਵਿੱਚ ਵੀ ਕੇਵਲ ਸ਼ਰੀਕੇਬਾਜੀ ਰਹਿ ਗਈ ਹੈ ਅਤੇ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਬਜੁਰਗਾਂ ਨਾਲ ਹੋ ਰਿਹਾ ਦੁਰਵਿਵਹਾਰ ਮੌਜੂਦਾ ਸਮੇਂ ਦੀ ਸਭ ਤੋ ਵੱਡਾ ਕਲੰਕ ਹੈ। ਥੋੜੇ ਦਿਨ ਪਹਿਲਾਂ ਇੰਟਰਨੈੱਟ ਉੱਪਰ ਇੱਕ ਦੋ ਵੀਡੀਓ ਵਾਇਰਲ ਹੋਈਆਂ ਜਿਸ ਵਿੱਚ ਨੂੰਹਾਂ ਵੱਲੋ ਬਜੁਰਗ ਮਾਤਾ ਦੀ ਕੁੱਟਮਾਰ ਕੀਤੀ ਜਾ ਰਹੀ ਸੀ, ਜਿਸ ਨੂੰ ਦੇਖ ਕੇ ਏਦਾਂ ਮਹਿਸੂਸ ਹੋਇਆ ਇਨਸਾਨੀਅਤ ਜਿਵੇ ਸੱਚੀ ਕਿਧਰੇ ਖੰਭ ਲਾ ਕੇ ਉੱਡ ਪੁੱਡ ਗਈ ਹੋਵੇ। ਇੱਕ ਹੋਰ ਘਟਨਾ ਸਾਹਮਣੇ ਆਈ ਕਿ ਇੱਕ ਬਜੁਰਗ ਮਾਤਾ ਨੂੰ ਤਰਸਯੋਗ ਹਾਲਤ ਵਿੱਚ ਸੜਕ ਕਿਨਾਰੇ ਪਾਇਆ ਗਿਆ, ਪੁੱਛ ਪੜਤਾਲ ਕਰਨ ਉਪਰੰਤ ਪਤਾ ਚੱਲਿਆ ਕਿ ਉਸ ਬੀਬੀ ਦੇ ਪੁੱਤ ਤੇ ਪੋਤਰੀ ਵੱਡੇ ਸਰਕਾਰੀ ਅਧਿਕਾਰੀ ਸਨ। ਇਸ ਤੋ ਵੱਧ ਸ਼ਰਮ ਵਾਲੀ ਗੱਲ ਹੋਰ ਕੀ ਹੋ ਸਕਦੀ ਸੀ ਕਿ ਸਮਾਜ ਦਾ ਇੱਕ ਪੜਿਆ ਲਿਖਿਆ ਵਰਗ ਵੀ ਬਜੁਰਗਾਂ ਦਾ ਸਤਿਕਾਰ ਨਹੀਂ ਕਰ ਰਿਹਾ। ਜਿਹੜੇ ਮਾਤਾ ਪਿਤਾ ਬੱਚੇ ਨੂੰ ਪੜਾ ਲਿਖਾ ਕੇ ਕਾਬਿਲ ਬਣਾਉਂਦੇ ਹਨ, ਉਹੀ ਬੱਚੇ ਬੁਢਾਪੇ ਵਿੱਚ ਸਹਾਰਾ ਬਨਣ ਦੀ ਬਜਾਇ ਬਜੁਰਗਾਂ ਦੀ ਦੁਰ ਦਸ਼ਾ ਕਰਦੇ ਹਨ। ਕਿੰਨੀ ਹੈਰਾਨਗੀ ਦੀ ਗੱਲ ਹੈ, ਇੱਕ ਮਾਂ ਆਪਣੇ ਤਿੰਨਾਂ ਤਿੰਨਾਂ ਪੁੱਤਰਾਂ ਨੂੰ ਇਕੱਲੀ ਪਾਲਦੀ ਹੈ, ਪਰ ਤਿੰਨਾਂ ਪੁੱਤਰਾਂ ਕੋਲੋਂ ਰਲ ਕੇ ਇੱਕ ਮਾਂ ਨਹੀ ਸਾਂਭੀ ਜਾਂਦੀ।

ਬਜ਼ੁਰਗ ਸਾਡੇ ਸਮਾਜ ਦਾ ਥੰਮ ਹੁੰਦੇ ਹਨ। ਇਹ ਜਿੱਥੇ ਦੇਸ਼ ਦਾ ਸਰਮਾਇਆ ਹੁੰਦੇ ਹਨ, ਉੱਥੇ ਜਿੰਦਗੀ ਦੇ ਤਜੁਰਬੇ ਦਾ ਅਥਾਹ ਖਜ਼ਾਨਾ ਵੀ ਹੁੰਦਾ ਹੈ। ਜੇਕਰ ਬੱਚੇ, ਨੌਜਵਾਨ ਬਜੁਰਗਾਂ ਨਾਲ ਕੁਝ ਸਮਾਂ ਬਿਤਾਉਣ ਤਾਂ ਉਹਨਾਂ ਕੋਲੋਂ ਬਹੁਤ ਕੁਝ ਸਿਖਿਆ ਜਾ ਸਕਦਾ ਹੈ। ਉਹਨਾਂ ਵੱਲੋ ਹੰਢਾਏ ਦੁੱਖ, ਖਾਦੇ ਧੱਕੇ ਸਾਨੂੰ ਜਿੰਦਗੀ ਜਿਊਣ ਦਾ ਵਲ ਸਿਖਾ ਜਾਂਦੇ ਹਨ। ਪਰ ਅਫਸੋਸ ਦੀ ਗੱਲ ਹੈ ਕਿ ਅੱਜ ਦੀ ਪੀੜੀ ਮੋਬਾਈਲਾਂ ਅਤੇ ਆਪਣੀ ਐਸ਼ ਪ੍ਰਸਤੀ ਵਿੱਚ ਏਨਾਂ ਵਿਅਸਤ ਹਨ ਕਿ ਉਹਨਾਂ ਕੋਲ ਬਜੁਰਗਾਂ ਕੋਲ ਬੈਠਣ ਦਾ ਸਮਾਂ ਹੀ ਨਹੀਂ ਹੈ, ਜੇਕਰ ਬੱਚੇ ਸਹਿਮਤ ਹੁੰਦੇ ਹਨ ਸਮਾਂ ਬਿਤਾਉਣ ਲਈ ਤਾਂ ਬੱਚਿਆਂ ਦੇ ਮਾਤਾ ਪਿਤਾ ਨੂੰ ਆਪਣੇ ਬੱਚਿਆਂ ਦਾ ਬਜੁਰਗਾਂ ਕੋਲ ਬੈਠਣਾ ਭਾਉਂਦਾ ਨਹੀ, ਖਾਸ ਕਰ ਅੱਜ ਕਲ ਦੀਆਂ ਪੜੀਆ ਲਿਖੀਆਂ ਮਾਵਾਂ ਨੂੰ।

ਅੰਤ ਵਿੱਚ ਇਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਬਜ਼ੁਰਗ ਸਾਡੇ ਅਸਲੀ ਮਾਰਗ ਦਰਸ਼ਕ ਹਨ, ਸਾਡੇ ਵੱਡੇ ਵਡੇਰੇ ਹਨ ਉਹਨਾਂ ਦਾ ਸਤਿਕਾਰ ਕਰਨਾ, ਪਿਆਰ ਕਰਨਾ ਸਾਡਾ ਸਾਰਿਆਂ ਦਾ ਪਹਿਲਾ ਫਰਜ਼ ਹੈ। ਹਰ ਰਿਸ਼ਤੇ ਦੀ ਸਾਡੀ ਜ਼ਿੰਦਗੀ ਵਿੱਚ ਆਪਣੀ ਅਹਿਮੀਅਤ ਹੈ, ਸਾਡੀ ਜਿੰਮੇਵਾਰੀ ਹੈ ਕਿ ਹਰ ਰਿਸ਼ਤੇ ਨੂੰ ਉਸਦੀ ਬਣਦੀ ਇੱਜ਼ਤ, ਮਾਣ ਸਤਿਕਾਰ ਅਤੇ ਪਿਆਰ ਦੇਈਏ ਤਾਂ ਜੋ ਪੁਰਾਣੇ ਸਮਿਆਂ ਵਾਂਗ ਹਰ ਪਾਸਿਓ ਆਪਣੇਪਣ ਦੀ ਮਿੱਠੀ ਮਿੱਠੀ ਖੁਸ਼ਬੋ ਆਵੇ। ਅੰਤ ਵਿੱਚ ਮੇਰੀ ਕਲਮ ਕਹਿੰਦੀ ਹੈ ਕਿ

ਨਾ ਮਾਰੋ ਬੁੱਢੇ ਮਾਪਿਆਂ ਨੂੰ
ਆਖਰ ਤੁਸੀਂ ਵੀ ਬੁੱਢੇ ਹੋਣਾ
ਜਿਹੜੇ ਦਿਨ ਇਹ ਕੱਟ ਰਹੇ ਨੇ
ਇਹ ਦਿਨ ਸਾਡੇ ਤੇ ਵੀ ਆਉਣਾ
ਨਾ ਮਾਰੋ ਬੁੱਢੇ ਮਾਪਿਆਂ ਨੂੰ
ਆਖਰ ਤੁਸੀਂ ਵੀ ਬੁੱਢੇ ਹੋਣਾ।

**ਪਿੰਡ ਸਭਰਾ**
**ਤਹਿ ਪੱਟੀ, ਜ਼ਿਲਾ ਤਰਨਤਾਰਨ**
**9779118066**



# ਸ੍ਰੀ ਦਰਬਾਰ ਸਾਹਿਬ ’ਚ ਰਾਗਾਂ ਦੀ ਪਰੰਪਰਾ ਕਾਇਮ ਰਹੇ

**- ਤਲਵਿੰਦਰ ਸਿੰਘ ਬੁੱਟਰ**

ਹਰਿਮੰਦਰ ਸਾਹਿਬ ਦੇ ਕੀਰਤਨ ਦੀ ਮਰਯਾਦਾ ਸਾਰੀ ਦੁਨੀਆ ਦੇ ਸੰਗੀਤ ਜਗਤ ਤੋਂ ਨਿਰਾਲੀ ਹੈ ਇਸ ਦੀ ਆਰੰਭਤਾ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਰਾਹੀਂ ਕੀਤੀ ਸੀ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਹਰਿਮੰਦਰ ਸਾਹਿਬ ਅੰਦਰ ਸਥਾਪਤ ਕੀਤਾ ਗੁਰਬਾਣੀ ਦੇ ਗਾਇਨ ਵਾਸਤੇ ਨਿਰਧਾਰਤ ਰਾਗਾਂ ਦੀ ਏਨੀ ਮਹੱਤਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਅੰਦਰ ਹਰੇਕ ਬਾਣੀ ਦੇ ਸਿਰਲੇਖ ਵਿਚ ਸਭ ਤੋਂ ਪਹਿਲਾਂ ਰਾਗ ਦਰਜ ਹੈ ਤੇ ਉਸ ਤੋਂ ਬਾਅਦ ਮਹਲਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਨਾਲ ਪਹਿਲੇ ਕੀਰਤਨੀਏ ਭਾਈ ਮਰਦਾਨਾ ਰਬਾਬੀ ਸਨ। ਭਾਈ ਸੱਤਾ ਤੇ ਭਾਈ ਬਲਵੰਡ ਚੌਥੀ ਅਤੇ ਪੰਜਵੀਂ ਪਾਤਸ਼ਾਹੀ ਦੇ ਸਮੇਂ ਰਬਾਬ ਨਾਲ ਗੁਰਬਾਣੀ ਦਾ ਕੀਰਤਨ ਕਰਦੇ ਸਨ ਗੁਰੂ ਅਰਜਨ ਦੇਵ ਜੀ ਖ਼ੁਦ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਕੇ ਇਲਾਹੀ ਰੰਗ ਬੰਨ ਦਿੰਦੇ ਸਨ ਉਨਾਂ ਦੇ ਨਾਲ ਮ੍ਰਿਦੰਗ ਦੀ ਸੰਗਤ ਭਾਈ ਗੁਰਦਾਸ ਕਰਦੇ ਤੇ ਬਾਬਾ ਬੁੱਢਾ ਜੀ ਸਿਤਾਰ ਵਜਾਉਂਦੇ ਸਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਗੁਰਮਤਿ ਸੰਗੀਤ ਦਾ ਕੇਂਦਰ ਅਨੰਦਪੁਰ ਸਾਹਿਬ ਬਣ ਗਿਆ। ਲੰਬੇ ਸਮਾਂ ਬਾਅਦ ਤੱਕ ਇੱਥੋਂ ਦੇ ਗੁਰੂ ਦਰਬਾਰ ਦੇ ਰਾਗੀ ਸਿੰਘਾਂ ਦੀ ਵਡਿਆਈ ਦੂਰ-ਦੂਰ ਤੱਕ ਸੰਗੀਤ ਜਗਤ ਵਿਚ ਰਹੀ। ਰਾਗੀ ਪ੍ਰੇਮ ਸਿੰਘ ਵਰਗੇ ਰਾਗ ਦੇ ਧਨੀ ਦਾ ਨਾਂਅ ਜ਼ਿਕਰ-ਏ-ਖ਼ਾਸ ਹੈ, ਜਿਨਾਂ ਦਾ ਕੀਰਤਨ ਸੁਣਨ ਮਹਾਰਾਜਾ ਰਣਜੀਤ ਸਿੰਘ ਵਿਸ਼ੇਸ਼ ਤੌਰ ’ਤੇ ਅਨੰਦਪੁਰ ਸਾਹਿਬ ਪੁੱਜੇ ਸਨ ਤੇ ਜਦੋਂ ਰਾਗੀ ਜੀ ਨੇ ਬਸੰਤ ਰਾਗ ਪੜਿਆ ਤਾਂ ਮਹਾਰਾਜੇ ਸਮੇਤ ਸਾਰੇ ਸਰੋਤਿਆਂ ਨੂੰ ਇਸ ਰਾਗ ਨੇ ਉਨਾਂ ਨੂੰ ਮੰਤਰਮੁਗਧ ਕਰ ਕੇ ਰੱਖ ਦਿੱਤਾ।ਗੁਰਮਤਿ ਸੰਗੀਤ ਦੇ 31 ਪ੍ਰਮੁੱਖ ਰਾਗ, 32 ਮਿਸ਼ਰਿਤ ਰਾਗ, 55 ਪੜਤਾਲਾਂ, 15 ਸ਼ਬਦ ਚੌਂਕੀਆਂ, ਘੋੜੀਆਂ ਅਤੇ ਅਲਾਹੁਣੀਆਂ ਆਦਿ ਹਰਿਮੰਦਰ ਸਾਹਿਬ ਦੀ ਮੌਲਿਕ ਕੀਰਤਨ ਪਰੰਪਰਾ ਦੀ ਵਿਸ਼ੇਸ਼ਤਾ ਦੇ ਲਖਾਇਕ ਹਨ। ਗੁਰਮਤਿ ਸੰਗੀਤ ਦੀ ਇਹ ਵੀ ਇਕ ਵਿਲੱਖਣਤਾ ਹੈ ਕਿ ਇਸ ਵਿਚ ਦੋ ਮੌਸਮੀ ਰਾਗ (ਸ਼ੁੱਧ ਬਸੰਤ ਤੇ ਸ਼ੁੱਧ ਮਲਾਰ) ਵੀ ਹਨ ਇਨਾਂ ਦੋਵਾਂ ਮੌਸਮੀ ਰਾਗਾਂ ਨੂੰ ਅੱਜ-ਕੱਲ ਬਹੁਤ ਘੱਟ ਕੀਰਤਨੀਏ ਗਾਉਂਦੇ ਹਨ ਗੁਰਮਤਿ ਸੰਗੀਤ ਦੀਆਂ ਇਹ ਵੰਨਗੀਆਂ ਵਿਸ਼ਵ ਦੀ ਕਿਸੇ ਵੀ ਹੋਰ ਸੰਗੀਤ ਪਰੰਪਰਾ ਵਿਚ ਮੌਜੂਦ ਨਹੀਂ ਹਨ। ਪੁਰਾਤਨ ਸਮਿਆਂ ਵਿਚ ਹਰਿਮੰਦਰ ਸਾਹਿਬ ਦੇ ਕੀਰਤਨੀਏ ਰਾਗਾਂ ਦੇ ਏਨੇ ਪ੍ਰਬੀਨ ਹੁੰਦੇ ਸਨ ਕਿ ਰਾਗ ਆਧਾਰਿਤ ਕੀਰਤਨ ਨਾਲ ਆਸ-ਪਾਸ ਦੀ ਫ਼ਿਜ਼ਾ ਨੂੰ ਜਾਦੂਮਈ ਰੰਗ ਵਿਚ ਬੰਨ ਦੇਣ ਦੇ ਸਮਰੱਥ ਹੁੰਦੇ ਸਨ। ਭਾਈ ਮਨਸਾ ਸਿੰਘ ਤੇ ਭਾਈ ਹੀਰਾ ਸਿੰਘ ਵਰਗੇ ਨਾਮ ਦੇ ਰਸੀਏ- ਗੁਰਬਾਣੀ ਦੇ ਅਭਿਆਸੀ ਤੇ ਰਾਗ ਦੇ ਧਨੀ ਕੀਰਤਨੀਏ ਇਤਿਹਾਸ ਵਿਚ ਸ਼ੋਭਾ ਪਾਉਂਦੇ ਹਨ। ਇੱਥੋਂ ਦੇ ਗ੍ਰੰਥੀ ਸਿੰਘ ਵੀ ਭਾਈ ਹਰਨਾਮ ਸਿੰਘ ਵਰਗੇ ਰਾਗ ਵਿੱਦਿਆ ਦੇ ਗਿਆਤਾ ਹੁੰਦੇ ਸਨ, ਜੋ ਅਸ਼ੁੱਧ ਬਾਣੀ ਪੜਨ ਵਾਲੇ ਰਾਗੀਆਂ ਤੇ ਰਬਾਬੀਆਂ ਨੂੰ ਤਾਬਿਆ ਬੈਠੇ ਹੀ ਟੋਕ ਦਿੰਦੇ ਸਨ।ਗੁਰੂ ਸਾਹਿਬਾਨ ਨੇ ਨਿਰਧਾਰਤ ਰਾਗਾਂ ਦੇ ਨਾਲ-ਨਾਲ ਨਿਰਧਾਰਤ ਤੰਤੀ ਸਾਜ਼ ਵੀ ਕੀਰਤਨ ਲਈ ਰਾਖਵੇਂ ਕੀਤੇ ਸਨ। ਗੁਰੂ ਨਾਨਕ ਸਾਹਿਬ ਨੇ ਰਬਾਬ, ਗੁਰੂ ਅਰਜਨ ਸਾਹਿਬ ਨੇ ਸਰੰਦਾ, ਗੁਰੂ ਹਰਿਗੋਬਿੰਦ ਸਾਹਿਬ ਨੇ ਮੋਰ ਦੀ ਸ਼ਕਲ ਵਾਲਾ ਤਾਊਸ, ਦਿਲਰੁਬਾ, ਪਖਾਵਜ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਤਾਨਪੁਰਾ ਦੀ ਵਰਤੋਂ ਕੀਤੀ।

ਇਸ ਦੇ ਨਾਲ ਸੁਰਾਂ ਨੂੰ ਤਾਲ ਦੇਣ ਲਈ ਮ੍ਰਿਦੰਗ, ਤਬਲਾ ਤੇ ਢੋਲਕ ਵਰਤੇ ਜਾਂਦੇ ਰਹੇ ਹਨ। ਗੋਰਿਆਂ ਦੇ ਰਾਜ ਵੇਲੇ ਪੱਛਮ ਤੋਂ ਆਏ ਹਰਮੋਨੀਅਮ ਨੇ ਗੁਰਮਤਿ ਦੇ ਰਵਾਇਤੀ ਸਾਜ਼ ਖਾ ਲਏ। ਸਾਡੇ ਇਤਿਹਾਸਕ ਗੁਰਧਾਮਾਂ ਅੰਦਰ 1919 ਤੋਂ ਤੰਤੀ ਸਾਜ਼ ਅਲੋਪ ਹੋਣੇ ਸ਼ੁਰੂ ਹੋਏ ਤੇ 1947 ਦਰਮਿਆਨ ਰਬਾਬੀ ਤੇ ਤੰਤੀ ਸਾਜ਼ਾਂ ਦੇ ਮਾਹਿਰ ਗ਼ਾਇਬ ਹੋ ਗਏ ਹਰਿਮੰਦਰ ਸਾਹਿਬ ਦੇ ਰਾਗ ਆਧਾਰਿਤ ਕੀਰਤਨ ਦਾ ਮੌਲਿਕ ਰਵਾਇਤੀ ਮਿਆਰ ਤੰਤੀ ਸਾਜ਼ਾਂ ਦੀ ਅਣਹੋਂਦ ਕਾਰਨ ਬਹੁਤਾ ਸਮਾਂ ਨਾ ਰਹਿ ਸਕਿਆ ਪਹਿਲਾਂ ਰਾਗਾਂ ਤੋਂ ਰੀਤਾਂ ਤੇ ਹੌਲੀ-ਹੌਲੀ ਗੱਲ ਫ਼ਿਲਮੀ ਧੁਨਾਂ ਤੱਕ ਆ ਪਹੁੰਚੀ ਅੱਜ ਦੇ ਹਜ਼ੂਰੀ ਰਾਗੀ ਨਿਰਧਾਰਤ ਰਾਗਾਂ ਵਿਚ ਕੀਰਤਨ ਚੌਂਕੀ ਦੀਆਂ ਜ਼ਰੂਰੀ ਵੰਨਗੀਆਂ ‘ਸ਼ਾਨ’ ਵਜਾਉਣੀ ਅਤੇ ‘ਮੰਗਲਾਚਰਨ’ ਕਰਦੇ ਬਹੁਤ ਘੱਟ ਵੇਖਣ ਨੂੰ ਮਿਲਦੇ ਹਨ। ਬਹੁਤਿਆਂ ਲਈ ਪੜਤਾਲ ਕੀਰਤਨ ਸ਼ੈਲੀ ਦੂਰ ਦੀ ਕੌਡੀ ਹੈ 31 ਰਾਗਾਂ ਵਿਚੋਂ ਵੀ ਬਿਲਾਵਲੁ, ਟੋਡੀ, ਸਾਰੰਗ, ਤਿਲੰਗ, ਤੁਖਾਰੀ ਅਤੇ ਕਲਿਆਨ ਆਦਿ ਵਿਚ ਹੀ ਕੁਝ ਕੁ ਚੋਣਵੇਂ ਸ਼ਬਦ ਰਾਗੀ ਜਥੇ ਗਾਉਂਦੇ ਹਨ, ਜਿਵੇਂ ਕਿ ਬਿਲਾਵਲੁ ਵਿਚ ਵਿਚਰਨ ਕਮਲ ਪ੍ਰਭ ਕੇ ਨਿਤ ਧਿਆਵਉ’, ਟੋਡੀ ਵਿਚ ‘ਸਤਿਗੁਰ ਆਇਓ ਸਰਣਿ ਤੁਹਾਰੀ’, ਸਾਰੰਗ ਵਿਚ ‘ਠਾਕੁਰ ਤੁਮ ਸਰਣਾਈ ਆਇਆ’, ਤਿਲੰਗ ਵਿਚ ‘ਮੀਰਾਂ ਦਾਨਾਂ ਦਿਲ ਸੋਚ’, ਤੁਖਾਰੀ ਵਿਚ ‘ਘੋਲਿ ਘੁਮਾਈ ਲਾਲਨਾ’ ਤੇ ਕਲਿਆਨ ਵਿਚ ‘ਮੇਰੇ ਲਾਲਨ ਕੀ ਸੋਭਾ’ ਆਦਿ ਸ਼ਬਦ ਸ਼ਾਮਿਲ ਹਨ, ਜਦੋਂਕਿ ਉਪਰੋਕਤ ਰਾਗਾਂ ਵਿਚ ਵੀ ਬੇਅੰਤ ਹੋਰ ਸ਼ਬਦ ਹਨ ਜੋ ਮਿਹਨਤ ਕਰਕੇ ਗਾਏ ਜਾ ਸਕਦੇ ਹਨ ਉਪਰੋਕਤ ਰਾਗਾਂ ਤੋਂ ਇਲਾਵਾ ਬਾਕੀ ਰਾਗਾਂ ਵਿਚ ਮਿਹਨਤ ਕਰਨ ਤੋਂ ਬਹੁਤੇ ਰਾਗੀ ਸਿੰਘ ਕੰਨੀ ਕਤਰਾਉਂਦੇ ਹਨ। ਇਸੇ ਤਰਾਂ ਹੀ ਤਾਲਾਂ ਦੀ ਗੱਲ ਕਰੀਏ ਤਾਂ ‘ਤੀਨ’ ਤਾਲ ਤੋਂ ਇਲਾਵਾ ‘ਕਹਿਰਵਾ’ ਤੇ ‘ਦਾਦਰਾ’ ਤੱਕ ਹੀ ਪਹੁੰਚ ਦੇਖੀ ਜਾਂਦੀ ਹੈ ਜਦੋਂਕਿ ਵੱਡੇ ਤਾਲਾਂ ਨੂੰ ਗਾਇਨ ਕਰਨ ਵਿਚ ਮਿਹਨਤ ਲਗਦੀ ਹੋਣ ਕਾਰਨ ਅਜੋਕੇ ਕੀਰਤਨਕਾਰ ਉਨਾਂ ਦੀ ਵਰਤੋਂ ਨਹੀਂ ਕਰਦੇ। ਦਹਾਕਾ ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਹਰਿਮੰਦਰ ਸਾਹਿਬ ਵਿਖੇ ਰਾਗਾਂ ਤੇ ਤੰਤੀ ਸਾਜ਼ਾਂ ਵਿਚ ਕੀਰਤਨ ਨੂੰ ਉਤਸ਼ਾਹਿਤ ਕਰਨ ਲਈ ਅੰਮ੍ਰਿਤ ਵੇਲੇ ਆਸਾ ਦੀ ਵਾਰ, ਬਿਲਾਵਲੁ ਦੀ ਚੌਂਕੀ ਅਤੇ ਸ਼ਾਮ ਨੂੰ ਸੋਦਰੁ ਦੀ ਚੌਂਕੀ ਵੇਲੇ ਤੰਤੀ ਸਾਜ਼ਾਂ ਦੀ ਮਰਯਾਦਾ ਸੁਰਜੀਤ ਕਰਵਾਈ ਸੀ ਪਰ ਇਨਾਂ ਵਿਚ ਵੀ ਤੰਤੀ ਸਾਜ਼ਾਂ ਨੂੰ ਰਾਗੀ ਜਥੇ ਖ਼ੁਦ ਬਹੁਤ ਘੱਟ ਵਜਾਉਂਦੇ ਹਨ, ਸਗੋਂ ਦਿਲਰੁਬਾ ਵਜਾਉਣ ਵਾਲਾ ਇਕ ਵੱਖਰਾ ਸਾਜ਼ਿੰਦਾ ਜਥੇ ਵਿਚ ਸ਼ਾਮਿਲ ਹੁੰਦਾ ਹੈ ਇਹ ਵੀ ਵਿਡੰਬਣਾ ਹੈ ਕਿ ਸਿੱਖ ਪੰਥ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਲਿਆਂ ਦੀ ਕਦਰ ਦੀ ਘਾਟ ਮਹਿਸੂਸ ਹੁੰਦੀ ਹੈ ਹਰਿਮੰਦਰ ਸਾਹਿਬ ਵਿਖੇ ਕੀਰਤਨਕਾਰਾਂ ਦੀ ਚੋਣ ਤੇ ਤਬਾਦਲਿਆਂ ਵਿਚ ਸਿਆਸੀ ਸਿਫ਼ਾਰਸ਼ਾਂ ਭਾਰੂ ਹੋਣ ਕਾਰਨ ਵੀ ਇੱਥੋਂ ਦੀ ਇਲਾਹੀ ਤੇ ਮੌਲਿਕ ਕੀਰਤਨ ਪਰੰਪਰਾ ਦੇ ਮਿਆਰ ਨੂੰ ਸੱਟ ਵੱਜੀ ਹੈ ਕੁਝ ਸਮਾਂ ਪਹਿਲਾਂ ਸੰਗੀਤ ਜਗਤ ਦੇ ਉਸਤਾਦ ਛੋਟੇ ਗੁਲਾਮ ਅਲੀ ਖਾਂ (ਪਾਕਿਸਤਾਨ) ਜਦੋਂ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਤਾਂ ਪਰਿਕਰਮਾ ਵਿਚ ਦਾਖ਼ਲ ਹੁੰਦਿਆਂ ਹੀ ਉਨਾਂ ਆਖਿਆ ਸੀ ਕਿ ਗੁਰੂ ਨਾਨਕ ਦਾ ਇਹ ਦਰ ਤਾਂ ਏਨਾ ਵੱਡਾ ਤੇ ਸੰਗੀਤ ਦੀ ‘ਆਦਿ ਤੇ ਅਮੁਕ ਧਾਰਾ’ ਹੈ ਕਿ ਇੱਥੋਂ ਦੇ ਕੀਰਤਨਕਾਰਾਂ ਦੀ ਨਕਲ ਤਾਂ ਦੁਨੀਆ ਦੇ ਵੱਡੇ-ਵੱਡੇ ਸੰਗੀਤਕਾਰ ਕਰਦੇ ਰਹੇ ਹਨ। ਅੱਜ ਕੀਰਤਨ ਦਾ ਉਹ ਰਵਾਇਤੀ ਮਿਆਰ ਕਾਇਮ ਰੱਖਣ ਲਈ ਅਜੇ ਵੱਡੇ ਉਪਰਾਲਿਆਂ ਦੀ ਲੋੜ ਹੈ। ਮਰਹੂਮ ਭਾਈ ਨਿਰਮਲ ਸਿੰਘ ਖ਼ਾਲਸਾ, ਮਰਹੂਮ ਰਾਗੀ ਭਾਈ ਬਲਬੀਰ ਸਿੰਘ, ਪ੍ਰੋ. ਕਰਤਾਰ ਸਿੰਘ ਅਨੰਦਪੁਰ ਸਾਹਿਬ, ਡਾ. ਗੁਰਨਾਮ ਸਿੰਘ ਪਟਿਆਲਾ, ਭਾਈ ਅਵਤਾਰ ਸਿੰਘ ਦਿੱਲੀ, ਭਾਈ ਰਣਧੀਰ ਸਿੰਘ, ਭਾਈ ਨਰਿੰਦਰ ਸਿੰਘ ਬਨਾਰਸ, ਭਾਈ ਗੁਰਮੀਤ ਸਿੰਘ ਸ਼ਾਂਤ ਤੋਂ ਬਾਅਦ ਨਵੀਂ ਪੀੜੀ ਵਿਚੋਂ ਭਾਈ ਜਸਪਿੰਦਰ ਸਿੰਘ, ਭਾਈ ਸ੍ਰੀਪਾਲ ਸਿੰਘ, ਭਾਈ ਹਰਪਿੰਦਰ ਸਿੰਘ, ਭਾਈ ਮਨਿੰਦਰ ਸਿੰਘ ਤੇ ਡਾ. ਗੁਰਿੰਦਰ ਸਿੰਘ ਬਟਾਲਾ ਵਰਗੇ ਕੁਝ ਹਜ਼ੂਰੀ ਰਾਗੀਆਂ ਦੇ ਨਾਂ ਜ਼ਿਕਰਯੋਗ ਹਨ, ਜੋ ਗੁਰੂ ਸਾਹਿਬਾਨ ਦੀ ਰਾਗ ਤੇ ਤੰਤੀ ਸਾਜ਼ਾਂ ਦੀ ਕੁੱਲ ਦੁਨੀਆ ਤੋਂ ਵਿਲੱਖਣ ਕੀਰਤਨ ਸ਼ੈਲੀ ਨੂੰ ਜ਼ਿੰਦਾ ਰੱਖ ਰਹੇ ਹਨ।

ਅੱਜ ਜਿੱਥੇ ਫ਼ਿਲਮੀ ਧੁਨਾਂ ਤੇ ਮਨਘੜਤ ਤਰਜ਼ਾਂ ’ਤੇ ਕੀਰਤਨ ਕਰਨ ਵਾਲੇ ਰਾਗੀ ਸਿੰਘਾਂ ਨੂੰ ਤੰਤੀ ਸਾਜ਼ਾਂ ਅਤੇ ਪੱਕੇ ਰਾਗਾਂ ਵਿਚ ਕੀਰਤਨ ਕਰਨ ਲਈ ਪ੍ਰੇਰਿਤ ਕਰਨ ਦੀ ਲੋੜ ਹੈ, ਉਥੇ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨ ਵਾਲੇ ਕੀਰਤਨਕਾਰਾਂ ਨੂੰ ਵੀ ਉਤਸ਼ਾਹਿਤ ਕਰਨ ਦੀ ਲੋੜ ਹੈ ਤਾਂ ਜੋ ਹਰਿਮੰਦਰ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਵਲੋਂ ਸਥਾਪਤ ਕੀਤੀ ਨਿਰਧਾਰਤ ਕੀਰਤਨ ਪਰੰਪਰਾ ਨੂੰ ਪੁਰਾਤਨ ਸਮਿਆਂ ਵਾਲੇ ਜਲਵੇ ਵਿਚ ਲਿਆਂਦਾ ਜਾ ਸਕੇ।

---

# ਗਿਆਨ ਅਤੇ ਵਿਗਿਆਨ ਬਨਾਮ ਕਾਇਨਾਤ

**- ਡਾਕਟਰ ਰਣਜੀਤ ਸਿੰਘ**

ਇਸ ਸਦੀ ਨੂੰ ਗਿਆਨ ਅਤੇ ਵਿਗਿਆਨ ਦੀ ਸਦੀ ਆਖਿਆ ਜਾਂਦਾ ਹੈ। ਮਨੁੱਖ ਅਨੁਸਾਰ ਇਸ ਸਦੀ ਦੌਰਾਨ ਗਿਆਨ ਅਤੇ ਵਿਗਿਆਨ ਵਿਚ ਜਿਸ ਤੇਜ਼ੀ ਨਾਲ ਵਾਧਾ ਹੋਇਆ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਸੀ। ਮਨੁੱਖ ਨੇ ਆਪਣੇ ਸੁੱਖ ਦੇ ਸਾਧਨਾਂ ਲਈ ਕੁਦਰਤੀ ਦਾਤਾਂ ਦੀ ਰੱਜ ਕੇ ਵਰਤੋਂ ਕੀਤੀ ਹੈ। ਇਸ ਗਿਆਨ ਨੇ ਮਨੁੱਖ ਦੀ ਹਉਮੈ ਵਿਚ ਵਾਧਾ ਕੀਤਾ ਹੈ, ਜਿਸ ਕਰਕੇ ਉਸ ਨੇ ਕੁਦਰਤ ਦਾ ਸਤਿਕਾਰ ਕਰਨਾ ਹੀ ਨਹੀਂ ਛੱਡਿਆ ਸਗੋਂ ਉਸ ਦੀ ਹੋਂਦ ਤੋਂ ਵੀ ਮੁਨਕਰ ਹੋ ਗਿਆ ਹੈ। ਕੁਦਰਤ ਦੀਆਂ ਤਿੰਨ ਪ੍ਰਮੁੱਖ ਦਾਤਾਂ ਧਰਤੀ, ਹਵਾ, ਪਾਣੀ ਨੂੰ ਉਸ ਰੱਜ ਕੇ ਪਲੀਤ ਕੀਤਾ ਹੈ ਭਾਵੇਂ ਕਿ ਉਹ ਜਾਣਦਾ ਹੈ ਕਿ ਹਵਾ ਅਤੇ ਪਾਣੀ ਤੋਂ ਬਗ਼ੈਰ ਜੀਵਨ ਅਸੰਭਵ ਹੈ, ਧਰਤੀ ਬਗ਼ੈਰ ਮੁੱਢਲੀਆਂ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਨਹੀਂ ਮਿਲ ਸਕਦੇ। ਮੁੱਢ ਕਦੀਮ ਤੋਂ ਇਨਾਂ ਤਿੰਨਾਂ ਨੂੰ ਦੇਵਤਾ ਮਨ ਹੋ ਰਹੇ ਸਤਿਕਾਰ ਤੇ ਪੂਜਾ ਨੂੰ ਉਸ ਕਰਮ-ਕਾਂਡ ਦਾ ਨਾਂਅ ਦੇ ਕੇ ਇਸ ਦਾ ਮਖ਼ੌਲ ਉਡਾਉਣਾ ਸ਼ੁਰੂ ਕਰ ਦਿੱਤਾ। ਜਗਤ ਗੁਰੂ ਨਾਨਕ ਸਾਹਿਬ ਨੇ ਇਨਾਂ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ ਮਨੁੱਖ ਦੇ ਸਭ ਤੋਂ ਕਰੀਬੀ ਰਿਸ਼ਤਿਆਂ ਨਾਲ ਤੁਲਨਾ ਕੀਤੀ ਹੈ।

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ**

ਗੁਰੂ ਜੀ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਹੈ। ਉਨਾਂ ਦਾ ਆਦੇਸ਼ ਹੈ ਕਿ ਜਿਵੇਂ ਅਸੀਂ ਆਪਣੇ ਗੁਰੂ ਤੇ ਮਾਤਾ ਪਿਤਾ ਦਾ ਸਤਿਕਾਰ ਤੇ ਸੰਭਾਲ ਕਰਦੇ ਹਾਂ ਓਵੇਂ ਵੀ ਇਨਾਂ ਤਿੰਨਾਂ ਦੀ ਸਾਂਭ-ਸੰਭਾਲ ਜ਼ਰੂਰੀ ਹੈ। ਆਪਣੇ ਸਭਿਆਚਾਰ ਅਤੇ ਗੁਰੂ ਜੀ ਦੇ ਹੁਕਮਾਂ ਨੂੰ ਭੁੱਲ ਅਸੀਂ ਇਨਾਂ ਤਿੰਨਾਂ ਦੀ ਹੀ ਰੱਜ ਕੇ ਦੁਰਵਰਤੋਂ ਕੀਤੀ ਤੇ ਪ੍ਰਦੂਸ਼ਿਤ ਕੀਤਾ ਹੈ। ਆਲਮੀ ਤਪਸ਼ ਦੇ ਨਾਂਅ ਹੇਠ ਅਰਬਾਂ ਖਰਬਾਂ ਰੁਪਏ ਖ਼ਰਚ ਕਰਕੇ ਖੋਜ ਤਾਂ ਕਰ ਰਹੇ ਹਾਂ ਪਰ ਇਨਾਂ ਉੱਤੇ ਅਮਲ ਕੋਈ ਨਹੀਂ ਕੀਤਾ ਕੇਵਲ ਇਕ-ਦੂਜੇ ਦੇ ਸਿਰ ਦੋਸ਼ ਹੀ ਮੜੇ ਹਨ।

ਇਸੇ ਤਰਾਂ ਕੁਦਰਤੀ ਦਾਤਾਂ ਜੰਗਲ, ਧਾਤਾਂ, ਤੇਲ, ਕੋਲਾ ਆਦਿ ਦੀ ਵੀ ਬੇਰਹਿਮੀ ਨਾਲ ਵਰਤੋਂ ਕਰ ਰਹੇ ਹਨ। ਇਸ ਧਰਤੀ ਉੱਤੇ ਵੱਸਦੀ ਘੱਟੋ-ਘੱਟ ਅੱਧੀ ਵਸੋਂ ਨੂੰ ਢਿੱਡ ਭਰ ਕੇ ਰੋਟੀ ਨਸੀਬ ਨਹੀਂ ਹੁੰਦੀ। ਉਸ ਦੀ ਫ਼ਿਕਰ ਕਰਨ ਦੀ ਥਾਂ ਅੰਨੇਵਾਹ ਖ਼ਰਚ ਕਰਕੇ ਦੂਜੇ ਦੇ ਗ੍ਰਹਿਆਂ ਉੱਤੇ ਪੁੱਜਣ ਲਈ ਯਤਨ ਕਰ ਰਹੇ ਹਾਂ। ਭਲਾ ਕੋਈ ਪੁੱਛੇ ਚੰਨ ਨੇ ਤੁਹਾਡਾ ਕੀ ਵਿਗਾੜਿਆ ਹੈ ਉਹ ਤਾਂ ਸਾਡੇ ਬੱਚਿਆਂ ਦਾ ਪਿਆਰਾ ਮਾਮਾ ਹੈ। ਠੰਢੀ ਚਾਨਣੀ ਪ੍ਰਦਾਨ ਕਰਦਾ ਹੈ ਤੇ ਮਨੁੱਖੀ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਵਿਚ ਸਹਾਇਤਾ ਕਰਦਾ ਹੈ।

ਚੰਨ ਤਾਂ ਸੁਹੱਪਣ ਅਤੇ ਸ਼ਾਂਤੀ ਦਾ ਪ੍ਰਤੀਕ ਹੈ, ਪਰ ਉਸ ਨੂੰ ਵੀ ਪਲੀਤ ਕਰਨਾ ਸ਼ੁਰੂ ਕਰ ਦਿੱਤਾ ਹੈ। ਕੁਦਰਤ ਸਾਹਮਣੇ ਕੋਈ ਚਤੁਰ ਚਲਾਕੀਆਂ ਨਹੀਂ ਚਲਦੀਆਂ। ਗੁਰੂ ਨਾਨਕ ਸਾਹਿਬ ਦੇ ਬਖ਼ਸ਼ੀਸ਼, ਸੱਚ, ਸੰਤੋਖ ਤੇ ਵਿਚਾਰ ਦੇ ਆਦੇਸ਼ ਨੂੰ ਭੁੱਲ ਗਏ ਹਾਂ। ਹਰ ਪਾਸੇ ਆਪਾ-ਧਾਪੀ ਪੈ ਗਈ ਹੈ। ਪਰਾਏ ਹੱਕ ਨੂੰ ਮਾਰਨਾ ਅਸੀਂ ਆਪਣਾ ਧਰਮ ਬਣਾ ਲਿਆ ਹੈ।

ਦੂਜਿਆਂ ਦੇ ਦਰਦ ਨੂੰ ਸਮਝਣਾ ਹੀ ਛੱਡ ਦਿੱਤਾ ਹੈ ਇਸ ਕਰਕੇ ਸਭ ਕੁਝ ਹੁੰਦਿਆਂ ਵੀ ਸੰਸਾਰ ਦੀ ਅੱਧੀ ਆਬਾਦੀ ਭੁੱਖ ਨਾਲ ਜੂਝ ਰਹੀ ਹੈ। ਬਰਦਾਸ਼ਤ ਦੀ ਵੀ ਹੱਦ ਹੁੰਦੀ ਹੈ। ਆਖ਼ਰ ਕੁਦਰਤ ਨੂੰ ਕਦੇ ਤਾਂ ਗ਼ੁੱਸਾ ਆਉਣਾ ਸੀ। ਅੱਜ ਸੰਸਾਰ ਕੁਦਰਤ ਦੀ ਮਾਰ ਝੱਲ ਰਿਹਾ ਹੈ। ਆਪਣੇ-ਆਪ ਨੂੰ ਵਿਕਸਤ ਸਮਝਣ ਵਾਲੇ ਦੇਸ਼ ਇਸ ਦੀ ਸਭ ਤੋਂ ਵੱਧ ਮਾਰ ਝੱਲ ਰਹੇ ਹਨ। ਉਹ ਦੇਸ਼ ਜੋ ਗ਼ਰੀਬ ਦੇਸ਼ਾਂ ਨੂੰ ਆਪਸ ਵਿਚ ਉਲਝਾਉਂਦੇ ਤੇ ਆਪਣੇ ਹਥਿਆਰ ਵੇਚਦੇ ਹਨ, ਕੁਦਰਤ ਦੀ ਕਰੋਪੀ ਦਾ ਸਭ ਤੋਂ ਵੱਧ ਸ਼ਿਕਾਰ ਹੋਏ ਹਨ। ਉਹ ਪੈਸਾ ਜਿਹੜਾ ਗ਼ਰੀਬੀ ਤੇ ਅਨਪੜਤਾ ਨੂੰ ਦੂਰ ਕਰਨ ਲਈ ਵਰਤਿਆ ਜਾਣਾ ਸੀ, ਉਹ ਤਬਾਹੀ ਦੇ ਸਾਧਨ ਇਕੱਠੇ ਕਰਨ ਲਈ ਵਰਤਿਆ ਜਾ ਰਿਹਾ ਹੈ।

ਕੁਦਰਤ ਨੇ ਸਾਰੇ ਸੰਸਾਰ ਨੂੰ ਬੇਵੱਸ ਕਰ ਦਿੱਤਾ ਹੈ ਘੱਟੋ-ਘੱਟ ਦੋ ਮਹੀਨਿਆਂ ਲਈ ਸਭਨਾਂ ਨੂੰ ਘਰਾਂ ਵਿਚ ਕੈਦ ਕਰ ਦਿੱਤਾ ਹੈ। ਪੈਸੇ ਦੇ ਜ਼ੋਰ ਨਾਲ ਅਮੀਰ ਵੀ ਇਸ ਕੈਦ ਤੋਂ ਛੁਟਕਾਰਾ ਨਹੀਂ ਪਾ ਸਕੇ।

ਗੰਧਲੀ ਕੀਤੀ ਹਵਾ ਨੂੰ ਕੁਦਰਤ ਨੇ ਆਪਣੇ ਢੰਗ ਨਾਲ ਸਾਫ਼ ਕੀਤਾ ਹੈ। ਪਿੱਛੋਂ ਬਾਰਸ਼ ਪਾ ਕੇ ਧੋ ਧਵਾਈ ਵੀ ਕਰ ਦਿੱਤੀ ਹੈ। ਜਿਹੜੇ ਬਰਫ਼ਾਂ ਦੇ ਪਿਘਲਣ ਦੇ ਡਰਾਵੇ ਦੇ ਰਹੇ ਹਨ ਬਰਫ਼ਾਂ ਦੇ ਢੇਰ ਲਗਾ ਕੇ ਉਨਾਂ ਦੇ ਮੂੰਹ ਬੰਦ ਕਰ ਦਿੱਤੇ ਹਨ। ਮੈਂ ਤਾਂ ਅੱਜ ਤਕ ਕਦੇ ਨਹੀਂ ਸੀ ਵੇਖਿਆ ਕਿ ਅਪ੍ਰੈਲ ਦੇ ਮਹੀਨੇ ਕਮਰੇ ਅੰਦਰ ਕੰਬਲ ਲੈ ਕੇ ਸੌਣਾ ਪਵੇਗਾ।

ਪੂਰਬ ਦੇ ਲੋਕ ਪੱਛਮੀ ਲੋਕਾਂ ਦੀ ਨਕਲ ਮਾਰ ਆਪਣੇ ਸਭਿਆਚਾਰ ਨੂੰ ਬੇਦਾਵਾ ਦੇ ਰਹੇ ਹਨ। ਗੁਰੂਆਂ ਨੇ ਸਾਨੂੰ ਹੱਥ ਜੋੜ ਫ਼ਤਿਹ ਬੁਲਾਉਣ ਦੀ ਸੋਝੀ ਬਖ਼ਸ਼ੀ ਸੀ ਪਰ ਅਸੀਂ ਘੁੱਟ ਘੁੱਟ ਹੱਥ ਮਿਲਾਉਣ ਲਗ ਪਏ ਹਾਂ। ਇੱਥੋਂ ਤੀਕ ਕਿ ਔਰਤਾਂ ਵੀ ਹੁਣ ਹੱਥ ਮਿਲਾਉਂਦੀਆਂ ਹਨ ਤੇ ਘੁੱਟ ਜੱਫੀ ਪਾਉਂਦੀਆਂ ਹਨ। ਸਾਰੇ ਦਿਨ ਵਿਚ ਪਤਾ ਨਹੀਂ ਅਸੀਂ ਕਿਤਨੇ ਲੋਕਾਂ ਨਾਲ ਹੱਥ ਮਿਲਾਉਂਦੇ ਹਾਂ ਪਰ ਕਦੇ ਉਨਾਂ ਨੂੰ ਧੋਣ ਵੱਲ ਧਿਆਨ ਨਹੀਂ ਦਿੱਤਾ ਸਗੋਂ ਇਕ ਦੂਜੇ ਦੀ ਬਿਮਾਰੀ ਨੂੰ ਫੈਲਾਉਂਦੇ ਹਾਂ। ਮੈਨੂੰ ਯਾਦ ਹੈ ਕਿ ਨਿੱਕੇ ਹੁੰਦਿਆਂ ਸਾਨੂੰ ਰੋਟੀ ਖਾਣ ਤੋਂ ਪਹਿਲਾਂ ਹੱਥ ਧੋਣ ਦੀ ਹਦਾਇਤ ਹੁੰਦੀ ਸੀ ਤੇ ਰੋਟੀ ਖਾ ਕੇ ਮੁੜ ਕੁਰਲਾ ਕਰਕੇ ਹੱਥ ਧੋਣੇ ਪੈਂਦੇ ਸਨ।

ਜੁੱਤੀ ਪਾ ਕੇ ਕੋਈ ਵੀ ਚੌਂਕੇ ਜਾਂ ਰਸੋਈ ਵਿਚ ਨਹੀਂ ਜਾਂਦਾ ਸੀ ਤੇ ਰੋਟੀ ਖਾਣ ਵੇਲੇ ਜੁੱਤੀ ਲਾਹ ਲਈ ਜਾਂਦੀ ਸੀ। ਕੋਈ ਵੀ ਪ੍ਰਾਹੁਣਾ ਆਉਂਦਾ ਸੀ ਤਾਂ ਰੋਟੀ ਪਰੋਸਣ ਤੋਂ ਪਹਿਲਾਂ ਉਸ ਦੇ ਹੱਥ ਧੁਆਏ ਜਾਂਦੇ ਸਨ ਤੇ ਰੋਟੀ ਖਾ ਚੁੱਕਣ ਪਿੱਛੋਂ ਮੁੜ ਹੱਥ ਧੁਆਏ ਜਾਂਦੇ ਸਨ। ਬਿਨਾਂ ਹੱਥ ਧੋਇਆਂ ਰੋਟੀ ਨੂੰ ਕੋਈ ਹੱਥ ਨਹੀਂ ਸੀ ਲਾ ਸਕਦਾ, ਇਸ ਨੂੰ ਸੁੱਚਮਤਾ ਆਖਿਆ ਜਾਂਦਾ ਹੈ।

ਬਰਾਤ ਵੀ ਜਦੋਂ ਰੋਟੀ ਖਾਂਦੀ ਸੀ ਤਾਂ ਉਨਾਂ ਨੂੰ ਕੋਰਿਆਂ ’ਤੇ ਬਿਠਾ ਪਹਿਲਾਂ ਅਦਬ ਨਾਲ ਹੱਥ ਧੁਆਏ ਜਾਂਦੇ ਸਨ ਤੇ ਰੋਟੀ ਖਾ ਚੁੱਕਣ ਪਿੱਛੋਂ ਮੁੜ ਹੱਥ ਧੁਆਏ ਜਾਂਦੇ ਸਨ। ਖਾਣ ਪੀਣ ਦੀ ਕਿਸੇ ਵੀ ਵਸਤੂ ਨੂੰ ਸੁੱਚੀ ਆਖ ਬਿਨਾਂ ਹੱਥ ਧੋਇਆਂ ਕਿਸੇ ਨੂੰ ਹੱਥ ਲਗਾਉਣ ਦੀ ਆਗਿਆ ਨਹੀਂ ਸੀ। ਹੁਣ ਤਾਂ ਇਕ ਹੱਥ ਨਾਲ ਜੁੱਤੀ ਪਾ ਰਹੇ ਹੁੰਦੇ ਹਨ ਤੇ ਦੂਜੇ ਹੱਥ ਵਿਚ ਟੋਸਟ ਫੜਿਆ ਹੁੰਦਾ ਹੈ।

ਵਿਆਹ ਸਮੇਂ ਖਾਣਾ ਖਾਣ ਤੋਂ ਪਹਿਲਾਂ ਮੈਂ ਸ਼ਾਇਦ ਹੀ ਕਿਸੇ ਨੂੰ ਹੱਥਾਂ ਨੂੰ ਧੋਂਦਿਆਂ ਵੇਖਿਆ ਹੋਵੇ। ਆਓ ਆਪਣੇ ਇਸ ਪੁਰਾਤਨ ਗਿਆਨ ਨੂੰ ਆਪ ਵੀ ਅਪਣਾਈਏ ਤੇ ਦੂਜਿਆਂ ਨੂੰ ਵੀ ਸੋਝੀ ਦੇਈਏ। ਪੱਛਮੀ ਦੇਸ਼ਾਂ ਦੇ ਮਗਰ ਲੱਗਣ ਦੀ ਥਾਂ ਸਗੋਂ ਉਨਾਂ ਨੂੰ ਆਪਣੇ ਪਿੱਛੇ ਲਾਈਏ।

# ਰਾਮ ਸਰੂਪ ਅਣਖੀ ਦਾ ਬਚਪਨ

**- ਡਾ. ਭੁਪਿੰਦਰ ਸਿੰਘ ਬੇਦੀ**

ਰਾਮ ਸਰੂਪ ਅਣਖੀ ਦਾ ਨਾਂ ਪੰਜਾਬੀ ਸਾਹਿਤ ਜਗਤ ਵਿਚ ਧਰੂ ਤਾਰੇ ਵਾਂਗ ਚਮਕਦਾ ਹੈ। ਪਾਠਕਾਂ ਦੀ ਇਹ ਜਗਿਆਸਾ ਹੋਵੇਗੀ ਕਿ ਉਨਾਂ ਦਾ ਬਚਪਨ ਕਿਹੋ ਜਿਹਾ ਹੋਵੇਗਾ। ਕਾਗ਼ਜ਼ਾਂ ਮੁਤਾਬਿਕ ਉਨਾਂ ਦਾ ਜਨਮ ੨੮ ਅਗਸਤ ੧੯੩੨ ਨੂੰ ਮਾਤਾ ਸੋਧਾਂ ਜੀ ਅਤੇ ਪਿਤਾ ਇੰਦਰ ਰਾਮ ਦੇ ਘਰ ਧੌਲਾ ਵਿਖੇ ਬ੍ਰਾਹਮਣ ਪਰਿਵਾਰ ਵਿਚ ਹੋਇਆ। ਘਰ ਦਾ ਮਾਹੌਲ ਖੇਤੀ-ਪੱਤੀ ਵਾਲਾ ਸੀ। ਉਹ ਕੋਈ ਸੱਤਰ ਘੁਮਾਂ ਜ਼ਮੀਨ ਦੇ ਮਾਲਕ ਸਨ। ਤਿੰਨ ਖੇਤ ਵੱਖ-ਵੱਖ ਦਿਸ਼ਾਵਾਂ ਵਿਚ ਸਨ। ਘਰ ਵਿਚ ਖੁੱਲਾ ਮਾਹੌਲ ਸੀ। ਮਾਸੀ ਦਾ ਮੁੰਡਾ ਚੇਤ ਰਾਮ ਉਰਫ਼ ਚੇਤੂ ਵੀ ਖੇਤੀ ਦੇ ਕੰਮ ਵਿਚ ਹੱਥ ਵਟਾਉਂਦਾ। ਕਈ ਭੈਣ-ਭਰਾ ਹੋਏ ਪਰ ਬੱਚੇ ਤਿੰਨ ਹੀ। ਵੱਡੀ ਭੈਣ ਭਾਗਵੰਤੀ, ਛੋਟਾ ਭਰਾ ਨਵਜੋਸ਼। ਨਿੱਕੇ ਹੁੰਦੇ ਤੋਂ ਹੀ ਅਣਖੀ ਜੀ ਨੂੰ ਲਾਡਾਂ-ਪਿਆਰਾਂ ਨਾਲ ਪਾਲ਼ਿਆ ਗਿਆ। ਕੋਈ ਰੋਕ-ਟੋਕ ਨਹੀਂ ਸੀ।

ਅਣਖੀ ਜੀ ਦੇ ਘਰ ਦੀ ਕੰਧ ਨਾਲ ਲੱਗਦੇ ਜੱਗਰ ਦਾ ਡੰਗਰਾਂ ਵਾਲਾ ਘਰ ਸੀ। ਘਰ ਦੇ ਵਿਹੜੇ 'ਚ ਕੁਤਰਾ ਕਰਨ ਵਾਲੀ ਮਸ਼ੀਨ ਲੱਗੀ ਹੋਈ ਸੀ। ਫੱਗਣ ਦਾ ਮਹੀਨਾ ਸੀ। ਅਣਖੀ ਦੇ ਬਾਪੂ ਜੀ ਅਤੇ ਮਾਸੀ ਦਾ ਮੁੰਡਾ ਚੇਤੂ ਸਰੋਂ ਦੀਆਂ ਭਰੀਆਂ ਲੈ ਕੇ ਆਏ ਜਿਹੜੀਆਂ ਮਸ਼ੀਨ ਕੋਲ ਸੁੱਟ ਦਿੱਤੀਆਂ। ਅਣਖੀ ਜੀ ਆਪਣੇ ਸਾਥੀ ਮੁੰਡਿਆਂ ਨਾਲ ਖੇਡਦੇ-ਖੇਡਦੇ ਕੁਤਰਾ ਕਰਨ ਵਾਲੀ ਮਸ਼ੀਨ ਨਾਲ ਪੰਗੇ ਲੈਣ ਲੱਗੇ। ਮਸ਼ੀਨ ਦੀ ਹੱਥੀ ਫੜ ਕੇ ਗੇੜਨ ਲੱਗੇ। ਨਾਲ ਦੇ ਬੇਲੀਆਂ ਨੇ ਸਰੋਂ ਦਾ ਰੁੱਗ ਲਾ ਦਿੱਤਾ। ਮਸ਼ੀਨ ਰੁਕੀ ਤਾਂ ਗੁਆਂਢ 'ਚੋਂ ਚੰਨਣ ਕੀ ਛੋਟੀ ਬੱਚੀ ਕਰਤਾਰੋ ਨੇ ਮਸ਼ੀਨ 'ਚ ਫਸੇ ਫੁੱਲਾਂ ਨੂੰ ਚੁੱਕਣ ਲਈ ਉਂਗਲਾਂ ਵਧਾਈਆਂ ਤਾਂ ਅਣਖੀ ਜੀ ਤੋਂ ਪਹੀਆ ਫਿਰ ਗਿਆ। ਬੱਚੀ ਦੀਆਂ ਦੋ ਉਂਗਲਾਂ ਮਸ਼ੀਨ 'ਚ ਆ ਕੇ ਵੱਢੀਆਂ ਗਈਆਂ, ਜੋ ਕੁਤਰੇ ਦੇ ਢੇਰ 'ਤੇ ਕਿਰਲੀ ਦੀ ਪੂਛ ਵਾਂਗ ਤੜਫ਼ ਰਹੀਆਂ ਸਨ। ਅਣਖੀ ਸਭ ਕੁਝ ਦੇਖ ਕੇ ਭੈ-ਭੀਤ ਹੋ ਗਏ ਅਤੇ ਉੱਥੋਂ ਭੱਜ ਨਿਕਲੇ। ਸ਼ਾਮ ਨੂੰ ਘਰੇ ਆਏ ਤਾਂ ਮਾਂ ਨੇ ਖੱਟੀਆਂ-ਮਿੱਠੀਆਂ ਸੁਣਾਈਆਂ ਤੇ ਅਣਖੀ ਦੇ ਬਾਪੂ ਨੇ ਕਿਹਾ, "ਇਸ ਨੂੰ ਮਹੀਂਆਂ ਮਗਰ ਤੋਰਿਆ ਕਰੋ।"

ਪਿੰਡ ਵਿਚ ਇਕ ਸਕੂਲ ਸੀ ਜੋ ਚੌਥੀ ਜਮਾਤ ਤਕ ਸੀ। ਉੱਥੇ ਮਾਸਟਰ ਦੇਸ ਰਾਜ ਕਾਫ਼ੀ ਸਮੇਂ ਤੋਂ ਪੜਾਉਂਦਾ ਸੀ। ਇਹ ਸਕੂਲ ਪਿੰਡ ਵਿਚ ਬਹੁਤ ਸਾਲ ਪਹਿਲਾਂ ਬਣੇ ਕਿਲੇ ਵਿਚ ਲੱਗਦਾ। ਲੋਕ ਇਸ ਨੂੰ ਕਿਲਾ ਹੀ ਕਹਿੰਦੇ। ਮਾਂ ਪਤਾਸਿਆਂ ਦੀ ਝੋਲ਼ੀ ਭਰ ਕੇ ਅਣਖੀ ਨੂੰ ਸਕੂਲ ਦਾਖ਼ਲ ਕਰਵਾਉਣ ਗਈ। ਕੁਦਰਤੀ ਮਾਸਟਰ ਨੇ ਕਿਸੇ ਹੋਰ ਮੁੰਡੇ ਨੂੰ ਰੂਲ ਨਾਲ ਕੁੱਟਿਆ। ਅਣਖੀ ਦਾ ਅਜੇ ਨਾਂ ਵਗ਼ੈਰਾ ਲਿਖਿਆ ਸੀ। ਉਹ ਡਰਦੇ ਮਾਰੇ ਮਾਂ ਨਾਲ ਚਿੰਬੜ ਗਿਆ ਅਤੇ ਉੱਥੋਂ ਭੱਜ ਗਿਆ। ਉਹ ਪਤੰਗ ਵੀ ਚੜਾਉਂਦੇ ਸਨ। ਇਕ ਦਿਨ ਕੋਠੇ 'ਤੇ ਚੜ ਕੇ ਪਤੰਗ ਚੜਾ ਰਹੇ ਸਨ। ਪੇਚਾ ਪਿਆ ਹੋਇਆ ਸੀ। ਨਿਗਾ ਪਤੰਗ 'ਚ ਸੀ, ਕਿਤੇ ਕੱਟ ਨਾ ਜਾਵੇ, ਪਿੱਛੇ ਹਟਦੇ-ਹਟਦੇ ਕੱਚੇ ਬਨੇਰੇ ਤੋਂ ਡਿਗ ਪਏ। ਮਸ਼ੀਨ ਨੂੰ ਲੱਕੜ ਦੀਆਂ ਫੱਟੀਆਂ ਨਾਲ ਕਿੱਲ ਠੋਕੇ ਹੋਏ ਸਨ। ਇਕ ਕਿੱਲ ਖੱਬੀ ਗੱਲ ਦੇ ਆਰ-ਪਾਰ ਹੋ ਗਿਆ। ਉਹ ਬੇਹੋਸ਼ ਹੋ ਗਏ। ਕਈ ਦਿਨ ਪੱਟੀਆਂ ਹੋਈਆਂ। ਚਾਹ ਆਦਿ ਪੀਂਦੇ ਤਾਂ ਗੱਲ ਵਿਚ ਦੀ ਬਾਹਰ ਆ ਜਾਂਦੀ। ਕਾਫ਼ੀ ਸਮੇਂ ਬਾਅਦ ਜ਼ਖ਼ਮ ਭਰਿਆ। ਕੁਝ ਦਿਨਾਂ ਬਾਅਦ ਉਨਾਂ ਦੀ ਮਾਤਾ ਜੀ ਰਾਮ ਕ੍ਰਿਸ਼ਨ ਬਾਣੀਏ ਦੇ ਮੁੰਡੇ ਕੋਲ ਗਏ ਜੋ ਚੌਥੀ 'ਚ ਪੜਦਾ ਸੀ। ਉਸ ਨੂੰ ਕਿਹਾ ਕਿ ਉਹ ਵਡਿਆ ਕੇ ਸਕੂਲ ਲੈ ਜੇ। ਸ਼ਾਮ ਤਕ ਉਸ ਨੇ ਅਣਖੀ ਜੀ ਨੂੰ ਤਿਆਰ ਕਰ ਲਿਆ। ਉਦੋਂ ਉਨਾਂ ਨੂੰ ਨੌਵਾਂ ਸਾਲ ਲੱਗਾ ਹੋਇਆ ਸੀ। ਪਹਿਲੀ ਜਮਾਤ ਵਿਚ ਦਾਖ਼ਲਾ ਲਿਆ। ਦੂਜੀ ਜਮਾਤ ਵਿਚ ਨਵਾਂ ਮਾਸਟਰ ਆ ਗਿਆ। ਤੀਸਰੀ ਜਮਾਤ 'ਚ ਅਣਖੀ ਜੀ ਦੇ ਗੁਰੂ ਅਧਿਆਪਕ ਕਰਮ ਚੰਦ ਖੰਨਾ ਮੰਡੀ ਕੋਲੋਂ ਪਿੰਡ ਭੜੀ ਤੋਂ ਆਏ ਜੋ ਬਹੁਤ ਵਧੀਆ ਪੜਾਉਂਦੇ ਸਨ। ਉਹ ਸਕੂਲ ਵਿਚ ਤਾਂ ਪੜਾਉਂਦੇ ਹੀ, ਆਪਣੇ ਘਰ ਆ ਕੇ ਵੀ ਬੱਚਿਆਂ ਨੂੰ ਨਵੀਆਂ-ਨਵੀਆਂ ਗੱਲਾਂ ਸਿਖਾਉਂਦੇ। ਅਣਖੀ ਜੀ ਦੀ ਵਿਚਾਰਧਾਰਾ ਨੂੰ ਪਰਪੱਕ ਕਰਨ ਵਿਚ ਮਾਸਟਰ ਕਰਮ ਚੰਦ ਦਾ ਬਹੁਤ ਹੱਥ ਹੈ। ਅਣਖੀ ਜੀ ਕਿਸੇ ਦੇਵੀ-ਦੇਵਤਾ ਨੂੰ



ਨਹੀਂ ਮੰਨਦੇ ਸਨ। ਚੌਥੀ ਜਮਾਤ ਤੋਂ ਬਾਅਦ ਪਿੰਡੋਂ ਬਾਹਰ ਪੜਨ ਜਾਣਾ ਸੀ। ਇਸ ਲਈ ਨਾਭੇ, ਫਿਰ ਹੰਡਿਆਏ ਪੜਨ ਲਾਇਆ ਗਿਆ। ਮਾਸਟਰ ਕਰਮ ਚੰਦ ਨੇ ਅਣਖੀ ਜੀ ਨੂੰ ਪੰਜਾਬੀ ਅਤੇ ਅੰਗਰੇਜ਼ੀ ਸਿਖਾਈ ਜੋ ਪੰਜਵੀਂ ਵਿਚ ਲੱਗਦੀ ਸੀ। ਚੌਥੀ ਤਕ ਉਰਦੂ ਜ਼ੁਬਾਨ ਪੜੀ।

ਉਨਾਂ ਦੀ ਸਾਹਿਤਕ ਸਿਰਜਣਾ ਦੇ ਬੂਟੇ ਦੀਆਂ ਜੜਾਂ ਵਿਚ ਦੋ ਪਾਤਰਾਂ ਨੇ ਖਾਦ, ਮਿੱਟੀ ਤੇ ਪਾਣੀ ਪਾਉਣ ਦਾ ਕੰਮ ਕੀਤਾ। ਇਹ ਸਨ ਸਦੀਕ ਤੇ ਚੇਤੂ। ਸਦੀਕ ਮਰਾਸੀਆਂ ਦਾ ਮੁੰਡਾ ਸੀ ਤੇ ਅਣਖੀ ਜੀ ਦੇ ਹਾਣ ਦਾ ਵੀ ਸੀ। ਅਕਸਰ ਅਣਖੀ ਜੀ ਸਦੀਕ ਦੇ ਘਰ ਜਾਂਦੇ। ਉੱਥੇ ਸੰਗੀਤਕ ਮਹਿਫ਼ਲ ਦਾ ਅਨੰਦ ਮਾਣਦੇ। ਉਹ ਅਕਸਰ ਸਦੀਕ ਦੇ ਨਾਲ ਬਿਤਾਏ ਪਲ ਸਾਡੇ ਨਾਲ ਸਾਂਝੇ ਕਰਦੇ। ਸਾਲ ਵਿਚ ਇਕ ਵਾਰ ਸ਼ਾਹ ਨੂਰ ਗ਼ਾਜ਼ੀ ਦੀ ਕਬਰ 'ਤੇ ਕੱਵਾਲੀਆਂ ਲੱਗਦੀਆਂ। ਅਣਖੀ ਜੀ 'ਤੇ ਇਨਾਂ ਕੱਵਾਲੀਆਂ ਦੀ ਸ਼ਾਇਰੀ ਦਾ ਪ੍ਰਭਾਵ ਪੈਣਾ ਸੁਭਾਵਿਕ ਹੀ ਸੀ। ਸੰਤਾਲੀ ਤੋਂ ਬਾਅਦ ਇਹ ਮਹਿਫ਼ਲਾਂ ਉੱਜੜ ਗਈਆਂ। ਸਦੀਕ ਪਾਕਿਸਤਾਨ ਚੱਲਿਆ ਗਿਆ। ਅਣਖੀ ਜੀ ਨੇ 'ਮੁੜ ਆ ਸਦੀਕ' ਕਹਾਣੀ ਲਿਖੀ।

ਮਾਸੀ ਦਾ ਮੁੰਡਾ ਚੇਤੂ ਕਿੱਸਿਆਂ ਨੂੰ ਪੜਨ ਦਾ ਸ਼ੌਕੀਨ ਸੀ। ਉਹ ਸੱਥ ਵਿਚ ਬੈਠ ਕੇ ਕਿੱਸੇ ਪੜਦਾ 'ਰੂਪ-ਬਸੰਤ', 'ਨਲ-ਦਮਯੰਤੀ', 'ਜਾਨੀ ਚੋਰ', 'ਪੂਰਨ ਭਗਤ' ਆਦਿ। ਉਸ ਦੀ ਆਵਾਜ਼ ਵਿਚ ਰੁਦਨ ਸੀ। ਬੋਲ ਟੱਲੀ ਵਰਗਾ। ਸਿਆਲ਼ ਦੀਆਂ ਲੰਬੀਆਂ ਰਾਤਾਂ ਵਿਚ ਅੱਧੀ-ਅੱਧੀ ਰਾਤ ਤਕ ਕਿੱਸੇ ਪੜਦਾ। ਅਣਖੀ ਜੀ ਘਰ ਤੋਂ ਚੋਰੀ ਉਸ ਦੇ ਨਾਲ ਜਾਂਦੇ। ਫਿਰ ਚੇਤੂ ਅਚਾਨਕ ਪਿੰਡ ਦੇ ਕਿਸੇ ਡਾਕੂ ਨਾਲ ਗ਼ਾਇਬ ਹੋ ਗਿਆ। ਉਸ ਦੇ ਕਿੱਸੇ ਅਣਖੀ ਜੀ ਦੇ ਹੱਥ ਲੱਗ ਗਏ ਜੋ ਉਨਾਂ ਨੇ ਵਾਰ-ਵਾਰ ਪੜੇ। ਚੇਤੂ ਵਾਂਗ ਗਲ਼ ਵਿਚ ਰੁਦਨ ਭਰ ਕੇ ਗਾਏ ਵੀ।

ਸੱਤਵੀਂ-ਅੱਠਵੀਂ ਜਮਾਤ 'ਚ ਉਨਾਂ ਨੇ 'ਭਾਈ ਜੀਵਨ ਸਿੰਘ ਚਤਰ ਸਿੰਘ' ਨੂੰ ਚਿੱਠੀ ਪਾ ਕੇ ਵਾਰਿਸ ਸ਼ਾਹ ਦੀ 'ਹੀਰ' ਮੰਗਵਾਈ। ਪਿੰਡ ਵਿਚ ਚਰਚਾ ਛਿੜੀ। ਉਨਾਂ ਦੇ ਪਿਤਾ ਜੀ ਨੂੰ ਡਰ ਸੀ ਕਿ ਕਿਤੇ ਮੁੰਡੇ ਨੇ ਕੋਈ ਹੋਰ ਕਿਤਾਬ ਨਾ ਮੰਗਵਾਈ ਹੋਵੇ। ਜਦੋਂ ਪਤਾ ਲੱਗਿਆ ਕਿ 'ਹੀਰ ਵਾਰਿਸ ਸ਼ਾਹ' ਹੈ ਤਾਂ ਚੈਨ ਆਇਆ। ਅਣਖੀ ਜੀ ਨੇ ਸੱਤ-ਅੱਠ ਵਾਰ ਹੀਰ ਪੜੀ। ਉਨਾਂ ਨੇ ਆਪ ਵੀ ਬੈਂਤਾਂ ਲਿਖੀਆਂ। ਪਿੰਡ ਦੀ ਕੁੜੀ ਨੂੰ ਮਨ ਵਿਚ ਚਿਤਵ ਕੇ ਲਿਖਿਆ। ਮੁੱਕਦੀ ਗੱਲ ਇਹ ਕਿ ਅਣਖੀ ਨੂੰ ਵਾਰਿਸ ਸ਼ਾਹ ਦੀ 'ਹੀਰ' ਪੜਨ ਦੀ ਚੇਟਕ ਚੇਤੂ ਤੋਂ ਲੱਗੀ। ਸਦੀਕ ਅਤੇ ਚੇਤੂ ਨੇ ਅਣਖੀ ਜੀ ਦੀ ਸਾਹਿਤਕ ਸਿਰਜਣਾ ਦੇ ਬੀਜ ਨੂੰ ਪੁੰਗਰਨ ਲਈ ਖਾਦ-ਪਾਣੀ ਦਾ ਕੰਮ ਕੀਤਾ। ਬਚਪਨ ਦੇ ਇਹ ਤਿੰਨੋਂ ਪੱਖ, ਪਹਿਲਾ ਸ਼ਰਾਰਤਾਂ, ਦੂਜਾ ਮਾਸਟਰ ਕਰਮ ਚੰਦ ਦੀ ਸਿੱਖਿਆ ਨਾਲ ਵਿਚਾਰਾਂ ਦੀ ਪਰਪੱਕਤਾ ਤੇ ਤੀਸਰਾ ਸਦੀਕ ਅਤੇ ਚੇਤੂ ਤੋਂ ਸਾਹਿਤਕ ਚੇਟਕ ਦਾ ਲੱਗਣਾ। ਸੋ ਅਣਖੀ ਸਾਹਿਬ ਦੀ ਸ਼ਖ਼ਸੀਅਤ ਨੂੰ ਨਿਖਾਰਨ ਲਈ ਬਚਪਨ ਦੀ ਭੂਮਿਕਾ ਅਹਿਮ ਕਹੀ ਜਾ ਸਕਦੀ ਹੈ।

# ਪੂਰਨਤਾ ਦੀ ਮਹਿਕ: ਕਿਤਾਬ ਸਿੱਖੀ ਦੀ ਆਤਮਾ ਵਿੱਚੋਂ

**- ਪ੍ਰੋ. ਪੂਰਨ ਸਿੰਘ**

ਜਦੋਂ ਆਰੰਭ ਕਾਲ ਦੇ ਇਸਾਈ ਆਪਣੀ ਸਵੈ ਰੱਖਿਆ ਲਈ ਤੁਰੇ ਜਾਂਦੇ ਹਵਾ ਵਿੱਚ ਸੂਲੀ ਦਾ ਚਿੰਨ ਆਪਣੇ ਹੱਥਾਂ ਨਾਲ ਹੀ ਬਣਾ ਲੈਂਦੇ, ਉਹ ਉਨਾਂ ਦੇ ਪ੍ਰਭਾਵ ਮੰਡਲ ਵਿਚ ਦਾਖਲ ਹੋ ਕੇ ਇਸ ਨੂੰ ਭ੍ਰਸ਼ਟ ਕਰਨ ਵਾਲੇ ਦੂਜੇ ਲੋਕਾਂ ਦੇ ਭੂਤਾਂ ਤੋਂ ਭਲੀ ਪ੍ਰਕਾਰ ਜਾਣੂ ਸਨ।

ਇੱਥੋਂ ਤੱਕ ਕਿ ਕੋਈ ਚਿੱਤਰਕਾਰ ਵੀ ਆਪਣੀ ਤੂਲਕਾ ਨੂੰ ਕਿਸੇ ਦੂਜੇ ਦੇ ਹੱਥ ਵਿੱਚ ਦੇਣ ਲਈ ਤਿਆਰ ਨਹੀਂ ਹੁੰਦਾ । ਇਸੇ ਤਰਾਂ ਇੱਕ ਲੇਖਕ ਆਪਣੀ ਕਲਮ ਨੂੰ ਸਾਂਭ ਸਾਂਭ ਰੱਖਦਾ ਹੈ। ਐਮਰਸਨ ਤਾਂ ਇਥੋਂ ਤੱਕ ਕਹਿੰਦੈ ਕਿ ਉਸ ਦੇ ਕਮਰੇ ਵਿੱਚ ਕੋਈ ਓਪਰੇ ਬੰਦੇ ਜਾਣ ਤਾਂ ਇੱਕ ਸੱਚਾ ਕਲਾਕਾਰ ਉਨਾਂ ਤੋਂ ਤੰਗ ਆ ਜਾਂਦੈ। ਉਹ ਨਹੀਂ ਚਾਹੁੰਦਾ ਕਿ ਮਾਯੂਸ ਤੇ ਨਿਰਾਸ਼ ਲੋਕ ਜਿਨਾਂ ਦੇ ਮਨ ਰੋਲ ਘਚੋਲੇ ਦੇ ਗੰਦ-ਗੁਦੜ ਨਾਲ ਭਰੇ ਹੋਏ ਨੇ, ਉਸ ਦੇ ਮਨ-ਕੁੰਜ ਅਰਥਾਤ ਕਮਰੇ ਦੇ ਸਵੱਛ ਵਾਤਾਰਣ ਨੂੰ ਆ ਕੇ ਗੰਧਲਾ ਦੇਣ। ਇਹ ਗੱਲ ਭਾਵੇਂ ਦੁਬਾਜਰਿਆਂ ਵਾਲੀ ਜਾਪਦੀ ਐ। ਆਮ ਲੋਕ ਇਸ ਨੂੰ ਕੁਲੀਨ-ਤੰਤਰੀ ਪ੍ਰਵਿਰਤੀ ਕਹਿਣਗੇ ਪਰ ਜਿਹੜੇ ਲੋਕ ਆਪਣੇ ਅੰਦਰਲੇ ਆਤਮਕ ਵਾਤਾਵਰਨ ਅਤੇ ਨੈਤਿਕ ਰੁਚੀ ਨੂੰ ਸੁਰੱਖਿਅਤ ਰੱਖਣ ਲਈ ਸਖ਼ਤ ਮਿਹਨਤ ਕਰਦੇ ਨੇ, ਉਹ ਲੋਕਾਂ ਦੀ ਇਸ ਜਨਵਾਦੀ ਹਮਦਰਦੀ ਵਿੱਚ ਆਪਣੀ ਸੁਨਿਸ਼ਚਿਤ ਕਾਰ ਖੇਤਰ ਜੋ ਉਨਾਂ ਨੇ ਸਖਤ ਮਹਿਨਤ ਨਾਲ ਉਸਾਰੀ ਹੁੰਦੀ ਐ, ਨੂੰ ਦੂਸ਼ਿਤ ਨਹੀਂ ਹੋਣ ਦਿੰਦੇ। ਇਹ ਇਸ ਤਰਾਂ ਦੀਆਂ ਗੱਲਾਂ ਨੇ ਜਿਵੇਂ ਪ੍ਰਭੂ ਯਸੂ ਨੇ ਕਦੀ ਫਰਮਾਇਆ ਸੀ ਕਿ ਇਹ ਤਾਂ ਸੂਰਾਂ ਨੂੰ ਮੋਤੀ ਪਰੋਸਣ ਵਾਲੀ ਗੱਲ ਐ।

ਗੁਰੂ ਦੇ ਸਿੱਖ ਨੂੰ ਇਸ ਗੱਲ ਦਾ ਗਿਆਨ ਐ ਕਿ ਗੁਰੂ ਦੀ ਕ੍ਰਿਪਾ ਦੁਆਰਾ ਉਸਨੂੰ ਭਰੋਸੇ ਦੀ ਰਾਸ ਪ੍ਰਾਪਤ ਹੋਈ ਐ। ਇਹ ਤਾਂ ਗੁਰੂ ਜੀ ਦਾ ਉਸ ਨੂੰ ਰਿਣ ਹੈ ਜੋ ਉਸ ਨੂੰ ਉਸ ਨਿਸ਼ਚੇ ਦੇ ਗੁਣ ਦੀ ਸੁਰੱਖਿਆ ਤੇ ਪਾਲਨਾ ਕਰਨ ਹਿੱਤ ਬਖਸ਼ਿਆ ਗਿਆ ਹੈ। ਜਦੋਂ ਕੋਈ ਮਨੁੱਖ ਆਤਮਕ ਤੌਰ ਉੱਤੇ ਪਰੀਪੂਰਨ ਹੋ ਜਾਂਦੈ ਤਾਂ ਇਹ ਪੂਰਨਤਾ ਦੀ ਮਹਿਕ ਉਸ ਦੇ ਆਲੇ ਦੁਆਲੇ ਪਸਰ ਜਾਂਦੀ ਐ। ਜੋ ਸ੍ਰਿਸ਼ਟੀ ਦੇ ਸਭ ਜੀਆਂ ਲਈ ਗੁਣਕਾਰੀ ਹੈ। ਉਸ ਸਮੇਂ ਹੀ ਉਸ ਗੁਰਸਿੱਖ ਨੂੰ ਬਾਹਰਲੇ ਸੰਸਾਰ ਵਿੱਚ ਧਰਮ ਪ੍ਰਚਾਰ ਕਰਨ ਹਿੱਤ ਭੇਜਿਆ ਜਾਂਦੈ ਤਾਂ ਜੋ ਆਪਣੀ ਆਤਮਿਕ ਸੁੰਦਰਤਾ ਦੀ ਮਹਿਕ ਤੇ ਸ਼ਾਨ ਨੂੰ ਆਲੇ ਦੁਆਲੇ ਪਸਾਰ ਸਕੇ। ਉਹ ਗੁਰਸਿੱਖ ਵੀ ਗੁਰੂ ਦੀ ਹੀ ਕਾਰ ਕਮਾਉਂਦੈ ਤੇ ਆਪ ਤਾਂ ਉਹ ਕੇਵਲ ਇੱਕ ਮਾਧਿਅਮ ਹੀ ਹੁੰਦੈ, ਜਿਵੇਂ ਗੁਰੂ ਉਸ ਨੂੰ ਨਿਰਦੇਸ਼ ਦਿੰਦੈ ਤਿਵੇਂ ਹੀ ਉਹ ਕਾਰਿੰਦੇ-ਹਾਰ ਇਸ ਪਵਿੱਤਰ ਕਾਰਜ ਨੂੰ ਨਿਭਾਉਂਦੈ।

ਉਹ ਜਾਣਦੈ ਕਿ ਇਹ ਸਭ ਕੀਮਤੀ ਮਾਲ ਉਸ ਦਾ ਆਪਣਾ ਨਹੀਂ ਐ। ਉਹ ਤਾਂ ਆਪਣੀਆਂ ਭਾਵਨਾਵਾਂ ਵਿਚਾਰਾਂ ਤੇ ਅਮਲਾਂ ਦੁਆਰਾ ਇਸ ਦੀ ਭਿੰਨੀ ਮਹਿਕ ਨੂੰ ਦੂਜਿਆਂ ਤੱਕ ਵੰਡਣ ਦਾ ਇੱਕ ਸਰੀਰਕ ਮਾਧਿਅਮ ਮਾਤਰ ਹੀ ਐ। ਉਹ ਗੁਰਸਿੱਖ ਵੀ ਚੰਗੀ ਤਰਾਂ ਅਨੁਭਵ ਕਰਦੈ ਕਿ ਗੁਰੂ ਜੀ ਦੀ ਬਖਸ਼ੀ ਇਹ ਰਾਸ ਪੂੰਜੀ ਫਜ਼ੂਲ ਖਰਚੀ ਅਤੇ ਵਿਅਰਥ ਰੋੜਨ ਲਈ ਨਹੀਂ ਐ।

ਉਹ ਇਸ ਗੱਲ ਨੂੰ ਭਲੀ ਪ੍ਰਕਾਰ ਸਮਝਦੈ ਕਿ ਗੁਰੂ ਜੀ ਦੀਆਂ ਬਖਸ਼ੀਆਂ ਹੋਈਆਂ ਇਹ ਦਾਤਾਂ ਕਿਸੇ ਤਰਾਂ ਵੀ ਉਸਦਾ ਆਪਣਾ ਮਾਲ ਨਹੀਂ। ਇਸ ਨੂੰ ਕੇਵਲ ਇਸ ਦੇ ਯੋਗ ਅਧਿਕਾਰੀਆਂ ਵਿੱਚ ਵੰਡਣਾ ਚਾਹੀਦੈ, ਪਰ ਇਸੇ ਉੱਚ ਨਿਮਰਤਾ ਦੇ ਗੁਣ ਨੂੰ ਲੋਕ ਵੀ ਕਈ ਵਾਰ ਗ਼ਲਤ ਸਮਝ ਬੈਠਦੇ ਨੇ ਤੇ ਇਸ ਨੂੰ ਅਮੀਰਜ਼ਾਦਿਆਂ ਵਾਲਾ ਅਭਿਮਾਨ ਤੇ ਨਿਪਟ ਤਾਮਸ ਪ੍ਰਵਿਰਤੀ ਦਾ ਗਿਆਨ ਮੰਨਣ ਲੱਗ ਪੈਂਦੇ ਨੇ। ਕਈ ਵਾਰ ਤਾਂ ਗੁਰੂ ਦੇ ਸਿੱਖ ਨੂੰ ਇੰਝ ਜਾਪਦੈ ਜਿਵੇਂ ਉਹ ਕਿਸੇ ਚਿੱਕੜ-ਗ੍ਰਸਤ ਵਿਅਕਤੀ ਨੂੰ ਮਿਲ ਕੇ ਆਪ ਵੀ ਚਿੱਕੜ ਨਾਲ ਭਰ ਗਿਐ। ਕਿਸੇ ਨੇ ਆ ਕੇ ਉਸ ਦੇ ਹਿਰਦੇ ਦੇ ਨਿਰਮਲ ਜਲ-ਪ੍ਰਵਾਹ ਵਿੱਚ ਚਿੱਕੜ ਦੀ ਟੋਕਰੀ ਆ ਸੁੱਟੀ ਐ ਤੇ ਉਸ ਗੰਧਲੇ ਜਲ ਨੂੰ ਮੁੜ ਸਾਫ ਕਰਨ ਲਈ ਉਨਾਂ ਨੂੰ ਤੁਰੰਤ ਇਸ ਦੀ ਸਫਾਈ ਕਰਨ ਦਾ ਕਾਰਜ ਕਰਨਾ ਪੈਂਦੈ। ਇਹ ਤਾਂ ਗੁਰੂ ਦੀ ਚੇਤਨਾ ਦੁਆਰਾ ਸਿੱਖ ਦੀ ਚੇਤਨਤਾ ਨੂੰ ਆਪਣੀ ਬਖਸ਼ਿਸ਼ ਦੁਆਰਾ ਮੁੜ ਇਸ਼ਨਾਨ ਕਰਾਉਣ ਤੇ ਸਵੱਛ ਕਰਨ ਦੀ ਪ੍ਰਕਿਰਿਆ ਹੁੰਦੀ ਐ। ਉਸ ਸਮੇਂ ਮਨੁੱਖ ਤਾਂ ਉਸ ਚਸ਼ਮੇ ਦੀ ਨਿਆਈ ਐ ਜਿਸ ਵਿੱਚੋਂ ਪਿੱਛੋਂ ਜਲ ਦਾ ਪ੍ਰਵਾਹ ਉਛਾਲਾ ਮਾਰ ਕੇ ਉਸ ਦੇ ਜਲ ਪ੍ਰਵਾਹ ਨੂੰ ਪਾਰਦਰਸ਼ੀ ਬਣਾ ਦਿੰਦੈ।

ਇਹ ਅੰਤਰੀਵ ਜੀਵਨ ਆਪਣੇ ਤੀਖਣ ਸਰੂਪ ਵਿੱਚ ਸੁਹਜਮਈ ਹੁੰਦੈ ਤੇ ਕਲਾਤਮਕ ਤੇ ਨੈਤਿਕ ਅਰਥਾਂ ਵਿੱਚ ਇਸ ਦੀਆਂ ਲੋੜਾਂ ਸਭ ਕੁਲੀਨ-ਪੁਰਸ਼ਾਂ ਵਾਲੀਆਂ ਹੁੰਦੀਆਂ ਨੇ। ਫਿਰ ਵੀ ਉਹ ਨਾਲੋਂ ਨਾਲ ਗੁਰੂ ਦੇ ਪੂਰਨ ਤੌਰ ਉੱਤੇ ਸਮਰਪਿਤ ਅਤੇ ਹੁਕਮ ਵਿੱਚ ਹੁੰਦੈ।

ਸਿਮਰਨ ਵਾਲੇ ਪੁਰਸ਼ਾਂ ਦੇ ਅੰਦਰ ਬੜਾ ਸੂਖ਼ਮ ਜਿਹਾ ਧਰਮ-ਕੰਡਾ ਹੁੰਦੈ, ਜਿਸ ਦੇ ਛਾਬੇ ਵਾਲ ਭਾਰ ਦੇ ਵਾਧੂ ਵਜ਼ਨ ਨਾਲ ਡੋਲ ਜਾਂਦੇ ਨੇ। ਮਨੁੱਖ ਤੇ ਉਨਾਂ ਦੇ ਵਿਚਾਰ, ਘਟਨਾਵਾਂ ਤੇ ਉਨਾਂ ਦੇ ਪ੍ਰਤੀਕਰਮ, ਆਉਣ ਵਾਲੀਆਂ ਘਟਨਾਵਾਂ ਦੇ ਪਰਛਾਵੇਂ, ਪੁਸਤਕਾਂ, ਇਮਾਰਤਾਂ ਸਭ ਨੂੰ ਆਪਣੇ ਧਰਮ ਕੰਡੇ ਤੇ ਤੋਲਦੈ, ਉਨਾਂ ਦਾ ਮੁੱਲ ਪਾਉਂਦੈ। ਜਿਹੜੇ ਵੀ ਮਨੁੱਖ ਅਤੇ ਘਟਨਾਵਾਂ ਉਸਦੇ ਸਨਮੁੱਖ ਵਾਪਰਦੇ ਨੇ, ਉਨਾਂ ਦੇ ਭਲੇ ਬੁਰੇ ਪ੍ਰਛਾਵਿਆਂ ਨੂੰ ਵੀ ਆਪਣੇ ਅੰਦਰ ਹਾੜ ਲੈਂਦੈ। ਰੱਬ ਹੈ ਆਕਾਸ਼ ਵਿੱਚ ਤੇ ਜੱਗ ਹੱਸ ਖੇਲਦਾ ਭਰਾ ਭੌਤਿਕ ਰੂਪ ਦਾ ਸਧਾਰਨੀਕਰਨ ਤਾਂ ਹੋ ਸਕਦੈ ਪਰ ਸਿਮਰਨ ਵਾਲੇ ਸੰਤ ਪੁਰਸ਼ ਦੀ ਧਾਰਨਾ ਇਸ ਤਰਾਂ ਹੁੰਦੀ ਐ ਪ੍ਰਭੂ ਮੇਰੇ ਅੰਦਰ ਹੈ ਤਾਂ ਜਗਤ ਲਈ ਵੀ ਸਭ ਅੱਛਾ ਹੈ।

ਇੱਕੋ ਸਮੇਂ ਝੁੱਲ ਰਹੀ ਪਵਣ ਦੇ ਦੋ ਬੁੱਲੇ ਉਸ ਲਈ ਵੱਖ ਵੱਖ ਅਰਥ ਰੱਖਦੇ ਨੇ। ਇੱਕ ਉਸ ਨੂੰ ਅਸਹਿ ਕਸ਼ਟ ਦਿੰਦੈ ਦੂਜਾ ਅਕਹਿ ਅਨੰਦ। ਉਸ ਉੱਤੇ ਹੋਇਆ ਥੋੜਾ ਜਿਹਾ ਹਿੰਸਾ ਦਾ ਵਾਰ ਉਸ ਨੂੰ ਭਲਾ ਪ੍ਰਤੀਤ ਹੁੰਦੈ ਅਤੇ ਦੋ ਜਹਾਨਾਂ ਦੀ ਪਾਤਸ਼ਾਹੀ ਦੀ ਦਾਤ ਉਸ ਨੂੰ ਸਰਾਪ ਵਾਂਗ ਲੱਗਦੀ ਐ। ਜਿਸ ਤਰਾਂ ਪ੍ਰਤਿਭਾਸ਼ਾਲੀ ਪੁਰਸ਼ ਬਾਰੇ ਕਥਨ ਕੀਤੈ ਕਿ ' ਉਹ ਸਰਬ ਦਾ ਗਿਆਤਾ ' ਹੁੰਦੈ। ਉਸ ਦੀ ਤੱਕਣੀ ਵਿੱਚ ਕਈ ਰੂਹਾਨੀ ਮੰਡਲ ਚੱਕਰ ਲਾਉਂਦੇ ਨੇ ਤੇ ਉਹ ਆਪਣੀ ਆਤਮਾ ਦੀ ਨਿਰੰਕੁਸ਼ ਸੁਤੰਤਰਤਾ ਉੱਤੇ ਰਸ਼ਕ ਕਰਦੈ।

ਅਸੀਂ ਜੋ ਬਹੁਤ ਹੇਠਾਂ ਖੜੇ ਹਾਂ, ਅਜਿਹੇ ਦੇਵ ਪੁਰਸ਼ ਦੀ ਝੱਲ-ਮਸਤਾਨੇ, ਸਵੈ-ਵਿਰੋਧਾਂ ਅਤੇ ਉਸ ਦੇ ਅਨੰਤ ਮਨੋਭਾਵਾਂ ਤੇ ਮਨੋਦਿਸ਼ਾਵਾਂ ਦਾ ਥਾਹ ਨਹੀਂ ਪਾ ਸਕਦੇ। ਕਈ ਵਾਰ ਤਾਂ ਉਹ ਮਰ ਚੁੱਕੇ ਲੋਕਾਂ ਨਾਲ ਗੱਲਾਂ ਕਰ ਰਿਹਾ ਹੁੰਦੈ। ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਤੇ ਅਸੀਂ ਉਸ ਕੋਲੋਂ ਲੰਘ ਜਾਂਦੇ ਹਾਂ, ਉਸ ਨੂੰ ਅਸੰਤੁਲਿਤ ਸਮਝ ਲੈਂਦੇ ਹਾਂ। ਕਿਸੇ ਹੋਰ ਸਮੇਂ ਉਹ ਉਨਾਂ ਵਿਅਕਤੀਆਂ ਬਾਰੇ ਚਿਤਵਣ ਕਰ ਰਿਹਾ ਹੁੰਦੈ ਜਿਨਾਂ ਨੇ ਹਾਲੀ ਜਨਮ ਧਾਰਨੈ, ਤਾਂ ਵੀ ਅਸੀਂ ਉਸ ਨੂੰ ਲੱਖ ਨਹੀਂ ਸਕਦੇ।

ਜਦੋਂ ਉਹ ਪਰਬਤ ਜਿੱਡੇ ਉੱਚੇ ਪ੍ਰਾਚੀਨ ਪ੍ਰਬੰਧ ਸਿਰ ਫੋੜਨ ਲਈ ਤੇ ਉਸ ਦੀ ਥਾਂ ਨਵੇਂ ਨੂੰ ਸਥਾਪਤ ਕਰਨ ਲਈ ਉਸ ਦੀਆਂ ਚੋਟੀਆਂ ਨੂੰ ਆਪਣੇ ਪੈਰਾਂ ਹੇਠ ਮਧੋਲਦੈ ਤਾਂ ਵੀ ਅਸੀਂ ਉਸ ਦੇ ਰਹੱਸ ਨੂੰ ਜਾਣ ਨਹੀਂ ਸਕਦੇ। ਉਸ ਨੂੰ ਵੀ ਅਸੀਂ ਇਸ ਤਰਾਂ ਸਮਝ ਲੈਂਦੇ ਹਾਂ ਜਿਵੇਂ ਉਹ ਵੀ ਦੂਜੇ ਯੋਧੇ ਨਾਇਕਾਂ ਸਾਮਾਨ ਆਪਣੀ ਤਲਵਾਰ ਸੂਤ ਕੇ ਸੰਸਾਰ ਦੇ ਜੰਗੀ ਅਖਾੜੇ ਵਿੱਚ ਉਤਰ ਆਇਐ।

ਅਸੀਂ ਉਸ ਦੀ ਸ਼ਕਤੀ ਤੇ ਕਮਜ਼ੋਰੀ ਦੋਹਾਂ ਨੂੰ ਗਲਤ ਸਮਝ ਬੈਠਦੇ ਹਾਂ ਕਿਉਂਕਿ ਉਸ ਦੀ ਹੋਣੀ ਵਿੱਚ ਵੀ ਸਾਡੇ ਵਰਗੇ ਸਾਰੇ ਅਉਗੁਣ ਮੌਜੂਦ ਹੁੰਦੇ ਨੇ, ਹਾਲਾਂਕਿ ਉਸ ਨੂੰ ਅਕਾਲ ਪੁਰਖ ਵੱਲੋਂ ਸਾਡੇ ਸੰਸਾਰ ਅੰਦਰ ਤੇ ਸਾਡੇ ਚ ਵਿਚਰ ਕੇ ਕੁਝ ਨਿਸ਼ਚਿਤ ਕੀਤੇ ਗਏ ਕਾਰਜ ਸਿਰੇ ਚਾੜਨ ਲਈ ਭੇਜਿਆ ਜਾਂਦੈ। ਅਸੀਂ ਉਸ ਨੂੰ ਬੰਦੀ ਬਣਾ ਲੈਂਦੇ ਹਾਂ, ਉਸ ਨੂੰ ਤਸੀਹੇ ਦਿੰਦੇ ਹਾਂ ਤੇ ਆਪਣੇ ਪ੍ਰੇਮ ਤੇ ਨਫਰਤ ਦੋਹਾਂ ਰਾਹੀਂ ਉਸ ਨੂੰ ਸੂਲੀ ਉੱਤੇ ਚੜਨ ਲਈ ਮਜਬੂਰ ਕਰਦੇ ਹਾਂ ਕਿਉਂਕਿ ਅਸੀਂ ਉਸ ਦੇ ਭੇਦ ਨੂੰ ਨਹੀਂ ਪਾ ਸਕਦੇ। ਉਸ ਦੇ ਵਿਚਾਰ ਇੰਨੇ ਸਿੱਧੇ ਸਾਦੇ ਤੇ ਨਿਆਰੇ ਹੁੰਦੇ ਨੇ ਕਿ ਜਿੰਨਾ ਚਿਰ ਤੱਕ ਇਨਾਂ ਨੂੰ ਭਾਸ਼ਾ ਦਾ ਜਾਮਾ ਨਾ ਪਾਇਆ ਜਾਵੇ ਅਸੀਂ ਉਸ ਦਾ ਅਨੁਸਰਣ ਨਹੀਂ ਕਰ ਸਕਦੇ।

ਇਸ ਲਈ ਉਹ ਸਾਡੀ ਖਾਤਰ ਆਪਣੇ ਆਪ ਨੂੰ ਕਤਲ ਕਰਵਾ ਲੈਂਦੈ ਤਾਂ ਜੋ ਉਸ ਦੇ ਵਿਚਾਰ ਇਸ ਧਰਤੀ ਵਿੱਚ ਜੜ ਪਕੜ ਸਕਣ ਕਿਉਂਕਿ ਇਨਾਂ ਵਿੱਚ ਪ੍ਰਭੂ ਪਿਤਾ ਦੀ ਰੱਖਿਆ ਕਰਨ ਵਾਲੀ ਮਹਾਨ ਕਿਰਪਾਲੂ ਦ੍ਰਿਸ਼ਟੀ ਵਿਦਮਾਨ ਹੁੰਦੀ ਐ। ਮਨੁੱਖ ਨੂੰ ਉਸ ਦੇ ਆਪਣੇ ਹੀ ਧਰਮ ਸ਼ਤਰੂ ਹਉਮੈ ਦੇ ਵਾਰਾਂ ਤੋਂ ਬਚਾਉਣਾ ਹੁੰਦੈ। ਗੁਰਬਾਣੀ ਵਿੱਚ ਫੁਰਮਾਨ ਐ -

**ਹਉਮੈ ਦੀਰਘ ਰੋਗੁ ਹੈ**
**ਦਾਰੂ ਭੀ ਇਸੁ ਮਾਹਿ।।**

ਹਉਮੈ ਦੇ ਦੀਰਘ ਰੋਗ ਵਿਚ ਇਸ ਦੀ ਔਸ਼ਧੀ ਵੀ ਲੁਕੀ ਪਈ ਐ।

# ਮਨੁੱਖੀ ਰਿਸ਼ਤਿਆਂ ਦਾ ਤਾਣਾ-ਬਾਣਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਭਾਗ 2**



- ਵਰਿਆਮ ਸਿੰਘ ਸੰਧੂ

ਪਿਛਲੇ ਦੋ ਕੁ ਮਹੀਨਿਆਂ ਤੋਂ ਉਹ ਸਵੇਰੇ ਮਾਲ-ਡੰਗਰ ਆਪਣੇ ਨਾਲ ਹੀ ਖੇਤਾਂ ਵਿੱਚ ਲੈ ਜਾਂਦੇ ਸਨ। ਦੁੱਧ, ਖੰਡ ਅਤੇ ਰੋਟੀ-ਟੁੱਕ ਬਨਾਉਣ ਦਾ ਸਮਾਨ ਵੀ ਨਾਲ ਲੈ ਜਾਂਦੇ ਅਤੇ ਓਥੇ ਹੀ ਦੁਪਹਿਰ ਦੀ ਰੋਟੀ ਪਕਾ ਲੈਂਦੇ। ਇਸ ਰੌਸ਼ਨੀ ਵਿੱਚ ਹੀ ਇੱਕ ਦਿਨ ਬੀਬੀ ਨੇ ਆਖਿਆ, "ਪੁੱਤ ਏਨੀ ਦੂਰੋਂ ਦੋ ਢਾਈ ਮੀਲ ਦੂਰ ਜਾ ਕੇ ਵਾਹੀ ਨਹੀਂ ਹੁੰਦੀ। ਸਾਰੀ ਦਿਹਾੜੀ ਰਹੀਦਾ ਤਾਂ ਬਾਹਰ ਹੀ ਹੈ, ਰਾਤ ਨੂੰ ਘਰ ਰੋਟੀ ਖਾਣ ਤੇ ਸੌਣ ਹੀ ਆਈਦਾ ਹੈ। ਮੇਰੀ ਸਲਾਹ ਹੈ ਕਿ ਆਪਾਂ ਮਾਲ ਡੰਗਰ ਬਾਹਰ ਬਹਿਕ ਤੇ ਹੀ ਲੈ ਜਾਈਏ ਤੇ ਓਥੇ ਹੀ ਟਿਕਾਣਾ ਕਰ ਲਈਏ। ਆਸੇ ਪਾਸੇ ਦੇ ਨੇੜਲੇ ਖੇਤਾਂ ਵਿੱਚ ਵੀ ਸਾਰੇ ਲੋਕ ਬਹਿਕਾਂ 'ਤੇ ਆ ਕੇ ਰਹਿਣ ਲੱਗ ਪਏ ਨੇ।"

ਜ਼ਾਹਿਰ ਸੀ ਕਿ ਇਹ ਫ਼ੈਸਲਾ ਸਾਨੂੰ ਦੋਵਾਂ ਜੀਆਂ ਨੂੰ ਵਾਰਾ ਨਹੀਂ ਸੀ ਖਾਂਦਾ। ਬੱਸ ਅੱਡੇ ਤੋਂ ਵੀ ਸਾਡਾ ਖੇਤ ਦੋ ਕੁ ਮੀਲ ਦੀ ਵਿੱਥ 'ਤੇ ਸੀ। ਖੇਤਾਂ ਨੂੰ ਜਾਂਦਾ ਰਾਹ ਵੀ ਕੱਚਾ ਸੀ। ਮੈਂ ਅਤੇ ਮੇਰੀ ਪਤਨੀ ਨੂੰ ਓਥੋਂ ਸਕੂਲ ਜਾਣਾ ਬਹੁਤ ਮੁਸ਼ਕਿਲ ਸੀ। ਇਹਨਾਂ ਦਿਨਾਂ ਵਿੱਚ ਤਾਂ ਮੇਰੀ ਪਤਨੀ ਨੂੰ ਪਹਿਲਾ ਬਾਲ ਹੋਣ ਵਾਲਾ ਸੀ। ਉਹ ਰੋਜ਼ ਖੇਤਾਂ ਵਿੱਚ ਆਉਣ-ਜਾਣ ਦਾ ਚਾਰ-ਪੰਜ ਮੀਲ ਪੈਂਡਾ ਕਿਵੇਂ ਤੁਰ ਸਕਦੀ ਸੀ! ਇਹ ਨਹੀਂ ਕਿ ਬੀਬੀ ਨੂੰ ਇਹਨਾਂ ਗੱਲਾਂ ਦਾ ਅਹਿਸਾਸ ਨਾ ਹੋਵੇ ਪਰ ਉਹ ਤਾਂ ਫ਼ੈਸਲਾ ਕਰੀ ਬੈਠੇ ਸਨ। ਮੈਂ ਉਹਨਾਂ ਦੀ ਬਾਹਰ ਰਿਹਾਇਸ਼ ਲੈ ਜਾਣ ਦੀ ਮਰਜ਼ੀ ਸੁੰਘ ਲਈ ਸੀ। ਉਹਨਾਂ ਦੇ ਇਸ ਫ਼ੈਸਲੇ ਨਾਲ ਸਹਿਮਤ ਹੋਣ ਤੋਂ, ਮੈਂ ਆਪਣੀ ਮਜਬੂਰੀ ਦੱਸ ਕੇ, ਅਸਮਰਥਾ ਪ੍ਰਗਟਾਈ। ਮੈਨੂੰ ਇਹ ਵੀ ਅਹਿਸਾਸ ਹੋ ਗਿਆ ਕਿ ਉਹਨਾਂ ਨੂੰ ਆਪਣੀ ਮਰਜ਼ੀ ਦਾ ਫ਼ੈਸਲਾ ਮੰਨਵਾਉਣ ਲਈ ਮੈਂ ਹੁਣ ਸਮਰੱਥ ਨਹੀਂ ਰਹਿ ਗਿਆ।

ਜੇ ਉਹ ਸਾਨੂੰ, ਖ਼ਾਸ ਤੌਰ 'ਤੇ ਮੇਰੀ ਪਤਨੀ ਨੂੰ ਇਸ ਹਾਲਤ ਵਿੱਚ ਛੱਡ ਕੇ ਜਾਣਾ ਚਾਹੁੰਦੇ ਸਨ ਤਾਂ ਮੈਂ ਉਹਨਾਂ ਨੂੰ ਰੋਕਣ ਵਾਲਾ ਕੌਣ ਸਾਂ! ਸ਼ਾਇਦ ਸਾਡੇ ਤੋਂ ਅਲੱਗ ਹੋਣ ਵਿੱਚ ਹੀ ਉਹਨਾਂ ਨੂੰ ਖ਼ੁਸ਼ੀ 'ਤੇ ਸਕੂਨ ਮਿਲਣ ਦੀ ਆਸ ਹੋਵੇ! ਉਹਨਾਂ ਦੇ ਇਸ ਫ਼ੈਸਲੇ ਪਿਛੇ ਕਿਹੜੇ ਦਬਾਅ ਸਨ, ਮੈਨੂੰ ਤਾਂ ਇਸਦੀ ਵੀ ਪੂਰੀ ਸਮਝ ਨਹੀਂ ਸੀ ਆ ਰਹੀ। ਸੱਚੀ ਗੱਲ ਤਾਂ ਇਹ ਹੈ ਕਿ ਉਹਨਾਂ ਦੇ ਇਸ ਫ਼ੈਸਲੇ ਨਾਲ ਮੇਰੇ ਦਿਲ ਨੂੰ ਡਾਢੀ ਸੱਟ ਵੱਜੀ। ਮੈਂ ਤਾਂ ਤਨ, ਮਨ, ਧਨ ਨਾਲ ਹਰ ਤਰਾਂ ਉਹਨਾਂ ਦੇ ਸੁਖ ਨੂੰ ਸਮਰਪਿਤ ਸਾਂ। ਪਰ ਉਹ ਫਿਰ ਵੀ ਮੇਰੇ ਅਤੇ ਮੇਰੀ ਪਤਨੀ ਤੋਂ ਦੁਖੀ ਹੀ ਹੋਣਗੇ ਜੋ ਇਹ ਫ਼ੈਸਲਾ ਲੈਣ ਲਈ ਮਜਬੂਰ ਹੋਏ ਜਾਂ ਸੱਚ-ਮੁੱਚ ਮੈਨੂੰ ਪਰਿਵਾਰ ਦਾ 'ਆਗੂ' ਨਾ ਮੰਨਣ ਅਤੇ ਆਪਣੇ ਫ਼ੈਸਲਿਆਂ ਦਾ ਆਪ 'ਸਰਦਾਰ' ਹੋਣ ਵਿੱਚ ਹੀ ਉਹਨਾਂ ਨੂੰ ਆਪਣੀ ਭਲਾਈ ਨਜ਼ਰ ਆਉਂਦੀ ਹੋਵੇ! ਕੁੱਝ ਵੀ ਸੀ, ਅਸੀਂ ਦੋਵਾਂ ਧਿਰਾਂ ਨੇ ਉੱਤੋਂ ਉੱਤੋਂ ਸਹਿਜ ਰਹਿਣ ਦਾ ਯਤਨ ਹੀ ਕੀਤਾ ਅਤੇ ਇਸ ਨੂੰ ਸਮੇਂ ਅਤੇ ਹਾਲਾਤ ਦੀ ਲੋੜ ਮੁਤਾਬਕ ਲਿਆ ਠੀਕ ਨਿਰਣਾ ਬਣਾ ਕੇ ਹੀ ਪੇਸ਼ ਕੀਤਾ। ਮੇਰੀਆਂ ਭੈਣਾਂ ਨੇ ਵੀ ਇਸ ਫ਼ੈਸਲੇ ਨੂੰ ਰੱਦ ਕਰਵਾਉਣ ਦੀ ਕੋਈ ਕੋਸ਼ਿਸ਼ ਨਾ ਕੀਤੀ। ਸ਼ਾਇਦ ਉਹਨਾਂ ਦੀ ਵੀ ਇਹੋ ਮਰਜ਼ੀ ਸੀ ਜਾਂ ਸਾਰਾ ਕੁੱਝ ਹੋਇਆ ਹੀ ਉਹਨਾਂ ਦੀ ਮਰਜ਼ੀ ਨਾਲ ਸੀ।

ਉਹਨਾਂ ਨੇ ਕੁੱਝ ਦਿਨਾਂ ਬਾਅਦ ਹੀ ਲੋੜੀਂਦਾ ਸਮਾਨ, ਭਾਂਡੇ-ਟੀਂਡੇ, ਮੰਜੇ-ਬਿਸਤਰੇ, ਸੰਦੂਕ, ਪੇਟੀ ਤੇ ਹੋਰ ਸਾਰਾ ਕੁੱਝ ਖੇਤਾਂ ਵਿੱਚ ਢੋ ਲਿਆ। ਅਸੀਂ ਉਹਨਾਂ ਨੂੰ ਘਰੋਂ ਕੋਈ ਵੀ ਚੀਜ਼ ਚੁੱਕਣੋਂ ਨਾ ਰੋਕਿਆ। ਹੋਰ ਤਾਂ ਹੋਰ ਉਹ ਇੱਕ ਆਲੇ ਦੀਆਂ ਤਾਕੀਆਂ ਲਾਹ ਕੇ ਤੇ ਮਿੱਟੀ ਦਾ ਚਾਵਾਂ-ਚੁੱਲਾ ਵੀ ਚੁੱਕ ਕੇ ਲੈ ਗਏ। ਪੂਰੇ ਦਿਨਾਂ 'ਤੇ ਹੋਣ ਕਰਕੇ ਰਜਵੰਤ ਨੂੰ ਉਹਨਾਂ ਦਿਨਾਂ ਵਿੱਚ ਬੀਬੀ ਦੀ ਬੜੀ ਲੋੜ ਸੀ। ਹਾਰ ਕੇ ਮੈਂ ਉਸਨੂੰ ਉਹਦੇ ਪੇਕੇ ਪਿੰਡ ਝਬਾਲ ਭੇਜ ਦਿੱਤਾ। ਜਿੱਥੇ ਹਸਪਤਾਲ ਦੀਆਂ ਨਰਸਾਂ ਦੀ ਅਣਗਹਿਲੀ ਕਰਕੇ ਸਾਡਾ ਬੱਚਾ ਪੈਦਾ ਹੁੰਦਿਆਂ ਹੀ ਸਵਾਸ ਤਿਆਗ ਗਿਆ, ਜਿਸਦੇ ਤੁਰ ਜਾਣ ਦੀ ਟੀਸ ਅੱਜ ਵੀ ਸਾਡੇ ਅੰਦਰ ਰੜਕਦੀ ਹੈ।

ਪਰ ਬੀਬੀ ਨੂੰ ਤਾਂ 'ਛੋਟੇ ਪੁੱਤਰ' ਨੂੰ ਸਾਂਭਣ ਦਾ ਫ਼ਿਕਰ ਸੀ! ਬੀਬੀ ਨੂੰ ਵੱਡੇ ਪੁੱਤ ਦਾ ਏਨਾ ਕੁ ਫ਼ਿਕਰ ਜ਼ਰੂਰ ਸੀ ਕਿ ਉਹ ਸਾਡੇ ਲਈ ਬਾਹਰੋਂ ਵਰਤਣ ਜੋਗਾ ਦੁੱਧ ਲੈ ਕੇ ਰੋਜ਼ ਇੱਕ ਗੇੜਾ ਹੁਣ ਪਿੰਡ ਦਾ ਮਾਰਨ ਲੱਗੀ ਸੀ। ਨਿਰਾਸ਼ ਹੋ ਕੇ ਮੈਂ ਵਾਹੀ ਨਾਲੋਂ ਨਾਤਾ ਹੀ ਤੋੜ ਲਿਆ ਅਤੇ ਸਾਰੀ ਜ਼ਮੀਨ ਭਰਾ ਦੇ ਵਾਹੁਣ-ਕਮਾਉਣ ਲਈ ਛੱਡ ਦਿੱਤੀ। ਸਾਰੇ ਮਾਲ-ਡੰਗਰ ਵਿਚੋਂ ਇੱਕ ਤੋਕੜ ਮੱਝ ਹੀ ਮੇਰੇ ਹਿੱਸੇ ਵਿੱਚ ਰੱਖੀ ਗਈ, ਜਿਸਦਾ ਦੁੱਧ ਬੀਬੀ ਲੈ ਕੇ ਆਉਂਦੀ ਸੀ। ਬਾਕੀ ਸਾਰਾ ਮਾਲ-ਡੰਗਰ ਜਿਸ ਵਿੱਚ ਦੋ ਬਲਦ, ਇੱਕ ਡਾਚੀ, ਦੋ ਮੱਝਾਂ ਅਤੇ ਝੋਟੀਆਂ ਵਗੈਰਾ ਸਨ ਉਹਨਾਂ ਨੇ ਆਪੇ ਹੀ ਆਪਣੇ ਪੇਟੇ ਪਾ ਲਏ। ਉਹਨਾਂ ਸੋਚਿਆ ਹੋਵੇਗਾ, ਮੈਨੂੰ ਇਹਨਾਂ ਵਿਚੋਂ ਕਾਹਦਾ ਬਣਦਾ ਹਿੱਸਾ ਦੇਣਾ ਹੈ! ਨਾਲੇ ਅਸਾਂ ਨੌਕਰੀ ਕਰਨ ਵਾਲਿਆਂ ਨੇ ਡੰਗਰਾਂ ਦਾ ਕਰਨਾ ਵੀ ਕੀ ਹੈ!

ਇਹ ਮੇਰੀ ਜ਼ਿੰਦਗੀ ਵਿੱਚ ਬੜੇ ਉਦਾਸੀ ਦੇ ਦਿਨ ਸਨ। ਮੈਂ ਨਹੀਂ ਸੀ ਚਾਹਿਆ ਅਤੇ ਸੋਚਿਆ ਕਿ ਮੇਰਾ ਛੋਟਾ ਜਿਹਾ ਪਰਿਵਾਰ ਵੀ ਅੱਡੋ-ਪਾਟੀ ਹੋ ਜਾਵੇਗਾ! ਅਸੀਂ ਉੱਤੋਂ ਕਿਸੇ ਨੂੰ ਕੁੱਝ ਨਹੀਂ ਸੀ ਕਿਹਾ ਪਰ ਅੰਦਰੋਂ ਮਨ ਦੂਰ ਹੋਣੇ ਸ਼ੁਰੂ ਹੋ ਗਏ। ਰਿਸ਼ਤਿਆਂ ਦੀ ਇਸ ਗੰਧਲ-ਚੌਦੇਂ ਵਿੱਚ ਇੱਕ ਸਫ਼ੈਦ ਦੁੱਧ-ਧੋਤਾ ਰਿਸ਼ਤਾ ਇਹਨਾਂ ਦਿਨਾਂ ਵਿੱਚ ਦ੍ਰਿਸ਼ਟੀਗੋਚਰ ਹੋਇਆ। ਅਸੀਂ 'ਵਿੱਕੀ' ਨਾਂ ਦਾ ਕੁੱਤਾ ਪਾਲਿਆ ਹੋਇਆ ਸੀ। ਜਦੋਂ ਸਾਡਾ ਟੱਬਰ ਸਾਰਾ ਮਾਲ ਡੰਗਰ ਲੈ ਕੇ ਪਹਿਲੇ ਦਿਨ ਬਾਹਰ ਨੂੰ ਤੁਰਿਆ ਤਾਂ ਉਹ ਵੀ ਉਹਨਾਂ ਦੇ ਨਾਲ ਹੀ ਖੇਤਾਂ ਨੂੰ ਤੁਰ ਪਿਆ। ਰਾਤ ਨੂੰ ਅਸੀਂ ਦੋਵੇਂ ਜੀਅ ਸਦਾ ਹੱਸਦੇ-ਵੱਸਦੇ, ਚਾਅ ਨਾਲ ਭਰੇ-ਭਰੇ ਰਹਿਣ ਵਾਲੇ ਘਰ ਵਿੱਚ ਉਦਾਸ ਹਾਸਾ ਹੱਸਦੇ ਹੋਏ ਇੱਕ ਦੂਜੇ ਨੂੰ ਕਹਿ ਰਹੇ ਸਾਂ, 'ਮੁਸ਼ਕਿਲ ਵੇਲੇ ਵਿੱਕੀ ਵੀ ਸਾਡਾ ਸਾਥ ਛੱਡ ਗਿਐ! ਗੱਦਾਰ ਕਿਸੇ ਥਾਂ ਦਾ!'

ਅਸੀਂ ਦਿਨੇ ਉੱਠ ਕੇ ਕੀ ਵੇਖਦੇ ਹਾਂ ਵਿੱਕੀ ਸਾਡੇ ਸਿਰਹਾਣੇ ਆਪਣਾ ਮੂੰਹ ਪੈਰਾਂ ਵਿੱਚ ਦਿੱਤੀ ਲੇਟਿਆ ਹੋਇਆ ਸੀ। ਸਾਨੂੰ ਉਸ ਉੱਤੇ ਬੜਾ ਲਾਡ ਆਇਆ, ਪਰ ਅਸੀਂ ਸੋਚਿਆ ਇਹ ਅੱਗੋਂ ਰੋਜ਼ ਘਰ ਰਹਿਣ ਦਾ ਗਿੱਝਾ ਹੋਇਆ ਘਰ ਆ ਗਿਆ ਹੈ। ਇਸ ਵਿੱਚ ਉਸਦਾ ਸਾਡੇ ਨਾਲ ਮੋਹ-ਮੁਹੱਬਤ ਦਾ ਸ਼ਾਇਦ ਕੋਈ ਬਹੁਤਾ ਦਖ਼ਲ ਨਹੀਂ।

ਅਸਲ ਵਿੱਚ 'ਵਿੱਕੀ' ਵੀ ਘਰ ਵਿੱਚ ਆਈ ਤਬਦੀਲੀ ਨੂੰ ਸੁੰਘ ਕੇ ਪਰੇਸ਼ਾਨ ਸੀ। ਮੈਂ ਸਾਈਕਲ ਫੜ ਕੇ ਸਕੂਲ ਜਾਣ ਲੱਗਾ ਤਾਂ ਉਹ ਵੀ ਮੇਰੇ ਪਿੱਛੇ ਪਿੱਛੇ ਤੁਰ ਪਿਆ। ਬੱਸ ਅੱਡੇ ਤੋਂ ਮੈਂ ਤਾਂ ਸੜਕੇ-ਸੜਕ ਪੈ ਕੇ ਆਪਣੇ ਸਕੂਲ ਵਾਲੇ ਰਾਹੇ ਪੈ ਗਿਆ। ਸੋਚਿਆ ਕਿ ਵਿੱਕੀ ਮੇਰੇ ਮਗਰ ਹੀ ਆ ਰਿਹਾ ਹੋਵੇਗਾ। ਪਿੱਛੇ ਭੌਂ ਕੇ ਵੇਖਿਆ; ਵਿੱਕੀ ਮੇਰੇ ਪਿੱਛੇ ਮੁੜਨ ਦੀ ਥਾਂ ਸਿੱਧਾ ਓਸ ਰਾਹੇ ਪੈ ਗਿਆ ਜਿਹੜਾ ਸਾਡੇ ਖੇਤਾਂ ਨੂੰ ਜਾਂਦਾ ਸੀ। ਸਾਰੀ ਦਿਹਾੜੀ ਉਹ ਖੇਤਾਂ ਵਿੱਚ ਰਿਹਾ ਤੇ ਰਾਤ ਸਮੇਂ ਫਿਰ ਪਿੰਡ ਪਹੁੰਚ ਗਿਆ। ਬਾਹਰ ਤਾਂ ਸਗੋਂ ਰਾਤ ਨੂੰ ਰਾਖੀ ਵਾਸਤੇ ਉਹਨਾਂ ਨੂੰ ਉਹਦੀ ਲੋੜ ਸੀ। ਉਹਨਾਂ ਨੇ ਉਸਨੂੰ ਵਧੇਰੇ ਪਿਆਰਨਾ ਪੁਚਕਾਰਨਾ ਸ਼ੁਰੂ ਕੀਤਾ ਅਤੇ ਉਸਦੀ 'ਸੇਵਾ' ਕਰਕੇ ਰਾਤ ਨੂੰ ਆਪਣੇ ਕੋਲ ਰਹਿਣ ਲਈ ਗਿਝਾਉਣਾ ਚਾਹਿਆ। ਪਰ ਵਿੱਕੀ ਉਹਨਾਂ ਦੇ ਲਾਲਚ ਵਿੱਚ ਕਦੀ ਨਾ ਫਸਿਆ। ਉਹ ਜਿੰਨਾਂ ਚਿਰ ਵੀ ਜਿਊਂਦਾ ਰਿਹਾ; ਦਿਨੇ ਖੇਤਾਂ ਵਿੱਚ ਅਤੇ ਰਾਤ ਨੂੰ ਸਾਡੇ ਕੋਲ ਹਾਜ਼ਰੀ ਭਰਦਾ ਰਿਹਾ। ਉਸਨੇ ਦੋਵਾਂ ਧਿਰਾਂ ਪ੍ਰਤੀ ਆਪਣੀ ਵਫ਼ਾਦਾਰੀ ਅਤੇ ਮੋਹ-ਪਿਆਰ ਕਾਇਮ ਰੱਖਿਆ; ਜਦ ਕਿ ਸਾਡੇ ਵਿੱਚ ਉਸਤਰਾਂ ਦੀ ਵਫ਼ਾਦਾਰੀ ਅਤੇ ਮੋਹ-ਪਿਆਰ ਦਾ ਗਰਾਫ਼ ਸ਼ਾਇਦ ਪਹਿਲਾਂ ਵਾਲਾ ਨਹੀਂ ਸੀ ਰਹਿ ਗਿਆ।

ਇਹਨਾਂ ਦਿਨਾਂ ਵਿੱਚ ਬਾਪੂ ਹਕੀਕਤ ਸਿੰਘ ਹੀ ਸਾਡੇ ਕੰਮ ਆਇਆ। ਸਾਡੇ ਸਕੂਲ ਜਾਣ ਤੋਂ ਪਿੱਛੋਂ ਉਹ ਘਰ ਦੀ ਰਾਖੀ ਰੱਖਦਾ, ਆਇਆਂ-ਗਿਆਂ ਨੂੰ ਮਿਲਦਾ ਤੇ ਬਾਹਰ ਦੁਕਾਨਾਂ ਵਾਲਿਆਂ ਨਾਲ ਹਾਸਾ-ਠੱਠਾ ਕਰਦਾ ਰਹਿੰਦਾ। ਭੈਣ ਗੁਰਮੀਤੋ ਦਾ ਕਪਰੀਆਂ ਅੱਖਾਂ ਵਾਲਾ ਸਹੁਰਾ ਜਦੋਂ ਸਾਡੇ ਕੋਲ ਆਉਂਦਾ ਤਾਂ ਮੈਨੂੰ ਇਸ਼ਾਰਾ ਕਰਦਾ, 'ਬਾਪੂ ਦੇ ਜਿਊਂਦੇ ਜੀਅ ਇਹਦੀ ਜ਼ਮੀਨ ਦਾ ਕੁੱਝ ਕਰ-ਕਰਾ ਲਓ, ਪਿੱਛੋਂ ਇਹਦੇ ਭਤੀਆਂ ਨੇ ਕਾਬਜ਼ ਹੋ ਜਾਣੈ।'

ਮੈਂ ਹੱਸ ਛੱਡਦਾ, "ਜ਼ਮੀਨ ਬਾਪੂ ਦੀ ਹੈ। ਆਪਣੀ ਜ਼ਮੀਨ ਦਾ ਜੋ ਕਰਨਾ-ਕਰਾਉਣਾ ਹੋਊ, ਬਾਪੂ ਆਪੇ ਕਰੂ। ਅਸੀਂ ਕੌਣ ਹੁੰਦੇ ਹਾਂ ਉਹਦੀ ਜ਼ਮੀਨ ਦਾ ਕੁੱਝ ਕਰਨ ਕਰਾਉਣ ਵਾਲੇ!"

"ਏਦਾਂ ਤਾਂ ਬਾਪੂ ਸਾਰੀ ਜ਼ਮੀਨ ਵੇਚ ਕੇ ਖਾ ਜਾਊ। ਤੁਹਾਡੇ ਪੱਲੇ ਕੀ ਰਹਿ ਜਾਊ।" ਉਹ ਮੇਰਾ ਮਨ ਟੋਂਹਦਾ। ਉਸਨੂੰ ਬਾਪੂ ਦੀ ਇਸ ਵਾਰ ਜ਼ਮੀਨ ਵੇਚਣੀ ਇਸ ਕਰਕੇ ਵੀ ਚੁਭਦੀ ਸੀ ਕਿਉਂਕਿ ਐਤਕੀਂ ਜ਼ਮੀਨ ਵੇਚ ਕੇ ਉਸਨੇ ਗੁਰਮੀਤੋ ਦੀ ਥਾਂ ਸੁਰਜੀਤੋ ਨੂੰ ਪੱਕੇ ਕੋਠੇ ਪਾ ਕੇ ਦਿੱਤੇ ਸਨ ਅਤੇ ਉਸੇ ਨੂੰ ਜ਼ਮੀਨ ਗਹਿਣੇ ਲੈ ਕੇ ਦਿੱਤੀ ਸੀ। ਗੁਰਮੀਤੋ ਦੇ ਸਹੁਰੇ ਨੂੰ ਇਹ ਚੇਤਾ ਭੁੱਲ ਗਿਆ ਸੀ ਕਿ ਪਹਿਲਾਂ ਬਾਪੂ ਨੇ ਉਹਨਾਂ ਵਾਸਤੇ ਵੀ ਜ਼ਮੀਨ ਵੇਚੀ ਸੀ!

ਕਦੀ ਕਦੀ ਇਹ ਅਹਿਸਾਸ ਜ਼ਰੂਰ ਹੁੰਦਾ ਸੀ ਕਿ ਬਾਪੂ ਨੇ ਸਸਤੇ ਭਾਅ ਜ਼ਮੀਨ ਵੇਚਣ ਤੇ ਲੱਕ ਬੰਨ ਲਿਆ ਸੀ ਤੇ ਕੁੜੀਆਂ ਦੇ ਸਹੁਰਿਆਂ ਵਿੱਚ ਆਪਣੀ ਸ਼ਾਨ ਬਨਾਉਣ ਦੇ ਭਰਮ ਤਹਿਤ ਉਹ ਗ਼ਲਤ ਪਾਸੇ ਜਾ ਰਿਹਾ ਸੀ; ਪਰ ਅਸੀਂ ਉਸਨੂੰ ਰੋਕਣ ਵਾਲੇ ਕੌਣ ਸਾਂ? ਜ਼ਮੀਨ ਵੇਚਣ ਦਾ ਸਿਲਸਿਲਾ ਤਾਂ ਉਸਨੇ ਮੇਰੇ ਪਿਤਾ ਦੇ ਜਿਊਂਦੇ-ਜੀਅ ਹੀ ਸ਼ੁਰੂ ਕਰ ਲਿਆ ਸੀ। ਜੇ ਮੇਰੇ ਪਿਤਾ ਨੇ ਉਸਨੂੰ ਨਹੀਂ ਸੀ ਰੋਕਿਆ ਜਾਂ ਉਸਦੀ ਜ਼ਮੀਨ ਦਾ ਕੋਈ 'ਬੰਨ-ਸ਼ੁਭ' ਕਰਨ ਦਾ ਨਹੀਂ ਸੀ ਸੋਚਿਆ ਤਾਂ ਮੈਂ ਕਿਉਂ ਤਰਲੋ-ਮੱਛੀ ਹੁੰਦਾ ਫਿਰਾਂ!

ਅਗਲੇ ਸਾਲ ਐਮਰਜੈਂਸੀ ਲੱਗ ਗਈ। ਅਕਤੂਬਰ 1975 ਵਿੱਚ ਪਹਿਲਾਂ ਮੈਨੂੰ ਦਫ਼ਾ 107/151 ਤਹਿਤ ਗ੍ਰਿਫ਼ਤਾਰ ਕਰ ਲਿਆ ਤੇ ਤਿੰਨ ਕੁ ਹਫ਼ਤਿਆਂ ਬਾਅਦ ਮੇਰੀ ਜ਼ਮਾਨਤ ਹੋ ਜਾਣ ਉਪਰੰਤ ਮੈਨੂੰ ਪੱਟੀ ਕਚਹਿਰੀਆਂ ਵਿੱਚ ਇਸੇ ਕੇਸ ਦੀ ਤਰੀਕ ਭੁਗਤਣ ਗਏ ਨੂੰ ਦੋਬਾਰਾ ਗ੍ਰਿਫ਼ਤਾਰ ਕਰਕੇ 'ਡੀ ਆਈ ਆਰ' ਲਾ ਕੇ ਹਫ਼ਤੇ ਕੁ ਲਈ ਇੰਟੈਰੋਗੇਸ਼ਨ ਸੈਂਟਰ ਦੇ 'ਦਰਸ਼ਨ' ਕਰਾਉਣ ਤੋਂ ਬਾਅਦ ਅੰਮ੍ਰਿਤਸਰ ਜੇਲ ਵਿੱਚ ਭੇਜ ਦਿੱਤਾ ਜਿੱਥੇ ਕੁੱਝ ਹਫ਼ਤਿਆਂ ਬਾਅਦ, ਕੇਸ ਬਨਾਉਣ ਵਿੱਚ ਰਹਿ ਗਈਆਂ ਕਾਨੂੰਨੀ ਗ਼ਲਤੀਆਂ ਕਾਰਨ, ਪੁਲਿਸ ਨੂੰ ਕੇਸ ਵਾਪਸ ਲੈਣਾ ਪਿਆ ਅਤੇ ਮਜਬੂਰਨ ਮੈਨੂੰ ਰਿਹਾ ਕਰਨਾ ਪਿਆ।

ਜੇਲ ਵਿਚੋਂ ਰਿਹਾ ਹੋ ਕੇ ਮੈਂ ਪਤਨੀ ਨਾਲ ਸਲਾਹ ਕੀਤੀ ਕਿ ਪੁਲਿਸ ਨੇ ਮੈਨੂੰ ਫਿਰ ਤੋਂ ਗ੍ਰਿਫ਼ਤਾਰ ਕਰ ਲੈਣਾ ਹੈ। ਜੇਲ ਵਿੱਚ ਸੜਨ ਨਾਲੋਂ ਅਸੀਂ ਇਹ ਤਰਕੀਬ ਬਣਾਈ ਕਿ ਮੈਂ ਬਿਨਾਂ ਕਿਸੇ ਨੂੰ ਦੱਸਿਆਂ, ਚੁੱਪ ਕਰਕੇ ਚੰਡੀਗੜ ਐਮ ਫ਼ਿਲ ਵਿੱਚ ਦਾਖ਼ਲਾ ਲੈ ਲਵਾਂ ਅਤੇ ਰਜਵੰਤ ਬੱਚੀ ਨੂੰ ਲੈ ਕੇ ਆਪਣੇ ਪੇਕਿਆਂ ਦੇ ਘਰ ਰਹਿਣ ਲੱਗ ਪਵੇ। ਜਦੋਂ ਅਸੀਂ ਬਾਪੂ ਨੂੰ ਇਹ ਫ਼ੈਸਲਾ ਸੁਣਾਇਆ ਤਾਂ ਉਸਦਾ ਦਿਲ ਟੁੱਟ ਗਿਆ। ਹੁਣ ਹੀ ਤਾਂ ਉਸਦਾ ਘਰ ਵਿੱਚ ਟਿਕ ਕੇ ਰਹਿਣ ਨੂੰ ਦਿਲ ਕਰਨ ਲੱਗਾ ਸੀ। ਹਰੇਕ ਗੱਲ ਨੂੰ ਹਾਸੇ ਨਾਲ ਫੂਕ ਮਾਰ ਕੇ ਉਡਾ ਦੇਣ ਵਾਲੇ ਬਾਪੂ ਨੇ ਲੰਮਾਂ ਹਉਕਾ ਲੈ ਕੇ ਆਖਿਆ, "ਸਰਦਾਰਾ! ਇਹ ਚੰਗੀ ਨਹੀਂ ਕਰਨ ਲੱਗਾ ਤੂੰ! ਕਮਲਿਆ! ਵੱਸਦੇ ਘਰਾਂ ਨੂੰ ਵੀ ਕੋਈ ਇੰਜ ਜਿੰਦਰੇ ਮਾਰਦੈ?" ਏਨੀ ਆਖਦਿਆਂ ਉਹਦੀਆਂ ਅੱਖਾਂ ਵਿੱਚ ਤੈਰ ਆਇਆ ਪਾਣੀ ਗਲੇਡੂ ਬਣ ਕੇ ਉਹਦੀਆਂ ਮੁੱਛਾਂ ਵਿੱਚ ਡੁੱਲਣ ਲੱਗਾ। ਉਸਨੇ ਰਜਵੰਤ ਕੋਲ ਵੀ ਤਰਲਾ ਲਿਆ, "ਬੀਬੀ, ਘੱਟੋ ਘੱਟ ਤੂੰ ਤਾਂ ਨਾ ਜਾਹ। ਮੈਂ ਜੂ ਤੇਰੇ ਕੋਲ ਹੈਗਾਂ।"

ਮੇਰੇ ਚੰਡੀਗੜ ਅਤੇ ਰਜਵੰਤ ਦੇ ਝਬਾਲ ਤੁਰ ਜਾਣ ਬਾਅਦ ਬਾਪੂ ਫਿਰ ਤੋਂ 'ਚੱਲਦਾ ਵਹੀਰ' ਹੋ ਗਿਆ। ਕਦੀ ਖੇਤਾਂ ਵਿਚ, ਕਦੀ ਵੱਡੀ ਕੁੜੀ ਕੋਲ ਪੰਜਵੜ ਤੇ ਕਦੀ ਛੋਟੀ ਕੋਲ ਕੈਰੋਂਵਾਲ। ਮੈਂ ਹਫ਼ਤੇ, ਦੋ ਹਫ਼ਤੇ ਬਾਅਦ ਰਜਵੰਤ ਕੋਲ ਝਬਾਲ ਆਉਂਦਾ ਰਹਿੰਦਾ। ਇੱਕ ਹਫ਼ਤੇ ਮੈਂ ਆਇਆ ਨਾ। ਸੋਮਵਾਰ ਨੂੰ ਮੈਨੂੰ ਰਜਵੰਤ ਦੀ ਚਿੱਠੀ ਮਿਲੀ। ਉਸ ਲਿਖਿਆ ਸੀ, "ਬਾਪੂ ਜੀ ਛੋਟੀ ਭੈਣ ਗੁਰਮੀਤੋ ਕੋਲ ਨੇ ਅਤੇ ਜ਼ਿਆਦਾ ਢਿੱਲੇ ਨੇ। ਤੁਸੀਂ ਚਿੱਠੀ ਪੜਦਿਆਂ ਹੀ ਪਹੁੰਚੋ।"

ਰਜਵੰਤ ਅੱਜ ਵੀ ਉਸ ਸਮੇਂ ਨੂੰ ਯਾਦ ਕਰਦਿਆਂ ਕਹਿੰਦੀ ਹੈ, "ਮੈਨੂੰ ਪੱਕਾ ਯਾਦ ਹੈ, ਉਸ ਦਿਨ ਸ਼ੁਕਰਵਾਰ ਸੀ। ਮੈਂ ਆਪਣੀਆਂ ਕੁਲੀਗਜ਼ ਨਾਲ ਤਰਨਤਾਰਨ ਬਲਾਕ ਸਿੱਖਿਆ ਦਫ਼ਤਰ ਵਿਚੋਂ ਆਪਣੀ ਤਨਖ਼ਾਹ ਲੈਣ ਜਾ ਰਹੀ ਸਾਂ। ਮੀਤੋ ਕੈਰੋਂਵਾਲ ਤੋਂ ਬੱਸ ਵਿੱਚ ਚੜੀ। ਮੈਂ ਵੇਖ ਕੇ ਕੋਲ ਬੁਲਾ ਲਿਆ। ਕਹਿੰਦੀ, "ਬਾਪੂ ਬਿਮਾਰ ਹੈ, ਤਰਨਤਾਰਨੋਂ ਉਹਦੀ ਦਵਾਈ ਲੈਣ ਚੱਲੀ ਹਾਂ।" ਤਨਖ਼ਾਹ ਲੈਣ ਤੋਂ ਬਾਅਦ ਵਾਪਸ ਝਬਾਲ ਨੂੰ ਆਉਂਦਿਆਂ ਮੈਂ ਵੇਖਿਆ ਦਿਨ ਬਹੁਤ ਥੋੜਾ ਰਹਿ ਗਿਆ ਸੀ। ਜੇ ਕੈਰੋਂਵਾਲ ਉੱਤਰ ਕੇ ਬਾਪੂ ਜੀ ਦਾ ਪਤਾ ਕਰਨ ਜਾਂਦੀ ਤਾਂ ਹਨੇਰਾ ਹੋ ਜਾਣਾ ਸੀ। ਸੋਚਿਆ; ਫਿਰ ਕਿਸੇ ਦਿਨ ਆ ਕੇ ਖ਼ਬਰ ਲੈ ਜਾਵਾਂਗੀ। ਫਿਰ ਮਨ ਵਿੱਚ ਖ਼ਿਆਲ ਆਇਆ, "ਹੈ! ਹਾਇ! ਜੇ ਮੇਰਾ ਸਕਾ ਪਿਓ ਜਾਂ ਬਾਬਾ ਬੀਮਾਰ ਹੁੰਦਾ ਤਾਂ ਕੀ ਮੈਂ ਫਿਰ ਵੀ ਇੰਜ ਹੀ ਚੁੱਪ ਕਰਕੇ ਕੋਲ ਦੀ ਲੰਘ ਜਾਂਦੀ।" ਇਹ ਖ਼ਿਆਲ ਆਉਂਦਿਆਂ ਹੀ ਮੈਂ ਕੈਰੋਂਵਾਲ ਬੱਸ ਤੋਂ ਉੱਤਰ ਪਈ। ਮੀਤੋ ਅਜੇ ਤਰਨਤਾਰਨੋਂ ਮੁੜੀ ਨਹੀਂ ਸੀ। ਫਰਵਰੀ-ਮਾਰਚ ਦੇ ਦਿਨ ਹੋਣ ਕਰਕੇ ਬਾਪੂ ਦਾ ਮੰਜਾ ਬਾਹਰ ਸੂਰਜ ਦੀ ਢਲਦੀ ਜਾਂਦੀ ਧੁੱਪ ਵਿੱਚ ਡੱਠਾ ਹੋਇਆ ਸੀ। ਮੈਨੂੰ ਵੇਖ ਕੇ ਬਾਪੂ ਜੀ ਦੀਆਂ ਅੱਖਾਂ ਵਿੱਚ ਚਮਕ ਆ ਗਈ। ਮੈਂ ਕੁੱਝ ਰੁਪਏ ਉਹਨਾਂ ਦੀ ਮੁੱਠ ਵਿੱਚ ਦਿੱਤੇ ਤਾਂ ਉਹਨਾਂ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ। ਮੈਂ ਹੌਂਸਲਾ ਦਿੱਤਾ, "ਬਾਪੂ ਜੀ ਦਿਲ ਕਿਉਂ ਹੌਲਾ ਕਰਦੇ ਓ। ਮੈਂ ਅੱਜ ਹੀ ਜਾ ਕੇ ਤੁਹਾਡੇ ਪੁੱਤ ਨੂੰ ਚਿੱਠੀ ਲਿਖਦੀ ਆਂ। ਅਸੀਂ ਤੁਹਾਨੂੰ ਆਪਣੇ ਕੋਲ ਲਿਜਾ ਕੇ, ਵਧੀਆ ਇਲਾਜ ਕਰਵਾ ਕੇ ਛੱਟ ਰਾਜ਼ੀ ਕਰ ਲੈਣਾ ਏਂ।"

ਕੋਲ ਆਣ ਬੈਠੀ ਮੀਤੋ ਦੀ ਸੱਸ ਨੇ ਬਾਪੂ ਦੀ ਮੁੱਠ ਵਿੱਚ ਦਿੱਤੇ ਰੁਪਏ ਆਪਣੀ ਜੇਬ ਵਿੱਚ ਪਾਉਂਦਿਆਂ ਕਿਹਾ, "ਏਥੇ ਕਿਹੜਾ ਬਾਪੂ ਜੀ ਓਪਰੀ ਥਾਂ ਨੇ। ਆਪਣੀ ਧੀ ਦੇ ਘਰ ਨੇ।" ਉਥੋਂ ਮੁੜਕੇ ਰਾਤ ਨੂੰ ਰਜਵੰਤ ਨੇ ਚਿੱਠੀ ਲਿਖੀ ਤੇ ਸਨਿੱਚਰਵਾਰ ਡਾਕੇ ਪਾ ਦਿੱਤੀ। ਸੋਮਵਾਰ ਨੂੰ ਦੁਪਹਿਰ ਤੱਕ ਮੈਨੂੰ ਚਿੱਠੀ ਮਿਲ ਗਈ ਤੇ ਰਾਤ ਤੱਕ ਮੈਂ ਝਬਾਲ ਅੱਪੜ ਗਿਆ। ਅਗਲੇ ਦਿਨ ਮੈਂ ਬਾਪੂ ਨੂੰ ਮਿਲਣ ਜਾਣ ਤੋਂ ਪਹਿਲਾਂ ਆਪਣੇ ਦੋਸਤ ਜਸਵੰਤ ਕੋਲ ਗਿਆ ਤੇ ਉਸਨੂੰ ਕੈਰੋਂਵਾਲ ਆਪਣੇ ਨਾਲ ਜਾਣ ਲਈ ਆਖਿਆ। ਜਸਵੰਤ ਨੇ ਮੇਰੇ ਤੇ ਮੀਤੋ ਨਾਲ ਸਲਾਹ ਕਰਕੇ ਆਪਣੀ ਭੈਣ ਦਾ ਰਿਸ਼ਤਾ ਸਾਡੇ ਦਾਮਾਦ ਦੇ ਛੋਟੇ ਭਰਾ ਨੂੰ ਕਰ ਦਿੱਤਾ ਸੀ ਤੇ ਉਹ ਹੁਣ ਕੈਰੋਂਵਾਲੀਆ ਦਾ ਸਾਡੇ ਵਰਗਾ ਹੀ ਰਿਸ਼ਤੇਦਾਰ ਸੀ। ਅਸੀਂ ਗਏ ਤਾਂ ਬਾਪੂ ਦੇ ਸਿਰਹਾਣੇ ਗੁਰਮੀਤੋ ਦਾ ਸਹੁਰਾ ਨੰਗੀ ਤਲਵਾਰ ਰੱਖ ਕੇ 'ਪਹਿਰੇ' 'ਤੇ ਬੈਠਾ ਸੀ। ਅਸੀਂ ਬਾਪੂ ਦੀ ਮੰਜੀ ਕੋਲ ਆਪਣੀ ਮੰਜੀ ਖਿੱਚ ਕੇ ਗੈਠ ਗਏ। ਉਸਦਾ ਹਾਲ-ਚਾਲ ਪੁੱਛਿਆ। ਉਹ ਬਹੁਤ ਕਮਜ਼ੋਰ ਹੋ ਗਿਆ ਸੀ। ਬਾਪੂ ਸ਼ਾਇਦ ਪਰਦੇ ਨਾਲ ਕੁੱਝ ਗੱਲ ਕਰਨ ਲਈ ਅਹੁਲਦਾ ਸੀ। ਪਰ ਮੀਤੋ ਦਾ ਸਹੁਰਾ ਸਿਰਹਾਣੇ ਬੈਠਾ ਵੇਖ ਕੇ ਗੱਲ ਕਰਨੋਂ ਝਿਜਕ ਜਾਂਦਾ ਸੀ। ਅਚਨਚੇਤ ਕੋਲ ਆਣ ਖੜੋਤੇ ਕੁੱਤੇ ਨੂੰ ਸ਼ਿਸ਼ਕਾਰਨ ਲਈ ਮੀਤੋ ਦਾ ਸਹੁਰਾ ਇੱਕ ਪਲ ਲਈ ਉੱਠ ਕੇ ਪਾਸੇ ਹੋਇਆ ਤਾਂ ਮੌਕਾ ਤਾੜ ਕੇ ਬਾਪੂ ਨੇ ਮੇਰਾ ਹੱਥ ਘੁੱਟ ਲਿਆ ਤੇ ਕਹਿਣ ਲੱਗਾ, "ਸਰਦਾਰਾ! ਇਹਨਾਂ ਨੇ ਕਾਰਾ ਕਰ ਲਿਆ ਈ। ਰੋਵੇਂਗਾ ਅੱਖਾਂ 'ਚ ਘਸੁੰਨ ਦੇ ਕੇ।"

ਜਿਹੜੀ ਗੱਲ ਦਾ ਮੈਨੂੰ ਖ਼ਦਸ਼ਾ ਸੀ ਤੇ ਜਿਹੜੀ ਮੈਂ ਕਿਸੇ ਨਾਲ ਵੀ ਕਰਨ ਦੀ ਅਜੇ ਹਿੰਮਤ ਨਹੀਂ ਸੀ ਕੀਤੀ, ਉਹ ਸੱਚ ਹੋ ਨਿੱਬੜੀ ਸੀ। ਮੈਂ ਤੇ ਜਸਵੰਤ ਛੇਤੀ ਹੀ ਉੱਠ ਕੇ ਵਾਪਸ ਝਬਾਲ ਆ ਗਏ। ਰਾਹ ਵਿੱਚ ਜਸਵੰਤ ਨੇ ਦੱਸਿਆ ਕਿ ਸ਼ਨਿੱਚਰਵਾਰ ਹੀ ਅਜੇ ਉਹਨਾਂ ਦਾ ਜਵਾਈ ਤੇ ਮੀਤੋ ਦਾ ਦਿਓਰ ਉਹਨਾਂ ਕੋਲੋਂ ਪੰਜ ਹਜ਼ਾਰ ਰੁਪੱਈਆ ਲੈ ਕੇ ਗਿਆ ਹੈ। ਅਖੇ: ਸਾਨੂੰ ਥੋੜੀ ਜਿਹੀ ਜ਼ਮੀਨ ਨੇੜੇ ਲੱਗਦੀ ਹੈ, ਉਹਦਾ ਸੌਦਾ ਮਾਰਨਾ ਹੈ। ਏਨੇ ਕੁ ਪੈਸੇ ਥੁੜਦੇ ਨੇ।

ਮੈਂ ਅਨੁਮਾਨ ਲਾਇਆ ਕਿ ਸ਼ੁਕਰਵਾਰ ਰਜਵੰਤ ਕੋਲੋਂ ਮੇਰਾ ਆਉਣਾ ਅਤੇ ਬਾਪੂ ਨੂੰ ਲੈ ਜਾਣਾ ਸੁਣ ਕੇ ਕੈਰੋਂਵਾਲੀਆਂ ਨੇ ਆਪਣੀ ਗਤੀ-ਵਿਧੀ ਤੇਜ਼ ਕਰ ਦਿੱਤੀ। ਝੂਠੀ ਵਸੀਅਤ ਕਰਾਉਣ ਲਈ ਪੈਸੇ ਦੀ ਪਈ ਤੁਰੰਤ ਲੋੜ ਪੂਰੀ ਕਰਨ ਲਈ ਉਹਨਾਂ ਨੇ ਜਸਵੰਤ ਕੋਲੋਂ ਪੈਸੇ ਫੜ ਲਏ। ਜਸਵੰਤ ਕਹਿ ਰਿਹਾ ਸੀ, "ਮੈਨੂੰ ਕੀ ਪਤਾ ਸੀ ਕਿ ਮੇਰੇ ਦਿੱਤੇ ਪੈਸੇ ਉਹਨਾਂ ਨੇ ਮੇਰੇ ਹੀ ਦੋਸਤ ਦੇ ਖ਼ਿਲਾਫ਼ ਵਰਤ ਲੈਣੇ ਨੇ!"

ਮੈਂ ਓਸੇ ਵੇਲੇ ਬੀਬੀ ਤੇ ਸੁਰਿੰਦਰ ਕੋਲ ਸੁਰ ਸਿੰਘ ਗਿਆ। ਪਤਾ ਲੱਗਾ ਸੁਰਿੰਦਰ ਤਾਂ ਕੈਰੋਂਵਾਲ ਮੀਤੋ ਹੁਰਾਂ ਕੋਲ ਹੀ ਗਿਆ ਹੋਇਆ ਹੈ। ਮੈਂ ਬੀਬੀ ਨਾਲ ਉਹਦੇ ਲਾਡਲੇ 'ਧੀ-ਜਵਾਈ' ਵੱਲੋਂ ਕੀਤੀ ਕਰਤੂਤ ਬਾਰੇ ਰੋਸ ਕੀਤਾ। ਫਿਰ ਮੈਂ ਆਪਣੇ ਨਾਨਕੇ ਮਾਮਿਆਂ ਨੂੰ ਲੈਣ ਚਲਾ ਗਿਆ ਅਤੇ ਜਾਂਦਾ ਹੋਇਆ ਪੰਜਵੜ ਸੁਰਜੀਤੋ ਤੇ ਉਹਦੇ ਪ੍ਰਾਹੁਣੇ ਨੂੰ ਵੀ ਹੋਈ ਘਟਨਾ ਬਾਰੇ ਸੂਚਿਤ ਕਰ ਗਿਆ। ਛੋਟਾ ਮਾਮਾ ਹਰਦੀਪ ਮੇਰੇ ਨਾਲ ਝਬਾਲ ਆਇਆ। ਆਉਂਦਿਆਂ ਨੂੰ ਰਜਵੰਤ ਨੇ ਸੂਚਨਾ ਦਿੱਤੀ ਕਿ ਥੋੜੀ ਦੇਰ ਪਹਿਲਾਂ ਹੀ ਗੁਰਮੀਤੋ, ਬੀਬੀ ਤੇ ਛਿੰਦਾ ਆਏ ਸਨ। ਬੀਬੀ ਤੇ ਸੁਰਿੰਦਰ ਤਾਂ ਚੁੱਪ ਰਹੇ ਪਰ ਮੀਤੋ ਨੇ ਕਿਹਾ ਕਿ ਜੇ ਅਸੀਂ ਚੁੱਪ ਰਹੀਏ ਤਾਂ ਉਹ ਅਤੇ ਛਿੰਦਾ ਦੋਵੇਂ ਦੋ ਕਿੱਲੇ ਜ਼ਮੀਨ ਮੈਨੂੰ ਦੇ ਦੇਣਗੇ ਤੇ ਘਰ ਦਾ ਥਾਂ ਸਾਡੇ ਲਈ ਛੱਡ ਦੇਣਗੇ! ਨਹੀਂ ਤਾਂ ਏਨੇ ਦੀ ਆਸ ਵੀ ਨਾ ਰੱਖੀਏ!

ਰਜਵੰਤ ਨੇ 'ਘਰ ਦਾ ਥਾਂ' ਛੱਡ ਦੇਣ ਦੀ 'ਦਾਨ ਕਰਨ' ਵਾਲੀ ਗੱਲ ਸੁਣ ਕੇ ਰੰਜ ਨਾਲ ਆਖਿਆ, "ਕੀ ਗੱਲ! ਇਹ ਵੀ ਤਾਂ ਓਸੇ ਪਿਓ ਦੇ ਪੁੱਤ ਨੇ! ਇਹਨਾਂ ਦਾ ਹਿੱਸਾ ਕਿਉਂ ਨਹੀਂ?"

ਉਹ ਉੱਠ ਕੇ ਚਲੇ ਗਏ।

ਥੋੜੀ ਦੇਰ ਬਾਅਦ ਸੁਰਜੀਤੋ ਤੇ ਉਹਦਾ ਪ੍ਰਾਹੁਣਾ ਵੀ ਆ ਗਏ। ਗੱਲ ਦੀ ਤਹਿ ਵਿੱਚ ਜਾਣ ਲਈ ਅਸੀਂ ਸਾਰਿਆਂ ਬੀਬੀ ਨੂੰ ਮਿਲਣਾ ਠੀਕ ਸਮਝਿਆ। ਪਤਾ ਲੱਗਾ ਬੀਬੀ ਪਿੰਡ ਨੂੰ ਚਲੀ ਗਈ ਸੀ ਤੇ ਸੁਰਿੰਦਰ ਕੈਰੋਂਵਾਲ ਮੀਤੋ ਦੇ ਨਾਲ ਹੀ। ਬੀਬੀ ਨੂੰ ਪੁੱਛਿਆ ਤਾਂ ਕਹਿੰਦੀ, "ਉਹਨਾਂ ਨੇ ਛਿੰਦੇ ਨੂੰ ਹੱਥਾਂ 'ਤੇ ਪਾ ਕੇ ਆਪਣੇ ਨਾਲ ਗੰਢ ਲਿਐ ਤੇ ਵਸੀਅਤ ਮੀਤੋ ਤੇ ਛਿੰਦੇ ਦੇ ਨਾਂ ਕਰਾ ਲਈ ਹੈ। ਉਹ ਆਂਹਦੇ ਨੇ ਕਿ ਜਦੋਂ ਤੈਨੂੰ ਆਖੀਦਾ ਸੀ, ਜ਼ਮੀਨ ਦਾ ਕੁੱਝ ਕਰ-ਕਰਾ ਲਈਏ ਤਾਂ ਤੂੰ ਅੱਗੋਂ ਆਖਦਾ ਸੈਂ ਕਿ ਮੈਨੂੰ ਜ਼ਮੀਨ ਨਹੀਂ ਚਾਹੀਦੀ!"

ਬਾਕੀ ਸਫ਼ਾ 31 'ਤੇ

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕੜੀ - 6

- ਕਰਮ ਸਿੰਘ ਜ਼ਖ਼ਮੀ

'ਤਾਰਾ ਧੀਏ ਤੈਨੂੰ ਕਿਸੇ ਹੋਰ ਸੁਰੱਖਿਅਤ ਥਾਂ ਪੁਚਾ ਦੇਂਦੇ ਹਾਂ, ਏਥੇ ਤਾਂ ਯੁਧ ਦੇ ਭਾਂਬੜ ਬਲਣ ਵਾਲੇ ਹਨ ਤੇ ਵਾਹਿਗੁਰੂ ਹੀ ਭਲੀ ਜਾਣਦਾ ਹੈ ਕਿ ਕੀ ਹੋਣ ਵਾਲਾ ਹੈ?'

ਸਰਦਾਰ ਬਾਜ ਸਿੰਘ ਨੇ ਕਿਹਾ।

'ਨਹੀਂ ਪਿਤਾ ਜੀ ਇਹ ਗਲ ਨਹੀਂ ਹੋਵੇਗੀ। ਮੈਂ ਏਥੇ ਹੀ ਰਹਾਂਗੀ ਤੇ ਹੱਥ ਤੇ ਹੱਥ ਧਰ ਕੇ ਵੀ ਨਹੀਂ ਬੈਠਾਂਗੀ—ਇਹਨਾਂ ਨਾਲ ਰਲ ਕੇ ਪੰਥ ਦੀ ਸੇਵਾ ਕਰਾਂਗੀ ਤੇ ਜਾਨ ਦੀ ਉਕੀ ਹੀ ਪ੍ਰਵਾਹ ਨਹੀਂ ਕਰਾਂਗੀ।' ਤਾਰਾ ਦਾ ਇਸ਼ਾਰਾ ਕਰਤਾਰ ਸਿੰਘ ਵਲ ਸੀ। ਏਥੇ ਆ ਕੇ ਅਤੇ ਕਰਤਾਰ ਸਿੰਘ ਨਾਲ ਗਲਾਂ ਬਾਤਾਂ ਕਰਕੇ ਉਸ ਦੇ ਸਾਰੇ ਗਿਲੇ ਜਾਂਦੇ ਰਹੇ ਸਨ। ਦੋਹਾਂ ਨੇ ਵਿਆਹ ਦੇ ਕੌਲ ਇਕਰਾਰ ਤਾਂ ਪਹਿਲਾਂ ਹੀ ਕਰ ਰੱਖੇ ਸਨ। ਕਲ ਦੀ ਗੱਲਬਾਤ ਵਿਚ ਇਹ ਫੈਸਲਾ ਭੀ ਦੋਹਾਂ ਨੇ ਸਰਬ ਸੰਮਤੀ ਨਾਲ ਰੋਕ ਲਿਆ ਸੀ ਕਿ ਇਕੱਠੇ ਹੀ ਜੀਵਾਂਗੇ ਤੇ ਇਕੱਠੇ ਹੀ ਮਰਾਂਗੇ।

'ਧੀਏ, ਤੂੰ ਭਲਾ ਕਰੀ ਕਰੇਂਗੀ। ਸੋਹਲ ਕਲੀ ਜਿਹੀ ਮਾਸੂਮ ਕੁੜੀਏ ਤੇਰੇ ਲਈ ਅਸੀਂ ਕੋਈ ਖਤਰਾ ਨਹੀਂ ਸਹੇੜਨਾ, ਤੈਨੂੰ ਪਟਿਆਲੇ ਪਹੁੰਚਾ ਦੇਂਦੇ ਹਾਂ।' ਸਰਦਾਰ ਬਾਜ ਸਿੰਘ ਨੇ ਰਤਾ ਜ਼ੋਰ ਦੇ ਕੇ ਕਿਹਾ।

'ਨਹੀਂ ਸਰਦਾਰ ਜੀ ਇਸ ਨੂੰ ਇਥੇ ਹੀ ਰਹਿਣ ਦਿਓ, ਸਰਹੰਦ ਦਾ ਚੁਗਿਰਦਾ ਦੁਸ਼ਮਣ ਦੇ ਜਾਸੂਸਾਂ ਨਾਲ ਭਰਿਆ ਹੋਇਆ ਹੈ ਤੇ ਅਸੀਂ ਰਲਕੇ ਉਹਨਾਂ ਨਾਲ ਦੋ ਦੋ ਹੱਥ ਕਰਨੇ ਚਾਹੁੰਦੇ ਹਾਂ।' ਕਰਤਾਰ ਸਿੰਘ ਨੇ ਤਾਰਾ ਦੀ ਸਿਫਾਰਸ਼ ਕਰ ਦਿੱਤੀ। ਸਰਦਾਰ ਬਾਜ ਸਿੰਘ ਹੱਸ ਪਏ, ਉਹਨਾਂ ਕਿਹਾ—'ਚੰਗੀ ਗੱਲ ਹੈ, ਜਦ ਸੇਵਾ ਦੀ ਇਤਨੀ ਲਗਨ ਹੈ ਤੇ ਜ਼ਿੰਦਗੀ ਦੀ ਪ੍ਰਵਾਹ ਨਹੀਂ ਤਾਂ ਜੀ ਸਦਕੇ ਏਥੇ ਰਹੇ, ਅਸਾਨੂੰ ਕੋਈ ਇਤਰਾਜ਼ ਨਹੀਂ।'

ਇਹ ਗਲ ਖਤਮ ਹੋ ਗਈ।

'ਸਰਦਾਰ ਜੀ ਦੁਸ਼ਮਣ ਭਾਰੀ ਤਾਕਤ ਇਕੱਠੀ ਕਰਕੇ ਹਮਲਾ ਕਰ ਰਿਹਾ ਹੈ ਤੇ ਮੇਰੇ ਅੰਦਾਜ਼ੇ ਅਨੁਸਾਰ ਸਿੰਘਾਂ ਦੀ ਕੁਲ ਮਿਲਾ ਕੇ ਇਸ ਸਾਰੇ ਇਲਾਕੇ ਵਿਚ ਗਿਣਤੀ ਇਕ ਲੱਖ ਭੀ ਨਹੀਂ ਹੈ ਤੇ ਇਹ ਇਕ ਲੱਖ ਭਈ ਖਿੰਡੇ ਪੁੰਡੇ ਹਨ।' ਕਰਤਾਰ ਸਿੰਘ ਨੇ ਕਿਹਾ।

'ਠੀਕ ਹੈ ਇਹਨਾਂ ਜਿੱਤਾਂ ਨਾਲ ਸਿੱਖਾਂ ਨੇ ਸਮਝ ਲਿਆ ਹੈ ਕਿ ਹੁਣ ਸਿੱਖ ਰਾਜ ਆ ਗਿਆ ਹੈ ਤੇ ਮੁਗਲਾਂ ਵਲੋਂ ਕੋਈ ਖਤਰਾ ਨਹੀਂ ਰਹਿ ਗਿਆ, ਇਸ ਲਈ ਉਹ ਹੋਰ ਮੱਲਾਂ ਮਾਰਨ ਲਈ ਦੁਆਬੇ ਤੇ ਮਾਝੇ ਵਿਚ ਛੋਟੇ ਛੋਟੇ ਜਥੇ ਬਣਾ ਕੇ ਕੰਮ ਕਰ ਰਹੇ ਹਨ।' ਸਰਦਾਰ ਬਾਜ ਸਿੰਘ ਨੇ ਦਸਿਆ।

'ਫੇਰ ਕੀ ਹੋਵੇਗਾ ਪਿਤਾ ਜੀ?' ਤਾਰਾ ਨੇ ਪੁਛਿਆ।

'ਅਸਾਡੇ ਖਿਆਲ ਅਨੁਸਾਰ ਹਾਲਾਂ ਮੁਗਲਾਂ ਦੇ ਹਮਲੇ ਵਿਚ ਦਸ-ਬਾਰਾਂ ਦਿਨ ਬਾਕੀ ਹਨ, ਮੈਂ ਸਿੱਖਾਂ ਨੂੰ ਇਕੱਠੇ ਕਰਨ ਲਈ ਮਾਝੇ ਤੇ ਮਾਲਵੇ ਵਲ ਜਾ ਰਿਹਾ ਹਾਂ। ਏਥੇ ਦਾ ਪ੍ਰਬੰਧ ਸਰਦਾਰ ਸ਼ਾਮ ਸਿੰਘ ਤੇ ਸੁਖਾ ਸਿੰਘ ਚਲਾਉਣਗੇ। ਤੁਸੀਂ ਉਹਨਾਂ ਨਾਲ ਮਿਲ ਕੇ ਕੰਮ ਕਰਨਾ ਹੈ।' ਸਰਦਾਰ ਬਾਜ ਸਿੰਘ ਨੇ ਦੋਹਾਂ ਨੂੰ ਸੰਬੋਧਨ ਕਰਕੇ ਕਿਹਾ ਅਤੇ ਏਸੇ ਦਿਨ ਹੀ ਕੁਝ ਸਿੱਖ ਘੋੜ ਸਵਾਰਾਂ ਨੂੰ ਨਾਲ ਲੈ ਕੇ ਦੁਆਬੇ ਤੇ ਮਾਝੇ ਵਲ ਤੁਰ ਗਿਆ। ਉਹ ਮੁਗਲਾਂ ਨਾਲ ਦੋ ਟੂਕ ਫੈਸਲਾ ਕਰਨ ਵਾਲੀ ਲੜਾਈ ਲੜਨ ਲਈ ਸਮੂਹ ਸਿੱਖ ਪੰਥ ਨੂੰ ਇਕੱਠਾ ਕਰ ਲੈਣਾ ਚਾਹੁੰਦਾ ਸੀ। ਉਹ ਇਸ ਗੱਲ ਨੂੰ ਭਲੀ ਪ੍ਰਕਾਰ ਸਮਝਦਾ ਸੀ ਕਿ ਸਮਾਂ ਥੋੜਾ ਹੈ ਤੇ ਕੰਮ ਬਹੁਤ ਹੈ।

ਅਗਲੇ ਦਿਨ ਸਵੇਰੇ ਹੀ ਕਰਤਾਰ ਸਿੰਘ ਤੇ ਤਾਰਾ ਪਠਾਣ ਗੱਭਰੂ ਤੇ ਮੁਟਿਆਰ ਦਾ ਭੇਸ ਬਣਾ ਕੇ ਸਰਹੰਦ ਦੇ ਕਿਲੇ ਵਿਚੋਂ ਨਿਕਲੇ ਤੇ ਪੱਛਮ ਵਲ ਤੁਰ ਪਏ। ਉਹਨਾਂ ਦਾ ਮਿਸ਼ਨ ਸ਼ਾਹੀ ਜਾਸੂਸਾਂ ਨਾਲ ਟੱਕਰ ਲੈ ਕੇ ਉਹਨਾਂ ਪਾਸੋਂ ਜ਼ਰੂਰੀ ਜਾਣਕਾਰੀ ਪ੍ਰਾਪਤ ਕਰਨਾ ਸੀ। ਤੁਰਦੇ ਤੁਰਦੇ ਉਹ ਅੰਬਾਲੇ ਤੋਂ ਅੱਗੇ ਨਿਕਲ ਗਏ। ਉਹਨਾਂ ਵੇਖਿਆ ਕਿ ਦੋ ਸਵਾਰ ਇਕ ਦਰਖਤ ਪਾਸ ਆ ਕੇ ਘੋੜਿਆਂ ਤੋਂ ਉਤਰੇ ਤੇ ਦਰਖਤ ਤੋਂ ਪਰੇ, ਜਿੱਥੇ ਧੁਪ ਕਾਫੀ ਟਿਕਵੀ ਸੀ, ਘਾਹ ਤੇ ਕੰਬਲ ਵਿਛਾ ਕੇ ਬੈਠ ਗਏ। ਉਹਨਾਂ ਦੇ ਪਾਸ ਹੀ ਆਪਣਾ ਕੰਬਲ ਵਿਛਾ ਕੇ ਇਹ ਪਠਾਨ ਗੱਭਰੂ ਤੇ ਮੁਟਿਆਰ ਵੀ ਜਾ ਬੈਠੇ। ਉਨਾਂ ਘੋੜ ਸਵਾਰਾਂ ਨੇ ਲਲਚਾਈਆਂ ਹੋਈਆਂ ਨਿਗਾਹਾਂ ਨਾਲ ਉਸ ਪਠਾਨ ਮੁਟਿਆਰ ਵਲ ਵੇਖਿਆ ਤੇ ਅੱਖਾਂ ਹੀ ਅੱਖਾਂ ਨਾਲ ਆਪਸ ਵਿਚ ਕੁਝ ਗੱਲਾਂ ਕਰ ਲਈਆਂ।

'ਤੁਸੀਂ ਕੌਣ ਹੋ ਤੇ ਕਿਥੋਂ ਆ ਰਹੇ ਹੋ?' ਉਹਨਾਂ ਵਿਚੋਂ ਇਕ ਨੇ ਪਠਾਨ ਗੱਭਰੂ ਨੂੰ ਪੁੱਛਿਆ।

'ਤੁਸੀਂ ਵੀ ਦੱਸੋ ਅਸੀਂ ਤਾਂ ਸਿੱਖਾਂ ਦੇ ਸਤਾਏ ਹੋਏ ਇਕ ਮਜ਼ਲੂਮ ਪਠਾਨ ਪਰਿਵਾਰ ਦੇ ਮੈਂਬਰ ਹਾਂ ਤੇ ਬੱਸੀ ਪਠਾਣਾਂ ਤੋ ਭੱਜ ਕੇ ਆ ਰਹੇ ਹਾਂ, ਤੁਸੀਂ ਇਹ ਸਮਝ ਲਓ ਕਿ ਅਗਲੇ ਹਫਤੇ ਵਿਚ ਸਿੱਖਾਂ ਦਾ ਇਹ ਰਾਜ ਖਤਮ ਹੋ ਜਾਵੇਗਾ ਤੇ ਤੁਸੀਂ ਵਾਪਸ ਘਰ ਜਾ ਸਕੋਗੇ।' ਉਹਨਾਂ ਵਿਚੋਂ ਇਕ ਨੇ ਕਿਹਾ।




'ਤੇਰੇ ਮੂੰਹ ਵਿਚ ਖੰਡ ਪਾਵਾਂ ਵੇ ਵੀਰਾ, ਤੁਸਾਂ ਅਸਾਨੂੰ ਬਦਨਸੀਬਾਂ ਨੂੰ ਹੌਂਸਲਾ ਦਿੱਤਾ ਹੈ। ਅਸਾਨੂੰ ਉਤਨੇ ਦਿਨ ਆਪਣੀ ਪਨਾਹ ਵਿਚ ਹੀ ਰੱਖੋ ਕੀ ਤੁਸੀਂ ਆਪਣੇ ਨਾਲ ਦਸੋਗੇ, ਜਦੋਂ ਇਕੱਠਾ ਰਹਿਣਾ ਹੈ ਤਾਂ ਤੁਹਾਨੂੰ ਬੁਲਾਉਣਾ ਵੀ ਤਾਂ ਹੋਵੇਗਾ।' ਪਠਾਨ ਮੁਟਿਆਰ ਨੇ ਕਿਹਾ।

'ਕਿਉਂ ਨਹੀਂ ਤੁਸੀਂ ਇਹ ਸਮਝੋ ਕਿ ਤੁਹਾਡੀ ਸਾਰੀ ਮੁਸੀਬਤ ਖਤਮ ਹੋ ਗਈ। ਮੇਰਾ ਨਾਮ ਮੁਮਤਾਜ਼ ਖਾਨ ਤੇ ਮੇਰੇ ਇਸ ਸਾਥੀ ਦਾ ਨਾਮ ਮੁਰਾਦ ਖਾਨ ਹੈ।' ਉਹਨਾਂ ਵਿਚੋਂ ਇਕ ਨੇ ਦੱਸਿਆ।

'ਭਰਾ ਮੁਮਤਾਜ਼ ਖਾਨ ਤੇ ਮੁਰਾਦ ਖਾਨ ਤੁਹਾਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਮੇਰਾ ਨਾਮ ਗੁਫਾਰ ਖਾਨ ਤੇ ਮੇਰੀ ਪਤਨੀ ਦਾ ਨਾਂ ਨੂਰ ਜਹਾਨ ਹੈ।' ਪਠਾਨ ਗੱਭਰੂ ਨੇ ਦੱਸਿਆ।

ਉਹਨਾਂ ਨੇ ਆਪਣਾ ਕੰਬਲ ਇਹਨਾਂ ਦੇ ਨੇੜੇ ਕਰ ਲਿਆ ਅਤੇ ਹੋਰ ਗੱਲਾਂ ਬਾਤਾਂ ਕਰਨ ਲੱਗੇ।

ਮੁਮਤਾਜ ਖਾਨ ਨੇ ਕਿਹਾ—'ਭਰਾ ਗਫੂਰ ਖਾਨ ਭੁੱਖ ਲੱਗੀ ਏ ਜਾਹ ਨਾ ਸ਼ਹਿਰੋਂ ਕੁਝ ਖਾਣ ਲਈ ਲੈ ਆ ਇਹ ਲੈ ਪੈਸੇ ਤੇ ਇਕ ਘੋੜਾ ਲੈ ਜਾਹ ਅਸੀਂ ਤਾਂ ਦਿੱਲੀ ਤੋਂ ਆ ਰਹੇ ਹਾਂ ਤੇ ਬਹੁਤ ਥੱਕੇ ਹੋਏ ਹਾਂ।' ਕਹਿੰਦੇ ਹੋਏ ਉਸ ਨੇ ਪਹਿਲੇ ਆਪਣੀ ਸਾਥੀ ਵਲ ਵੇਖਿਆ ਅਤੇ ਨਾਲ ਹੀ ਦੋ ਰੁਪੈ ਜੇਬ ਵਿਚੋਂ ਕਢ ਕੇ ਗਫੂਰ ਖਾਂ ਵਲ ਵਧਾ ਦਿੱਤੇ। ਉਹ ਦੋਵੇਂ ਹੀ ਇਸ ਸਮੇਂ ਲਲਚਾਈਆਂ ਹੋਈਆਂ ਨਿਗਹਾਂ ਨਾਲ ਪਠਾਨ ਮੁਟਿਆਰ ਨੂਰ ਜਹਾਨ ਨੂੰ ਘੂਰ ਰਹੇ ਸਨ।

'ਜੀ ਰਹਿਣ ਦਿਓ ਖਾਨ ਨੂੰ ਆਪਣੇ ਪਾਸ ਬਹੁਤ ਕੁਝ ਹੈ—ਰਤਾ ਰਸਤੇ ਤੋਂ ਦੂਰ ਹੋ ਕੇ ਬੈਠ ਜਾਈਏ ਤੇ ਖਾ ਲਈਏ। ਔਹ ਪਰੇ ਖੂਹ ਭੀ ਵਗ ਰਿਹਾ ਹੈ ਉਸ ਦੇ ਨਾਲ ਚਲ ਬੈਠੀਏ।' ਨੂਰ ਜਹਾਨ ਨੇ ਕਿਹਾ ਤੇ ਆਪਣਾ ਕੰਬਲ ਵਲੇਟਦੀ ਹੋਈ ਉਠ ਖੜੀ ਹੋਈ। ਗਫੂਰ ਖਾਨ ਭੀ ਉਸਦੇ ਪਿਛੇ ਪਿਛੇ ਹੋ ਤੁਰਿਆ। ਮੁਮਤਾਜ ਖਾਨ ਨੇ ਭੀ ਆਪਣੇ ਘੋੜੇ ਰੁਖ ਨਾਲੋਂ ਖੋਹਲੇ ਆਪਣਾ ਕੰਬਲ ਲਪੇਟਿਆ ਤੇ ਉਹਨਾਂ ਦੇ ਪਿੱਛੇ ਪਿੱਛੇ ਤੁਰ ਪਏ। ਉਹ ਹੌਲੀ ਹੌਲੀ ਗੱਲਾਂ ਭੀ ਕਰਦੇ ਜਾ ਰਹੇ ਸਨ।

'ਕਿਤਨੀ ਹੁਸੀਨ ਕੁੜੀ ਹੈ।' ਮੁਮਤਾਜ ਖਾਨ ਨੇ ਕਿਹਾ।

'ਤੇ ਹੁਣ ਇਹ ਅਸਾਡੇ ਹੱਥੋਂ ਨਿਕਲਕੇ ਜਾ ਕਿਥੇ ਸਕਦੀ ਹੈ। ਜਾਪਦਾ ਹੈ ਕਿ ਉਹ ਭੀ ਅਸਾਡੇ ਤੇ ਰੀਝ ਗਈ ਹੈ।' ਮੁਰਾਦ ਖਾਨ ਨੇ ਕਿਹਾ।

'ਹੌਲੀ ਬੋਲੋ, ਕਿਤੇ ਗਫੂਰ ਖਾਨ ਨਾ ਸੁਣ ਲਵੇ—ਪਤਾ ਨਹੀਂ ਇਸ ਹੁਸੀਨਾ ਲਈ ਉਸ ਨੂੰ ਹਲਾਲ ਹੀ ਕਰਨਾ ਪੈ ਜਾਵੇ।' ਮੁਮਤਾਜ਼ ਖਾਨ ਨੇ ਕਿਹਾ।

ਓਧਰ ਨੂਰ ਜਹਾਨ ਗਫੂਰ ਖਾਨ ਨੂੰ ਉਹਨਾਂ ਨਾਲੋਂ ਵੀ ਹੌਲੀ ਹੌਲੀ ਕਹਿ ਰਹੀ ਸੀ ਕਿ 'ਇਹਨਾਂ ਨਾਲ ਟੱਕਰ ਲੈਣ ਲਈ ਤਿਆਰ ਹੋ ਜਾਈਏ।'

'ਵਾਹਿਗੁਰੂ ਭਲੀ ਕਰੇਗਾ।' ਗਫੂਰ ਖਾਨ ਦਾ ਉਤਰ ਸੀ। ਇਸ ਸਮੇਂ ਦੋਵੇਂ ਇਕ ਦੂਜੇ ਦੀਆਂ ਅੱਖੀਆਂ ਵਿਚ ਅੱਖੀਆਂ ਪਾ ਕੇ ਮੁਸਕਰਾ ਰਹੇ ਸਨ।

ਖੂਹ ਬੰਦ ਹੋ ਚੁੱਕਿਆ ਸੀ। ਕਿਸਾਨ ਦੀ ਖੇਤੀ ਭਰ ਗਈ ਸੀ ਤੇ ਉਹ ਆਪਣੇ ਬਲਦਾਂ ਦੀ ਜੋਗ ਖੋਹਲ ਕੇ ਨਾਲ ਦੇ ਪਿੰਡ ਵਲ ਹੋ ਤੁਰਿਆ ਸੀ। ਪਾਣੀ ਨਿਸਾਰ ਵਿਚ ਭੀ ਚੋਖਾ ਜਮਾ ਸੀ ਤੇ ਮਿੱਟੀ ਦੀਆਂ ਟਿੰਡਾਂ ਭੀ ਮਾਹਲ ਦੁਆਲੇ ਭਰੀਆਂ ਹੋਈਆਂ ਸੀ। ਨੂਰ ਜਹਾਨ ਕੰਬਲ ਵਿਛਾ ਕੇ ਉਤੇ ਬੈਠ ਗਈ ਤੇ ਗਫੂਰ ਖਾਨ ਪਾਣੀ ਦੀਆਂ ਦੋ ਟਿੰਡਾਂ ਖੋਹਲ ਕੇ ਲਿਆਉਣ ਲਈ ਤੁਰ ਪਿਆ।

ਮੁਮਤਾਜ ਖਾਨ ਘੋੜੇ ਬੰਨਣ ਲੱਗ ਪਿਆ ਤੇ ਮੁਰਾਦ ਖਾਨ ਬਿਲਕੁਲ ਹੀ ਨੂਰ ਜਹਾਨ ਦੇ ਪਾਸ ਕੰਬਲ ਵਿਛਾ ਕੇ ਉਸ ਦੇ ਨਾਲ ਢੁਕ ਕੇ ਬੈਠ ਗਿਆ। ਉਸ ਨੇ ਹੌਲੀ ਜਿਹੀ ਪੁਛਿਆ 'ਕੀ ਤੇਰਾ ਇਸ ਨਾਲ ਨਿਕਾਹ ਹੋ ਚੁਕਿਆ ਹੈ?'

'ਹਾਲਾਂ—ਨਹੀਂ, ਹੋਣ ਵਾਲਾ ਹੈ। ਸਿੱਖਾਂ ਦੀ ਮੁਸੀਬਤ ਖੜੀ ਨਾ ਹੁੰਦੀ ਤਾਂ ਹੋ ਜਾਣਾ ਸੀ।' ਨੂਰ ਜਹਾਨ ਨੇ ਉਹਦੀਆਂ ਅੱਖਾਂ ਵਿਚ ਝਾਕਦੇ ਹੋਏ ਹੋਲੀ ਜਿਹੀ ਉਤਰ ਦਿੱਤਾ ਤੇ ਨਾਲ ਹੀ ਮੁਸਕਰਾ ਪਈ।

'ਜੇ ਤੂੰ ਮੇਰੀ ਹੋ ਜਾਵੇ ਤਾਂ ਰਾਜ ਭੋਗੇਂ।' ਬੜੀ ਹੀ ਹੌਲੀ ਜਿਹੀ ਮੁਰਾਦ ਖਾਨ ਨੇ ਕਿਹਾ।

ਨੂਰ ਜਹਾਨ ਨੇ ਬੁਲ ਤੇ ਉਂਗਲੀ ਰੱਖ ਕੇ ਉਸਨੂੰ ਚੁਪ ਰਹਿਣ ਲਈ ਕਿਹਾ ਤੇ ਨਾਲ ਹੀ ਇਸ ਤਰਾਂ ਉਸ ਵਲ ਵੇਖ ਕੇ ਮੁਸਕਰਾਈ ਕਿ ਜਿਸ ਤਰਾਂ ਉਸ ਤੇ ਆਸ਼ਕ ਹੋ ਗਈ ਹੋਵੇ। ਗਫੂਰ ਖਾਨ ਨੇ ਪਾਣੀ ਦੀਆਂ ਦੋ ਟਿੰਡਾਂ ਲਿਆ ਕੇ ਰੱਖ ਦਿੱਤੀਆਂ। ਇਕ ਉਹਨਾਂ ਦੇ ਕੰਬਲ ਦੇ ਦੂਜੇ ਪਾਸੇ ਤੇ ਇਕ ਆਪਣੇ ਕੰਬਲ ਦੇ ਨਾਲ। ਮੁਮਤਾਜ਼ ਖਾਨ ਨੇ ਮੁਰਾਦ ਖਾਨ ਦੇ ਪਾਸ ਬੈਠਦੇ ਹੋਏ ਨੂਰ ਜਹਾਨ ਨੂੰ ਘੂਰ ਕੇ ਵੇਖਿਆ ਤੇ ਕਿਹਾ—'ਕੀ ਹੈ ਤੁਹਾਡੇ ਪਾਸ ਖਾਣ ਲਈ।'

'ਅਜੀ ਇਹ ਪੁਛੋ ਕਿ ਕੀ ਨਹੀਂ ਹੈ ਅਸੀਂ ਘਰੋਂ ਨਿਕਲੇ ਹਾਂ, ਬਾਹਰੋਂ ਪਤਾ ਨਹੀਂ ਰੋਟੀ ਕਦ ਮਿਲਦੀ ਹੈ, ਇਸ ਲਈ ਅਸੀਂ ਖਾਲੀ ਥੋੜੇ ਆਉਣਾ ਸੀ। ਕਹਿੰਦੀ ਹੋਈ ਨੂਰ ਜਹਾਨ ਨੇ ਆਪਣਾ ਝੋਲਾ ਖੋਹਲਿਆ ਤੇ ਉਸ ਵਿਚੋਂ ਅੱਠ ਦੱਸ ਪਰਾਉਂਠੇ ਤੇ ਭੋਨਵੇਂ ਆਲੂਆਂ ਦੀ ਭਾਜੀ ਕੱਢ ਕੇ ਉਸ ਨੇ ਆਪਣੇ ਤੇ ਗਫੂਰ ਖਾਨ ਦੇ ਸਾਹਮਣੇ ਭੀ ਰੱਖ ਲਈ। ਸਭ ਨੇ ਖਾਣਾ ਸ਼ੁਰੂ ਕਰ ਦਿੱਤਾ।

'ਇਹਨਾਂ ਕਾਫਰ ਸਿੱਖਾਂ ਦੇ ਰਾਜ ਦਾ ਅੰਤ ਜਦੋਂ ਹੋਵੇਗਾ। ਇਸ ਸਿੱਖਾਂ ਸ਼ਾਹੀ ਨੇ ਤਾਂ ਜਾਨ ਖਾ ਲਈ ਹੈ ਕਾਫਰ ਕਿਸੇ ਥਾਂ ਦੇ?'

ਨੂਰ ਜਹਾਨ ਨੇ ਪੁਛਿਆ, ਪੁਛ ਵਿਚ ਸਿੱਖਾਂ ਲਈ ਨਫ਼ਰਤ ਸੀ।

'ਸੋਹਣੀਏ ਅਸੀਂ ਉਹਨਾਂ ਦੀ ਮੌਤ ਦੇ ਵਰੰਟ ਲੈਕੇ ਹੀ ਜਾ ਰਹੇ ਹਾਂ। ਕਹਿੰਦੇ ਹੋਏ ਮੁਮਤਾਜ਼ ਖਾਨ ਨੇ ਕਾਗਜ਼ ਦਾ ਇਕ ਪੁਲੰਦਾ ਕੱਢ ਕੇ ਉਸ ਦੇ ਸਾਹਮਣੇ ਰੱਖ ਦਿੱਤਾ।

'ਇਹ ਕੀ ਹੈ? ਮੁਸਕਰਾਂਦੀ ਹੋਈ ਨੂਰ ਜਹਾਨ ਨੇ ਪੁਛਿਆ।

'ਬਸ ਸਾਰੇ ਮੁਸਲਮਾਨ ਫੌਜਦਾਰਾਂ ਦੇ ਨਾਮ ਸ਼ਾਹੀ ਹੁਕਮਨਾਮੇ ਹਨ। ਅਲਾਹਬਾਦ, ਕਰਨਾਲ ਤੇ ਸਰਸਾ ਆਦਿ ਦਰਜਨਾਂ ਥਾਵਾਂ 'ਤੇ ਇਹ ਅਸੀਂ ਵੰਡ ਆਏ ਹਾਂ—ਅਤੇ ਉਹਨਾਂ ਵਿਚੋਂ ਕਈ ਆਪਣੀਆਂ ਫੌਜਾਂ ਲੈ ਕੇ ਤੁਰ ਭੀ ਪਏ ਹਨ। ਪਹਿਲਾਂ ਸਰਹੰਦ ਤੋਂ ਬਾਹਰ ਸ਼ਾਹਬਾਦ ਮੁਸਤਫਾਬਾਦ ਤੇ ਸਢੌਰੇ ਤੇ ਹਮਲੇ ਹੋਵੇਗਾ ਤੇ ਫੇਰ ਸਰਹੰਦ 'ਤੇ।' ਮੁਮਤਾਜ ਖਾਨ ਨੇ ਦਸਿਆ।

ਨੂਰ ਜਹਾਨ ਨੇ ਉਸਦੀ ਇਸ ਗੱਲ ਦਾ ਕੋਈ ਉਤਰ ਨਹੀਂ ਦਿੱਤਾ। ਅਜੀਬ ਜਿਹੀਆਂ ਨਿਗਾਹਾਂ ਨਾਲ ਉਹਨਾਂ ਵਲ ਵੇਖਿਆ ਅਤੇ ਇਸ ਦੇ ਨਾਲ ਹੀ ਅੱਖਾਂ ਨਾਲ ਆਪਣੇ ਸਾਥੀ ਨਾਲ ਗੱਲ ਕਰ ਲਈ। ਰੋਟੀ ਖਾਧੀ ਜਾ ਚੁੱਕੀ ਸੀ। ਪਾਣੀ ਮੁਕ ਚੁੱਕਿਆ ਸੀ, ਗਫੂਰ ਖਾਨ ਹੋਰ ਪਾਣੀ ਲੈਣ ਚਲਿਆ ਗਿਆ।

'ਮੂੰਹ ਮਿੱਠਾ ਨਹੀਂ ਕਰੋਗੇ।' ਆਪਣੇ ਝੋਲੇ ਵਿਚੋਂ ਬਰਫੀ ਦੇ ਕੁਝ ਟੁਕੜੇ ਕੱਢ ਕੇ ਉਹਨਾਂ ਵਲ ਵਧਾਉਂਦੀ ਹੋਈ ਨੂਰ ਜਹਾਨ ਨੇ ਆਖਿਆ।

'ਸੋਹਣੀਏ ਇਹ ਤਾਂ ਬਰਫੀ ਹੈ ਤੂੰ ਜ਼ਹਿਰ ਭੀ ਦੇਵੇਂ ਤਾਂ ਧੰਨ ਭਾਗ ਸਮਝ ਕੇ ਖਾ ਲਈਏ।' ਮੁਰਾਦ ਖਾਨ ਨੇ ਕਿਹਾ।

'ਹਾਇ ਹਾਇ ਇਹ ਤੁਸਾਂ ਕੀ ਆਖ ਦਿੱਤਾ, ਭਲਾ ਕੋਈ ਆਪਣਿਆਂ ਨੂੰ ਭੀ ਜ਼ਹਿਰ ਦਿੰਦਾ ਹੈ। ਜ਼ਹਿਰ ਦੁਸ਼ਮਣਾਂ ਨੂੰ ਦਿੱਤਾ ਜਾਂਦਾ ਹੈ। ਨੂਰ ਜਹਾਨ ਨੇ ਆਖਿਆ ਉਹ ਭੁੱਖੀਆਂ ਨਿਗਾਹਾਂ ਨਾਲ ਉਸ ਵਲ ਵੇਖ ਕੇ ਹੱਸ ਪਏ। ਮੁਮਤਾਜ਼ ਖਾਨ ਨੇ ਬਰਫੀ ਫੜੀ ਕੁਝ ਟੁਕੜੇ ਮੁਰਾਦ ਖਾਨ ਵਲ ਵਧਾ ਦਿੱਤੇ ਤੇ ਗਫੂਰ ਖਾਨ ਵਲ ਵਧਾ ਦਿੱਤੇ ਤੇ ਗਫੂਰ ਖਾਨ ਪਾਣੀ ਲੈ ਆਇਆ, ਉਹਨਾਂ ਨੇ ਬਰਫੀ ਖਾ ਕੇ ਪਾਣੀ ਪੀਤਾ।

'ਨੂਰ ਚਲੀਏ, ਅਸਾਡਾ ਪੈਂਡਾ ਖੋਟਾ ਹੁੰਡਾ ਹੈ ਦਿੱਲੀ ਪੁੱਜਣ ਵਾਲੇ ਬਣੀਏ।' ਪਠਾਨ ਗੱਭਰੂ ਨੇ ਆਖਿਆ।

'ਜੀ ਨਹੀਂ, ਹੁਣ ਜਦ ਇਹ ਮਿਲ ਗਏ ਹਨ ਤਾਂ ਇਹਨਾਂ ਨਾਲ ਹੀ ਰਹਾਂਗੇ। ਜੰਗਲੀ ਸਿੱਖਾਂ ਦੇ ਸ਼ਿਕਾਰੀ ਦਾ ਨਜ਼ਾਰਾ ਵੇਖਾਂਗੇ। ਇਹ ਅਸਾਨੂੰ ਕਿਸੇ ਚੰਗੀ ਥਾਂ ਰੱਖਣ ਦਾ ਪ੍ਰਬੰਧ ਆਪੇ ਹੀ ਕਰਨਗੇ। ਨੂਰ ਜਹਾਨ ਨੇ ਆਖਿਆ।

(ਚਲਦਾ...)

# ਪੰਜਾਬ ਤੇ ਕਿਸਾਨਾਂ ਨੂੰ ਬਚਾਉਣ ਲਈ ਕੁਦਰਤ ਪੱਖੀ ਖੇਤੀਬਾੜੀ ਨੂੰ ਅਪਣਾਉਣ ਦੀ ਲੋੜ



**- ਡਾਕਟਰ ਗਿਆਨ ਸਿੰਘ**

17 ਅਗਸਤ, 2020 ਨੂੰ ਪਿੰਡ ਕੋਟੜਾ (ਮਾਨਸਾ) ਦੇ ਇਕ ਕਿਸਾਨ ਬਲਵੀਰ ਸਿੰਘ ਨੇ ਸਲਫਾਸ ਦੀਆਂ ਗੋਲੀਆਂ ਖਾ ਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਖ਼ੁਦਕੁਸ਼ੀ ਕਰਕੇ ਆਪਣਾ ਜੀਵਨ ਸਮਾਪਤ ਕਰ ਲਿਆ। ਖ਼ੁਦਕੁਸ਼ੀ ਕਰਨ ਵਾਲੇ ਕਿਸਾਨ ਨੇ ਆਪਣੇ ਖ਼ੁਦਕੁਸ਼ੀ ਨੋਟ ਵਿਚ ਜ਼ਿਲ੍ਹੇ ਦੇ ਡੀ.ਸੀ. ਅਤੇ ਪੰਜਾਬ ਰੈਵੀਨਿਊ ਮੰਤਰੀ ਗੁਰਪ੍ਰੀਤ ਕਾਂਗੜ ਨੂੰ ਆਪਣੇ ਦੁਆਰਾ ਚੁੱਕੇ ਇਸ ਸਖ਼ਤ ਕਦਮ ਲਈ ਜ਼ਿੰਮੇਵਾਰ ਠਹਿਰਾਇਆ ਹੈ। 15 ਅਗਸਤ ਨੂੰ ਪਿੰਡ ਕੋਟੜਾ ਵਿਖੇ ਇਕ 'ਸਮਾਰਟ' ਸਕੂਲ ਦਾ ਉਦਘਾਟਨ ਕਰਨ ਲਈ ਪੰਜਾਬ ਦੇ ਮੰਤਰੀ ਗੁਰਪ੍ਰੀਤ ਕਾਂਗੜ ਆਏ ਸਨ। ਉਸੇ ਦਿਨ ਸ਼ਾਮ ਨੂੰ ਇਸ ਮੰਤਰੀ ਦੇ ਕੋਰੋਨਾ ਤੋਂ ਪੀੜਤ ਹੋਣ ਦੀ ਪੁਸ਼ਟੀ ਹੋਈ ਸੀ। ਖ਼ੁਦਕੁਸ਼ੀ ਕਰਨ ਵਾਲੇ ਕਿਸਾਨ ਬਲਵੀਰ ਸਿੰਘ ਨੇ ਕਿਹਾ ਕਿ ਉਹ ਕੈਪਟਨ ਸਰਕਾਰ ਦੀ ਡਰਾਮੇਬਾਜ਼ੀ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰ ਰਿਹਾ ਹੈ, ਜਦੋਂ ਉਸ ਮੰਤਰੀ ਨੂੰ ਪਤਾ ਸੀ ਕਿ ਉਹ ਕੋਰੋਨਾ ਤੋਂ ਪੀੜਤ ਹੈ ਤਾਂ ਉਹ ਮਾਨਸਾ ਅਤੇ ਕੋਟੜਾ ਪਿੰਡ ਕਿਉਂ ਆਇਆ? ਖ਼ੁਦਕੁਸ਼ੀ ਕਰਨ ਵਾਲੇ ਕਿਸਾਨ ਦੇ ਬੇਟੇ ਅਮਨਦੀਪ ਸਿੰਘ ਨੇ ਕਿਹਾ ਕਿ ਮੰਤਰੀ ਦੇ ਕੋਰੋਨਾ ਤੋਂ ਪੀੜਤ ਹੋਣ ਦੀ ਪੁਸ਼ਟੀ ਤੋਂ ਬਾਅਦ ਉਨ੍ਹਾਂ ਦੇ ਪਿੰਡ ਇਕ ਹੋਕਾ ਦਿੱਤਾ ਗਿਆ ਕਿ ਜਿਹੜੇ ਵਿਅਕਤੀ ਗੁਰਪ੍ਰੀਤ ਕਾਂਗੜ ਦੇ ਸੰਪਰਕ ਵਿਚ ਆਏ ਸਨ, ਉਹ ਇਕਾਂਤਵਾਸ ਵਿਚ ਚਲੇ ਜਾਣ। ਉਨ੍ਹਾਂ ਦਾ ਪਿਤਾ ਇਸ ਸੁਨੇਹੇ ਤੋਂ ਘਬਰਾਇਆ ਹੋਇਆ ਸੀ ਅਤੇ ਉਹ ਅਕਸਰ ਕਿਹਾ ਕਰਦਾ ਸੀ ਕਿ ਰਾਜਸੀ ਆਗੂ ਇਕੱਠ ਕਰਦੇ ਰਹਿੰਦੇ ਹਨ, ਪਰ ਅਜਿਹਾ ਕਰਨ ਉੱਪਰ ਆਮ ਆਦਮੀਆਂ ਨੂੰ ਜੁਰਮਾਨਾ ਕੀਤਾ ਜਾਂ ਸਜ਼ਾ ਦਿੱਤੀ ਜਾਂਦੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਇਕ ਆਗੂ ਅਨੁਸਾਰ ਜਦੋਂ ਬਲਵੀਰ ਸਿੰਘ ਦੀ ਸ਼ਿਕਾਇਤ ਸੁਣਨ ਲਈ ਮਾਨਸਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਕੋਈ ਵੀ ਅਫ਼ਸਰ ਨਹੀਂ ਸੀ, ਤਾਂ ਕੁਝ ਕਲਰਕੀ ਅਮਲੇ ਅਤੇ ਬਲਵੀਰ ਸਿੰਘ ਦੀ ਤੂੰ-ਤੂੰ ਮੈਂ-ਮੈਂ ਵੀ ਹੋਈ ਸੀ।

ਮਨੁੱਖਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਦੇ ਅਨੇਕਾਂ ਕਾਰਨ ਹੋ ਸਕਦੇ ਹਨ ਪਰ ਜੇਕਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੇ ਇੱਕੋ-ਇਕ ਕਾਰਨ ਦੀ ਗੱਲ ਕਰਨੀ ਹੋਵੇ ਤਾਂ ਉਹ ਹੈ ਪ੍ਰਦੂਸ਼ਣ। ਦੁਨੀਆ ਵਿਚ ਪ੍ਰਦੂਸ਼ਣ ਹਰ ਤਰਾਂ ਦੀ ਜ਼ਿੰਦਗੀ ਉੱਪਰ ਮਾਰੂ ਅਸਰ ਪਾਉਂਦਾ ਹੈ। ਖੇਤੀਬਾੜੀ ਖੇਤਰ ਨਾਲ ਸਬੰਧਿਤ ਇਨਾਂ ਵਰਗਾਂ ਦੁਆਰਾ ਹੰਢਾਇਆ ਜਾ ਰਿਹਾ ਪ੍ਰਦੂਸ਼ਣ ਆਰਥਿਕ, ਸਮਾਜਿਕ-ਸਭਿਆਚਾਰਕ, ਰਾਜਸੀ ਅਤੇ ਬੌਧਿਕ ਰੂਪ ਵਿਚ ਹੈ। ਪੰਜਾਬ ਸਰਕਾਰ ਲਈ ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ ਦੀ ਅਗਵਾਈ ਵਿਚ ਪੰਜਾਬ ਵਿਚ ਕਿਸਾਨ ਅਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਬਾਰੇ ਪੰਜਾਬ ਦੇ ਹਰੇਕ ਪਿੰਡ ਵਿਚ ਘਰ ਘਰ ਜਾ ਕੇ ਕਰਵਾਏ ਗਏ ਇਕ ਸਰਵੇਖਣ ਤੋਂ ਇਹ ਸਾਹਮਣੇ ਆਇਆ ਸੀ ਕਿ ੧੬ ਸਾਲਾਂ ਦੇ ਸਮੇਂ ਦੌਰਾਨ ੧੬ ਹਜ਼ਾਰ ਤੋਂ ਵੱਧ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਸਨ, ਜਿਨਾਂ ਵਿਚੋਂ ੪੦ ਫ਼ੀਸਦੀ ਦੇ ਕਰੀਬ ਖੇਤ ਮਜ਼ਦੂਰ ਅਤੇ ਕਿਸਾਨਾਂ ਵਿਚੋਂ ਬਹੁਤ ਵੱਡੀ ਗਿਣਤੀ (੭੬ ਫ਼ੀਸਦੀ) ਵਿਚ ਸੀਮਾਂਤ ਅਤੇ ਛੋਟੇ ਕਿਸਾਨ ਸਨ।

ਮੁਲਕ ਦੀ ਆਜ਼ਾਦੀ ਤੋਂ ਬਾਅਦ ੧੯੫੦ ਵਿਚ ਯੋਜਨਾ ਕਮਿਸ਼ਨ ਬਣਾਇਆ ਗਿਆ, ਜਿਸ ਨੇ ਮੁਲਕ ਦੀਆਂ ਸਮੱਸਿਆਵਾਂ ਉੱਪਰ ਕਾਬੂ ਪਾਉਣ ਲਈ ਪੰਜ ਸਾਲਾ ਯੋਜਨਾਵਾਂ ਬਣਾਈਆਂ ਅਤੇ ਭਾਰਤ ਸਰਕਾਰ ਨੇ ਉਨਾਂ ਨੂੰ ਅਮਲ ਵਿਚ ਲਿਆਂਦਾ। ਦੂਜੀ ਸੰਸਾਰ ਜੰਗ ਦੌਰਾਨ ਮੁਲਕ ਅਨਾਜ ਪਦਾਰਥਾਂ ਦੀ ਭਾਰੀ ਥੁੜ ਦਾ ਸਾਹਮਣਾ ਕਰ ਰਿਹਾ ਸੀ ਜੋ ਆਜ਼ਾਦੀ ਮੌਕੇ ਅਤੇ ਉਸ ਤੋਂ ਬਾਅਦ ਵੀ ਜਾਰੀ ਰਿਹਾ। ਅਨਾਜ ਪਦਾਰਥਾਂ ਦੀ ਭਾਰੀ ਥੁੜ ਉੱਪਰ ਕਾਬੂ ਪਾਉਣ ਲਈ ਪਹਿਲੀ ਪੰਜ ਸਾਲਾ ਯੋਜਨਾ (੧੯੫੧-੫੬) ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਦਿੱਤੀ ਗਈ, ਜਿਸ ਸਦਕਾ ਇਸ ਸਮੱਸਿਆ ਉੱਤੇ ਕਾਬੂ ਪਾਇਆ ਜਾ ਸਕਿਆ। ਦੂਜੀ ਪੰਜ ਸਾਲਾ ਯੋਜਨਾ (੧੯੫੬-੬੧) ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੇ ਵਿਕਾਸ ਦੀ ਜਗਾ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦਿੱਤੀ ਜਾਣ ਕਾਰਨ ਮੁੜ ਤੋਂ ਮੁਲਕ ਨੂੰ ਅਨਾਜ ਪਦਾਰਥਾਂ ਦੀ ਥੁੜ ਦਾ ਸਾਹਮਣਾ ਕਰਨਾ ਪਿਆ। ੧੯੬੪-੬੬ ਦੇ ਅਰਸੇ ਦੌਰਾਨ ਮੁਲਕ ਦੇ ਬਹੁਤੇ ਭਾਗਾਂ ਵਿਚ ਪਏ ਸੋਕੇ ਨੇ ਇਸ ਸਮੱਸਿਆ ਨੂੰ ਬਹੁਤ ਗੰਭੀਰ ਬਣਾ ਦਿੱਤਾ। ਇਸ ਸਮੇਂ ਦੌਰਾਨ ਮੁਲਕ ਵਿਚ ਅਨਾਜ ਪਦਾਰਥਾਂ ਦੀ ਸਮੱਸਿਆ ਇਸ ਹੱਦ ਤੱਕ ਵਧ ਗਈ ਸੀ ਕਿ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ ਅਤੇ ਆਖ਼ਰਕਾਰ ਕੇਂਦਰ ਸਰਕਾਰ ਨੇ ਅਮਰੀਕਾ ਤੋਂ ਪੀ.ਐੱਲ.੪੮੦ ਅਧੀਨ ਅਨਾਜ ਦਰਾਮਦ ਕੀਤਾ, ਜਿਸ ਦੀ ਭਾਰੀ ਕੀਮਤ ਉਤਾਰਨੀ ਪਈ। ਕੇਂਦਰ ਸਰਕਾਰ ਨੇ ਇਸ ਸਮੱਸਿਆ ਦੇ ਹੱਲ ਲਈ ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਦਾ ਫ਼ੈਸਲਾ ਕੀਤਾ। ਖੇਤੀਬਾੜੀ ਦੀ ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇਕ ਪੁਲੰਦਾ ਸੀ। ਕੇਂਦਰ ਸਰਕਾਰ ਨੇ ਵੱਖ-ਵੱਖ ਪੱਧਰਾਂ ਉੱਪਰ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਖੇਤੀਬਾੜੀ ਦੀ ਇਸ ਜੁਗਤ ਨੂੰ ਪ੍ਰਮੁੱਖ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕਰਨ ਦਾ ਫ਼ੈਸਲਾ ਲਿਆ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇਸ ਸੂਬੇ ਦੇ ਅਮੀਰ ਕੁਦਰਤੀ ਸਾਧਨਾਂ ਦੀ ਵਰਤੋਂ ਨਾਲ ਖੇਤੀਬਾੜੀ ਦੀ ਇਹ ਜੁਗਤ ਕਾਮਯਾਬ ਹੋਈ, ਜਿਸ ਸਦਕਾ ਭਾਰਤ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ।

ਪੰਜਾਬ ਦੇ ਭੂਗੋਲਿਕ ਖੇਤਰ ਦੇ ਪੱਖ ਤੋਂ ਬਹੁਤ ਹੀ ਛੋਟਾ (੧.੫੪ ਫ਼ੀਸਦੀ) ਜਿਹਾ ਸੂਬਾ ਹੋਣ ਦੇ ਬਾਵਜੂਦ, ਇਸ ਸੂਬੇ ਨੇ ਲੰਮੇ ਸਮੇਂ ਲਈ ਕਣਕ ਅਤੇ ਝੋਨੇ ਦੇ ਸਬੰਧ ਵਿਚ ਕੇਂਦਰੀ ਅਨਾਜ ਭੰਡਾਰ ਵਿਚ ੫੦ ਫ਼ੀਸਦੀ ਦੇ ਕਰੀਬ ਯੋਗਦਾਨ ਪਾਇਆ। ਪਿਛਲੇ ਕੁਝ ਸਮੇਂ ਤੋਂ ਕੇਂਦਰ ਸਰਕਾਰ ਵੱਲੋਂ ਹੋਰ ਸੂਬਿਆਂ ਦੇ ਖੇਤੀਬਾੜੀ ਵਿਕਾਸ ਨੂੰ ਤਰਜੀਹ ਦਿੱਤੇ ਕਾਰਨ ਪੰਜਾਬ ਦਾ ਇਹ ਯੋਗਦਾਨ ਕੁਝ ਘਟਿਆ ਹੈ, ਪਰ ੨੦੧੮-੧੯ ਦੌਰਾਨ ਵੀ ਇਹ ਯੋਗਦਾਨ ੩੨ ਫ਼ੀਸਦੀ ਦੇ ਕਰੀਬ ਰਿਹਾ ਹੈ। ਇਸ ਸਬੰਧ ਵਿਚ ਵਿਸ਼ੇਸ਼ ਧਿਆਨ ਦੇਣ ਵਾਲਾ ਇਕ ਤੱਥ ਇਹ ਵੀ ਹੈ ਕਿ ਜਦੋਂ ਮੁਲਕ ਵਿਚ ਕੁਦਰਤੀ ਆਫ਼ਤਾਂ ਦੀ ਮਾਰ ਖੇਤੀਬਾੜੀ ਖੇਤਰ ਉੱਪਰ ਪੈਂਦੀ ਹੈ ਤਾਂ ਪੰਜਾਬ ਦਾ ਇਹ ਯੋਗਦਾਨ ਹੋਰ ਵਧ ਜਾਂਦਾ ਹੈ ਅਤੇ ਸੋਕੇ ਦੇ ਸਮੇਂ ਦੌਰਾਨ ਤਾਂ ਵਧੀ ਹੋਈ ਉਤਪਾਦਨ ਲਾਗਤ ਦੀ ਮਾਰ ਇੱਥੋਂ ਦੇ ਕਿਸਾਨਾਂ ਅਤੇ ਸਰਕਾਰੀ ਖ਼ਜ਼ਾਨੇ ਉੱਪਰ ਪੈਂਦੀ ਹੈ।

ਪੰਜਾਬ ਵੱਲੋਂ ਕੇਂਦਰ ਸਰਕਾਰ ਦੀ ਅਨਾਜ ਪਦਾਰਥਾਂ ਦੀ ਥੁੜ ਦੀ ਸਮੱਸਿਆ ਹੱਲ ਕਰਨ ਲਈ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਸ਼ਾਨਦਾਰ ਯੋਗਦਾਨ ਦੇ ਬਾਵਜੂਦ ਮੁਲਕ ਦੀਆਂ ਖੇਤੀਬਾੜੀਆਂ ਨੀਤੀਆਂ ਕਾਰਨ ਇਸ ਸੂਬੇ ਦੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਅਨੇਕਾਂ ਸਮੱਸਿਆਵਾਂ ਹੰਢਾਉਣ ਲਈ ਮਜਬੂਰ ਹਨ। ਲੇਖਕ ਦੁਆਰਾ ਪੰਜਾਬ ਵਿਚ ਕੀਤੇ ਗਏ ਵੱਖ ਵੱਖ ਸਰਵੇਖਣ ਇਹ ਤੱਥ ਸਾਹਮਣੇ ਲਿਆਏ ਹਨ ਕਿ ਪੰਜਾਬ ਵਿਚ ਨਿਮਨ ਕਿਸਾਨ, ਖੇਤ ਮਜ਼ਦੂਰ, ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚ ਔਖੀ ਦਿਨਕਟੀ ਕਰਦੇ ਹਨ ਅਤੇ ਪਹਾੜ ਜਿੰਨੇ ਵਧੇ ਹੋਏ ਕਰਜ਼ੇ ਅਤੇ ਘੋਰ ਗ਼ਰੀਬੀ ਵਿਚ ਉਹ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਕੁਝ ਖ਼ੁਦਕੁਸ਼ੀਆਂ ਦੇ ਰਾਹ ਵੀ ਪੈ ਰਹੇ ਹਨ। ਲੇਖਕ ਅਤੇ ਉਸ ਦੇ ਸਹਿਯੋਗੀਆਂ ਵੱਲੋਂ ਆਈ.ਸੀ.ਐੱਸ.ਐੱਸ.ਆਰ. ਵੱਲੋਂ ਸਪਾਂਸਰ ਕੀਤੇ ਗਏ ਖੋਜ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ੨੦੧੪-੧੫ ਦੌਰਾਨ ਪੰਜਾਬ ਵਿਚ ੮੬ ਫ਼ੀਸਦੀ ਕਿਸਾਨ ਅਤੇ ੮੦ ਫ਼ੀਸਦੀ ਖੇਤ ਮਜ਼ਦੂਰ ਕਰਜ਼ੇ ਦੇ ਬੋਝ ਥੱਲੇ ਸਨ। ਕਰਜ਼ੇ ਦਾ ਸਭ ਤੋਂ ਵੱਧ ਭਾਰ ਖੇਤ ਮਜ਼ਦੂਰਾਂ ਅਤੇ ਸੀਮਾਂਤ ਅਤੇ ਛੋਟੇ ਕਿਸਾਨਾਂ ਉੱਪਰ ਸੀ। ਕਰਜ਼ੇ ਦਾ ਇਹ ਭਾਰ ਏਨਾ ਜ਼ਿਆਦਾ ਸੀ ਕਿ ਇਨਾਂ ਵਰਗਾਂ ਦੁਆਰਾ ਕਰਜ਼ਾ ਤਾਂ ਕੀ ਮੋੜਨਾ, ਇਹ ਵਰਗ ਤਾਂ ਕਰਜ਼ੇ ਉੱਪਰਲਾ ਵਿਆਜ ਮੋੜਨ ਦੀ ਸਥਿਤੀ ਵਿਚ ਵੀ ਨਹੀਂ ਹਨ ਅਤੇ ਇਨਾਂ ਵਰਗਾਂ ਨੂੰ ਦੋ-ਡੰਗ ਦੀ ਰੁੱਖੀ-ਸੁੱਕੀ ਰੋਟੀ ਲਈ ਚੁੱਲਾ ਬਲਦਾ ਰੱਖਣ ਲਈ ਵੀ ਹੋਰ ਉਧਾਰ ਲੈਣਾ ਪੈਂਦਾ ਹੈ ਜੋ ਉਨਾਂ ਦੇ ਕਰਜ਼ੇ ਦਾ ਹਿੱਸਾ ਹੀ ਬਣ ਜਾਂਦਾ ਹੈ।

ਪੰਜਾਬ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਆਰਥਿਕ ਪ੍ਰਦੂਸ਼ਣ ਨੂੰ ਸਮਝਣ ਲਈ ਰਾਸ਼ਟਰੀ ਆਮਦਨ ਵਿਚੋਂ ਖੇਤੀਬਾੜੀ ਖੇਤਰ ਨੂੰ ਦਿੱਤੇ ਜਾਂਦੇ ਹਿੱਸੇ ਨੂੰ ਸਮਝਣ ਦੀ ਲੋੜ ਹੈ। ੧੯੫੦-੫੧ ਦੌਰਾਨ ਮੁਲਕ ਦੀ ਖੇਤੀਬਾੜੀ ਖੇਤਰ ਉੱਪਰ ਨਿਰਭਰ ਆਬਾਦੀ ੮੨ ਫ਼ੀਸਦੀ ਸੀ, ਜਿਸ ਨੂੰ ਉਸ ਸਮੇਂ ਦੀ ਰਾਸ਼ਟਰੀ ਆਮਦਨ ਦਾ ੫੫ ਫ਼ੀਸਦੀ ਹਿੱਸਾ ਦਿੱਤਾ ਗਿਆ। ਭਾਵੇਂ ਵਰਤਮਾਨ ਸਮੇਂ ਦੌਰਾਨ ਮੁਲਕ ਦੀ ਆਬਾਦੀ ਦੀ ਖੇਤੀਬਾੜੀ ਖੇਤਰ ਉੱਪਰ ਨਿਰਭਰਤਾ ਘਟ ਕੇ ੫੦ ਫ਼ੀਸਦੀ ਦੇ ਕਰੀਬ ਰਹਿ ਗਈ ਹੈ, ਪਰ ਮੁਲਕ ਦੀ ਇਸ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ ੧੫ ਫ਼ੀਸਦੀ ਦੇ ਕਰੀਬ ਹੀ ਦਿੱਤਾ ਜਾ ਰਿਹਾ ਹੈ, ਜਿਸ ਦੀ ਮਾਰ ਪੰਜਾਬ ਦੇ ਖੇਤੀਬਾੜੀ ਖੇਤਰ ਨਾਲ ਸਬੰਧਿਤ ਵਰਗਾਂ ਉੱਪਰ ਇਸ ਲਈ ਜ਼ਿਆਦਾ ਪੈ ਰਹੀ ਹੈ ਕਿਉਂਕਿ ਇਹ ਸੂਬਾ ਉੱਚ ਉਤਪਾਦਨ ਲਾਗਤ ਅਤੇ ਮਸ਼ੀਨਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਵਾਲਾ ਹੈ। ਖੇਤ ਮਜ਼ਦੂਰਾਂ ਕੋਲ ਤਾਂ ਆਪਣੀ ਮਜ਼ਦੂਰੀ ਵੇਚਣ ਤੋਂ ਸਵਾਏ ਉਤਪਾਦਨ ਦਾ ਕੋਈ ਵੀ ਹੋਰ ਸਾਧਨ ਨਹੀਂ ਹੈ।

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਸਮਾਜਿਕ-ਸਭਿਆਚਾਰਕ ਪ੍ਰਦੂਸ਼ਣ ਨੂੰ ਸਮਝਣ ਲਈ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਪੰਜਾਬ ਦੇ ਸਬੰਧ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਤੋਂ ਪਹਿਲਾਂ ਖੇਤੀਬਾੜੀ ਖੇਤਰ ਨਾਲ ਸਬੰਧਿਤ ਵਰਗਾਂ ਦੇ ਲੋਕਾਂ ਦੇ ਸਮਾਜਿਕ ਸਬੰਧ ਬਹੁਤ ਨਿੱਘੇ ਅਤੇ ਸਭਿਆਚਾਰਕ ਪੱਖੋਂ ਸਮੱਸਿਆਵਾਂ ਦੇ ਹੱਲ ਲਈ ਉਨਾਂ ਦਾ ਸੁਭਾਅ ਸੰਘਰਸ਼ ਵਾਲਾ ਸੀ। ਖੇਤੀਬਾੜੀ ਦੀ ਇਸ ਜੁਗਤ ਦੀ ਰੂਹ ਦੇ ਵਪਾਰੀਕਰਨ ਵਾਲੀ ਹੋਣ ਕਾਰਨ ਇਨਾਂ ਨਿੱਘਿਆਂ ਸਬੰਧਾਂ ਵਿਚ ਬਹੁਤ ਤਰੇੜਾਂ ਆ ਗਈਆਂ ਹਨ। ਖੇਤੀਬਾੜੀ ਉਤਪਾਦਨ ਵਿਚ ਨਫ਼ੇ ਨੇ ਆਪਣੀ ਥਾਂ ਮੱਲ ਲਈ ਹੈ। ਵਟਾਈ, ਆਵਤ, ਵਿੜੀ, ਸਾਂਝੀ-ਸੀਰੀ ਆਦਿ ਬੀਤੇ ਸਮੇਂ ਦੇ ਸ਼ਬਦ ਬਣ ਗਏ ਸਨ। ਇਸ ਜੁਗਤ ਨੂੰ ਅਪਣਾਉਣ ਤੋਂ ਪਹਿਲਾਂ ਪਿੰਡ ਦੇ ਅਮੀਰ ਕਿਸਾਨ ਬਾਕੀ ਗ਼ਰੀਬ ਲੋਕਾਂ ਦੀ ਉਨਾਂ ਦੇ ਤੰਗੀਆਂ-ਤੁਰਸ਼ੀਆਂ ਵਾਲੇ ਸਮੇਂ ਬਹੁਤ ਮਦਦ ਕਰਦੇ ਸਨ, ਜੋ ਹੁਣ ਲਗਪਗ ਗ਼ਾਇਬ ਹੋ ਗਿਆ ਹੈ। ਵੱਖ ਵੱਖ ਕਾਰਨਾਂ ਕਰਕੇ ਖੇਤੀਬਾੜੀ ਨਾਲ ਸਬੰਧਿਤ ਵਰਗਾਂ ਦਾ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਸੰਘਰਸ਼ ਵਾਲਾ ਸੁਭਾਅ ਬਹੁਤ ਹੀ ਨੀਵੇਂ ਪੱਧਰ ਉੱਪਰ ਆ ਗਿਆ ਹੈ ਅਤੇ ਉਹ ਨਿੱਜੀ ਹਿਤਾਂ ਦੀ ਰਾਖੀ ਲਈ ਬਚਾਓ ਵਾਲਾ ਸੁਭਾਅ ਅਪਨਾ ਰਹੇ ਹਨ।

ਮੁਲਕ ਦੀ ਆਜ਼ਾਦੀ ਦੇ ਸਮੇਂ ਤੋਂ ਹੁਣ ਤੱਕ ਰਾਜਸੀ ਪਾਰਟੀਆਂ ਅਤੇ ਉਨਾਂ ਦੇ ਆਗੂਆਂ ਤੋਂ ਖੇਤੀਬਾੜੀ ਨਾਲ ਸਬੰਧਿਤ ਵਰਗਾਂ ਦੇ ਕਿਰਤੀਆਂ ਨੂੰ ਬਹੁਤ ਜ਼ਿਆਦਾ ਆਸਾਂ ਸਨ। ਮੁਲਕ ਦੀਆਂ ਰਾਜਸੀ ਪਾਰਟੀਆਂ ਅਤੇ ਉਨਾਂ ਦੇ ਆਗੂਆਂ ਅਤੇ ਮੁਲਕ ਦੇ ਹੁਕਮਰਾਨਾਂ ਨੇ ਖੇਤੀਬਾੜੀ ਨਾਲ ਸਬੰਧਿਤ ਵਰਗਾਂ ਦੀ ਭਲਾਈ ਲਈ ਵਾਅਦੇ ਅਤੇ ਦਾਅਵੇ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ, ਪਰ ਮੁਲਕ ਦੇ ਹੁਕਮਰਾਨ ਅਮਲਾਂ ਪੱਖੋਂ ਖ਼ਾਲੀ ਹਨ। ਪੰਜਾਬ ਵਿਚ ੨੦੧੭ ਦੀਆਂ ਅਸੈਂਬਲੀ ਚੋਣਾਂ ਦੌਰਾਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹਰ ਤਰਾਂ ਦੇ ਕਰਜ਼ੇ ਮੁਆਫ਼ ਕਰਨ ਦਾ ਵਾਅਦਾ ਬਿਲਕੁਲ ਖੋਖਲਾ ਅਤੇ ਸਿਰਫ਼ ਡਰਾਮੇਬਾਜ਼ੀ ਹੀ ਸਾਬਤ ਹੋਇਆ ਹੈ। ਰਾਜਸੀ ਪ੍ਰਦੂਸ਼ਣ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਕਾਫ਼ੀ ਜਥੇਬੰਦੀਆਂ ਵੀ ਪਿੱਛੇ ਨਹੀਂ ਹਨ। ਇਹ ਜਥੇਬੰਦੀਆਂ ਇਕ ਵਿਅਕਤੀ ਦੀ ਲੀਡਰਸ਼ਿਪ ਵਾਲੀਆਂ ਹੋਣ ਕਾਰਨ ਅਕਸਰ ਇਨਾਂ ਦੇ ਲੀਡਰ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਦੀ ਆਸ ਵਿਚ ਰਾਜਸੀ ਪ੍ਰਦੂਸ਼ਣ ਵਿਚ ਵਾਧਾ ਕਰਦੇ ਹੋਏ ਆਪਣੇ ਲੋਕਾਂ ਨਾਲ ਧੋਖਾ ਕਰਕੇ ਉਨਾਂ ਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਬਣਦੇ ਹਨ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਬੌਧਿਕ ਪ੍ਰਦੂਸ਼ਣ ਨੂੰ ਸਮਝਣ ਲਈ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਕੁਝ ਤੇਜ਼ ਦਿਮਾਗ਼ ਵਿਅਕਤੀ ਜੋ ਆਪਣੇ ਆਪ ਨੂੰ ਹੀ ਬੁੱਧੀਜੀਵੀ ਮੰਨਦੇ ਅਤੇ ਪ੍ਰਚਾਰਦੇ ਰਹਿੰਦੇ ਹਨ ਆਪਣੇ ਨਿੱਕੇ ਨਿੱਕੇ ਵਿਅਰਥ ਸੁਆਰਥਾਂ ਦੀ ਪੂਰਤੀ ਦੀ ਆਸ ਵਿਚ ਨਤੀਜਾ-ਪ੍ਰਮੁੱਖ ਅਧਿਐਨਾਂ ਲਈ ਆਪਣੇ ਕੋਲੋਂ ਅੰਕੜੇ ਬਣਾਉਣ ਲਈ ਅੱਡੀਆਂ ਚੁੱਕ ਕੇ ਆਪਣਾ ਪੂਰਾ ਜ਼ੋਰ ਲਾਉਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ।

ਉਨਾਂ ਵਿਚ ਦੋ ਜਮਾਂ ਦੋ ਨੂੰ ਤਿੰਨ ਜਾਂ ਪੰਜ ਜਾਂ ਕੋਈ ਵੀ ਹੋਰ ਅੰਕੜਾ ਸਾਬਤ ਕਰਨ ਲਈ ਸਰਕਾਰੀ/ ਦਰਬਾਰੀ/ ਜੁਗਾੜੀ/ ਝਾੜੂਬਰਦਾਰ/ ਗੜਬਈ/ ਚਿਲਮਚੀ ਆਦਿ ਵਿਅਕਤੀਆਂ ਦੀ ਰੂਹ ਬਹੁਤ ਤੇਜ਼ੀ ਨਾਲ ਪ੍ਰਵੇਸ਼ ਕਰ ਜਾਂਦੀ ਹੈ। ਬੌਧਿਕ ਪ੍ਰਦੂਸ਼ਣ ਫੈਲਾਉਣ ਵਾਲੇ ਤੇਜ਼ ਦਿਮਾਗ਼ ਵਿਅਕਤੀ ਦੁਆਰਾ ਇਕ ਨਤੀਜਾ-ਪ੍ਰਮੁੱਖ ਅਧਿਐਨ ਜੋ ਉਨਾਂ ਦੁਆਰਾ ਹੱਦੋਂ ਵੱਧ ਜ਼ੋਰ ਲਾਉਂਦੇ ਹੋਏ ਪ੍ਰਚਾਰਿਆ ਜਾਂਦਾ ਹੈ, ਉਹ ਇਹ ਹੈ ਕਿ ਹਾਸ਼ੀਏ ਉੱਪਰਲੇ ਲੋਕਾਂ ਦਾ ਉਜਾੜਾ ਉਨਾਂ ਦੇ ਆਪਣੇ ਹੱਕ ਵਿਚ ਹੀ ਹੁੰਦਾ ਹੈ।

ਮਨੁੱਖੀ ਜੀਵਨ ਦੀ ਇਹ ਮੰਨੀ ਹੋਈ ਸਚਾਈ ਹੈ ਕਿ ਖੇਤੀਬਾੜੀ ਮਨੁੱਖਤਾ ਦੀ ਜੀਵਨ-ਰੇਖਾ ਹੈ। ਕੋਰੋਨਾ ਵਾਇਰਸ ਮਹਾਂਮਾਰੀ ਨੇ ਇਹ ਫਿਰ ਤੋਂ ਸਾਹਮਣੇ ਲਿਆਂਦਾ ਹੈ ਕਿ ਮਨੁੱਖ ਕਾਰਾਂ, ਕੋਠੀਆਂ, ਜਹਾਜ਼ਾਂ, ਫੋਨਾਂ ਆਦਿ ਤੋਂ ਬਿਨਾਂ ਰਹਿ ਸਕਦੇ ਹਨ, ਪਰ ਖੇਤੀਬਾੜੀ ਵਸਤਾਂ ਤੋਂ ਬਿਨਾਂ ਉਨਾਂ ਦਾ ਜੀਵਨ ਸੰਭਵ ਹੀ ਨਹੀਂ। ਖੇਤੀਬਾੜੀ ਨੂੰ ਚਲਦਾ ਰੱਖਣ ਲਈ ਆਰਥਿਕ ਪ੍ਰਦੂਸ਼ਣ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਮੁਲਕ ਦੀ ਅੱਧੀ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ ਉਸ ਦਾ ਬਣਦਾ ਹਿੱਸਾ ਦਿੱਤਾ ਜਾਵੇ ਜਿਸ ਨਾਲ ਉਹ ਆਪਣੀਆਂ ਰੋਟੀ, ਕੱਪੜੇ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਦੀਆਂ ਬੁਨਿਆਦੀ ਲੋੜਾਂ ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣ। ਸਮਾਜਿਕ-ਸਭਿਆਚਾਰਕ ਪ੍ਰਦੂਸ਼ਣ ਦੀ ਰੋਕਥਾਮ ਲਈ ਸਿਰਫ਼ ਨਫ਼ੇ ਵਾਲੀ ਖੇਤੀਬਾੜੀ ਦੀ ਜਗਾ ਕਿਰਤੀ ਅਤੇ ਕੁਦਰਤ-ਪੱਖੀ ਖੇਤੀਬਾੜੀ ਅਪਣਾਈ ਜਾਣੀ ਯਕੀਨੀ ਬਣਾਈ ਜਾਵੇ। ਰਾਜਸੀ ਪਾਰਟੀਆਂ, ਉਨਾਂ ਦੇ ਨੇਤਾਵਾਂ ਅਤੇ ਹੁਕਮਰਾਨਾਂ ਨੂੰ ਝੂਠੇ ਵਾਅਦਿਆਂ ਅਤੇ ਦਾਅਵਿਆਂ ਨੂੰ ਛੱਡ ਕੇ ਕਿਰਤੀਆਂ ਦੇ ਸੇਵਕ ਬਣਨ ਦਾ ਸਬੂਤ ਦੇਣਾ ਪਵੇਗਾ। ਇਸ ਸਬੰਧ ਵਿਚ ਕਿਸਾਨ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਸਮੂਹਿਕ ਲੀਡਰਸ਼ਿਪ ਵਾਲੀਆਂ ਹੋਣ। ਇਨਾਂ ਜਥੇਬੰਦੀਆਂ ਦੇ ਲੀਡਰ ਆਪਣੇ ਹਰੇਕ ਮੈਂਬਰ ਤੱਕ ਇਹ ਸੁਨੇਹਾ ਪਹੁੰਚਾਉਣ ਕਿ ਖ਼ੁਦਕੁਸ਼ੀਆਂ ਕਿਸੇ ਵੀ ਸਮੱਸਿਆ ਦਾ ਕੋਈ ਵੀ ਹੱਲ ਨਹੀਂ ਹੈ ਅਤੇ ਸਮੱਸਿਆਵਾਂ ਦੇ ਹੱਲ ਲਈ ਲੋਕਤੰਤਰਿਕ ਅਤੇ ਸ਼ਾਂਤਮਈ ਸੰਘਰਸ਼ ਜ਼ਰੂਰੀ ਹਨ। ਬੌਧਿਕ ਪ੍ਰਦੂਸ਼ਣ ਫੈਲਾਉਣ ਵਾਲਿਆਂ ਲਈ ਇਹ ਸਮਝ ਲੈਣਾ ਬਹੁਤ ਹੀ ਜ਼ਰੂਰੀ ਹੈ ਕਿ ਕਿਰਤੀਆਂ ਦੀ ਭਲਾਈ ਅਤੇ ਮੁਲਕ ਦੇ ਵਿਕਾਸ ਲਈ ਵਿਕਾਊ ਤੇਜ਼ ਦਿਮਾਗ਼ ਵਿਅਕਤੀਆਂ ਦੀ ਜਗਾ ਰੌਸ਼ਨ ਦਿਮਾਗ਼ ਵਿਅਕਤੀਆਂ ਦੀ ਲੋੜ ਹੈ। ਰੌਸ਼ਨ ਦਿਮਾਗ਼ ਵਿਅਕਤੀ ਉਹ ਹੁੰਦੇ ਹਨ ਜੋ ਆਮ ਲੋਕਾਂ ਨਾਲੋਂ ਉਨਾਂ ਦੀ ਸਮੱਸਿਆਵਾਂ ਨੂੰ ਵਧੀਆ ਤਰੀਕੇ ਨਾਲ ਸਮਝਦੇ ਅਤੇ ਉਨਾਂ ਦਾ ਹੱਲ ਕਰਨ ਲਈ ਤਤਪਰ ਰਹਿੰਦੇ ਹਨ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਸਮਾਜ ਅਤੇ ਸਰਕਾਰ ਦੇ ਜਾਗਣ ਦਾ ਵੇਲਾ ਹੈ, ਇਸ ਵਿਚ ਕੀਤੀ ਗਈ ਦੇਰੀ ਗੰਭੀਰ ਸਮੱਸਿਆ ਪੈਦਾ ਕਰੇਗੀ।

**- ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**




# ਪਾਠਕਾਂ ਦਾ ਨਜ਼ਰੀਆ

## ਨਕਲੀ ਸ਼ਰਾਬ ਜਾਂ ਦੂਸਰੀ ਸ਼ਰਾਬ , ਦੋਵਾਂ ਦੀ ਵਰਤੋਂ ਹਾਨੀਕਾਰਕ

ਭਾਰਤ ਦੇ ਕਈ ਪ੍ਰਾਂਤਾਂ ਵਿਚ ਸਮੇਂ ਸਮੇਂ ਸ਼ਰਾਬਬੰਦੀ ਕੀਤੀ ਗਈ, ਕਈਆਂ ਵਿਚ ਹੁਣ ਵੀ ਚੱਲ ਰਹੀ ਹੈ, ਫਿਰ ਵੀ ਨਕਲੀ ਅਤੇ ਗ਼ੈਰਕਾਨੂੰਨੀ ਸ਼ਰਾਬ ਦੀ ਵਿਕਰੀ ਦੀਆਂ ਰਿਪੋਰਟਾਂ ਆਉਂਦੀਆਂ ਰਹਿੰਦੀਆਂ ਹਨ। ਇਕ ਪ੍ਰਾਂਤ ਤੋਂ ਦੂਸਰੇ ਪ੍ਰਾਂਤ ਵਿਚ ਸ਼ਰਾਬ ਦੀ ਸਮਗਲਿੰਗ ਹੋਣ ਦੀਆਂ ਖ਼ਬਰਾਂ ਵੀ ਆਉਂਦੀਆਂ ਹਨ।

ਕੁਝ ਸਮਾਂ ਪਹਿਲਾਂ ਹਰਿਆਣਾ ਵਿਚ ਸ਼ਰਾਬ ਦੀ ਪੂਰਨ ਮਨਾਹੀ ਕਰ ਦਿੱਤੀ ਗਈ ਸੀ, ਪਰ ਬਹੁਤ ਸਾਰੇ ਉਹ ਕੇਸ ਸਾਹਮਣੇ ਆਏ ਕਿ ਪੰਜਾਬ ਤੋਂ ਸ਼ਰਾਬ ਲਿਜਾ ਕੇ ਹਰਿਆਣੇ ਵਿਚ ਵਿਕਦੀ ਰਹੀ।

ਇਹ ਰਿਪੋਰਟਾਂ ਵੀ ਹਨ ਕਿ ਜੇ ਇਕ ਪ੍ਰਾਂਤ ਜਾਂ ਕੇਂਦਰੀ ਸ਼ਾਸਤ ਪ੍ਰਦੇਸ਼ ਵਿਚ ਸ਼ਰਾਬ ਸਸਤੀ ਹੈ ਤਾਂ ਉੱਥੋਂ ਖਰੀਦ ਕੇ ਦੂਸਰੇ ਪ੍ਰਾਂਤਾਂ ਵਿਚ ਉਸ ਦੀ ਗ਼ੈਰਕਾਨੂੰਨੀ ਵਿਕਰੀ ਕੀਤੀ ਜਾਂਦੀ ਹੈ।

ਸ਼ਰਾਬ ਦੀ ਵਿਕਰੀ ਸਬੰਧੀ ਕੌਮਾਂਤਰੀ ਤਜਰਬੇ ਅਤੇ ਜ਼ਮੀਨੀ ਹਕੀਕਤਾਂ ਨੂੰ ਜ਼ਰੂਰ ਸਾਹਮਣੇ ਰੱਖਣਾ ਚਾਹੀਦਾ ਹੈ। ਦੁਨੀਆਂ ਭਰ ਵਿਚ ਸ਼ਰਾਬ ਨੂੰ ਨਿਯਮਤ ਕਰ ਕੇ ਸਰਕਾਰੀ ਨਿਗਰਾਨੀ ਅਧੀਨ ਵੇਚਿਆ ਜਾਂਦਾ ਹੈ।

ਟੈਕਸਾਂ ਦੀ ਦਰ ਵਿਕਸਤ ਦੇਸ਼ਾਂ ਵਿਚ ਘੱਟ ਹੈ, ਸ਼ਾਇਦ ਉਨਾਂ ਕੋਲ ਆਮਦਨ ਦੇ ਹੋਰ ਸਾਧਨ ਕਾਫ਼ੀ ਹਨ, ਉੱਥੇ ਸ਼ਰਾਬ ਸਸਤੀ ਹੋਣ ਕਰਕੇ ਨਕਲੀ ਸ਼ਰਾਬ ਅਤੇ ਇਸ ਤਰਾਂ ਦੇ ਹਾਦਸੇ ਬਹੁਤ ਘੱਟ ਹਨ। ਇੱਥੋਂ ਤੱਕ ਕਿ ਕੁਦਰਤੀ ਪਦਾਰਥਾਂ ਦੇ ਆਧਾਰ ਤੇ ਕਈ ਦੇਸ਼ਾਂ ਵਿਚ ਘਰਾਂ ਵਿਚ ਵੀ ਸ਼ਰਾਬ ਬਣਾਉਣ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਹੈ।

ਜੇ ਉਨਾਂ ਨਕਲੀ ਸ਼ਰਾਬ ਪੀਣ ਵਾਲਿਆਂ ਦੇ ਸਮਾਜਿਕ ਅਤੇ ਆਰਥਿਕ ਪਿਛੋਕੜ ਨੂੰ ਵੇਖਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਨਾਂ ਵਿਚੋਂ ਜ਼ਿਆਦਾਤਰ ਦਿਹਾੜੀਦਾਰ ਕਿਰਤੀ ਜਾਂ ਗ਼ਰੀਬ ਵਰਗ ਦੇ ਲੋਕ ਹਨ, ਜਿਹੜੇ ਉਸ ਦੇ ਤੁਸ਼ਟੀਗੁਣ ਨੂੰ ਪ੍ਰਾਪਤ ਕਰਨ ਲਈ ਸ਼ਰਾਬ ਨੂੰ ਖਰੀਦਦੇ ਹਨ, ਜਿਹੜੇ ਆਪਣੀ ਪਹੁੰਚ ਅਨੁਸਾਰ ਮਹਿੰਗੀ ਸ਼ਰਾਬ ਖਰੀਦਣ ਦੀ ਸ਼ਕਤੀ ਨਹੀਂ ਰੱਖਦੇ ਹਨ। ਨਕਲੀ ਸ਼ਰਾਬ ਦੀ ਵਿਕਰੀ ਹੋਵੇ ਜਾਂ ਦੂਸਰੀ ਸ਼ਰਾਬ ਦੀ, ਦੋਵਾਂ ਦੀ ਵਰਤੋਂ ਹਾਨੀਕਾਰਕ ਹੈ ਜਿਸ ਤਰਾਂ ਹੋਰ ਨਸ਼ਿਆਂ ਦੀ ਵਰਤੋਂ ਹਾਨੀਕਾਰਕ ਹੈ ਪਰ ਤੁਲਨਾਤਮਿਕ ਨੁਕਸਾਨ ਨੂੰ ਘਟਾਉਣ ਲਈ ਇਹੋ ਜਿਹੀ ਸਥਿਤੀ ਜ਼ਰੂਰੀ ਬਣਾਉਣੀ ਚਾਹੀਦੀ ਹੈ ਜਿਸ ਨਾਲ ਨਕਲੀ ਸ਼ਰਾਬ ਵਰਤਣ ਦੀ ਲੋੜ ਨਾ ਰਹੇ।

ਇਸ ਦੇ ਨਾਲ ਹੀ ਉਹ ਢੰਗ ਅਪਣਾਏ ਜਾਣ ਜਿਸ ਨਾਲ ਇਸ ਹਾਨੀਕਾਰਕ ਸ਼ਰਾਬ ਦੀ ਵਿਕਰੀ ਸੰਭਵ ਹੀ ਨਾ ਹੋਵੇ।

ਉਨਾਂ ਤਰੀਕਿਆਂ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ, ਜਿਸ ਨਾਲ ਉਹੋ ਜਿਹਾ ਵਾਤਾਵਰਨ ਬਣੇ ਕਿ ਸ਼ਰਾਬ ਨਾ ਪੀਣ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਜਾਵੇ ਪਰ ਤੁਲਨਾਤਮਿਕ ਨੁਕਸਾਨ ਨੂੰ ਘਟਾਉਣ ਦੀ ਖਾਤਰ ਕੌਮਾਂਤਰੀ ਪੱਧਰ ਦੇ ਇਸ ਮਾਡਲ ਨੂੰ ਵੀ ਸਾਹਮਣੇ ਰੱਖਿਆ ਜਾਵੇ।

**ਡਾ. ਸਸ ਛੀਨਾ**

## ਸਿਆਸਤਦਾਨਾਂ ਦੇ ਲਾਲਚਾਂ ਦਾ ਸ਼ਿਕਾਰ ਹੋ ਰਹੇ ਨੌਜਵਾਨ

ਗੁਰੂਆਂ-ਪੀਰਾਂ ਦੀ ਇਸ ਮੁਕੱਦਸ ਧਰਤੀ ਉਪਰ ਅੱਜ 48 ਕਿਸਮਾਂ ਦਾ ਨਸ਼ਾ ਵਿਕ ਰਿਹਾ ਦੱਸਿਆ ਜਾਂਦਾ ਹੈ। ਇਸ ਗੱਲ ਕਿਸੇ ਤੋਂ ਲੁਕੀ ਨਹੀਂ ਕਿ ਹਾਕਮਾਂ ਦੀ ਸ਼ਹਿ ਤੋਂ ਬਿਨਾਂ ਅਜਿਹਾ ਨਹੀਂ ਹੋ ਸਕਦਾ। ਲੌਕਡਾਊਨ ਵਿਚ ਸਰਕਾਰਾਂ ਸਾਰਾ ਕੁਝ ਬੰਦ ਕਰ ਸਕਦੀਆਂ ਹਨ, ਤਾਂ ਨਸ਼ਾ ਕਿੰਨੀ ਕੁ ਵੱਡੀ ਗੱਲ ਹੈ। ਪੰਜਾਬ ਵਿਚ ਜ਼ਹਿਰੀਲੀ ਸ਼ਰਾਬ ਕਰਕੇ ਕਈ ਮਾਵਾਂ ਦੇ ਪੁੱਤਾਂ ਨੇ ਆਪਣੀ ਜਾਨ ਗਵਾ ਦਿੱਤੀ। ਇਸ ਲਈ ਜ਼ਿੰਮੇਵਾਰ ਕੌਣ ਹੈ, ਇਹ ਦੱਸਣ ਦੀ ਜ਼ਰੂਰਤ ਨਹੀਂ। ਸਿਆਸਤਦਾਨ ਗੁੰਮਰਾਹ ਕਰਦੇ ਨੇ ਨੌਜਵਾਨਾਂ ਨੂੰ ਤੇ ਆਪਣੇ ਲਾਲਚਾਂ ਦੀ ਪੂਰਤੀ ਲਈ ਅਤੇ ਵੋਟਾਂ ਵਿਚ ਜਿੱਤ ਹਾਸਲ ਕਰਨ ਵਾਸਤੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚ ਧਕੇਲ ਦਿੰਦੇ ਹਨ। ਅੱਜ ਲੋੜ ਹੈ ਆਪਣੇ ਗੌਰਵਮਈ ਇਤਿਹਾਸ ਤੋਂ ਸਿੱਖਿਆ ਲੈ ਕੇ ਨਸ਼ੇ ਦੀ ਦਲਦਲ ਤੋਂ ਬਚੀਏ ਅਤੇ ਸਿਆਸਤਦਾਨਾਂ ਤੋਂ ਸੁਚੇਤ ਰਹੀਏ।

**ਸਿਮਰਜੋਤ ਸਿੰਘ,**
**ਬਹਾਦਰਗੜ੍ਹ, ਪਟਿਆਲਾ**

## ਸਰਕਾਰ ਤੇ ਸਿਆਸੀ ਜਮਾਤ ਰਿਪੇਰੀਅਨ ਸਟੈਂਡ ਲੈਣ ਤੋਂ ਝਿਜਕ ਰਹੀਆਂ ਹਨ

ਪੰਜਾਬ ਦੇ ਪਾਣੀਆਂ ਦੀ ਵੰਡ ਅਤੇ ਦੱਖਣੀ ਭਾਰਤ ਦੇ ਸੂਬਿਆਂ ਵਿਚ ਹੋਈ ਪਾਣੀ ਦੀ ਵੰਡ ਦਾ ਸਿੱਧਾ ਫ਼ਰਕ ਇਹ ਹੈ ਕਿ ਜਿਵੇਂ ਦੱਖਣੀ ਰਿਪੇਰੀਅਨ ਰਾਜਾਂ ਦੇ ਪਾਣੀ ਦੀ ਵੰਡ ਲਈ ਟ੍ਰਿਬਿਊਨਲ ਬਣਾਏ ਗਏ, ਉਸ ਤਰਾਂ ਦਾ ਟ੍ਰਿਬਿਊਨਲ ਪੰਜਾਬ ਦੇ ਪਾਣੀਆਂ ਦੀ ਵੰਡ ਲਈ ਨਹੀਂ ਬਣਾਇਆ ਗਿਆ, ਕਿਉਂਕਿ ਰਾਜਸਥਾਨ ਅਤੇ ਹਰਿਆਣਾ ਰਿਪੇਰੀਅਨ ਰਾਜ ਨਹੀਂ ਸਨ। ਪੰਜਾਬ ਦੇ ਪਾਣੀਆਂ ਦੀ ਵੰਡ ਵਾਲੇ ਟ੍ਰਿਬਿਊਨਲ ਦਾ ਆਧਾਰ 24 ਜੁਲਾਈ 1985 ਨੂੰ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਨੇ ਤਿਆਰ ਕੀਤਾ। ਇਹ ਪੰਜਾਬ ਵੱਲੋਂ ਸੰਵਿਧਾਨਕ ਅਤੇ ਕਾਨੂੰਨੀ ਸਟੈਂਡ ਤੋਂ ਪਿੱਛੇ ਹਟਣ ਦੇ ਬਰਾਬਰ ਸੀ। ਕੇਂਦਰ ਵੱਲੋਂ ਕੀਤੇ ਧੱਕਿਆਂ ਤੋਂ ਇਲਾਵਾ ਪੰਜਾਬ ਦੀਆਂ ਪਾਰਟੀਆਂ ਦੇ ਸਟੈਂਡ ਵੀ ਪ੍ਰਤੀਬੱਧ ਅਤੇ ਸਪੱਸ਼ਟ ਨਹੀਂ ਰਹੇ। ਕਾਂਗਰਸ ਪਾਰਟੀ ਦੇ ਕੇਂਦਰੀ ਸੱਤਾ ਵਿਚ ਲੰਮਾ ਸਮਾਂ ਰਹਿਣ ਕਰ ਕੇ ਉਹ ਤਾਂ ਪਾਣੀਆਂ ਬਾਰੇ ਇਨਸਾਫ਼ ਨਾ ਕਰਨ ਲਈ ਜ਼ਿੰਮੇਵਾਰ ਪਹਿਲਾਂ ਹੀ ਹੈ। ਅਕਾਲੀ ਦਲ ਨੇ ਭਾਵੇਂ ਪੰਜਾਬੀ ਸੂਬੇ ਅਤੇ ਪੰਜਾਬ ਦੇ ਪਾਣੀਆਂ ਲਈ ਵੱਡੇ ਅੰਦੋਲਨ ਲੜੇ ਪਰ ਇਸ ਦੇ ਆਗੂਆਂ ਦੇ ਤਿਲਕਵੇਂ ਪੈਂਤੜੇ ਪੰਜਾਬ ਦਾ ਪੱਖ ਕਮਜ਼ੋਰ ਕਰਦੇ ਰਹੇ। ਐੱਸਵਾਈਐੱਲ ਦੀ ਖੁਦਾਈ ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਮੰਨੀ ਗਈ। ਇਸ ਦੇ ਲਈ ਜ਼ਮੀਨ ਅਤੇ ਖੁਦਾਈ ਦਾ ਬਹੁਤਾ ਹਿੱਸਾ ਸੁਰਜੀਤ ਸਿੰਘ ਬਰਨਾਲਾ ਦੀ 1985 ਵਿਚ ਲਾਗੂ ਹੋਇਆ। ਖਾੜਕੂਵਾਦ ਕਾਰਨ ਚੀਫ਼ ਇੰਜੀਨੀਅਰ ਅਤੇ ਹੋਰ ਕਈਆਂ ਦੇ ਮਾਰੇ ਜਾਣ ਨਾਲ ਐੱਸਵਾਈਐੱਲ ਦੀ ਖੁਦਾਈ ਦਾ ਮੁੱਦਾ ਠੱਪ ਹੋ ਗਿਆ। ਇਸ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਦੋ ਕਰੋੜ ਰੁਪਏ ਹਰਿਆਣਾ ਤੋਂ ਲਏ ਗਏ। ਇਹ ਤੱਥ ਗ਼ੌਰ ਕਰਨਯੋਗ ਹੈ ਕਿ ਤਤਕਾਲੀ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਮਾਰਚ 1978 ਨੂੰ ਹਰਿਆਣਾ ਵਿਧਾਨ ਸਭਾ ਵਿਚ ਕਿਹਾ ਸੀ ਕਿ ਐੱਸਵਾਈਐੱਲ ਦੇ ਉਦਘਾਟਨ ਲਈ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨਗੀ ਕਰਨੀ ਮੰਨ ਲਈ ਸੀ ਪਰ ਸਮਾਗਮ ਹਰਿਆਣਾ ਦੀ ਵਿਧਾਨ ਸਭਾ ਦੇ ਸੈਸ਼ਨ ਕਰ ਕੇ ਟਾਲ ਦਿੱਤਾ ਗਿਆ ਸੀ।

ਐੱਸਵਾਈਐੱਲ ਕੱਢਣ ਵੇਲੇ ਆਏ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਜਵਾਬ ਵਿਚ ਕੈਪਟਨ ਸਰਕਾਰ ਨੇ 12 ਜੁਲਾਈ 2004 ਨੂੰ ਜਲ ਸਮਝੌਤੇ ਰੱਦ ਕਰਨ ਦਾ ਮਤਾ ਸਰਬਸੰਮਤੀ ਨਾਲ ਪਾਸ ਕਰਵਾ ਲਿਆ। ਇਸ ਵਿਚ ਵੀ ਧਾਰਾ 5 ਸੂਬੇ ਦੇ ਸੰਵਿਧਾਨਕ ਹੱਕ ਨੂੰ ਕਮਜ਼ੋਰ ਕਰ ਦਿੱਤੀ ਹੈ। ਇਸ ਮੁਤਾਬਿਕ ਜਿੰਨਾ ਪਾਣੀ ਕਿਸੇ ਰਾਜ ਨੂੰ ਜਾਂਦਾ ਹੈ, ਉਹ ਜਾਂਦਾ ਰਹੇਗਾ। ਅਕਾਲੀ ਦਲ ਨੇ ਆਪਣੇ 2007 ਦੇ ਚੋਣ ਮਨੋਰਥ ਪੱਤਰ ਵਿਚ ਧਾਰਾ 5 ਹਟਾਉਣ ਦਾ ਵਾਅਦਾ ਕੀਤਾ ਸੀ ਜਿਸ ਉੱਤੇ ਅਮਲ ਕਰਨ ਦੀ ਹਿੰਮਤ ਨਹੀਂ ਹੋਈ। 2016 ਵਿਚ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਨੇ ਜ਼ਮੀਨ ਮੂਲ ਮਾਲਕਾਂ ਨੂੰ ਵਾਪਸ ਕਰਨ ਦਾ ਫ਼ੈਸਲਾ ਕਰ ਦਿੱਤਾ।

ਕੇਂਦਰ ਵੱਲੋਂ 1955 ਵਿਚ 1921-45 ਦੀ ਫਲੋਅ ਸੀਰੀਜ਼ ਦੇ ਮੁਕਾਬਲੇ 1921-60 ਦੀਆਂ ਫਲੋਅ ਸੀਰੀਜ਼ ਨੂੰ ਆਧਾਰ ਬਣਾ ਕੇ ਕੁਲ ਪਾਣੀ 15.85 ਤੋਂ ਵਧਾ ਕੇ 17.17 ਐੱਮਏਐੱਫ ਦਿਖਾਉਂਦਿਆਂ ਪੰਜਾਬ ਨੂੰ 4.20, ਹਰਿਆਣਾ 3.5, ਰਾਜਸਥਾਨ 8.60, ਦਿੱਲੀ 0.20 ਅਤੇ ਜੰਮੂ ਤੇ ਕਸ਼ਮੀਰ ਨੂੰ 0.65 ਐੱਮਏਐੱਫ ਵੰਡ ਦਿੱਤਾ ਸੀ। ਪੰਜਾਬ ਦਾ ਦਾਅਵਾ ਹੈ ਕਿ 2002 ਤੇ 2013 ਦੀ ਵਾਟਰ ਫਲੋਅ ਸੀਰੀਜ਼ ਅਨੁਸਾਰ ਰਾਵੀ-ਬਿਆਸ ਦਾ ਕੁਲ ਪਾਣੀ-13.38 ਐੱਮਏਐੱਫ਼ ਰਹਿ ਗਿਆ ਹੈ, ਇਸ ਲਈ ਹੁਣ ਵਾਟਰ ਫਲੋਅ ਸੀਰੀਜ਼ ਦੀ ਪੈਮਾਇਸ਼ ਮੁੜ ਤੋਂ ਕੀਤੀ ਜਾਵੇ। ਪੰਜਾਬ ਦੇ 138 ਵਿਚੋਂ 109 ਬਲਾਕਾਂ ਵਿਚ ਜ਼ਮੀਨੀ ਪਾਣੀ ਦੀ ਹਾਲਤ ਬਹੁਤ ਗੰਭੀਰ ਹੈ। ਇਹ ਠੀਕ ਹੈ ਕਿ ਦਰਿਆਵਾਂ ਵਿਚਲਾ ਪਾਣੀ ਮਿਣਨਾ ਜ਼ਰੂਰੀ ਹੈ ਪਰ ਅਸਲ ਮੁੱਦਾ ਪਾਣੀਆਂ ਦੀ ਮਾਲਕੀ ਦਾ ਹੈ ਅਤੇ ਪਾਣੀਆਂ ਨੂੰ ਵੰਡਣ ਦੇ ਕਿਸੇ ਵੀ ਸਿਧਾਂਤ ਅਨੁਸਾਰ ਇਨਾਂ ਪਾਣੀਆਂ ਉੱਤੇ ਮੂਲ ਹੱਕ ਪੰਜਾਬ ਦਾ ਹੈ ਅਤੇ ਪਾਣੀਆਂ ਦਾ ਵੱਡਾ ਹਿੱਸਾ ਵੀ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਸਰਕਾਰ ਅਤੇ ਸਿਆਸੀ ਜਮਾਤ ਇਹ ਸਟੈਂਡ ਲੈਣ ਤੋਂ ਝਿਜਕ ਰਹੀਆਂ ਹਨ। .

**ਹਮੀਰ ਸਿੰਘ**

## ਦਰਿਆਈ ਪਾਣੀਆਂ ਦੀ ਵੰਡ ਬਾਰੇ ਕੇਂਦਰ ਸਰਕਾਰ ਦੀ ਨੀਅਤ ਪੰਜਾਬ ਖਿਲਾਫ ਭੁਗਤਦੀ ਰਹੀ

ਪੰਜਾਬ-ਹਰਿਆਣੇ ਵਿਚ ਦਰਿਆਈ ਪਾਣੀਆਂ ਦੇ ਵੰਡ ਦੇ ਮਸਲੇ ਦੀ ਜੜ ਪੰਜਾਬ ਰੀਆਰਗੇਨਾਈਜੇਸ਼ਨ ਐਕਟ ਦੇ ਸੈਕਸ਼ਨ 78 ਵਿਚ ਪਈ ਹੈ। ਇਸ ਐਕਟ ਦਾ ਸੈਕਸ਼ਨ 79 ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਗਠਨ ਬਾਰੇ ਹੈ ਜਦੋਂ ਕਿ ਸੈਕਸ਼ਨ 80 ਬਿਆਸ ਪ੍ਰਾਜੈਕਟ ਬਾਰੇ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਕਿ 78, 79 ਅਤੇ 80 ਸੈਕਸ਼ਨਾਂ ਵਿਚ ਰਾਵੀ ਦਰਿਆ ਬਾਰੇ ਕੋਈ ਜ਼ਿਕਰ ਨਹੀਂ ਹੈ। ਇਸ ਕਰ ਕੇ ਇਸ ਇਸ ਮਸਲੇ ਨੂੰ ਗੰਧਲਾ ਕਰਨ ਵਿਚ ਬੀਪੀ ਪਟੇਲ ਕਮੇਟੀ ਦਾ ਸ਼ੁਰੂਆਤੀ ਰੋਲ ਹੈ। ਇਸ ਕਮੇਟੀ ਨੇ ਰਾਵੀ-ਬਿਆਸ ਦੇ 7.2 ਮਿਲੀਅਨ ਏਕੜ ਫੁੱਟ ਵਾਧੂ ਪਾਣੀ ਵਿਚੋਂ 3.04 ਮਿਲੀਅਨ ਏਕੜ ਫੁੱਟ ਪਾਣੀ ਹਰਿਆਣੇ ਨੂੰ ਦੇਣ ਦੀ ਸਿਫਾਰਸ਼ ਕੀਤੀ। ਇਹ ਗਲਤੀ ਲਗਾਤਾਰ ਕੇਂਦਰ ਸਰਕਾਰ ਦੀਆਂ ਬਣਾਈਆਂ ਕਮੇਟੀਆਂ ਨੇ ਕੀਤੀ। ਇਹ ਹਨ: (9) ਪਟੇਲ ਕਮੇਟੀ 1970, (99) ਯੋਜਨਾ ਕਮਿਸ਼ਨ ਕਮੇਟੀ 1973, (999) ਮੂਰਤੀ ਕਮਿਸ਼ਨ 1975, (9ↄ) ਪ੍ਰਧਾਨ ਮੰਤਰੀ ਅਵਾਰਡ 1976, (ↄ) ਕੇਂਦਰੀ ਸਰਕਾਰ ਦਾ 1982 ਵਿਚ ਸਤਲੁਜ-ਯਮੁਨਾ ਨਹਿਰ ਬਣਾਉਣ ਦਾ ਫੈਸਲਾ। ਇਹੋ ਗਲਤੀ 1985 ਦੇ ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਵੀ ਨਜ਼ਰ ਆਉਂਦੀ ਹੈ। ਇਸ ਤਰਾਂ ਲਗਦਾ ਹੈ ਕਿ ਇਹ ਗਲਤੀ ਜਾਣ ਬੁੱਝ ਕੇ ਕੀਤੀ ਜਾਂਦੀ ਹੈ। ਇਸ ਨਾਲ ਕੇਂਦਰ ਸਰਕਾਰ ਦੀ ਨੀਅਤ ਨਿਰਪੱਖ ਨਜ਼ਰ ਨਹੀਂ ਆਉਂਦੀ। ਇਹ ਨੀਅਤ ਪੰਜਾਬ ਦੇ ਖਿਲਾਫ ਅਤੇ ਹਰਿਆਣੇ ਦੇ ਪੱਖ ਵਿਚ ਭੁਗਤਦੀ ਨਜ਼ਰ ਆਉਂਦੀ ਹੈ।

ਕੇਂਦਰ ਸਰਕਾਰ ਦੀ ਨੀਅਤ ਅਤੇ ਭਾਵਨਾ ਪੰਜਾਬ ਖਿਲਾਫ ਭੁਗਤਦੀ ਰਹੀ ਹੈ ਅਤੇ ਵੰਡਣਯੋਗ ਪਾਣੀ ਦੇ ਗਲਤ ਅੰਦਾਜ਼ੇ ਪੇਸ਼ ਕਰ ਕੇ ਪੰਜਾਬ ਦੇ ਹਿੱਸੇ ਨੂੰ ਘਟਾ ਕੇ ਅਤੇ ਹਰਿਆਣੇ ਦੇ ਹਿਸੇ ਨੂੰ ਵਧਾ ਕੇ ਪੇਸ਼ ਕਰਨ ਦੀ ਪ੍ਰਵਿਰਤੀ ਭਾਰੂ ਰਹੀ ਹੈ। ਦੂਜੇ ਪਾਸੇ, ਇਸ ਪਾਣੀ ਨੂੰ ਹਰਿਆਣਾ ਵਿਚ ਲਿਜਾਣ ਦੀ ਕਾਹਲ 1982 ਤੋਂ ਲਗਾਤਾਰ ਜਾਰੀ ਹੈ। ਇਸ ਵਾਸਤੇ ਸਤਲੁਜ-ਯਮਨਾ ਲਿੰਕ ਨਹਿਰ ਦਾ ਕੰਮ 11 ਅਪਰੈਲ 1982 ਨੂੰ ਸ਼ੁਰੂ ਕਰਵਾ ਦਿਤਾ ਗਿਆ। ਪੰਜਾਬ ਦੇ ਦਰਿਆਈ ਪਾਣੀਆਂ ਦੇ ਸਹੀ ਪੈਂਤੜੇ ਨੂੰ ਕਿਉਂਕਿ ਅਣਗੌਲਿਆ ਕੀਤਾ ਗਿਆ, ਇਸ ਕਰ ਕੇ ਇਹ ਨਹਿਰ ਅੱਜ ਤੱਕ ਨਹੀਂ ਬਣਾਈ ਜਾ ਸਕੀ। ਇਹ ਮਸਲਾ ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਵੀ ਨਜਿੱਠਿਆ ਨਾ ਹੋਣ ਕਾਰਨ ਇਸ ਦਾ ਕਾਰਜ ਦੁਬਾਰਾ 1985 ਵਿਚ ਸ਼ੁਰੂ ਕੀਤਾ ਗਿਆ ਪਰ ਇਸ ਕਰ ਕੇ ਪੰਜਾਬ ਵਿਚ ਹੋਈ ਹਿੰਸਾ ਕਾਰਨ ਬੰਦ ਹੋ ਗਿਆ। ਬਾਅਦ ਵਿਚ ਪੰਜਾਬ ਨੇ ਵਿਧਾਨ ਸਭਾ ਵਿਚੋਂ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ 2004 ਪਾਸ ਕਰ ਦਿਤਾ ਜਿਸ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ। ਇਸ ਤੋਂ ਪਹਿਲਾਂ 2016 ਵਿਚ ਇਸ ਨਹਿਰ ਹੇਠਾਂ ਆਈ ਜ਼ਮੀਨ ਨੂੰ ਮੁੜ ਕਿਸਾਨਾਂ ਨੂੰ ਵਾਪਿਸ ਕਰਨ ਉਪਰ ਵੀ ਸੁਪਰੀਮ ਕੋਰਟ ਨੇ ਫੌਰੀ ਰੋਕ ਲਗਾ ਦਿਤੀ ਸੀ।

ਜਿਥੇ ਕੇਂਦਰ ਸਰਕਾਰ ਦੇ ਪੱਖਪਾਤੀ ਰਵਈਏ ਅਤੇ ਪਾਣੀ ਬਾਰੇ ਲਗਾਤਾਰ ਗਲਤ ਅੰਦਾਜ਼ਿਆਂ ਨੇ ਇਸ ਮਸਲੇ ਨੂੰ ਜਟਿਲ ਬਣਾਇਆ ਹੈ, ਉਥੇ ਹਰਿਆਣਾ ਸਰਕਾਰ ਦੇ ਮੌਕਾਪ੍ਰਸਤ ਵਿਹਾਰ ਅਤੇ ਸਤਲੁਜ-ਯਮੁਨਾ ਨਹਿਰ ਨੂੰ ਬਣਾਉਣ ਦੀ ਜ਼ਿੱਦ ਨੇ ਉਸ ਨੂੰ ਹੋਰ ਪੇਚੀਦਾ ਬਣਾ ਦਿਤਾ ਹੈ। ਦੇਸ਼ ਦੀ ਮੌਜੂਦਾ ਕਾਨੂੰਨ ਪ੍ਰਣਾਲੀ ਵਿਚ ਰਿਪੇਰੀਅਨ ਕਾਨੂੰਨ ਨਾਮ ਦਾ ਕੋਈ ਕਾਨੂੰਨ ਨਹੀਂ ਹੈ। ਦੇਸ਼ਾਂ ਦੇ ਸੂਬਿਆਂ ਅਤੇ ਦੇਸ਼ਾਂ ਵਿਚਾਲੇ ਦਰਿਆਈ ਪਾਣੀਆਂ ਦੀ ਵੰਡ ਬਾਰੇ ਰਿਪੇਰੀਅਨ ਸਿਧਾਂਤ ਕਿਤਾਬਾਂ ਵਿਚ ਜ਼ਰੂਰ ਮਿਲਦੇ ਹਨ। ਭਾਰਤ ਵਿਚ ਕਈ ਹਾਈ ਕੋਰਟਾਂ ਨੇ ਵੀ ਸੂਬਿਆਂ ਵਿਚ ਪਾਣੀਆਂ ਦੀ ਵੰਡ ਉਪਰ ਕੇਸ ਸੁਣਦਿਆਂ ਕੁਝ ਰੈਫਰੈਂਸ ਮਿਲ ਜਾਂਦੇ ਹਨ ਪਰ ਦੇਸ਼ ਵਿਚ ਅਜੇ ਤਕ ਕੋਈ ਰਿਪੇਰੀਅਨ ਕਾਨੂੰਨ ਨਹੀਂ ਬਣਿਆ। ਪੰਜਾਬ ਰੀਆਰਗੇਨਾਈਜੇਸ਼ਨ ਐਕਟ 1966 ਪਾਰਲੀਮੈਂਟ ਦਾ ਪਾਸ ਕੀਤਾ ਹੋਇਆ ਹੈ ਅਤੇ ਉਸ ਦਾ ਸੈਕਸ਼ਨ 78 ਕੇਂਦਰ ਸਰਕਾਰ ਨੂੰ ਬਿਆਸ ਤੇ ਸਤਲੁਜ ਦੇ ਪਾਣੀਆਂ ਨੂੰ ਉਤਰ-ਅਧਿਕਾਰੀ ਸੂਬਿਆਂ ਵਿਚ ਪਾਣੀਆਂ ਦੀ ਵੰਡ ਵਿਚ ਦਖਲ ਦਾ ਅਧਿਕਾਰ ਦਿੰਦਾ ਹੈ। ਇਸ ਕਰ ਕੇ ਪੰਜਾਬ ਨੂੰ ਹਰਿਆਣਾ ਨਾਲ ਬਿਆਸ ਤੇ ਸਤਲੁਜ ਦਰਿਆਵਾਂ ਦੇ ਵਾਧੂ ਪਾਣੀ ਨੂੰ ਨਿਸ਼ਚਤ ਦਿਨ ਤੋਂ ਸਾਂਝਾ ਕਰਨਾ ਕਾਨੂੰਨੀ ਅਤੇ ਸੰਵਿਧਾਨਕ ਜ਼ਿੰਮੇਵਾਰੀ ਹੈ ਪਰ ਇਹ ਪੰਜਾਬ ਰੀਆਰਗੇਨਾਈਜੇਸ਼ਨ ਐਕਟ ਦੇ ਸੈਕਸ਼ਨ 78 ਤਕ ਹੀ ਹੈ, ਇਸ ਤੋਂ ਅੱਗੇ ਜਾਂ ਬਾਹਰ ਨਹੀਂ ਜਿਸ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਡਾ. ਸੁੱਚਾ ਸਿੰਘ ਗਿੱਲ**

## ਕੀ ਮਾਂ ਨੂੰ ਇਹੋ ਜਿਹੀ ਸਜ਼ਾ ਦੇਣਾ ਉਚਿਤ ਹੈ ?

ਮੈਂ ਆਪਣੀ ਜ਼ਿੰਦਗੀ ਵਿੱਚ ਇੱਕ ਵੇਲਾ ਇਹੋ ਜਿਹਾ ਵੇਖਿਆ ਕਿ ਚੰਡੀਗੜ੍ਹ ਸਾਡੇ ਘਰ ਦੇ ਸਾਹਮਣੇ ਇੱਕ ਫਲੈਟ ਵਿੱਚ ਬਹੁਤ ਵੱਡਾ ਆਫੀਸਰ ਰਹਿੰਦਾ ਸੀ। ਉਸ ਨੇ ਆਪਣੇ ਘਰ ਵਿੱਚ ਇੱਕ ਪਾਰਟੀ ਰੱਖੀ ਜਿਸ ਵਿੱਚ ਬਹੁਤ ਨਾਮੀ ਗਰਾਮੀ ਲੋਕਾਂ ਨੇ ਆਉਣਾ ਸੀ। ਮਾਂ ਪਿਉ ਦੀ ਬਦਕਿਸਮਤੀ ਕਿ ਉਸ ਦਿਨ ਉਹ ਵੀ ਇਹਨਾਂ ਦੇ ਕੋਲ ਇੱਥੇ ਅਮਰੀਕਾ ਤੋਂ ਆਏ ਹੋਏ ਸਨ। ਅਜੇ ਪਾਰਟੀ ਸ਼ੁਰੂ ਵੀ ਨਾ ਹੋਈ, ਕੋਈ ਵਿਰਲਾ ਵਾਂਝਾ ਹੀ ਮਹਿਮਾਨ ਅਜੇ ਆਇਆ ਹੋਣਾ ਏ। ਹਨੇਰਾ ਵੀ ਕਾਫੀ ਹੋ ਚੁੱਕਾ ਸੀ ਤੇ ਟਾਈਮ ਵੀ ਕੋਈ ਰਾਤ ਦੇ ਦਸ ਤੋਂ ਉੱਤੇ ਹੋ ਚੁੱਕਾ ਸੀ। ਬਜ਼ੁਰਗ ਮਾਂ ਪਿਉ ਨੇ ਰੋਟੀ ਖਾ ਕੇ ਦਵਾਈ ਖਾਣੀ ਸੀ ਸੌਣ ਤੋਂ ਪਹਿਲਾਂ। ਉਹਨਾਂ ਨੇ ਘਰ ਵਿੱਚ ਰਹਿੰਦੇ ਨੌਕਰ ਨੂੰ ਕਿਹਾ ਕਿ ਬੇਟਾ ਸਾਨੂੰ ਰੋਟੀ ਲਿਆ ਦੇ, ਅਸੀਂ ਤਾਂ ਖਾ ਕੇ ਅਰਾਮ ਕਰੀਏ। ਨੌਕਰ ਸਿੱਧਾ ਮੇਮ ਸਾਬ ਕੋਲ ਗਿਆ ਤੇ ਉਹਨਾਂ ਲਈ ਰੋਟੀ ਦੀ ਮੰਗ ਕੀਤੀ। ਮੇਮ ਸਾਬ ਅੱਗ ਬਬੂਲੀ ਹੋਈ ਕਹਿੰਦੀ ਉਹਨਾਂ ਨੂੰ ਹੁਣੇ ਹੀ ਭੋਖੜਾ ਲੱਗ ਗਿਆ ਏ। ਉਹਨਾਂ ਨੂੰ ਨਹੀਂ ਪਤਾ ਕਿ ਅੱਜ ਪਾਰਟੀ ਰੱਖੀ ਹੋਈ ਹੈ। ਨੌਕਰ ਚੁੱਪ ਕਰਕੇ ਵਾਪਸ ਚਲਾ ਗਿਆ। ਜਾ ਕੇ ਬਜ਼ੁਰਗਾਂ ਨੂੰ ਸਾਰੀ ਹਕੀਕਤ ਦੱਸ ਦਿੱਤੀ। ਬਾਅਦ ਵਿੱਚ ਕਿਸੇ ਨੂੰ ਉਹਨਾਂ ਦਾ ਚੇਤਾ ਹੀ ਨਹੀਂ ਰਿਹਾ। ਕਿਉਂਕਿ ਉਹ ਉਸ ਵਕਤ ਸਰਵੈਂਟ ਦੇ ਕਮਰੇ ਵਿੱਚ ਜਾ ਕੇ ਭੁੱਖਣ ਭਾਣੇ ਸੌਂ ਗਏ ਸਨ। ਉਹਨਾਂ ਨੇ ਕਿਵੇਂ ਰਾਤ ਲੰਘਾਈ ਹੋਵੇਗੀ, ਉਹ ਹੀ ਜਾਣਦੇ ਹਨ। ਅਗਲੇ ਦਿਨ ਬਿਨਾਂ ਕਿਸੇ ਨੂੰ ਮਿਲੇ ਉਹ ਚਲਦੇ ਬਣੇ। ਦਿਨ ਕਾਫੀ ਸਾਰਾ ਨਿੱਕਲ ਗਿਆ, ਕੁਝ ਰਾਤ ਦਾ ਥਕੇਵਾਂ ਸੀ, ਦਿਨ ਚੜੇ ਘਰ ਵਾਲਿਆਂ ਨੂੰ ਮਾਂ ਪਿਉ ਦੀ ਯਾਦ ਆਈ ਕਿ ਉਹ ਵੀ ਇੱਥੇ ਹਨ। ਜਦੋਂ ਉਹਨਾਂ ਬਾਰੇ ਨੌਕਰ ਤੋਂ ਪੁੱਛਿਆ ਤਾਂ ਉਹ ਕਹਿੰਦਾ, ਮੇਮ ਸਾਬ ਮੈਂ ਤਾਂ ਉਸ ਤੋਂ ਬਾਅਦ ਉਹਨਾਂ ਕੋਲ ਗਿਆ ਹੀ ਨਹੀਂ। ਜਦੋਂ ਕਮਰੇ ਵਿੱਚ ਜਾ ਕੇ ਵੇਖਿਆ ਤਾਂ ਉੱਥੇ ਕੋਈ ਵੀ ਨਹੀਂ ਸੀ। ਬੱਸ ਦੋ ਅੱਖਰ ਕਾਗਜ਼ ਤੇ ਜ਼ਰੂਰ ਲਿਖ ਕੇ ਛੱਡ ਗਏ ਸਨ ਕਿ ਅਸੀਂ ਇੱਥੋਂ ਪੱਕੇ ਜਾ ਰਹੇ ਹਾਂ। ਕਦੇ ਸਮਾਂ ਹੁੰਦਾ ਹੈ ਜਦੋਂ ਬਚੇ ਕਹਿੰਦੇ ਨੇ, ਮਾਂ ਮੇਰੀ ਏ, ਮਾਂ ਮੇਰੀ ਏ।' ਫਿਰ ਜਦੋਂ ਬੱਚੇ ਵੱਡੇ ਹੋ ਜਾਂਦੇ ਨੇ ਫਿਰ ਕਹਿੰਦੇ ਨੇ, ਮਾਂ ਤੇਰੀ ਏ, ਮਾਂ ਤੇਰੀ ਏ।'

ਕੱਲ ਦਿਹਾੜੇ ਦੀ ਗੱਲ ਨੇ ਮਨ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਕਿ 100 ਸਾਲ ਦੀ ਬਜ਼ੁਰਗ ਮਾਂ ਨੂੰ ਘੁਰਨੇ ਵਿੱਚ ਮਰਨ ਲਈ ਸੁੱਟ ਦਿੱਤਾ। ਉਹਨੂੰ ਘੁਰਨੇ ਵਿੱਚ ਪਈ ਨੂੰ ਜਦੋਂ ਕੀੜੇ ਵੱਢ ਰਹੇ ਹੋਣਗੇ ਤਾਂ ਕੀ ਮਨ ਵਿੱਚ ਕੀ ਸੋਚਦੀ ਹੋਵੇਗੀ ? ਕੀ ਮਾਂ ਬਣਨਾ ਗੁਨਾਹ ਹੈ ? ਕੀ ਮਾਂ ਨੂੰ ਇਹੋ ਜਿਹੀ ਸਜ਼ਾ ਦੇਣਾ ਉਚਿਤ ਹੈ ? ਕੀ ਕੱਲ ਨੂੰ ਸਾਰੀਆਂ ਜਗਤ ਦੀਆਂ ਮਾਵਾਂ ਨਾਲ ਇਹੋ ਜਿਹਾ ਹੀ ਵਰਤਾਵ ਹੋਵੇਗਾ ? ਬੜਾ ਗੰਭੀਰ ਵਿਸ਼ਾ ਹੈ। ਜਦੋਂ ਮੀਡੀਆ ਨੇ ਇਸਦਾ ਪ੍ਰਚਾਰ ਕੀਤਾ ਤਾਂ ਪੁੱਤਰ ਇਹ ਕਹਿਣ ਲੱਗ ਪਏ ਕਿ ਸਾਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਲਗਾ ਕਿ ਸਾਡੀ ਮਾਂ ਇਸ ਹਾਲਤ ਵਿੱਚ ਰਹਿ ਰਹੀ ਹੈ। ਇੱਕ ਕਹਿੰਦਾ ਹੈ ਕਿ ਮਾਂ ਦੂਜੇ ਕੋਲ ਰਹਿੰਦੀ ਸੀ, ਦੂਜਾ ਕਹਿੰਦਾ ਹੈ ਕਿ ਮਾਂ ਉਹਦੇ ਕੋਲ ਰਹਿੰਦੀ ਸੀ। ਵੇਖੋ ਯਾਰੋ ਕਿੱਡਾ ਵੱਡਾ ਕਲਯੁੱਗ ਆ ਗਿਆ ਏ। ਪੁੱਤਰ ਪੈਸੇ ਦੇ ਹੰਕਾਰ ਵਿੱਚ ਮਾਂ ਨੂੰ ਹੀ ਭੁੱਲ ਗਏ। ਬਾਕੀ ਸਾਰੀਆਂ ਗੱਲਾਂ ਛੱਡੋ, ਪੋਤਰੀ ਮਜੂਦਾ ਕਿਸੇ ਜ਼ਿਲੇ ਵਿੱਚ ਐੱਸ ਡੀ ਐੱਮ ਦੇ ਅਹੁਦੇ 'ਤੇ ਲੱਗੀ ਹੋਈ ਹੈ। ਉਸ ਨੂੰ ਵੀ ਦਾਦੀ ਦੀ ਯਾਦ ਨਹੀਂ ਆਈ। ਮਾਂ ਜਿਉਂਦੀ ਨੂੰ ਸਭ ਭੁੱਲ ਗਏ ਨੇ। ਜਿਹੜੇ ਮਾਂ ਨੂੰ ਹੀ ਭੁੱਲ ਗਏ ਨੇ, ਉਹ ਮਾਂ ਬੋਲੀ ਨੂੰ ਕਿਉਂ ਨਹੀਂ ਭੁੱਲਣਗੇ। ਜਿਹੜੇ ਮਾਂ ਬੋਲੀ ਭੁੱਲ ਗਏ, ਸਮਝੋ ਉਹ ਰੁਲ ਗਏ।

**ਜਸਵਿੰਦਰ ਸਿੰਘ ਭੁਲੇਰੀਆ**

## ਕਿੱਥੇ ਗਏ ਗੁਰੂ ਸਾਹਿਬ ਜੀ ਦੇ...

ਨੁਕਸਾਨੇ ਗੁਰੂ ਗ੍ਰੰਥ ਸਾਹਿਬ ਦੇ ਸਿਰਫ 14 ਸਰੂਪਾਂ ਦਾ ਜਿਕਰ ਕੀਤਾ ਸੀ ਤੇ ਜਦੋ 267 ਸਰੂਪਾਂ ਦਾ ਮਾਮਲਾ ਸਾਹਮਣੇ ਆਇਆ ਤਾਂ ਸ਼ਰੋਮਣੀ ਕਮੇਟੀ ਨੇ ਇਸ ਮਾਮਲੇ ਨੂੰ ਉਜਾਗਰ ਕਰਨ ਵਾਲਿਆਂ 'ਤੇ ਝੂਠ ਬੋਲਣ ਦੇ ਦੋਸ਼ ਲਾਏ ਸਨ, ਪਰ ਹੁਣ 267 ਤੋ ਵੀ ਅੱਗੇ ਗੱਲ 453 ਤੱਕ ਪੁੱਜ ਗਈ ਹੈ, ਜਿਸ ਦਾ ਸ਼ਰੋਮਣੀ ਕਮੇਟੀ ਪ੍ਰਧਾਨ ਪਾਸ ਕੋਈ ਜਵਾਬ ਨਹੀ ਅਤੇ ਨਾ ਹੀ ਇਸ ਸਬੰਧੀ ਜਥੇਦਾਰ ਸਾਹਿਬ ਨੇ ਮਾਮਲੇ ਦੀ ਤਹਿ ਤੱਕ ਜਾਣ ਦੀ ਕੋਈ ਹਾਮੀ ਭਰੀ ਹੈ।

ਹਾਲਾਂ ਕਿ ਜਸਟਿਸ ਅਜੀਤ ਸਿੰਘ ਬੈਂਸ ਕਮੇਟੀ ਦਾ ਕਹਿਣਾ ਹੈ ਕਿ ਇਹ ਸਰੂਪ 500 ਤੋਂ ਵੀ ਵਧੀਕ ਹਨ।

ਭੌਰ ਨੇ ਕਿਹਾ ਕਿਸੇ ਵੀ ਸੂਰਤ ਵਿੱਚ ਸਰੂਪ ਚੋਰੀ ਹੀ ਨਹੀ ਹੋ ਸਕਦੇ, ਕਿਉਕਿ ਕਿਸੇ ਵੀ ਗੁਰਦੁਆਰਾ ਸਾਹਿਬ ਜਾਂ ਕਿਸੇ ਸੰਸਥਾ ਨੂੰ ਸਰੂਪ ਦੇਣ ਵੇਲੇ ਬਹੁਤ ਲੰਮੀ ਕਾਰਵਾਈ ਤੋ ਬਾਅਦ ਸਰੂਪ ਦਿੱਤੇ ਜਾਂਦੇ ਹਨ। ਬਾਕਾਇਦਾ ਰਿਕਾਰਡ ਰੱਖਿਆ ਜਾਂਦਾ ਹੈ। ਉਹਨਾਂ ਕਿਹਾ ਕਿ ਦੋ ਹੀ ਸੰਭਾਵਨਾਵਾਂ ਹਨ ਜਾਂ ਤਾਂ ਇਸ ਸਾਰੇ ਸਿਸਟਮ ਨੂੰ ਬਾਈਪਾਸ ਕੀਤਾ ਗਿਆ ਹੈ, ਭਾਵ ਕਿਸੇ ਵੱਡੇ ਆਗੂ, ਪ੍ਰਧਾਨ ਜਾਂ ਜਥੇਦਾਰ ਸਾਹਿਬ ਦੇ ਕਹਿਣ 'ਤੇ ਸਿੱਧੇ ਹੀ ਸਰੂਪ ਦੇ ਦਿੱਤੇ ਗਏ ਹੋਣ, ਜਿਸ ਦਾ ਕੋਈ ਰਿਕਾਰਡ ਨਹੀ ਰੱਖਿਆ ਗਿਆ, ਨਹੀਂ ਤਾਂ ਹੋਰ ਕੋਈ ਚਾਨਸ ਹੀ ਨਹੀ ਬਣਦਾ ਸਰੂਪ ਗੁੰਮ ਹੋਣ ਦਾ। ਉਹਨਾਂ ਕਿਹਾ ਕਿ ਭਾਣਾ ਵਪਰਨ ਤੋ ਬਾਅਦ ਵੀ ਸ਼ਰੋਮਣੀ ਕਮੇਟੀ ਨੇ ਕੋਈ ਪੁਖਤਾ ਇੰਤਜਾਮ ਨਹੀ ਕੀਤੇ,ਜਿਸ ਨਾਲ ਭਵਿੱਖ ਚ ਅਜਿਹਾ ਕੁੱਝ ਨਾ ਵਾਪਰੇ। ਉਹਨਾਂ ਕਿਹਾ ਕਿ ਅਸੀ ਇਹ ਘਟਨਾ ਤੋ ਬਾਅਦ ਸ਼ਰੋਮਣੀ ਕਮੇਟੀ ਨੂੰ ਕੁੱਝ ਸੁਝਾਅ ਦਿੱਤੇ ਸਨ ਤਾਂ ਕਿ ਅਜਿਹੀ ਹਿਰਦੇਵੇਧਿਕ ਘਟਨਾ ਮੁੜ ਨਾ ਵਾਪਰ ਸਕੇ, ਪਰ ਅਫਸੋਸ ਕਿ ਸ਼ਰੋਮਣੀ ਕਮੇਟੀ ਦੇ ਪਰਬੰਧਕਾਂ ਨੇ ਸਾਡੇ ਇੱਕ ਵੀ ਸੁਝਾਅ 'ਤੇ ਅਮਲ ਕਰਨਾ ਮੁਨਾਸਿਬ ਨਹੀਂ ਸਮਝਿਆ। ਸਾਡੇ ਸੁਝਾਅ ਤਾਂ ਕੀ ਮੰਨੇ ਜਾਣੇ ਸਨ, ਬਲਕਿ ਸ਼ਰੋਮਣੀ ਕਮੇਟੀ ਜੋ ਕੈਮਰਿਆਂ ਦੀ ਰਿਕਾਰਡਿੰਗ ਨਾ ਹੋਣ ਦੀ ਗੱਲ ਕਰ ਰਹੀ ਹੈ, ਉਹ ਵੀ ਸਭ ਝੂਠ ਹੈ, ਜਦੋਂ ਕਿ ਉਥੇ ਅੱਜ ਤੱਕ ਵੀ ਕੈਮਰੇ ਲੱਗੇ ਹੀ ਨਹੀ ਹਨ।

ਇਸ ਤਰਾਂ ਹੀ ਅਕਾਲੀ ਦਲ (ਡ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅਸਲ ਦੋਸ਼ੀਆਂ ਨੂੰ ਬਚਾਇਆ ਜਾ ਰਿਹਾ ਹੈ ਤੇ ਨਾ ਹੀ ਸਰੂਪਾਂ ਦੇ ਗੁੰਮ ਹੋਣ ਸਬੰਧੀ ਕੁੱਝ ਦੱਸਿਆ ਹੀ ਜਾ ਰਿਹਾ ਹੈ, ਬਲਕਿ ਛੋਟੇ ਛੋਟੇ ਮੁਲਾਜਮਾਂ ਨੂੰ ਫਸਾ ਕੇ ਅਸਲ ਦੋਸ਼ੀਆਂ ਤੱਕ ਜਾਣ ਤੋ ਰਾਹ ਰੋਕ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਮੈਨੂੰ ਇਹ ਵੀ ਜਾਣਕਾਰੀ ਮਿਲੀ ਹੈ ਕਿ ਜਦੋ ਸਾਡੀ ਸਰਕਾਰ (ਅਕਾਲੀ ਭਾਜਪਾ) ਸੀ ਤਾਂ ਉਸ ਮੌਕੇ ਕਿਸੇ ਹੇਠਲੇ ਪੁਲਿਸ ਅਫਸਰ ਨੇ ਇਸ ਸਬੰਧੀ ਕੇਸ ਰਜਿਸਟਰ ਕਰਨ ਲਈ ਉੱਪਰ ਭੇਜਿਆ ਸੀ, ਪਰ ਉੱਪਰੋ ਕੇਸ ਬੰਦ ਕਰ ਦਿੱਤਾ ਗਿਆ, ਕਿਉਕਿ ਗ੍ਰਹਿ ਮੰਤਰੀ ਖੁਦ ਸੁਖਬੀਰ ਬਾਦਲ ਸਨ।

### ਜਸਟਿਸ ਬੈਂਸ ਕਮੇਟੀ ਦੀ ਰਿਪੋਰਟ

ਜਸਟਿਸ ਅਜੀਤ ਸਿੰਘ ਬੈਂਸ ਦੀ ਕਮੇਟੀ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗੁੰਮ ਹੋ ਜਾਣ ਦਾ ਮਾਮਲਾ ਉਠਾਇਆ ਸੀ, ਜਿਸ ਕਾਰਨ ਇਹ ਮਾਮਲਾ ਭਖਿਆ ਸੀ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿਚੋਂ 267 ਪਾਵਨ ਸਰੂਪ ਘੱਟ ਹੋਣ ਦਾ ਦੋਸ਼ ਲਾਉਂਦਿਆਂ ਸੰਸਥਾ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਚਿੰਨ ਲਾਇਆ ਸੀ। ਇਸ ਸਬੰਧ ਵਿਚ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਪੱਤਰ ਭੇਜ ਕੇ ਇਸ ਨੂੰ ਗੰਭੀਰ ਮਾਮਲਾ ਦੱਸਦਿਆਂ ਉਚ ਪੱਧਰੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਹੁਣ ਵੀ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਰਿਪੋਰਟ ਪੇਸ਼ ਹੋਣ ਤੋਂ ਬਾਅਦ ਜਸਟਿਸ ਬੈਂਸ ਨੇ ਅਸਹਿਮਤੀ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਇਸ ਦੀ ਜਾਂਚ ਹਾਈਕੋਰਟ ਦੇ ਜੱਜ ਵਲੋਂ ਹੋਣੀ ਚਾਹੀਦੀ ਹੈ। ਜੋ ਜਾਂਚ ਵਿਚ ਦੋਸ਼ੀ ਹਨ, ਉਨਾਂ 'ਤੇ ਮਾਮਲਾ ਦਰਜ ਕਰਕੇ ਅਸਲ ਦੋਸ਼ੀਆਂ ਬਾਰੇ ਜਾਣਕਾਰੀ ਪੁਲੀਸ ਨੂੰ ਹਾਸਲ ਕਰਨੀ ਪਵੇਗੀ। ਉਨਾਂ ਕਿਹਾ ਕਿ ਇਹ ਜਾਨਣਾ ਵੀ ਬੇਹੱਦ ਲਾਜਮੀ ਹੈ ਕਿ ਇਹ ਸਰੂਪ ਕਿੱਧਰ ਗਏ ਤੇ ਕਿਸ ਨੇ ਭੇਜੇ। ਇਹ ਸਾਰਾ ਕੁਝ ਜਨਤਕ ਹੋਣਾ ਹੀ ਇਸ ਮਸਲੇ ਦਾ ਸਹੀ ਹੱਲ ਹੋ ਸਕਦਾ ਹੈ। ਉਨਾਂ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸਹਿਮਤੀ ਨਾਲ ਸ਼ਰੋਮਣੀ ਕਮੇਟੀ ਪ੍ਰਧਾਨ ਵੱਲੋਂ ਜੋ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ, ਉਹ ਸੰਤੁਸਟੀਜਨਕ ਨਹੀ ਹੈ।

ਸੰਗਠਨ ਦੇ ਮੁੱਖ ਜਾਂਚਕਰਤਾ ਸਰਬਜੀਤ ਸਿੰਘ ਨੇ ਮੀਡੀਆ ਨੂੰ ਇਕ ਪੱਤਰ ਵੀ ਜਾਰੀ ਕੀਤਾ ਹੈ ਜੋ ਚਾਰਟਡ ਅਕਾਊਂਟੈਂਟ ਕੰਪਨੀ ਵਲੋਂ 11 ਜੁਲਾਈ 2018 ਨੂੰ ਪ੍ਰਧਾਨ ਲੌਂਗੋਵਾਲ ਨੂੰ ਭੇਜਿਆ ਗਿਆ ਸੀ। ਸੱਤ ਸਫਿਆਂ ਦੇ ਇਸ ਪੱਤਰ ਵਿਚ ਕਈ ਅਹਿਮ ਦਾਅਵੇ ਕੀਤੇ ਗਏ ਸਨ ਜਿਨਾਂ ਵਿਚ ਮੁਅੱਤਲ ਕੀਤੇ ਗਏ ਵਿੱਤ ਵਿਭਾਗ ਦੇ ਮੀਤ ਸਕੱਤਰ ਸਤਿੰਦਰ ਸਿੰਘ ਖਿਲਾਫ਼ ਗੰਭੀਰ ਦੋਸ਼ ਲਾਏ ਗਏ ਸਨ। ਸੰਸਥਾ ਦਾ ਆਡਿਟ ਕਰਦੀ ਸੀਏ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਵਿੱਤ ਵਿਭਾਗ ਨਾਲ ਸਬੰਧਿਤ ਇਸ ਮੀਤ ਸਕੱਤਰ ਵਲੋਂ ਆਡਿਟ ਲਈ ਲੋੜੀਂਦੇ ਦਸਤਾਵੇਜ਼ ਮੁਹੱਈਆ ਨਹੀਂ ਕੀਤੇ ਜਾਂਦੇ ਸਨ ਜਿਸ ਕਾਰਨ ਬੈਲੈਂਸ ਸ਼ੀਟ ਤਿਆਰ ਕਰਨ ਅਤੇ ਆਡਿਟ ਸਬੰਧੀ ਕੰਮ ਪ੍ਰਭਾਵਿਤ ਹੁੰਦਾ ਸੀ।

ਸੰਗਠਨ ਆਗੂ ਨੇ ਆਖਿਆ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੇ ਇਸੇ ਮੀਤ ਸਕੱਤਰ ਨੂੰ ਮੁਅੱਤਲ ਕੀਤਾ ਹੈ ਪਰ ਜਦੋਂ ਦੋ ਸਾਲ ਪਹਿਲਾਂ ਇਸ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ ਸੀ ਤਾਂ ਉਸ ਵੇਲੇ ਉਸ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ ਗਈ। ਜੇ ਕਾਰਵਾਈ ਕੀਤੀ ਹੁੰਦੀ ਤਾਂ ਇਹ ਦਿਨ ਨਾ ਦੇਖਣੇ ਪੈਂਦੇ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸਮੁੱਚੀ ਅੰਤ੍ਰਿੰਗ ਕਮੇਟੀ ਨੂੰ ਨੈਤਿਕ ਆਧਾਰ 'ਤੇ ਅਸਤੀਫ਼ਾ ਦੇਣਾ ਚਾਹੀਦਾ ਹੈ।

### ਕੀ ਕਹਿੰਦੀਆਂ ਹਨ ਪੰਥਕ ਜਥੇਬੰਦੀਆਂ

ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਮੁਲਾਜਮਾਂ 'ਤੇ ਕਾਰਵਾਈ ਕਰਕੇ ਅਸਲ ਸੱਚ ਨੂੰ ਦਬਾ ਦਿੱਤਾ ਗਿਆ ਹੈ, ਜਦੋ ਕਿ ਸਿੱਖ ਇਹ ਜਾਨਣਾ ਚਾਹੁੰਦੇ ਹਨ ਕਿ ਗੁਰੂ ਸਾਹਿਬ ਦੇ ਸਰੂਪ ਕਿੱਥੇ ਗਏ। ਉਹਨਾਂ ਗੁਰੂ ਸਾਹਿਬ ਦੇ ਸਰੂਪ ਕਥਿੱਤ ਸਿੱਖ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਜਾਣ ਦਾ ਖਦਸ਼ਾ ਵੀ ਪ੍ਰਗਟ ਕੀਤਾ। ਦਲ ਖਾਲਸਾ ਦਾ ਕਹਿਣਾ ਹੈ ਕਿ ਐਡਵੋਕੇਟ ਈਸ਼ਰ ਸਿੰਘ ਦੀ ਅਗਵਾਈ ਵਾਲੀ ਕਮੇਟੀ ਵਲੋਂ ਤਿਆਰ ਕੀਤੀ ਗਈ ਜਾਂਚ ਰਿਪੋਰਟ ਵਿਚ ਇਹ ਜ਼ਿਕਰ ਨਹੀਂ ਕੀਤਾ ਗਿਆ ਹੈ ਕਿ ਲਾਪਤਾ ਹੋਏ ਜਾਂ ਕੀਤੇ ਗਏ 328 ਪਾਵਨ ਸਰੂਪ ਕਿੱਥੇ ਹਨ ਤੇ ਇਸ ਲਈ ਕੌਣ ਜ਼ਿੰਮੇਵਾਰ ਹੈ ਤੇ ਨਾ ਹੀ ਇਸ ਮਾਮਲੇ ਪ੍ਰਤੀ ਆਪਣੇ ਕਾਰਜਕਾਲ ਦੌਰਾਨ ਅੱਖਾਂ ਮੀਟੀ ਰੱਖਣ ਵਾਲੇ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਤੇ ਮੌਜੂਦਾ ਪ੍ਰਧਾਨਾਂ ਤੇ ਹੋਰਨਾਂ ਅਹੁਦੇਦਾਰਾਂ ਲਈ ਕਿਸੇ ਤਰਾਂ ਦੀ ਸਜ਼ਾ ਦਾ ਜ਼ਿਕਰ ਕੀਤਾ ਗਿਆ ਹੈ। ਇਹ ਜਾਂਚ ਰਿਪੋਰਟ ਅਨੁਸਾਰ ਜਾਂਚ ਕੇਵਲ ਅਧਿਕਾਰੀਆਂ ਤੇ ਕਰਮਚਾਰੀਆਂ ਤੱਕ ਹੀ ਸੀਮਤ ਕੀਤੀ ਗਈ ਹੈ। ਹਵਾਰਾ ਕਮੇਟੀ ਦੇ ਬੁਲਾਰੇ ਪ੍ਰੋ. ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ ਆਦਿ ਨੇ ਅੰਤ੍ਰਿੰਗ ਕਮੇਟੀ ਦੀ ਕਾਰਵਾਈ ਨੂੰ ਅਧੂਰਾ ਆਖਦਿਆਂ ਸੁਆਲ ਕੀਤਾ ਕਿ ਸਿਆਸੀ ਗੁਨਾਹਗਾਰਾਂ ਅਤੇ ਕਮੇਟੀ ਪ੍ਰਬੰਧਕਾਂ ਨੂੰ ਜਾਂਚ ਦੇ ਘੇਰੇ ਤੋਂ ਬਾਹਰ ਕਿਉਂ ਰੱਖਿਆ ਗਿਆ। ਉਨਾਂ ਦੋਸ਼ ਲਾਇਆ ਕਿ ਜਾਂਚ ਰਿਪੋਰਟ ਸਿਆਸਤ ਤੋਂ ਪ੍ਰੇਰਿਤ ਹੈ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਆਖਿਆ ਕਿ ਕਿਸੇ ਅਦਾਰੇ ਜਾਂ ਸੰਸਥਾ ਵਿਚ ਜਦੋਂ ਅਜਿਹਾ ਕੋਈ ਘਪਲਾ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਸੰਸਥਾ ਦੇ ਮੁਖੀ ਤੇ ਹੋਰ ਅਹਿਮ ਅਹੁਦੇਦਾਰਾਂ ਦੀ ਵੀ ਹੁੰਦੀ ਹੈ ਪਰ ਇਸ ਮਾਮਲੇ ਵਿਚ ਪ੍ਰਧਾਨਾਂ ਅਤੇ ਜਨਰਲ ਸਕੱਤਰਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਮਾਮਲੇ ਵਿਚ ਪ੍ਰਧਾਨ ਅਤੇ ਜਨਰਲ ਸਕੱਤਰ ਦੋਵਾਂ ਨੂੰ ਨੈਤਿਕ ਆਧਾਰ 'ਤੇ ਅਸਤੀਫਾ ਦੇਣਾ ਚਾਹੀਦਾ ਹੈ।

## ਮਨੁੱਖੀ ਰਿਸ਼ਤਿਆਂ ਦਾ ਤਾਣਾ...

ਮੈਨੂੰ ਇਸ ਤਰਕ 'ਤੇ ਹੈਰਾਨੀ ਹੋਈ, "ਮੈਂ ਬਾਪੂ ਨਾਲ ਧੋਖਾ ਕਰਕੇ ਇਸ ਘਟੀਆ ਤਰੀਕੇ ਨਾਲ ਜ਼ਮੀਨ ਹਥਿਆਉਣ ਦੇ ਕਦੀ ਵੀ ਹੱਕ ਵਿੱਚ ਨਹੀਂ ਸਾਂ। ਜੇ ਇਸਤਰਾਂ ਹੀ ਕਰਨਾ ਹੁੰਦਾ ਤਾਂ ਮੇਰਾ ਪਿਓ ਨਾ ਕਰ ਲੈਂਦਾ! ਪਰ ਇਸਦਾ ਮਤਲਬ ਇਹ ਤਾਂ ਨਹੀਂ ਕਿ ਮੈਂ ਉਹਨਾਂ ਨੂੰ ਇਹੋ ਧੋਖਾ ਅਤੇ ਧੱਕਾ ਬਾਪੂ ਅਤੇ ਆਪਣੇ ਨਾਲ ਕਰਨ ਦਿਆਂ! ਇਹ ਬਾਪੂ ਦੀ ਮਰਜ਼ੀ ਹੈ ਕਿਸੇ ਨੂੰ ਆਪਣੀ ਮਰਜ਼ੀ ਨਾਲ ਜ਼ਮੀਨ ਦੇਵੇ ਜਾਂ ਨਾ ਦੇਵੇ। ਉਹਨੇ ਕੁੜੀਆਂ ਲਈ ਜ਼ਮੀਨ ਵੇਚ ਵੇਚ ਕੀ ਕੁੱਝ ਕੀਤਾ, ਮੈਂ ਕਦੀ ਇਸਤੇ ਕੋਈ ਇਤਰਾਜ਼ ਕੀਤਾ? ਉਸਦੀ ਜਾਇਦਾਦ ਹੈ ਜਿਵੇਂ ਚਾਹੇ ਵੇਚੇ-ਵਰਤੇ। ਪਰ ਇਹ ਤਾਂ ਸਰਾਸਰ ਬੇਨਿਆਈਂ ਹੈ। ਬਾਪੂ ਨਾਲ ਵੀ ਤੇ ਸਾਡੇ ਨਾਲ ਵੀ।"

ਸਾਰੀ ਗੱਲ ਸੋਚ ਵਿਚਾਰ ਕੇ ਮਾਮਾ ਹਰਦੀਪ ਕਹਿੰਦਾ, "ਆਪਾਂ ਜਾ ਕੇ ਬਾਪੂ ਨੂੰ ਓਥੋਂ ਲੈ ਆਈਏ। ਛਿੰਦੇ ਨੂੰ ਰਲ-ਮਿਲ ਕੇ ਮਨਾ ਲਵਾਂਗੇ ਤੇ ਉਹਨਾਂ ਦੀ ਝੂਠੀ ਵਸੀਅਤ ਬਾਪੂ ਦੇ ਬਿਆਨ ਨਾਲ ਆਪੇ ਰੱਦ ਹੋ ਜਾਣੀ ਹੈ।"

ਸੱਚੀ ਗੱਲ ਹੈ; ਮੈਂ ਤਾਂ ਇਹ ਸਭ ਕੁੱਝ ਸੁਣ ਕੇ ਉਂਜ ਹੀ ਬੌਂਦਲ ਗਿਆ। ਅਚਨਚੇਤੀ ਮੌਕਾ-ਮੇਲ ਕਹੋ ਜਾਂ ਕੁਦਰਤ ਦਾ ਵਿਧੀ ਵਿਧਾਨ, ਓਸੇ ਦਿਨ ਹੀ ਸਾਡੀ ਭੂਆ, ਜਿਹੜੀ ਦੋ-ਚਾਰ ਸਾਲ ਬਾਅਦ ਹੀ ਸਾਡੇ ਕੋਲ ਫੇਰਾ ਮਾਰਦੀ ਸੀ, ਆ ਗਈ। ਉਹ ਆਖਣ ਲੱਗੀ, "ਲੈ ਐਂ ਕਿਵੇਂ ਉਹ ਬਦੋ-ਬਦੀ ਮਾਮੇ ਤੇ ਉਹਦੀ ਜ਼ਮੀਨ 'ਤੇ ਮੱਲ ਮਾਰ ਲੈਣਗੇ! ਮੈਂ ਚੱਲਦੀ ਆਂ ਤੁਹਾਡੇ ਨਾਲ। ਉਹ ਮਾਮੇ ਨੂੰ ਲਿਆਉਣ ਕਿਵੇਂ ਨਾ ਦੇਣਗੇ? ਇਸਤਰਾਂ ਤਾਂ ਮੈਂ ਵੀ ਮਾਮੇ ਦੀ ਜ਼ਮੀਨ ਦੀ ਹੱਕਦਾਰ ਆਂ। ਮੈਂ ਲੜੂੰ ਮੁਕੱਦਮਾ ਉਹਨਾਂ ਨਾਲ ਤੇ ਆਪਣੇ ਹਿੱਸੇ ਆਉਂਦੀ ਜ਼ਮੀਨ ਦਵਾਊਂ ਵਰਿਆਮ ਨੂੰ।"

ਇਸ ਗੁੰਝਲਦਾਰ ਤੇ ਦੁਖਦਾਈ ਸਥਿਤੀ ਵਿੱਚ ਭੂਆ, ਮਾਮਾ, ਬੀਬੀ, ਸੁਰਜੀਤੋ ਤੇ ਉਹਦਾ ਪ੍ਰਾਹੁਣਾ ਅਤੇ ਸਾਡੇ ਗੁਆਂਢ ਹੀ ਸਾਡੇ ਨਾਨਕਿਆਂ 'ਚੋਂ ਵਿਆਹੀ ਮਾਮੇ ਦੀ ਧੀ ਛਿੰਦੋ ਦਾ ਪ੍ਰਾਹੁਣਾ, ਰਜਵੰਤ ਤੇ ਮੈਂ ਕੈਰੋਂਵਾਲ ਚਲੇ ਗਏ। ਕੀ ਵੇਖਦੇ ਹਾਂ ਕਿ ਘਰ ਦੇ ਖੁੱਲੇ ਵਿਹੜੇ ਵਿੱਚ ਬਾਪੂ ਲਗਭਗ ਮਰਨ ਕਿਨਾਰੇ ਪਿਆ ਸੀ। ਉਸਦਾ ਘੋਰੜੂ ਵੱਜ ਰਿਹਾ ਸੀ। ਸਿਰਹਾਣੇ ਮੀਤੋ ਬੈਠੀ ਸੀ। ਲਾਗੇ ਉਹਦਾ ਸਹੁਰਾ ਸਦਾ ਵਾਂਗ ਨੰਗੀ ਕਿਰਪਾਨ ਲੈ ਕੇ ਬੈਠਾ ਹੋਇਆ ਸੀ। ਸ਼ਰੀਕੇ ਦੇ ਹੋਰ ਵੀ ਪੰਜ-ਚਾਰ ਬੰਦੇ ਤੇ ਜ਼ਨਾਨੀਆਂ ਬੈਠੇ ਹੋਏ, ਜਿਵੇਂ ਬਾਪੂ ਦੇ ਆਖ਼ਰੀ ਸਾਹ ਲੈਣ ਦੀ ਉਡੀਕ ਵਿੱਚ ਸਨ। ਬਾਪੂ ਦੀ ਇਹ ਹਾਲਤ ਵੇਖ ਕੇ ਰਜਵੰਤ ਨੇ ਰੋਣਾ ਸ਼ੁਰੂ ਕਰ ਦਿੱਤਾ। ਓਧਰ ਬੀਬੀ ਨੇ ਮੀਤੋ ਕੋਲ ਖਲੋ ਕੇ ਉਹਦੀ ਇਸ ਕਰਤੂਤ ਲਈ ਉਸਨੂੰ ਪਿੱਟਣਾ ਸ਼ੁਰੂ ਕਰ ਦਿੱਤਾ। ਇਸ ਨਾਟਕੀ ਸਥਿਤੀ ਵਿੱਚ ਜਦੋ ਅਸੀਂ ਕਿਹਾ ਕਿ ਅਸੀਂ ਤਾਂ ਬਾਪੂ ਨੂੰ ਲੈਣ ਆਏ ਹਾਂ ਤਾਂ ਮੀਤੋ ਦੇ ਸਹੁਰੇ ਨੇ ਤਲਵਾਰ ਤਾਣ ਲਈ। ਦੂਜੇ ਬੰਦਿਆਂ ਨੇ ਵੀ ਪਤਾ ਨਹੀਂ ਕਿੱਥੋਂ ਬਰਛੀਆਂ ਅਤੇ ਤਲਵਾਰਾਂ ਕੱਢ ਲਈਆਂ ਅਤੇ ਬਾਹਵਾਂ ਉਲਾਰ ਕੇ ਲਲਕਾਰੇ ਮਾਰਨ ਲੱਗੇ। ਉਹ ਪਹਿਲਾਂ ਹੀ ਪੂਰੀ ਤਿਆਰੀ ਨਾਲ ਬੈਠੇ ਸਨ। ਤਲਵਾਰਾਂ, ਬਰਛੀਆਂ ਵੇਖ ਤੇ ਲਲਕਾਰੇ ਸੁਣ ਕੇ ਰਜਵੰਤ ਨੇ ਇਕਦਮ ਮੇਰੇ ਲੱਕ ਨੂੰ ਜੱਫਾ ਮਾਰ ਲਿਆ ਅਤੇ ਮੈਨੂੰ ਜਬਰਦਸਤੀ ਬਾਹਰਲੇ ਦਰਵਾਜ਼ੇ ਵੱਲ ਧੂਹਣਾ ਸ਼ੁਰੂ ਕਰ ਦਿੱਤਾ। ਮੇਰੇ ਨਾਲ ਗਏ ਦੂਜੇ ਸਾਰੇ ਜਣੇ ਵੀ ਓਸੇ ਵੇਲੇ ਘਰੋਂ ਬਾਹਰ ਨਿਕਲ ਆਏ। ਮਾਮੇ ਨੇ ਸੁਰਿੰਦਰ ਨੂੰ ਆਪਣੇ ਨਾਲ ਤੁਰਨ ਲਈ ਕਿਹਾ, ਪਰ ਉਹ ਇਨਕਾਰੀ ਹੋ ਗਿਆ।

ਪਿੰਡੋਂ ਬਾਹਰ ਆ ਕੇ ਭੂਆ ਆਖੀ ਜਾਵੇ, "ਮੱਲੋ! ਇਹ ਤਾਂ ਬਹੁਤੇ ਹੀ ਭੈੜੇ ਬੰਦੇ ਨੇ। ਭਲਾ ਐਂ ਵੀ ਕੋਈ ਕਰਦੈ! ਉਹ ਤਾਂ ਮਾਰਨ ਨੂੰ ਪੈ ਗਏ।" ਮਾਮੇ ਹਰਦੀਪ ਨੇ ਹਾਸੇ ਨਾਲ ਆਖਿਆ, "ਹੋਰ ਬੀਬੀ ਉਹਨਾਂ ਨੇ ਸਾਨੂੰ ਖੰਡ ਪ੍ਰੀਹਣੀ ਸੀ? ਲਾਲਚ ਬੰਦੇ ਦੀਆਂ ਅੱਖਾਂ ਅੰਨੀਆਂ ਕਰ ਦਿੰਦੈ। ਫਿਰ ਉਹਨੂੰ ਕੋਈ ਭੈਣ-ਭਰਾ ਨਹੀਂ ਦਿਸਦਾ।"

ਕੁੱਝ ਇੱਕ ਦੀ ਸਲਾਹ ਸੀ ਕਿ ਅਸੀਂ ਬਾਪੂ ਨੂੰ 'ਕੁਝ ਦੇ ਕੇ ਮਾਰਨ' ਦੇ ਯਤਨ ਕਰਨ ਅਤੇ ਝੂਠੀ ਵਸੀਅਤ ਕਰਵਾਉਣ ਦੀ ਸ਼ਿਕਾਇਤ ਪੁਲਿਸ ਕੋਲ ਦਰਜ ਕਰਵਾ ਦਈਏ। ਮੈਂ ਇਸ ਗੱਲ ਤੋਂ ਇਨਕਾਰ ਕਰ ਦਿੱਤਾ। ਮਾਮੇ ਨੇ ਵੀ ਕਿਹਾ ਕਿ ਅਜੇ ਵੀ ਠਰੰਮਾਂ ਰੱਖੀਏ। ਸਾਰੇ ਰਿਸ਼ਤੇਦਾਰਾਂ ਦੇ ਆਖਣ ਵੇਖਣ ਅਤੇ ਮੀਤੋ ਤੇ ਛਿੰਦੇ 'ਤੇ ਜ਼ੋਰ ਪਾਉਣ 'ਤੇ ਸ਼ਾਇਦ ਕੋਈ ਨਾ ਕੋਈ ਹੱਲ ਨਿਕਲ ਆਵੇ! ਜੇ ਬਾਪੂ ਰਾਜ਼ੀ ਹੋ ਗਿਆ ਤਾਂ ਆਪੇ ਸਭ ਕੁੱਝ ਠੀਕ ਹੋ ਜਾਵੇਗਾ।

ਪਰ ਬਾਪੂ ਨੇ ਰਾਜ਼ੀ ਨਹੀਂ ਸੀ ਹੋਣਾ। ਉਹ ਅਗਲੇ ਦਿਨ ਹੀ ਸਵਾਸ ਤਿਆਗ ਗਿਆ। ਪਿੱਛੋਂ ਹੌਲੀ ਹੌਲੀ ਰਹੱਸ ਖੁੱਲਿਆ। ਅਸਲ ਵਿੱਚ ਇਹ ਬਾਪੂ ਦਾ ਧੀਮੀ ਗਤੀ ਨਾਲ ਕੀਤਾ ਗਿਆ ਕਤਲ ਸੀ। ਰਜਵੰਤ ਦੇ ਚਾਚੇ-ਤਾਏ ਦੇ ਪੁੱਤਾਂ ਦਾ ਝਬਾਲ ਦਾ ਹੀ ਰਹਿਣ ਵਾਲਾ ਇੱਕ ਦੋਸਤ ਕੈਰੋਂਵਾਲ ਨੇੜੇ ਨੂਰਦੀਨ ਦੀ ਸਰਾਂ ਦੇ ਅੱਡੇ 'ਤੇ ਡਾਕਟਰੀ ਦੀ ਦੁਕਾਨ ਕਰਦਾ ਸੀ। ਉਸਨੇ ਕਈ ਸਾਲਾਂ ਬਾਅਦ ਪਤਾ ਲੱਗਣ 'ਤੇ ਦੱਸਿਆ, "ਮੈਨੂੰ ਕੀ ਪਤਾ ਸੀ ਉਹ ਸਾਡੇ ਭੈਣ-ਭਣਵੱਈਏ (ਰਜਵੰਤ ਤੇ ਮੇਰੇ ਨਾਲ) ਨਾਲ ਹੀ ਧੋਖਾ ਕਰ ਰਹੇ ਨੇ! ਮੈਨੂੰ ਤਾਂ ਇਸ ਰਿਸ਼ਤੇ ਦਾ ਇਲਮ ਹੀ ਨਹੀਂ ਸੀ!"

ਹੋਇਆ ਇੰਜ ਕਿ ਰਜਵੰਤ ਵੱਲੋਂ ਉਸ ਦਿਨ ਬਾਪੂ ਨੂੰ ਮਿਲ ਕੇ ਜਾਣ ਉਪਰੰਤ ਹੀ ਉਹਨਾਂ ਨੂੰ ਸਾਰੀ ਗੱਲ ਖੁੜਕ ਗਈ ਸੀ। ਉਹ ਬਾਪੂ ਨੂੰ ਡਾਕਟਰ ਕੋਲੋਂ ਨਸ਼ੇ ਦਾ ਟੀਕਾ ਲਵਾ ਛੱਡਦੇ ਅਤੇ ਖਾਣਾ-ਪੀਣਾ ਉਸਦਾ ਅਸਲੋਂ ਹੀ ਬੰਦ ਕਰ ਦਿੱਤਾ। ਸ਼ੁਰੂ ਵਿੱਚ 'ਡਾਇਰੀਆ' ਹੋਣ ਕਰਕੇ ਉਹਦਾ ਸਰੀਰ ਤਾਂ ਪਹਿਲਾਂ ਹੀ ਬੜਾ ਕਮਜ਼ੋਰ ਹੋ ਗਿਆ ਸੀ ਪਰ ਪਿੱਛੋਂ ਇਸ 'ਨਵੇਂ ਇਲਾਜ' ਨਾਲ ਉਹਨਾਂ ਨੇ ਗਿਣ-ਮਿਥ ਕੇ ਤੇ ਜਾਣ-ਬੁੱਝ ਕੇ ਉਸਨੂੰ ਮਰਨ ਕਿਨਾਰੇ ਲੈ ਆਂਦਾ। ਜੇ ਬਾਪੂ ਸੁਰਤ ਵਿੱਚ ਆਉਂਦਾ ਤੇ ਰਾਜ਼ੀ ਹੋ ਜਾਂਦਾ ਤਾਂ ਉਹਨਾਂ ਦੀ ਸਾਰੀ ਕੀਤੀ-ਕਤਰੀ ਤੇ ਪਾਣੀ ਫਿਰ ਜਾਣਾ ਸੀ। ਭੁੱਖੇ-ਤਿਹਾਏ ਬੇਸੁਰਤ ਬਾਪੂ ਨੂੰ ਵੀ ਆਪਣੇ ਨਾਲ ਵਾਪਰ ਰਹੀ ਹੋਣੀ ਸ਼ਾਇਦ ਉਦੋਂ ਖੁੜਕ ਗਈ ਸੀ ਜਦੋਂ ਅਰਧ-ਸੁਰਤੀ ਦੀ ਹਾਲਤ ਵਿੱਚ ਉਸਦਾ ਅੰਗੂਠਾ ਫੜ ਕੇ ਉਹ ਕਾਗਜ਼ਾਂ 'ਤੇ ਲਾ ਰਹੇ ਸਨ। ਸੁਰਿੰਦਰ ਨੇ ਪਿੱਛੋਂ ਆਪ ਹੀ ਦੱਸਿਆ ਸੀ ਕਿ ਬੜੇ ਜ਼ੋਰ ਨਾਲ ਬਾਪੂ ਤੋਂ ਅੰਗੂਠੇ ਲਵਾਏ! ਜਦੋਂ ਉਹਦਾ ਹੱਥ ਫੜਦੇ ਸਾਂ ਤਾਂ ਉਹ ਬੜੇ ਜ਼ੋਰ ਨਾਲ ਹੱਥ ਪਿੱਛੇ ਨੂੰ ਖਿੱਚਦਾ ਸੀ।

ਇਸਤੋਂ ਬਾਅਦ ਵੀ ਬੜਾ ਲੰਮਾਂ ਬਿਰਤਾਂਤ ਹੈ ਪਰ ਜੇ ਉਸਨੂੰ ਥੋੜੇ ਵਿੱਚ ਸਮੇਟਣਾ ਹੋਵੇ ਤਾਂ ਇਸਤਰਾਂ ਹੈ:

ਬਾਪੂ ਦੀ ਮੌਤ ਤੋਂ ਪਿੱਛੋਂ ਬਾਪੂ ਦੇ ਭਤੀਜਿਆਂ ਨੇ ਗੁਰਮੀਤੋ ਤੇ ਸੁਰਿੰਦਰ ਉੱਤੇ ਝੂਠੀ ਵਸੀਅਤ ਬਨਾਉਣ ਦਾ ਮੁਕੱਦਮਾ ਕਰ ਦਿੱਤਾ। ਭਾਵੇਂ ਬਾਪੂ ਨੇ ਸਾਰੀ ਉਮਰ ਉਹਨਾਂ ਨਾਲ ਕਦੀ ਕੋਈ ਸੰਬੰਧ ਨਹੀਂ ਸੀ ਰੱਖਿਆ। ਉਹਨਾਂ ਘਰੋਂ ਇੱਕ ਡੰਗ ਰੋਟੀ ਤਾਂ ਕੀ ਖਾਣੀ ਸੀ ਚਾਹ ਜਾਂ ਦੁੱਧ ਦਾ ਪਿਆਲਾ ਵੀ ਨਹੀਂ ਸੀ ਪੀਤਾ। ਪਰ ਕਾਨੂੰਨੀ ਤੌਰ ਤੇ ਤਾਂ ਉਹ ਹੀ ਬਾਪੂ ਦੇ ਨੇੜਲੇ ਵਾਰਿਸ ਸਨ। ਕਾਫ਼ੀ ਚਿਰ ਮੁਕੱਦਮਾ ਚੱਲਿਆ। ਇਸ ਦਰਮਿਆਨ ਮਾਮਿਆਂ ਨੇ ਮਿਲ ਕੇ ਸਾਡੇ ਵਿੱਚ ਵੀ 'ਸਮਝੌਤਾ' ਕਰਵਾ ਦਿੱਤਾ ਅਤੇ ਵਸੀਅਤ ਦੀ 'ਕਾਮਯਾਬੀ' ਲਈ ਮੈਨੂੰ ਵੀ ਸਹਾਇਤਾ ਕਰਨ ਲਈ ਕਿਹਾ। ਮੈਂ ਵੀ ਆਪਣਾ ਜ਼ੋਰ ਲਾਇਆ। ਬਾਪੂ ਦੇ ਭਤੀਜਆਂ ਨੂੰ ਵੀ ਦੋ ਕਿੱਲੇ ਦੇਣੇ ਮੰਨ ਕੇ ਉਹਨਾਂ ਦਾ ਆਪਸੀ ਅਦਾਲਤੀ ਸਮਝੌਤਾ ਕਰਵਾ ਦਿੱਤਾ। ਵਸੀਅਤ ਕਾਮਯਾਬ ਹੋਣ ਪਿੱਛੋਂ ਸੁਰਿੰਦਰ ਅਤੇ ਮੀਤੋ ਨੇ ਕੁੱਝ ਜ਼ਮੀਨ ਵਸੀਅਤ 'ਤੇ ਹੋਏ ਖ਼ਰਚੇ ਆਦਿ ਦੇ ਬਹਾਨੇ ਕੱਟ ਲਈ ਅਤੇ ਇੱਕ ਕਿੱਲਾ ਸੁਰਿੰਦਰ ਨੇ ਵੇਚ ਲਿਆ। ਬਾਕੀ ਬਚਦੀ ਜ਼ਮੀਨ ਵਿਚੋਂ ਤੀਜੇ ਹਿੱਸੇ ਦੀ ਜ਼ਮੀਨ ਦੀ ਰਜਿਸਟਰੀ ਮੇਰੇ ਨਾਂ ਕਰਵਾ ਦਿੱਤੀ। ਪਰ ਇਸ ਸਾਰੇ ਸਮੇਂ ਦੌਰਾਨ ਰਿਸ਼ਤਿਆਂ ਦੇ ਖੋਖਲੇਪਨ ਦਾ ਜੋ ਅਹਿਸਾਸ ਮੈਨੂੰ ਹੋਇਆ, ਉਹ ਹੁਣ ਤੱਕ ਬਰਛੀ ਵਾਂਗ ਮੇਰੇ ਕਲੇਜੇ ਵਿੱਚ ਧਸਿਆ ਪਿਆ ਹੈ। ਆਪਣੇ ਉਸ ਭੈਣ-ਭਣਵੱਈਏ ਨਾਲ ਮੇਰੇ ਸੰਬੰਧ ਕਦੀ ਵੀ ਸੁਖਾਵੇਂ ਨਾ ਰਹਿ ਸਕੇ। ਮੈਨੂੰ ਇੱਕ ਵਾਰ ਬੀਬੀ ਦੇ ਬਹੁਤ ਜ਼ੋਰ ਪਾਉਣ 'ਤੇ ਮਜਬੂਰੀ ਵੱਸ ਗੁਰਮੀਤੋ ਦੇ ਮੁੰਡੇ ਦੇ ਜਨਮ ਦਿਨ 'ਤੇ ਰੱਖੇ ਆਖੰਡ-ਪਾਠ ਦੇ ਭੋਗ ਉੱਤੇ ਉਹਦੇ ਘਰ ਜਾਣਾ ਵੀ ਪਿਆ ਤਾਂ ਸਿਰਫ਼ ਬੀਬੀ ਦੇ ਆਖੇ ਸਮਾਜਕ ਫ਼ਰਜ਼ ਸਮਝ ਕੇ ਗਿਆ; ਪਰ ਮੇਰਾ ਓਥੇ ਪਲ ਭਰ ਵੀ ਖਲੋਣ ਅਤੇ ਆਪਣੇ ਭਣਵੱਈਏ ਤੇ ਉਹਦੇ ਕਪਰੀਆਂ ਅੱਖਾਂ ਵਾਲੇ ਪਿਓ ਨਾਲ ਅੱਖ ਮਿਲਾਉਣ ਨੂੰ ਚਿੱਤ ਨਾ ਕੀਤਾ। ਉਹਨਾਂ ਪ੍ਰਤੀ ਮੇਰਾ ਮਨ ਹੀ ਜਿਵੇਂ ਪੱਥਰ ਹੋ ਗਿਆ ਸੀ।

ਗੁਰਮੀਤੋ ਹੁਰਾਂ ਨੇ ਆਪਣੀ ਬਾਪੂ ਵਾਲੀ ਅਤੇ ਕੈਰੋਂਵਾਲ ਵਾਲੀ ਜ਼ਮੀਨ ਵੇਚ ਕੇ ਸਾਡੇ ਖੇਤਾਂ ਤੋਂ ਮੀਲ ਕੁ ਦੂਰ ਬੈਂਕਾ ਪਿੰਡ ਵਿੱਚ ਜ਼ਮੀਨ ਖ਼ਰੀਦ ਲਈ ਤੇ ਆਪਣੀ ਰਿਹਾਇਸ਼ ਏਥੇ ਲੈ ਆਂਦੀ। ਕੁਦਰਤ ਦੀ ਅਜੀਬ ਕਹਾਣੀ ਵੇਖੋ। ਇੱਕ ਦਿਨ ਮੇਰਾ ਭਣਵੱਈਆ ਅਤੇ ਉਹਦਾ ਭਰਾ ਸਕੂਟਰ ਤੇ ਤਰਨਤਾਰਨ ਨੂੰ ਜਾ ਰਹੇ ਸਨ ਕਿ ਉਹਨਾਂ ਦਾ ਐਕਸੀਡੈਂਟ ਹੋ ਗਿਆ ਅਤੇ ਦੋਵੇਂ ਭਰਾ ਥਾਏਂ ਹੀ ਪ੍ਰਾਣ ਤਿਆਗ ਗਏ। ਪਰਿਵਾਰ ਦੇ ਦੋਵੇਂ ਕਮਾਊ ਪੁੱਤ ਤੁਰ ਗਏ ਤੇ ਪਿੱਛੇ ਆਪਣੀਆਂ ਰੋਂਦੀਆਂ ਕੁਰਲਾਂਦੀਆਂ ਵਿਧਵਾਵਾਂ, ਬੱਚਿਆਂ ਅਤੇ ਮਾਪਿਆਂ ਨੂੰ ਛੱਡ ਗਏ। ਮੈਨੂੰ ਜਲੰਧਰ ਖ਼ਬਰ ਪਹੁੰਚੀ ਤਾਂ ਅਸੀਂ ਦੋਵੇਂ ਜੀਅ ਤੁਰਤ ਬੈਂਕੇ ਉਹਨਾਂ ਦੀ ਬਹਿਕ 'ਤੇ ਪੁੱਜੇ। ਪੋਸਟਮਾਰਟਮ ਹੋ ਕੇ ਲਾਸ਼ਾਂ ਹੁਣੇ ਹੀ ਪਹੁੰਚੀਆਂ ਸਨ। ਘਰ ਵਿੱਚ ਕੁਰਲਾਹਟ ਮੱਚਿਆ ਹੋਇਆ ਸੀ। ਮੈਨੂੰ ਵੇਖ ਕੇ ਗੁਰਮੀਤੋ ਮੈਨੂੰ ਚੰਬੜ ਕੇ ਧਾਹੀਂ ਮਾਰਨ ਲੱਗੀ, "ਵੇ ਵੀਰ, ਤੂੰ ਅੱਜ ਹੀ ਮੇਰੇ ਘਰ ਆਉਣਾ ਸੀ! ਵੇ ਮੈਂ ਤਾਂ ਤੈਨੂੰ ਰੋਜ਼ ਉਡੀਕਦੀ ਸਾਂ। ਤੂੰ ਟੀ ਵੀ 'ਤੇ ਮੇਰੇ ਘਰ ਆ ਜਾਂਦਾ ਸੈਂ। ਅਖ਼ਬਾਰਾਂ ਦੀਆਂ ਫੋਟੋਆਂ ਵਿੱਚ ਮੇਰੇ ਘਰ ਆ ਜਾਂਦਾ ਸੈਂ। ਮੈਂ ਲੋਕਾਂ ਨੂੰ ਦੱਸਦੀ ਇਹ ਮੇਰਾ ਵੀਰ ਆਇਐ। ਪਰ ਆਪ ਤੂੰ ਕਦੀ ਨਾ ਆਇਆ। ਵੇ ਵੀਰ ਕੀ ਹੋ ਗਿਆ ਆਪਾਂ ਭੈਣ-ਭਰਾਵਾਂ ਨੂੰ!"

ਭੈਣ ਦੇ ਵਿਰਲੇ ਸੁਣ ਕੇ ਮੇਰਾ ਪੱਥਰ ਹੋਇਆ ਮਨ ਪਿਘਲ ਗਿਆ। ਮੇਰੀ ਭੁੱਬ ਨਿਕਲ ਗਈ ਤੇ ਮੈਂ ਉਸਨੂੰ ਹਿੱਕ ਨਾਲ ਘੁੱਟ ਕੇ ਉੱਚੀ ਉੱਚੀ ਰੋਣ ਲੱਗਾ। ਮੈਨੂੰ ਆਪਣੀ ਬਚਪਨ ਦੀ ਉਹ ਲਾਡਲੀ ਭੈਣ ਚੇਤੇ ਆ ਗਈ ਜਿਹੜੀ ਮੈਨੂੰ ਸਕੂਲੋਂ ਆਏ ਨੂੰ ਅੱਗਲਵਾਂਢੀ ਭੱਜ ਕੇ ਮਿਲਦੀ ਤੇ ਮੇਰੀਆਂ ਲੱਤਾਂ ਨੂੰ ਆਪਣੀਆਂ ਨਿੱਕੀਆਂ ਨਿੱਕੀਆਂ ਬਾਹਵਾਂ ਨਾਲ ਜੱਫੀ ਵਿੱਚ ਘੁੱਟ ਲੈਂਦੀ ਸੀ।

## ਸਿੱਖਾਂ ਦੇ ਕਤਲੇਆਮ ਵਿਚ...

ਨਵੰਬਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਕਾਂਗਰਸ ਵੱਲੋਂ ਸਰਕਾਰੀ ਪ੍ਰਬੰਧ ਦੀ ਮਦਦ ਨਾਲ ਕੀਤੇ ਸਿੱਖ ਕਤਲੇਆਮ ਬਾਰੇ ਵੀ ਪ੍ਰਨਬ ਮੁਖਰਜੀ ਝੂਠ ਬੋਲਦੇ ਰਹੇ ਅਤੇ ਆਪਣੀ ਕਿਤਾਬ ਵਿਚ ਲਿਖਿਆ ਕਿ ਸਿੱਖਾਂ ਦਾ ਕਤਲੇਆਮ "ਕੁੱਝ ਸ਼ਰਾਰਤੀ ਅਨਸਰਾਂ" ਨੇ ਕੀਤਾ ਸੀ। ਇਹਨਾਂ "ਸ਼ਰਾਰਤੀ ਅਨਸਰਾਂ" (ਜੋ ਕਿ ਸਾਰੇ ਉੱਚ ਭਾਰਤੀ ਆਗੂ ਸਨ) ਨੂੰ ਸਜ਼ਾਵਾਂ ਤੋਂ ਬਚਾਉਣ ਲਈ ਕੰਮ ਕਰਦੀਆਂ ਰਹੀਆਂ ਸਾਰੀਆਂ ਸਰਕਾਰਾਂ ਵਿਚ ਪ੍ਰਨਬ ਮੁਖਰਜੀ ਉੱਚ ਅਹੁਦਿਆਂ 'ਤੇ ਬੈਠੇ ਸਨ।

**ਦਿੱਲੀ ਦਾ ਬੰਗਾਲੀ ਆਗੂ**

ਮੁਖਰਜੀ ਦਾ ਪਰਿਵਾਰ ਅਜ਼ਾਦੀ ਤੋਂ ਪਹਿਲੀ ਕਾਂਗਰਸੀ ਧਾਰਾ ਨਾਲ ਸਬੰਧਿਤ ਸੀ। ਮੁਖਰਜੀ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਬੰਗਾਲ ਵਿਚ ਕਾਂਗਰਸ ਤੋਂ ਵੱਖ ਹੋ ਕੇ ਬਣੇ ਧੜੇ ਬੰਗਲਾ ਕਾਂਗਰਸ ਨਾਲ ਕੀਤੀ। ਪਰ ਛੇਤੀ ਹੀ ਪ੍ਰਨਬ ਮੁਖਰਜੀ ਨੂੰ ਇੰਦਰਾ ਗਾਂਧੀ ਨੇ ਪੱਟ ਲਿਆ ਅਤੇ ਉਹ ਫੇਰ ਦਿੱਲੀ ਦਾ ਹੀ ਹੋ ਕੇ ਰਹਿ ਗਿਆ। ਹਲਾਂਕਿ ਪ੍ਰਨਬ ਮੁਖਰਜੀ ਮੂਲ ਬੰਗਾਲੀ ਸੀ ਪਰ ਉਹਨਾਂ ਦਾ ਬੰਗਾਲ ਲਈ ਕੋਈ ਸਿਆਸੀ ਹਾਸਲ ਨਹੀਂ ਰਿਹਾ। ਮੁਖਰਜੀ ਬਾਰੇ ਮੰਨਿਆ ਜਾਂਦਾ ਹੈ ਕਿ ਉਹਨਾਂ ਦਿੱਲੀ ਅਤੇ ਬੰਗਾਲ ਦੇ ਸਿਆਸੀ ਹਿੱਤਾਂ ਦੇ ਟਕਰਾਅ ਵਿਚ ਹਮੇਸ਼ਾ ਦਿੱਲੀ ਨੂੰ ਪਹਿਲ ਦਿੱਤੀ। ਪ੍ਰਨਬ ਮੁਖਰਜੀ ਦਾ ਬੰਗਾਲ ਦੀ ਸਿਆਸਤ ਵਿਚ ਰੋਲ ਮਹਿਜ਼ ਐਨਾ ਸੀ ਕਿ ਜਦੋਂ ਕਾਂਗਰਸ ਨੂੰ ਬੰਗਾਲ ਦੇ ਖੱਬੇਪੱਖੀਆਂ ਦੀ ਜ਼ਰੂਰਤ ਸੀ ਤਾਂ ਬੰਗਾਲੀ ਖੱਬੇਪੱਖੀ ਆਗੂ ਜੋਤੀ ਬਾਸੂ ਨਾਲ ਪ੍ਰਨਬ ਦੀ ਨੇੜਤਾ ਕਰਕੇ ਉਸਨੇ ਖੱਬੇਪੱਖੀਆਂ ਨੂੰ ਕਾਂਗਰਸ ਦੀ ਝੋਲੀ ਪਵਾਉਣ ਵਿਚ ਅਹਿਮ ਭੂਮਿਕਾ ਨਿਭਾਈ।

**ਆਰ.ਐਸ.ਐਸ ਨਾਲ ਨੇੜਤਾ**

ਬੀਤੇ ਕੁੱਝ ਸਾਲਾਂ 'ਚ ਪ੍ਰਨਬ ਮੁਖਰਜੀ ਦੀ ਹਿੰਦੁਸਤਵੀ ਜਥੇਬੰਦੀ ਆਰ.ਐਸ.ਐਸ ਨਾਲ ਨੇੜਤਾ ਵੀ ਜੱਗ ਜਾਹਰ ਹੋ ਗਈ ਗਈ ਸੀ। ਹਿੰਸਕ ਹਿੰਦੁਤਵੀ ਰਾਸ਼ਟਰਵਾਦ ਦੀ ਵਿਚਾਰਧਾਰਾ ਵਾਲੀ ਆਰ.ਐਸ.ਐਸ ਦੇ ਨਾਗਪੁਰ ਸਥਿਤ ਮੁੱਖ ਦਫਤਰ ਵਿਚ 2018 'ਚ ਪ੍ਰਨਬ ਮੁਖਰਜੀ ਖਾਸ ਭਾਸ਼ਣ ਦੇਣ ਗਏ। ਪ੍ਰਨਬ ਮੁਖਰਜੀ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਆਰ.ਐਸ.ਐਸ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਪ੍ਰਨਬ ਮੁਖਰਜੀ ਆਰ.ਐਸ.ਐਸ ਦੇ ਮਾਰਗ ਦਰਸ਼ਕ ਸਨ ਅਤੇ ਉਹਨਾਂ ਦੀ ਮੌਤ ਨਾਲ ਆਰ.ਐਸ.ਐਸ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਲਾਵਾਰਿਸ ਲਾਸ਼ਾਂ ਦਾ ਵਾਰਸ...

**ਸਰਕਾਰੀ ਤਸ਼ੱਦਦ ਦਾ ਸੱਚ ਦੁਨੀਆ ਦੀ ਕਚਹਿਰੀ ਵਿਚ ਰੱਖਿਆ**

ਮਾਰਚ 1995 ਵਿੱਚ ਸ. ਜਸਵੰਤ ਸਿੰਘ ਖਾਲੜਾ ਲਾਵਾਰਸ ਲਾਸ਼ਾਂ ਦੇ ਮਸਲੇ ਬਾਰੇ ਦੁਨੀਆਂ ਦੇ ਲੋਕਾਂ ਨੂੰ ਦੱਸਣ ਲਈ ਚੁੱਪ-ਚਪੀਤੇ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਦੇ ਦੌਰੇ ਉੱਤੇ ਚਲੇ ਗਏ ਜਿੱਥੇ ਉਨਾਂ ਲਾਵਾਰਸ ਲਾਸ਼ਾਂ ਸਬੰਧੀ ਇਕੱਠੇ ਕੀਤੇ ਸਾਰੇ ਵੇਰਵੇ ਤੇ ਸਬੂਤ ਦੁਨੀਆ ਦੇ ਲੋਕਾਂ ਤੇ ਕੈਨੇਡਾ ਦੀ ਸਰਕਾਰ ਤੇ ਪਾਰਲੀਮੈਂਟ ਸਾਹਮਣੇ ਰੱਖ ਦਿੱਤੇ। ਜਦੋਂ ਜਸਵੰਤ ਸਿੰਘ ਨੇ ਦੁਨੀਆ ਪੱਧਰ 'ਤੇ ਕਿਹਾ ਕਿ ਸਾਨੂੰ ਤਾਂ ਪੱਚੀ ਹਜ਼ਾਰ ਦਾ ਹਿਸਾਬ ਚਾਹੀਦਾ ਹੈ ਤਾਂ ਅੱਗੋਂ ਇਹ ਕਹਿ ਕੇ ਧਮਕਾਇਆ ਗਿਆ ਜੇ ਅਸੀਂ ਪੱਚੀ ਹਜ਼ਾਰ ਦਾ ਹਿਸਾਬ ਦੇ ਸਕਦੇ ਹਾਂ ਤਾਂ ਪੱਚੀ ਹਜ਼ਾਰ ਇੱਕ ਦਾ ਹਿਸਾਬ ਵੀ ਦੇ ਸਕਦੇ ਹਾਂ।

**ਜਾਨ ਨੂੰ ਖਤਰਾ ਹੋਣ ਦੇ ਬਾਵਜੂਦ ਪੰਜਾਬ ਪਰਤੇ**

ਹਾਲਾਂਕਿ ਸ. ਜਸਵੰਤ ਸਿੰਘ ਖਾਲੜਾ ਦੀ ਜਾਨ ਨੂੰ ਪੰਜਾਬ ਵਿਚ ਬਹੁਤ ਵੱਡਾ ਖਤਰਾ ਸੀ ਅਤੇ ਉਹਨਾਂ ਨੂੰ ਕੈਨੇਡਾ ਵਿਚ ਸ਼ਰਨ ਵੀ ਮਿਲ ਸਕਦੀ ਸੀ ਪਰ ਉਹਨਾਂ ਪੰਜਾਬ ਪਰਤਣ ਦਾ ਫੈਂਸਲਾ ਕੀਤਾ। 26 ਜੁਲਾਈ 1995 ਨੂੰ ਵਿਦੇਸ਼ੋਂ ਪਰਤ ਆਉਣ ਤੋਂ ਬਾਅਦ ਸ. ਜਸਵੰਤ ਸਿੰਘ ਨੇ ਆਪਣੇ ਕਾਰਜ ਨੂੰ ਹੋਰ ਵੀ ਸ਼ਿੱਦਤ ਨਾਲ ਜਾਰੀ ਰੱਖਿਆ ਤੇ ਉਨਾਂ ਨੂੰ ਧਮਕੀਆਂ ਆਉਣੀਆਂ ਸ਼ੁਰੂ ਹੋ ਗਈਆਂ। ਜਿਆਦਾਤਰ ਉਨਾਂ ਦੇ ਘਰ ਗੁਮਨਾਮ ਫੋਨ ਆਉਂਦੇ ਜਿਸਨੂੰ ਕਰਨ ਵਾਲੇ ਜਸਵੰਤ ਸਿੰਘ ਨੂੰ ਇਸ ਲਾਸ਼ਾ ਵਾਲੇ ਮਸਲੇ ਤੋਂ ਪਿੱਛੇ ਹਟ ਜਾਣ ਲਈ ਕਹਿੰਦੇ। ਸ. ਜਸਵੰਤ ਸਿੰਘ ਖਾਲੜਾ ਦੇ ਧਰਮ ਪਤਨੀ ਬੀਬੀ ਪਰਮਜੀਤ ਕੌਰ ਦੱਸਦੇ ਹਨ ਕਿ ਇੱਕ-ਦੋ ਵਾਰ ਤਾਂ ਖਾਲੜਾ ਸਾਹਿਬ ਨੇ ਸੋਚਿਆ ਕਿ ਘਰ ਦਾ ਫੋਨ ਹੀ ਕਟਵਾ ਦਈਏ ਪਰ ਫੋਨ ਦੀ ਉਨਾਂ ਦਿਨਾਂ ਵਿੱਚ ਬਹੁਤ ਸਖ਼ਤ ਲੋੜ ਸੀ। ਪੁਲਸ ਵਾਲਿਆਂ ਵਿਰੁੱਧ ਕੇਸ ਦਰਜ ਕਰਵਾਉਣ ਵਾਲੇ ਪਰਵਾਰਾਂ ਖਿਲਾਫ ਸਖਤੀ ਹੋਰ ਵਧਣ ਲੱਗੀ ਤਾਂ ਉਨਾਂ (ਸ. ਖਾਲੜਾ ਨੇ) ਆਪਣੇ ਛੋਟੇ ਕਾਰਡ ਛਪਵਾ ਲਏ ਤੇ ਉਹ ਜਿਸ ਪਰਵਾਰ ਦਾ ਕੇਸ ਤਿਆਰ ਕਰਕੇ ਅਦਾਲਤ ਵਿੱਚ ਭੇਜਦੇ ਉਨਾਂ ਨੂੰ ਆਪਣੇ ਕਾਰਡ ਦੇ ਦਿੰਦੇ ਕਿ ਜੇਕਰ ਕਦੇ ਕੋਈ ਤੁਹਾਨੂੰ ਪਰੇਸ਼ਾਨ ਕਰੇ ਤਾਂ ਤੁਸੀਂ ਮੇਰਾ ਕਾਰਡ ਉਸ ਨੂੰ ਦੇ ਕੇ ਮੇਰੇ ਬਾਰੇ ਦੱਸ ਦਿਓ। ਇਸ ਨਾਲ ਕਾਤਲ ਪੁਲਸ ਅਫਸਰ ਹੋਰ ਵੀ ਖਿਝਣ ਲੱਗੇ। ਤਰਨਤਾਰਨ ਦੇ ਇਲਾਕੇ ਵਿੱਚ ਅਨੇਕਾਂ ਸਿੱਖਾਂ ਨੂੰ ਕਤਲ ਕਰਨ ਵਾਲੇ ਐਸ. ਐਸ. ਪੀ ਅਜੀਤ ਸੰਧੂ ਨੂੰ ਰੋਪੜ ਤੋਂ ਮੁੜ ਤਰਨਤਾਰਨ ਲੈ ਆਂਦਾ ਗਿਆ। ਅਜੀਤ ਸੰਧੂ ਖਿਲਾਫ ਇਸ ਸਮੇਂ ਦੌਰਾਨ 40 ਦੇ ਕਰੀਬ ਪਰਵਾਰਾਂ ਵੱਲੋਂ ਮੁਕਦਮੇਂ ਦਰਜ ਕਰਵਾ ਦਿੱਤੇ ਗਏ ਸਨ।

**ਪੁਲਸ ਵੱਲੋਂ ਅਗਵਾ ਕਰਕੇ ਕਤਲ ਕਰ ਦਿੱਤਾ ਗਿਆ**

5 ਸਤੰਬਰ ਨੂੰ ਪੁਲਸ ਨੇ ਸਵੇਰੇ ਪਿੰਡ ਖਾਲੜਾ ਦੇ ਗੁਰਦੁਆਰਾ ਸਾਹਿਬ ਨੂੰ ਵੀ ਘੇਰਾ ਪਾਇਆ ਪਰ ਬਾਅਦ ਵਿੱਚ ਘੇਰਾ ਹਟਾ ਲਿਆ। ਸ. ਜਸਵੰਤ ਸਿੰਘ ਉਸ ਦਿਨ ਸ਼ਾਮ ਨੂੰ ਪੱਟੀ ਵੱਲ ਦੀ ਹੋ ਕੇ ਆਪਣੇ ਕਬੀਰ ਪਾਰਕ ਵਾਲੇ ਘਰ ਆ ਗਏ। ਇੱਧਰ ਕਬੀਰ ਪਾਰਕ ਵਾਲੇ ਪਾਸੇ ਪੁਲਸ ਵੱਲੋਂ ਹਿਲਜੁਲ ਕਾਫੀ ਵਧਾ ਦਿੱਤੀ ਗਈ ਸੀ। ਸਫੈਦ ਕਪੜਿਆਂ ਵਿੱਚ ਪੁਲਿਸ ਤੇ ਸੂਹੀਆ ਏਜੰਸੀਆਂ ਵਾਲੇ ਕਬੀਰ ਪਾਰਕ ਦੇ ਚੱਪੇ-ਚੱਪੇ ਉੱਤੇ ਤਾਇਨਾਤ ਸਨ। ਸ. ਖਾਲੜਾ ਤੇ ਉਨਾਂ ਦੇ ਘਰ ਦੇ ਜੀਆਂ ਦੇ ਆਉਣ-ਜਾਣ 'ਤੇ ਨਜਰ ਰੱਖੀ ਜਾ ਰਹੀ ਸੀ। ਸ. ਖਾਲੜਾ ਨੂੰ ਕਈਆਂ ਨੇ ਸਲਾਹ ਦਿੱਤੀ ਕਿ ਤੁਸੀਂ ਕੁਝ ਦਿਨ ਲੁਕ-ਛਿਪ ਦੇ ਦਿਨ ਕੱਟੀ ਕਰ ਲਵੋ ਤੇ ਮਾਹੌਲ ਕੁਝ 'ਠੀਕ' ਹੋ ਲੈਣ ਦਿਓ ਪਰ ਉਹ ਨੇਕ-ਦਿਲ ਆਪਣੇ ਇਰਾਦੇ 'ਤੇ ਦ੍ਰਿੜ ਸੀ। ਇੰਝ ਲੱਗਦਾ ਹੈ ਕਿ ਇਸ ਸਮੇਂ ਤੱਕ ਸ. ਜਸਵੰਤ ਸਿੰਘ ਖਾਲੜਾ ਨੂੰ ਇਹ ਅਹਿਸਾਸ ਹੋ ਚੁੱਕਾ ਸੀ ਕਿ ਹੁਣ ਸ਼ਹਾਦਤ ਦੀ ਦਾਤ ਹਾਸਲ ਕਰਨ ਦਾ ਸਮਾਂ ਨੇੜੇ ਹੈ। 6 ਸਤੰਬਰ 1995 ਦਾ ਦਿਨ ਸ. ਜਸਵੰਤ ਸਿੰਘ ਖਾਲੜਾ ਤੇ ਪਰਵਾਰ ਲਈ ਆਮ ਵਾਂਗ ਹੀ ਚੜਿਆ। ਮਾਹੌਲ ਬੇਸ਼ੱਕ ਤਣਾਅ ਵਾਲਾ ਸੀ ਪਰ ਉਹ ਆਪਣੇ ਸੁਭਾਅ ਮੁਤਾਬਿਕ ਸਹਿਜ ਵਿੱਚ ਹੀ ਵਿਚਰ ਰਹੇ ਸਨ। ਉਸ ਦਿਨ ਉਹ ਨਿੱਤ ਵਾਂਗ ਸੈਰ ਕਰਨ ਲਈ ਵੀ ਗਏ ਤੇ ਫਿਰ ਅੱਠ ਵਜੇ ਦੇ ਕਰੀਬ ਆਪਣੇ ਕਿਸੇ ਰਿਸ਼ਤੇਦਾਰ ਨੂੰ ਬੱਸੇ ਚੜਾ ਕੇ ਆਏ। ਉਨਾਂ ਘਰ ਦੇ ਬਾਹਰ ਲੱਗੇ ਬੂਟਿਆਂ ਨੂੰ ਬੜੀ ਸਹਿਜਤਾ ਨਾਲ ਪਾਣੀ ਦਿੱਤਾ। ਬੀਬੀ ਪਰਮਜੀਤ ਕੌਰ ਯਾਦ ਕਰਦੇ ਹਨ ਕਿ ਉੱਝ ਉਹ ਬਾਹਰ ਬੂਟਿਆਂ ਨੂੰ ਪਾਣੀ ਦੇਣਾ ਛੱਡ ਕੇ ਇੱਕ ਦਮ ਮੇਰੇ ਕੋਲ ਆਏ ਤੇ ਕਹਿਣ ਲੱਗੇ ਕਿ 'ਤੂੰ ਬੱਚੇ ਤਾਂ ਪੜਾ ਲਵੇਂਗੀ ਨਾ?' ਬੀਬੀ ਨੇ ਸੋਚਿਆ ਕਿ ਜਿਵੇਂ ਆਪਾਂ ਆਮ ਹੀ ਪੁੱਛ ਲਈਦਾ ਹੈ ਇਸੇ ਤਰਾਂ ਪੁੱਛ ਰਹੇ ਹਨ ਤੇ ਜਵਾਬ ਦਿੱਤਾ ਕਿ 'ਹਾਂ! ਅੱਗੇ ਵੀ ਤਾਂ ਮੈਂ ਪੜਾ ਹੀ ਦੇਂਨੀ ਆ' ਤੇ ਇਸ ਬਾਰੇ ਹੋਰ ਕੋਈ ਗੱਲ ਨਾ ਹੋਈ। ਦਸ ਕੁ ਵਜੇ ਦੇ ਕਰੀਬ ਬੀਬੀ ਪਰਮਜੀਤ ਕੌਰ ਯੂਨੀਵਰਸਿਟੀ ਆਪਣੀ ਨੌਕਰੀ ਨੂੰ ਚਲੇ ਗਏ, ਉਸ ਸਮੇਂ ਸ. ਖਾਲੜਾ ਘਰ ਦੇ ਬਾਹਰ ਆਪਣੀ ਕਾਰ ਧੋ ਰਹੇ ਸਨ। ਬੱਸ ਕੁਝ ਪਲਾਂ ਬਾਅਦ ਹੀ ਸ. ਖਲਾੜਾ ਨੂੰ ਚਿੱਟੇ ਦਿਨ ਪੁਲਸ ਵਾਲੇ ਉਨਾਂ ਦੇ ਘਰੋਂ ਚੁੱਕ ਕੇ ਲੈ ਗਏ ਜਿਸ ਤੋਂ ਬਾਅਦ ਉਨਾਂ ਦਾ ਕੁਝ ਪਤਾ ਨਾ ਲੱਗਾ। ਲਵਾਰਿਸ ਲਾਸ਼ਾਂ ਦਾ ਇਹ ਖੋਜੀ ਅਤੇ ਮਨੁੱਖੀ ਹੱਕਾਂ ਦਾ ਅਲੰਬਰਦਾਰ ਜ਼ਾਲਮ ਹਕੂਮਤ ਨੇ ਲਵਾਰਸ ਲਾਸ਼ ਹੀ ਬਣਾ ਦਿੱਤਾ।

**ਦੋਸ਼ੀਆਂ ਨੂੰ ਸਜ਼ਾਵਾਂ**

ਪਰਵਾਰ ਨੇ ਇਸ ਮੁਲਕ ਦੀ ਸਭ ਤੋਂ ਵੱਡੀ ਅਦਾਲਤ ਵਿੱਚ ਜਸਵੰਤ ਸਿੰਘ ਦੇ ਪੁਲਸ ਵੱਲੋਂ ਚੁੱਕੇ ਜਾਣ ਦੀ ਖਬਰ ਕਰ ਦਿੱਤੀ। ਸਵੱਬ ਹੀ ਕਹਿ ਲਵੋ ਕਿ ਇਹ ਕੇਸ ਇੱਕ ਸਿੱਖ ਜੱਜ ਜਸਟਿਸ ਕੁਲਦੀਪ ਸਿੰਘ ਕੋਲ ਚਲਾ ਗਿਆ ਜਿਨਾਂ ਨੂੰ ਕੁਝ ਸਮਾਂ ਪਹਿਲਾਂ ਹੀ ਸ. ਖਾਲੜਾ ਸ੍ਰੀ ਅੰਮ੍ਰਿਤਸਰ ਵਿਖੇ ਮਿਲੇ ਸਨ ਤੇ ਲਾਵਾਰਸ ਲਾਸ਼ਾਂ ਦੇ ਮਸਲੇ ਬਾਰੇ ਜਾਣਕਾਰੀ ਦਿੱਤੀ ਸੀ। ਜਸਟਿਸ ਕੁਲਦੀਪ ਸਿੰਘ ਨੇ ਇਸ ਕੇਸ ਵਿੱਚ ਜੋ ਸੰਭਵ ਸੀ ਕੀਤਾ ਤੇ ਇਹ ਕੇਸ ਸੀ.ਬੀ. ਆਈ (ਭਾਰਤ ਦੀ ਕੇਂਦਰੀ ਜਾਂਚ ਏਜੰਸੀ) ਕੋਲ ਚਲਾ ਗਿਆ। ਪੁਲਸ ਵਾਲਿਆਂ ਨੇ ਇਸ ਕੇਸ ਨੂੰ ਲਮਕਾਉਣ ਦਾ ਹਰ ਹਰਬਾ ਵਰਤਿਆ। ਪਹਿਲਾਂ ਤਾਂ ਪੁਲਸ ਵਾਲਿਆਂ ਨੇ ਹਲਫਨਾਮੇ ਦੇ ਦਿੱਤੇ ਕਿ ਜਸਵੰਤ ਸਿੰਘ ਪੰਜਾਬ ਪੁਲਸ ਨੂੰ ਕਿਸੇ ਕੇਸ ਵਿੱਚ ਲੋੜੀਂਦਾ ਨਹੀਂ ਹੈ। ਫਿਰ ਜਦੋਂ ਪੁਲਸ ਵੱਲੋਂ ਸ. ਖਾਲੜਾ ਨੂੰ ਚੁੱਕੇ ਜਾਣ ਦੇ ਸਬੂਤ ਸਾਹਮਣੇ ਆ ਗਏ ਤੇ ਅਦਾਲਤ ਨੇ ਇਸ ਕੇਸ ਦੀ ਐਫ. ਆਈ. ਆਰ ਦਰਜ ਕਰਨ ਲਈ ਕਹਿ ਦਿੱਤਾ ਤਾਂ ਐਫ. ਆਈ ਆਰ ਵਿੱਚ 'ਪੁਲਸ' ਦਾ ਜਿਕਰ ਹੀ ਨਾ ਕੀਤਾ ਗਿਆ। ਬੀਬੀ ਪਰਮਜੀਤ ਕੌਰ ਖਾਲੜਾ ਤੇ ਸ. ਜਸਵੰਤ ਸਿੰਘ ਖਾਲੜਾ ਦੇ ਸਾਥੀਆਂ ਨੇ ਜਿਸ ਦ੍ਰਿੜਤਾ ਤੇ ਦਲੇਰੀ ਨਾਲ ਉਨਾਂ ਨੂੰ ਲਾਪਤਾ ਕਰਕੇ ਸ਼ਹੀਦ ਕੀਤੇ ਜਾਣ ਦਾ ਕੇਸ ਅਦਾਲਤ ਵਿੱਚ ਲੜਿਆ ਉਹ ਇੱਕ ਵੱਖਰੇ ਹੀ ਸੰਘਰਸ਼ ਦੀ ਕਹਾਣੀ ਹੈ। ਖੈਰ! ਇਸ ਕੇਸ ਵਿੱਚ ਮੁੱਖ ਦੋਸ਼ੀ ਮੰਨੇ ਜਾਂਦੇ ਪੰਜਾਬ ਦੇ ਜਾਲਮ ਪੁਲਸ ਮੁਖੀ ਕੇ. ਪੀ. ਐਸ ਗਿੱਲ ਖਿਲਾਫ ਤਾਂ ਸੀ. ਬੀ. ਆਈ ਨੇ ਮੁਕਦਮਾ ਹੀ ਨਾ ਚਲਾਇਆ (ਇਹ ਕੇਸ ਸੀ. ਬੀ. ਆਈ ਬਨਾਮ ਸਰਕਾਰ ਹੀ ਲੜਿਆ ਗਿਆ ਹੈ) ਤੇ ਦੋ ਦੋਸ਼ੀਆਂ ਅਜੀਤ ਸੰਧੂ (ਜਿਲਾ ਪੁਲਸ ਮੁਖੀ) ਤੇ ਅਸ਼ੋਕ ਕੁਮਾਰ (ਡੀ. ਐਸ. ਪੀ) ਦੀ ਮੁਕਦਮੇਂ ਦੌਰਾਨ ਮੌਤ ਹੋ ਗਈ, ਜਿਨਾਂ ਵਿੱਚੋਂ ਅਜੀਤ ਸੰਧੂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਸ ਨੇ ਰੇਲ ਗਡੀ ਹੇਠਾਂ ਆ ਕੇ ਆਤਮ ਹੱਤਿਆ ਕਰ ਲਈ ਪਰ ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੂੰ ਸਰਕਾਰ ਨੇ ਆਪ ਹੀ ਖਤਮ ਕਰਵਾ ਦਿੱਤਾ ਸੀ, ਕਿਉਂਕਿ ਉਹ ਪੰਜਾਬ ਅੰਦਰ ਸਰਕਾਰੀ ਸ਼ਹਿ ਨਾਲ ਕੀਤੇ ਸਿੱਖਾਂ ਦੇ ਕਤਲੇਆਮ ਬਾਰੇ ਬਹੁਤ ਕੁਝ ਜਾਣਦਾ ਸੀ ਤੇ ਇਸ ਬਾਰੇ ਵੱਡੇ ਭੇਦ ਖੋਲ ਸਕਦਾ ਸੀ। ਇਸ ਬਾਰੇ ਬਹੁਤ ਘੱਟ ਆਸਾਰ ਹਨ ਕਿ ਸੱਚਾਈ ਕਦੇ ਸਾਹਮਣੇ ਆ ਸਕੇਗੀ। ਬਾਕੀ ਮੁਲਜਮਾਂ ਵਿੱਚੋਂ ਰਸ਼ਪਾਲ ਸਿੰਘ (ਐਸ. ਐਚ. ਓ, ਕੰਗ ਚੌਂਕੀ) ਨੂੰ ਹੇਠਲੀ ਅਦਾਲਤ ਨੇ ਬਰੀ ਕਰ ਦਿੱਤਾ ਸੀ ਤੇ ਅਮਰਜੀਤ ਸਿੰਘ (ਏ. ਐਸ. ਆਈ, ਕੰਗ ਚੌਂਕੀ) ਨੂੰ ਹੇਠਲੀ ਅਦਾਲਤ ਨੇ ਉਮਰ ਕੈਦ ਦੀ ਸਜਾ ਸੁਣਾਈ ਸੀ ਪਰ ਵੱਡੀ ਅਦਾਲਤ ਨੇ ਬਰੀ ਕਰ ਦਿੱਤਾ ਹੈ। ਇਨਾਂ ਦੋਹਾਂ ਨੂੰ ਦੋਸ਼ੀ ਕਰਾਰ ਦੇਣ ਤੇ ਕੇ. ਪੀ. ਐਸ ਗਿੱਲ (ਜਿਸਦੀ ਹੁਣ ਮੌਤ ਹੋ ਚੁੱਕੀ ਹੈ) ਵਿਰੁੱਧ ਮੁਕਦਮਾ ਚਲਾਉਣ ਲਈ ਹਾਈ ਕੋਰਟ ਵਿੱਚ ਪਾਈ ਗਈ ਅਪੀਲ ਦਾ ਅਜੇ ਫੈਸਲਾ ਨਹੀਂ ਹੋਇਆ। ਬਾਕੀਆਂ ਵਿੱਚੋਂ ਜਸਪਾਲ ਸਿੰਘ (ਤਤਕਾਲੀ ਡੀ. ਐਸ. ਪੀ ਤਰਨਤਾਰਨ) ਨੂੰ ਉਮਰ ਕੈਦ ਦੀ ਸਜਾ ਹੋਈ ਹੈ ਤੇ ਸਰਿੰਦਰਪਾਲ ਸਿੰਘ (ਐਸ. ਐਚ. ਓ, ਸਰਹਾਲੀ) ਸਤਨਾਮ ਸਿੰਘ (ਐਸ. ਐਚ ਓ, ਝਬਾਲ) ਜਸਬੀਰ ਸਿੰਘ (ਐਸ. ਐਚ. ਓ, ਮਾਣੋਚਾਹਲ) ਤੇ ਪਿਰਥੀਪਾਲ ਸਿੰਘ (ਸਿਪਾਹੀ, ਮਾਣੋਚਾਹਲ) ਨੂੰ ਹੇਠਲੀ ਅਦਾਲਤ ਨੇ ਸੱਤ-ਸੱਤ ਸਾਲ ਦੀ ਕੈਦ ਦੀ ਸਜਾ ਸੁਣਾਈ ਸੀ ਜਿਸ ਨੂੰ ਹਾਈ ਕੋਰਟ ਨੇ ਵਧਾ ਕੇ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਹੈ।

**ਖਾਲੜਾ ਅਜੇ ਵੀ ਜਿਉਂਦਾ ਹੈ!**

ਭਾਵੇਂ ਕਿ ਪੁਲਸ ਨੇ ਮਨੁੱਖੀ ਹੱਕਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੂੰ ਸ਼ਰੀਰਕ ਰੂਪ ਵਿਚ ਕਤਲ ਕਰ ਦਿੱਤਾ ਪਰ ਜਸਵੰਤ ਸਿੰਘ ਖਾਲੜਾ ਦਾ ਨਾਂ ਹਮੇਸ਼ਾ ਲਈ ਮਨੁੱਖੀ ਹੱਕਾਂ ਦੇ ਰਾਖੇ ਵਜੋਂ ਅਮਰ ਹੋ ਗਿਆ ਹੈ। ਉਹਨਾਂ ਨੂੰ ਹਰ ਸਾਲ 5 ਸਤੰਬਰ ਵਾਲੇ ਦਿਨ ਯਾਦ ਕੀਤਾ ਜਾਂਦਾ ਹੈ। ਇਸ ਵਾਰ ਵੀ ਉਹਨਾਂ ਦੀ ਯਾਦ ਵਿਚ ਖਾਲੜਾ ਹਫਤਾ ਮਨਾਇਆ ਜਾ ਰਿਹਾ ਹੈ। ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਵੱਲੋਂ ਇਸ ਸਬੰਧੀ ਕਈ ਪ੍ਰੋਗਰਾਮ ਉਲੀਕੇ ਗਏ ਹਨ ਜਿਵੇਂ ਮਨੁੱਖੀ ਹੱਕਾਂ ਬਾਰੇ ਆਨਲਾਈਨ ਕਲਾ ਦੀਆਂ ਪੇਸ਼ਕਾਰੀਆਂ ਅਤੇ ਮਨੁੱਖੀ ਹੱਕਾਂ ਬਾਰੇ ਵੈਬੀਨਾਰ ਦੇ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਪੰਜਾਬ ਵਿਚ ਵਿਦਿਆਰਥੀ ਜਥੇਬੰਦੀ ਸੱਥ ਵੱਲੋਂ ਪਿੰਡ-ਪਿੰਡ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਰੁੱਖ ਲਾਉਣ ਦਾ ਸੱਦਾ ਦਿੱਤਾ ਗਿਆ ਹੈ। ਜਥੇਬੰਦੀ ਦੇ ਸੇਵਾਦਾਰ ਜੁਝਾਰ ਸਿੰਘ ਨੇ ਦੱਸਿਆ ਕਿ ਉਹਨਾਂ ਦੀ ਕੋਸ਼ਿਸ਼ ਹੈ ਕਿ ਵੱਧ ਤੋਂ ਵੱਧ ਪਿੰਡਾਂ ਵਿਚ ਇਕ ਰੁੱਖ ਵਜੋਂ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦਗਾਰ ਉਸਾਰੀ ਜਾਵੇ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨ ਦੀ ਪ੍ਰੇਰਣਾ ਮਿਲਦੀ ਰਹੇ। ਉਹਨਾਂ ਕਿਹਾ ਕਿ ਪੰਜਾਬ ਅਤੇ ਸਿੱਖਾਂ ਦਾ ਹੱਕੀ ਸੰਘਰਸ਼ ਜਾਰੀ ਹੈ ਅਤੇ ਜਸਵੰਤ ਸਿੰਘ ਖਾਲੜਾ ਉਸ ਸੰਘਰਸ਼ ਦੀ ਇਕ ਵੱਡੀ ਪ੍ਰੇਰਣਾ ਹਨ। ਉਹਨਾਂ ਲੋਕਾਂ ਨੂੰ 6 ਸਤੰਬਰ ਵਾਲੇ ਦਿਨ ਭਾਈ ਖਾਲੜਾ ਦੀ ਯਾਦ ਵਿਚ ਰੁੱਖ ਲਾਉਣ ਦੀ ਅਪੀਲ ਕੀਤੀ।

**ਕੈਨੇਡਾ ਦੇ ਸ਼ਹਿਰਾਂ ਨੇ ਖਾਲੜਾ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ**

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਵੱਲੋਂ ਮਨੁੱਖੀ ਹੱਕਾਂ ਦੀ ਰਾਖੀ ਲਈ ਕੀਤੇ ਕਾਰਜਾਂ ਨੂੰ ਯਾਦ ਕਰਦਿਆਂ ਕੈਨੇਡਾ ਦੇ ਸ਼ਹਿਰ ਬਰੈਂਪਟਨ, ਨਿਊ ਵੈਸਟਮਿਨਸਰ ਅਤੇ ਬਰਨਬੀ ਦੀਆਂ ਸਥਾਨਕ ਸਰਕਾਰਾਂ ਨੇ 6 ਸਤੰਬਰ ਨੂੰ 'ਜਸਵੰਤ ਸਿੰਘ ਖਾਲੜਾ' ਦਿਹਾੜਾ ਐਲਾਨਿਆ ਹੈ।

## ਪੰਜਾਬ ਦੇ 600 ਅਰਬ ਡਾਲਰ...

ਡਰੇਨੇਜ ਬੇਸਿਨ ਵਿਚ ਬਾਰਸ਼ ਦੇ ਇਕੱਠੇ ਹੋਣ, ਬਰਫਬਾਰੀ, ਗੜੇ, ਅਤੇ ਆਸ ਪਾਸ ਦੀਆਂ ਨਦੀਆਂ ਦਾ ਸਾਰਾ ਸਤਹੀ ਪਾਣੀ ਸ਼ਾਮਲ ਹੁੰਦਾ ਹੈ (ਅਤੇ ਨਾਲ ਹੀ ਧਰਤੀ ਦੀ ਸਤਾ ਹੇਠਲਾ ਪਾਣੀ ਵੀ) ਜੋ ਹੇਠਾਂ ਵੱਲ ਨੂੰ ਸਾਂਝੇ ਨਿਕਾਸੀ ਸਰੋਤ (ਦਰਿਆ, ਝੀਲ) ਵੱਲ ਨੂੰ ਚਲਦੇ ਹਨ। ਇਸ ਤਰਾਂ, ਬੇਸਿਨ ਅਤੇ ਘਾਟੀ ਦੋਵਾਂ ਦੀ ਪਰਿਭਾਸ਼ਾ ਦੇ ਤਹਿਤ ਰਾਜਸਥਾਨ ਅਤੇ ਹਰਿਆਣਾ ਦੋਨੋ ਸੂਬੇ ਪੰਜਾਬ ਦੀਆਂ ਤਿੰਨ ਨਦੀਆਂ ਸਤਲੁਜ, ਬਿਆਸ ਅਤੇ ਰਾਵੀ ਦੇ ਬੇਸਿਨ ਤੋਂ ਪਰੇ ਹਨ। ਅਸਲ ਵਿਚ ਹਰਿਆਣਾ ਗੰਗਾ ਯਮੁਨਾ ਬੇਸਿਨ ਵਿਚ ਹੈ ਅਤੇ ਕੁਝ ਹੱਦ ਤਕ ਘੱਗਰ ਬੇਸਿਨ ਵਿਚ ਹੈ ਜੋ ਕਿ ਸਤਲੁਜ ਬੇਸਿਨ ਤੋਂ ਬਿਲਕੁਲ ਵੱਖਰਾ ਹੈ। ਕਿਉਂਕਿ, ਰਾਜਸਥਾਨ ਜਾਂ ਹਰਿਆਣਾ ਤੋਂ ਆਉਣ ਵਾਲੀ ਕੋਈ ਵੀ ਨਦੀ ਜਾਂ ਨਾਲੀ ਪੰਜਾਬ ਦਰਿਆਵਾਂ ਨਾਲ ਸਾਂਝੀ ਨਹੀਂ ਹੁੰਦੀ। ਰਿਪੇਰੀਅਨ ਕਾਨੂੰਨ ਦੇ ਅਧੀਨ ਬੁਨਿਆਦੀ ਸਿਧਾਂਤ ਅਤੇ ਦਲੀਲ ਇਹ ਹੈ ਕਿ ਕਈ ਸਦੀਆਂ ਤੋਂ ਲੈ ਕੇ ਹੁਣ ਤੱਕ ਇਹ ਨਦੀ ਦੇ ਆਸ ਪਾਸ ਦੇ ਵਸਨੀਕ ਹਨ ਜੋ ਨਦੀ ਦੁਆਰਾ ਤਬਾਹੀਆਂ ਅਤੇ ਹੜਾਂ ਨਾਲ ਧਰਤੀ, ਜਾਇਦਾਦ, ਪਸ਼ੂ, ਅਤੇ ਮਨੁੱਖੀ ਜਾਨ ਦਾ ਨੁਕਸਾਨ ਝੱਲ ਰਹੇ ਹਨ, ਇਸ ਕਰਕੇ ਸਿਰਫ ਉਹ ਹੀ ਸਬੰਧਤ ਨਦੀ ਦੇ ਲਾਭ ਜਾਂ ਪਾਣੀ ਦੇ ਅਧਿਕਾਰਾਂ ਦੇ ਹੱਕਦਾਰ ਹਨ। ਇੱਥੇ ਇਹ ਦੱਸਣਾ ਬਣਦਾ ਹੈ ਕਿ 1988 ਦੇ ਹੜਾਂ ਦੌਰਾਨ ਪੰਜਾਬ ਨੂੰ ਕਈ ਮਨੁੱਖੀ ਤੇ ਪਸ਼ੂਆਂ ਦੀਆਂ ਜਾਨਾਂ ਦਾ ਨੁਕਸਾਨ ਝੱਲਣਾ ਪਿਆ, ਇਸ ਤੋਂ ਇਲਾਵਾ ਅਧਿਕਾਰਿਤ ਤੌਰ 'ਤੇ ਇਕ ਅਰਬ ਡਾਲਰ ਤੋਂ ਵੱਧ ਦੀ ਜਾਇਦਾਦ ਦਾ ਨੁਕਸਾਨ ਹੋਇਆ। ਇਹ ਸਮਝਣਾ ਮਹੱਤਵਪੂਰਨ ਹੈ ਕਿ ਰਾਜਸਥਾਨ, ਨਾ ਹੀ ਹਰਿਆਣਾ ਅਤੇ ਨਾ ਹੀ ਦਿੱਲੀ ਨੂੰ ਕਦੇ ਵੀ ਪੰਜਾਬ ਦੇ ਦਰਿਆਵਾਂ ਵਿਚ ਆਏ ਹੜਾਂ ਕਾਰਨ ਇਕ ਪੈਸੇ ਦਾ ਵੀ ਘਾਟਾ ਪਿਆ ਹੈ।

ਬਾਕੀ ਅਗਲੇ ਭਾਗ 'ਚ......

## ਭਾਰਤ ਉੱਤੇ ਚੀਨ ਅਤੇ...

ਚੀਨ ਦੀ ਕਮਿਊਨਿਸਟ ਪਾਰਟੀ ਦੇ ਤਰਜਮਾਨ 'ਗਲੋਬਲ ਟਾਈਮਜ਼' ਨੇ ਮੋਦੀ ਸਰਕਾਰ ਨੂੰ ਬੜੀ ਸਖਤ ਭਾਸ਼ਾ ਵਿਚ ਚੇਤਾਵਨੀ ਦਿਤੀ ਹੈ, "ਅਮਰੀਕਾ ਦੀਆਂ ਇਕਤਰਫਾ ਚਾਲਾਂ ਕਰਕੇ ਹੁਣ ਜਦੋਂ ਕਿ ਚੀਨ-ਅਮਰੀਕਾ ਵਿਚਲੇ ਰਿਸ਼ਤੇ ਲਗਾਤਾਰ ਤਨਾਅ ਭਰਪੂਰ ਹੁੰਦੇ ਜਾ ਰਹੇ ਹਨ ਤਾਂ ਭਾਰਤੀ ਮੌਕਾਪ੍ਰਸਤਾਂ ਨੂੰ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇ ਉਨਾਂ ਨੇ ਚੀਨ ਉਤੇ ਦਬਾਅ ਪਾਉਣ ਲਈ ਇਸ ਟਕਰਾਅ ਨੂੰ ਵਰਤਣ ਦੇ ਯਤਨ ਕੀਤੇ ਤਾਂ ਇਹ ਭਾਰਤ-ਚੀਨ ਦੇ ਆਪਸੀ ਯੁਧਨੀਤਕ ਭਰੋਸੇ ਨੂੰ ਗੰਭੀਰ ਨੁਕਸਾਨ ਪਹੁੰਚਾਏਗਾ। ਜੇ ਭਾਰਤ ਨੇ ਹੋਰ ਦੁਸ਼ਮਣੀ ਭਰੀਆਂ ਚਾਲਾਂ ਚਲੀਆਂ ਤਾਂ ਚੀਨ ਨੂੰ ਇਨਾਂ ਦਾ ਜੁਆਬ ਦੇਣਾ ਪਵੇਗਾ ਅਤੇ ਫਿਰ ਉਸ ਹਾਲਤ ਵਿਚ ਭਾਰਤ ਅਮਰੀਕਾ ਕੋਲੋਂ ਸਹਾਇਤਾ ਮੰਗਣ ਜੋਗਾ ਵੀ ਨਹੀਂ ਰਹੇਗਾ।"

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼...

ਕਵੀ ਕੰਕਣ ਨੇ ਇਸ ਹਾਲਾਤ ਨੂੰ ਇੰਜ ਬਿਆਨ ਕੀਤਾ ਹੈ :

**ਵਜੀਦਾ ਅਤਿ ਪ੍ਰਲੰਨ ਭਯੋ ਲੀਉ ਮਾਰ ਗੋਬਿੰਦ।**

ਦਿੱਲੀ ਧਾਇਉ ਸੀਸ ਲੈ ਖ਼ਸ਼ੀ ਕਰਨ ਨਾਰਿੰਦ।

ਬਾਬਾ ਜੀ ਦਾ ਗੌਰਵਮਈ ਇਤਿਹਾਸ ਪ੍ਰਗਟ ਕਰਦਾ ਹੈ ਕਿ ਉਨ੍ਹਾਂ ਦੀਆਂ ਬੇਮਿਸਾਲ ਕੁਰਬਾਨੀਆਂ ਨਿੱਜੀ ਸੁਆਰਥ ਜਾਂ ਵਿਸ਼ੇਸ਼ ਜਾਤੀ ਲਈ ਨਹੀਂ ਬਲਕਿ ਸਮੁੱਚੀ ਮਨੁੱਖਤਾ ਤੇ ਸਿੱਖ ਕੌਮ ਦੇ ਭਵਿੱਖ ਲਈ ਸਨ। ਅਫ਼ਸੋਸ ਕਿ ਅੱਜ ਬਾਬਾ ਜੀਵਨ ਸਿੰਘ ਜੀ ਦੇ ਮਹਾਨ ਸ਼ਹੀਦੀ ਇਤਿਹਾਸ ਨੂੰ ਜਾਤੀ ਵਿਤਕਰੇ, ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਅਣਗੌਲੇਪਣ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਬਾਬਾ ਜੀ ਦੀਆਂ ਕੁਰਬਾਨੀਆਂ ਦੇ ਬਰਾਬਰ ਦੀ ਕੋਈ ਯਾਦਗਾਰ ਨਹੀਂ ਬਣਾਈ ਗਈ। ਪਿਛਲੀ ਸਰਕਾਰ ਨੇ ਅਨੰਦਪੁਰ ਸਾਹਿਬ ਵਿਖੇ 'ਵਿਰਾਸਤ-ਏ-ਖ਼ਾਲਸਾ ਨੇੜੇ ਇਕ ਯਾਦਗਾਰ ਸ਼ੁਰੂ ਕੀਤੀ ਸੀ, ਜੋ ਅੱਜ ਵੀ ਅਧੂਰੀ ਹੈ। ਬਾਬਾ ਜੀ ਦੇ ਇਤਿਹਾਸਿਕ ਗੁਰਦੁਆਰਿਆਂ, ਰਿਹਾਇਸ਼ੀ ਅਸਥਾਨ ਅਨੰਦਪੁਰ ਸਾਹਿਬ ਤੇ ਸ਼ਹੀਦੀ ਅਸਥਾਨ ਚਮਕੌਰ ਸਾਹਿਬ ਦੀ ਸੰਭਾਲ ਤੇ ਨਿਰਮਾਣ ਪ੍ਰਬੰਧਕਾਂ ਵੱਲੋਂ ਸੰਗਤ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੋਈ ਪਹਿਲਕਦਮੀ ਨਹੀਂ ਕੀਤੀ ਗਈ। ਇਹ ਗੁਰਦੁਆਰੇ ਨਾ ਤਾਂ ਸ਼੍ਰੋਮਣੀ ਕਮੇਟੀ ਦੀ ਇਤਿਹਾਸਕ ਗੁਰਦੁਆਰਾ ਸੂਚੀ 'ਚ ਸ਼ਾਮਿਲ ਹਨ ਤੇ ਨਾ ਹੀ ਚਮਕੌਰ ਦੀ ਜੰਗ ਦੇ ਸ਼ਹੀਦਾਂ ਦੀ ਸੂਚੀ 'ਚ ਬਾਬਾ ਜੀ ਦਾ ਨਾਂ ਸ਼ਾਮਿਲ ਹੈ।

ਸਮਾਜ ਦੇ ਬੁੱਧੀਜੀਵੀਆਂ, ਰਾਜਨੀਤਿਕ ਤੇ ਧਾਰਮਿਕ ਆਗੂਆਂ ਇਹ ਗੱਲਾਂ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਇਸ ਦੇ ਨਾਲ ਹੀ ਬਾਬਾ ਜੀ ਦੀ ਸ਼ਹੀਦੀ ਸਬੰਧੀ ਇਹ ਸੁਨਹਿਰੀ ਲਫ਼ਜ਼ ਵੀ ਯਾਦ ਰੱਖਣੇ ਚਾਹੀਦੇ ਹਨ :

**ਅੰਤ ਅਕੇਲਾ ਗੜ੍ਹੀ ਮੇਂ ਬੰਦੂਕੀ ਪ੍ਰਬੀਨ।**
**ਜੀਵਨ ਸਿੰਘ ਰੰਘਰੇਟੜੋ ਜੋ ਜੁਝ ਗਇਓ ਸੰਗ ਦੀਨ।**

## ਅਲਾਹਾਬਾਦ ਹਾਈ ਕੋਰਟ ਨੇ...

ਬੀਤੀ ਸ਼ਾਮ ਜੇਲ ਤੋਂ ਰਿਹਾਈ ਬਾਅਦ ਕਫੀਲ ਖਾਨ ਨੇ ਕਿਹਾ ਕਿ ਯੂਪੀ ਦੀ ਯੋਗੀ ਅਦਿੱਤਿਆਨਾਥ ਸਰਕਾਰ ਰਾਜ ਧਰਮ ਨਿਭਾਉਣ ਦੀ ਬਜਾਏ ਬਾਲ ਹੱਠ ਕਰ ਰਹੀ ਹੈ ਅਤੇ ਉਸਨੂੰ ਸਰਕਾਰ ਹੋਰ ਕਿਸੇ ਨਵੇਂ ਕੇਸ ਵਿਚ ਫਸਾ ਸਕਦੀ ਹੈ।

## 31 ਅਗਸਤ 1995 ਬੇਅੰਤ...

ਜਿੰਮੇਵਾਰੀ: 31 ਅਗਸਤ 1995 ਨੂੰ ਸ਼ਾਮ 5:10 ਤੇ ਹੋਏ ਬੰਬ ਧਮਾਕੇ ਤੋਂ ਰਾਤ ਤੱਕ ਸਰਕਾਰ ਜਾਂ ਪੁਲਿਸ ਕੋਲ ਕੋਈ ਵੀ ਸੁਰਾਗ ਨਹੀਂ ਸੀ ਕਿ ਕਿਸਨੇ ਇਹ ਬੰਬ ਧਮਾਕਾ ਕੀਤਾ ਜਾਂ ਕਿਵੇ ਹੋਇਆ ਇਹ ਸਭ ਕੁਝ ਅਤੇ ਸ਼ਾਇਦ ਕਈ ਦਿਨ ਤੱਕ ਅਜਿਹਾ ਹੀ ਰਹਿੰਦਾ ਪਰ ਉਸੇ ਰਾਤ ਬੱਬਰ ਖਾਲਸਾ ਵਲੋਂ ਇਸ ਕਤਲ ਕਾਂਡ ਦੀ ਜਿੰਮੇਵਾਰੀ ਅਖਬਾਰਾਂ ਨੂੰ ਪੱਤਰ ਫੈਕਸ ਕਰਕੇ ਲੈ ਲਈ ਗਈ ਤਾਂ ਸਰਕਾਰ/ਪੁਲਸ ਨੂੰ ਕਤਲ ਕਾਂਡ ਦੀ ਕਹਾਣੀ ਘੜ੍ਹਨ ਦਾ ਆਧਾਰ ਮਿਲ ਗਿਆ। ਜੇਕਰ ਕੇਸ ਲੜ੍ਹਣ ਦੇ ਨੁਕਤਾ-ਨਿਗਾਹ ਤੋਂ ਦੇਖਿਆ ਜਾਵੇ ਤਾਂ ਜਿੰਮੇਵਾਰੀ ਲੈਣ ਨਾਲ ਤਾਂ ਸਰਕਾਰ/ਪੁਲਸ ਨੂੰ ਕੁਝ ਸੁਰਾਗ ਮਿਲ ਗਿਆ, ਉਸ ਹਿਸਾਬ ਨਾਲ ਉਹਨਾਂ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਅਤੇ ਜੇਕਰ ਜਿੰਮੇਵਾਰੀ ਨਾ ਲਈ ਜਾਂਦੀ ਤਾਂ ਸਰਕਾਰ/ਪੁਲਸ ਲਈ ਕਤਲ ਦੀ ਸਾਜਿਸ਼ ਦਾ ਆਧਾਰ ਤਿਆਰ ਕਰਨ ਵਿੱਚ ਜਰੂਰ ਔਖ ਹੁੰਦੀ ਅਤੇ ਦੋਸ਼ੀਆਂ ਨੂੰ ਬਚਾਅ ਲਈ ਢੁੱਕਵਾਂ ਸਮਾਂ ਮਿਲ ਜਾਣਾ ਸੀ। ਕੇਸ ਪਹਿਲਾਂ ਹੀ ਮੌਕਾ-ਗਵਾਹੀ ਦਾ ਨਾ ਹੋ ਕੇ ਹਾਲਾਤਾਂ ਦੇ ਸਬੂਤਾਂ ਉਪਰ ਆਧਾਰਤ ਸੀ ਤਾਂ ਜਿੰਮੇਵਾਰੀ ਲੈਣਾ ਆਤਮਘਾਤੀ ਹੀ ਸਿਧ ਹੋਇਆ। ਜਿੰਮੇਵਾਰੀਆਂ ਲੈਣ ਦਾ ਰੁਝਾਨ ਗੁਰੀਲਾ ਯੁੱਧ ਢੰਗ ਦੇ ਅਨੁਕੂਲ ਨਹੀ ਰਿਹਾ ਅਤੇ ਖਾਸ ਕਰ ਇਸ ਕੇਸ ਵਿੱਚ ਜਦੋਂ ਇਹ ਕੰਮ ਕਰਨ ਵਾਲਿਆਂ ਤੇ ਜਿੰਮੇਵਾਰੀ ਲੈਣ ਵਾਲਿਆਂ ਵਿੱਚ ਇਕਸੁਰਤਾ ਨਹੀਂ ਸੀ। ਜਿੰਮੇਵਾਰੀ ਦਾ ਇਕ ਪੱਖ ਹੋਰ ਵੀ ਸੀ ਕਿ ਕਤਲ ਨੂੰ ਇਕਬਾਲ ਕਰਨ ਵਾਲੇ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਆਪਣੇ ਇਕਬਾਲੀਆ ਬਿਆਨ ਉਪਰ ਖਾਲਿਸਤਾਨ ਲਿਬਰੇਸ਼ਨ ਫੋਰਸ ਵਲੋਂ ਜਿੰਮੇਵਾਰੀ ਲਈ ਹੈ ਅਤੇ ਪਹਿਲੇ ਦਿਨ ਜਿੰਮੇਵਾਰੀ ਬੱਬਰ ਖਾਲਸਾ ਵਲੋਂ ਲਈ ਗਈ ਸੀ। ਅਸਲ ਵਿੱਚ ਤਾਂ ਮੁੱਖ ਮੰਤਰੀ ਬੇਅੰਤ ਦੇ ਜੁਲਮਾਂ ਤੋਂ ਤਾਂ ਹਰ ਮਾਈ-ਭਾਈ ਦੁਖੀ ਸੀ ਅਤੇ ਇਹ ਕਾਂਡ ਤਾਂ ਸਮੂਹ ਸਿੱਖਾਂ ਦੀਆਂ ਅਰਦਾਸਾਂ ਤੇ ਜੁਝਾਰੂਆਂ ਦੇ ਸਹਿਯੋਗ ਨਾਲ ਸਿਰੇ ਚੜਿਆ ਸੀ।

ਭਾਈ ਬਲਵੰਤ ਸਿੰਘ ਰਾਜੋਆਣਾ: ਭਾਈ ਬਲਵੰਤ ਸਿੰਘ ਰਾਜੋਆਣਾ ਦੇ ਕੇਸ ਸਬੰਧੀ ਵਿਸਲੇਸ਼ਣ ਕਰਨ ਤੋਂ ਪਹਿਲਾਂ ਮੈ ਇਹ ਗੱਲ ਕਹਿ ਸਕਦਾ ਹਾਂ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਵਰਤਮਾਨ ਹਲਾਤਾਂ ਦੇ ਮੱਦੇਨਜ਼ਰ ਫਾਸੀ ਲਗਾਉਣੀ ਇੰਡੀਆ ਸਰਕਾਰ ਲਈ ਬਹੁਤ ਮੁਸਕਲ ਕਾਰਜ ਹੈ। ਉਹਨਾਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਹੋ ਕੇ ਉਹਨਾਂ ਨੂੰ ਰਿਹਾਈ ਮਿਲਣੀ ਹੈ ਪਰ ਰਿਹਾਈ ਦਾ ਸਮਾਂ ਨਿਸਚਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਮਰ ਕੈਦੀ ਦੀ ਰਿਹਾਈ ਇੱਕ ਸਿਆਸੀ ਫੈਸਲਾ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਵਲੋਂ ਇਕਬਾਲੀਆ ਬਿਆਨ ਕਈ ਵਾਰ ਦਿੱਤਾ ਗਿਆ ਕਿ ਉਸਨੇ ਭਾਈ ਦਿਲਾਵਰ ਸਿੰਘ ਨੂੰ ਬਾਰੂਦੀ ਬੈਲਟ ਬੰਨੀ ਸੀ ਅਤੇ ਜਾਲਮ ਦਾ ਅੰਤ ਕਰਨ ਲਈ ਸ਼ਹਾਦਤ ਵੱਲ ਤੋਰਿਆ ਸੀ ਇਸ ਗੱਲ ਤੋਂ ਉਹ ਕਦੀ ਵੀ ਇਨਕਾਰੀ ਨਹੀਂ ਹੋ ਸਕਦਾ ਸੀ ਅਤੇ ਤਾਂ ਹੀ ਉਸਨੇ ਇਸ ਗੱਲ ਦਾ ਇਕਬਾਲ ਕੀਤਾ ਅਤੇ ਹਮੇਸ਼ਾ ਹੀ ਇਸ ਗੱਲ ਉਪਰ ਖੜ੍ਹਾ ਰਿਹਾ ਪਰ ਭਾਈ ਰਾਜੋਆਣਾ ਦੇ ਬਿਆਨਾਂ ਵਿੱਚ ਇਕ ਵਾਰ ਨਹੀਂ ਕਈ ਵਾਰ ਬਦਲਾਅ ਆਏ ਜਿਵੇਂ ਕਿ ਪਹਿਲਾਂ ਮੈਜਿਸਟ੍ਰੇਟ ਅੱਗੇ ਫੌਜਦਾਰੀ ਜਾਬਤੇ ਦੀ ਧਾਰਾ 164 ਅਧੀਨ ਇਕਬਾਲੀਆ ਬਿਆਨ ਦਰਜ ਕਰਵਾਉਣਾ, ਬਾਅਦ ਵਿੱਚ ਉਹਨਾਂ ਦਰਜ ਬਿਆਨਾਂ ਨੂੰ ਗਲਤ ਦੱਸ ਕੇ ਬਿਆਨਾਂ ਨੂੰ ਖਾਰਜ ਕਰਨ ਦੀ ਦਰਖਾਸਤ ਅਦਾਲਤ ਵਿੱਚ ਦੇਣੀ ਅਤੇ ਬਾਅਦ ਵਿੱਚ ਫਿਰ ਬਿਆਨ ਨੂੰ ਸਹੀ ਦੱਸਣਾ ਅਤੇ ਬਿਆਨ ਖਾਰਜ ਕਰਨ ਦੀ ਦਰਖਾਸਤ ਨੂੰ ਖਾਰਜ ਕਰਨ ਲਈ ਅਦਾਲਤ ਵਿੱਚ ਬਿਆਨ ਦਰਜ ਕਰਵਾਉਣਾ। ਭਾਵੇਂ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦਾ ਇਕਬਾਲੀਆ ਬਿਆਨ ਦਰਜ ਕਰਾਉਣਾ ਪੰਥਕ ਸੋਚ ਮੁਤਾਬਕ ਸਹੀ ਲੱਗਦਾ ਹੈ ਪਰ ਇਹ ਵੀ ਜਿਕਰਯੋਗ ਹੈ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਬਿਆਨ ਨੂੰ ਆਧਾਰ ਬਣਾ ਕੇ ਸੀ.ਬੀ.ਆਈ ਨੇ ਆਪਣਾ ਕੇਸ ਮਜਬੂਤ ਕਰ ਲਿਆ, ਭਾਈ ਬਲਵੰਤ ਸਿੰਘ ਰਾਜੋਆਣਾ ਨੇ ਕਿਹਾ ਕਿ ਉਹਨਾਂ ਦਾ ਭਾਰਤੀ ਸੰਵਿਧਾਨ ਤੇ ਨਿਆਂ ਪਰਬੰਧ ਵਿੱਚ ਕੋਈ ਯਕੀਨ ਨਹੀਂ, ਪੈਂਤੜੇ ਵਜੋਂ ਭਾਵੇਂ ਸੰਘਰਸ਼ਸ਼ੀਲ ਧਿਰਾਂ ਅਜਿਹਾ ਰਾਹ ਅਕਸਰ ਅਪਣਾਉਂਦੀਆਂ ਹਨ ਪਰ ਉਸ ਹਾਲਾਤ ਵਿੱਚ ਚੁੱਪ ਰਹਿਣਾ ਸਭ ਤੋਂ ਭਲੀ ਹੁੰਦੀ ਹੈ ਜਾਂ ਭਾਈ ਦਿਲਾਵਰ ਸਿੰਘ ਵਾਲਾ ਰਾਹ ਜਾਂ ਪਰਬੰਧ ਨੂੰ ਪਰਬੰਧ ਵਿਚਲੇ ਨਿਯਮਾਂ ਰਾਹੀਂ ਹੀ ਮਾਤ ਦੇਣੀ ਪਰ ਅਜਿਹਾ ਕੁਝ ਵੀ ਨਾ ਹੋ ਸਕਿਆ। ਭਾਈ ਰਾਜੋਆਣਾ ਦਾ ਹਰ ਬਿਆਨ ਖਾਲਿਸਤਾਨ ਜਿੰਦਾਬਾਦ ਦੇ ਨਾਹਰਿਆਂ ਨਾਲ ਸ਼ੁਰੂ ਤੇ ਖਤਮ ਹੁੰਦਾ ਸੀ ਅਤੇ ਇਹ ਵੀ ਦਾਅਵੇ ਨਾਲ ਕਿਹਾ ਕਿ ਮੈਂ ਤੇ ਭਾਈ ਦਿਲਾਵਰ ਸਿੰਘ ਹੀ ਇਸ ਕਤਲ ਲਈ ਜਿੰਮੇਵਾਰ ਹਾਂ ਅਤੇ ਬਾਕੀ ਸਭ ਬੇ-ਕਸੂਰ ਹਨ ਪਰ ਕਿਸੇ ਅਦਾਲਤ ਜਾਂ ਪਰਬੰਧ ਨੇ ਉਹਨਾਂ ਦੀ ਇਸ ਗੱਲ ਨੂੰ ਤਵੱਜੋ ਨਹੀਂ ਦਿੱਤੀ ਅਤੇ ਉਹਨਾਂ ਨੂੰ ਉਹਨਾਂ ਦੇ ਇਕਬਾਲੀਆ ਬਿਆਨ ਨੂੰ ਆਧਾਰ ਬਣਾ ਕੇ ਸਜ਼ਾ ਕਰ ਦਿੱਤੀ ਅਤੇ ਸਫਾਈ ਧਿਰ ਵਲੋਂ ਭਾਈ ਦਿਲਾਵਰ ਸਿੰਘ ਮਨੁੱਖੀ ਬੰਬ ਥਿਊਰੀ ਨੂੰ ਨਾ ਮੰਨਣ ਵਿਰੁੱਧ ਝੰਡਾ ਵੀ ਬੁਲੰਦ ਕੀਤਾ ਜਿਸ ਨਾਲ ਸਰਕਾਰੀ ਪੱਖ ਨੂੰ ਬਲ ਮਿਲਿਆ ਅਤੇ ਸਫਾਈ ਧਿਰ ਕਮਜ਼ੋਰ ਹੋਈ। ਮੈਂ ਸਮਝਦਾ ਹਾਂ ਕਿ ਜੇਕਰ ਭਾਈ ਰਾਜੋਆਣਾ ਜਾਂ ਕਿਸੇ ਹੋਰ ਨੇ ਵੀ ਇਕਬਾਲੀਆ ਬਿਆਨ ਦੇਣਾ ਵੀ ਸੀ ਤਾਂ ਉਹ ਵੀ ਸਾਰੇ ਮੁਕੱਦਮੇਵਾਰਾਂ ਦੀ ਸਹਿਮਤੀ ਨਾਲ ਅਤੇ ਇਕ ਪੈਂਤੜੇ ਵਜੋਂ ਹੋਣਾ ਚਾਹੀਦਾ ਸੀ ਅਤੇ ਇਸ ਇਕਬਾਲੀਆ ਬਿਆਨ ਨੂੰ ਕਾਨੂੰਨੀ ਮਾਹਰਾਂ ਵਲੋਂ ਤਿਆਰ ਕੀਤਾ ਜਾਂਦਾ ਤਾਂ ਜੋ ਬਾਕੀ ਕੇਸ ਲੜ੍ਹਣ ਦੇ ਚਾਹਵਾਨਾਂ ਦਾ ਬਚਾਅ ਵੀ ਹੁੰਦਾ ਪਰ ਅਜੋਕੇ ਹਲਾਤਾਂ ਵਿਚ ਭਾਈ ਰਾਜੋਆਣਾ ਦਾ ਇਕਬਾਲੀਆ ਬਿਆਨ ਉਨਾਂ ਨੂੰ ਨਾ ਤਾਂ ਭਾਈ ਦਿਲਾਵਰ ਸਿੰਘ ਕੋਲ ਲਿਜਾ ਸਕਿਆ ਜੋ ਕਿ ਵਾਹਿਗੁਰੂ ਦੇ ਹੁਕਮ ਤੋਂ ਬਿਨਾਂ ਸੰਭਵ ਨਹੀਂ ਅਤੇ ਨਾ ਹੀ ਕਿਸੇ ਮੁਕੱਦਮੇਵਾਰ ਦੀ ਰਿਹਾਈ ਹੋ ਸਕੀ ਜਿਹਾ ਕਿ ਭਾਰਤੀ ਫੌਜ ਮੁਖੀ ਅਰੁਣ ਕੁਮਾਰ ਵੈਦਿਆ ਕਤਲ ਕਾਂਡ ਵਿੱਚ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਇਕਬਾਲ ਕਰਕੇ ਆਪ ਫਾਂਸੀ ਦੇ ਰੱਸੇ ਚੁੰਮ ਕੇ ਸ਼ਹਾਦਤ ਦਾ ਜਾਮ ਵੀ ਪੀਤਾ ਅਤੇ ਨਾਲ ਹੀ ਬਾਕੀ ਮੁਕੱਦਮੇਵਾਰਾਂ ਦਾ ਕੇਸ ਬਰੀ ਵੀ ਹੋ ਗਿਆ। ਭਾਈ ਬਲਵੰਤ ਸਿੰਘ ਰਾਜੋਆਣਾ ਤੋਂ ਇਲਾਵਾ ਭਾਈ ਸਮਸ਼ੇਰ ਸਿੰਘ ਤੇ ਭਾਈ ਜਗਤਾਰ ਸਿੰਘ ਤਾਰਾ ਨੇ ਵੀ ਆਪਣੇ ਇਕਬਾਲੀਆ ਬਿਆਨ ਦਰਜ਼ ਕਰਵਾਏ ਸਨ ਪਰ ਭਾਈ ਸਮਸ਼ੇਰ ਸਿੰਘ ਦੇ ਇਕਬਾਲੀਆ ਬਿਆਨ ਨੂੰ ਹਾਈ ਕੋਰਟ ਨੇ ਆਪਣੇ ਫੈਸਲੇ ਵਿਚ ਮੰਨਣਯੋਗ ਨਹੀਂ ਕਿਹਾ। ਭਾਈ ਜਗਤਾਰ ਸਿੰਘ ਤਾਰਾ ਅਪਣੇ ਇਕਬਾਲੀਆ ਬਿਆਨ ਉਪਰ ਖੜੇ ਰਹੇ ਅਤੇ ਉਸ ਬਿਆਨ ਮੁਤਾਬਕ ਉਹਨਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਕਿਉਂਕਿ ਭਾਈ ਜਗਤਾਰ ਸਿੰਘ ਤਾਰਾ ਦੇ ਕੇਸ ਦਾ ਸੈਸ਼ਨਜ਼ ਕੋਰਟ ਦਾ ਫੈਸਲਾ ਭਾਈ ਰਾਜੋਆਣਾ ਤੇ ਭਾਈ ਹਵਾਰਾ ਦੇ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਤੇ ਵੱਖਰਾ ਆਇਆ ਸੀ ਅਤੇ ਭਾਈ ਜਗਤਾਰ ਸਿੰਘ ਤਾਰਾ ਨੇ ਹਾਈ ਕੋਰਟ ਵਿੱਚ ਅਪੀਲ ਵੀ ਦਾਖਲ ਨਹੀਂ ਕੀਤੀ।

ਭਾਈ ਜਗਤਾਰ ਸਿੰਘ ਹਵਾਰਾ: ਭਾਈ ਜਗਤਾਰ ਸਿੰਘ ਹਵਾਰਾ ਨੂੰ ਸੈਸ਼ਨਜ਼ ਅਦਾਲਤ ਵਲੋਂ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ ਜੋ ਕਿ ਹਾਈ ਕੋਰਟ ਵਲੋਂ ਤੋੜ ਕੇ ਉਮਰ ਕੈਦ ਵਿੱਚ ਬਦਲ ਦਿੱਤੀ ਗਈ ਸੀ ਅਤੇ ਬਾਅਦ ਵਿਚ ਸੀ.ਬੀ.ਆਈ ਵਲੋਂ ਹਾਈਕੋਰਟ ਦੇ ਫੈਸਲੇ ਦੇ ਖਿਲਾਫ ਭਾਰਤੀ ਸੁਪਰੀਮ ਕੋਰਟ ਵਿਚ ਅਪੀਲ ਦਾਖਲ ਕਰਵਾ ਦਿੱਤੀ ਗਈ ਕਿ ਭਾਈ ਹਵਾਰੇ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਜਿਸ ਸਬੰਧੀ ਭਾਈ ਜਗਤਾਰ ਸਿੰਘ ਹਵਾਰੇ ਦੀ ਅਪੀਲ ਵੀ ਸੁਪਰੀਮ ਕੋਰਟ ਵਿਚ ਵਿਚਾਰਧੀਨ ਹੈ। ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਸੀ.ਬੀ. ਆਈ ਦੀ ਅਪੀਲ ਕਦੇ ਨਹੀਂ ਮੰਨੀ ਜਾ ਸਕਦੀ ਕਿਉਂਕਿ ਭਾਈ ਹਵਾਰੇ ਵਲੋਂ ਕਰੀਬਨ 24 ਸਾਲ ਦਾ ਸਮਾਂ ਜੇਲ੍ਹ ਵਿਚ ਬਿਤਾ ਲਿਆ ਹੈ ਅਤੇ ਕੋਈ ਵੀ ਅਦਾਲਤ ਦੋ ਸਜਾਵਾਂ ਨਹੀਂ ਦੇ ਸਕਦੀ ਕਿ ਪਹਿਲਾਂ ਉਮਰ ਕੈਦ ਕਟਾਓ ਤੇ ਬਾਅਦ ਵਿੱਚ ਫਾਂਸੀ ਲਾ ਦਿਓ, ਵੈਸੇ ਵੀ ਵਰਤਮਾਨ ਹਲਾਤਾਂ ਵਿੱਚ ਭਾਈ ਹਵਾਰੇ ਨੂੰ ਫਾਂਸੀ ਦੀ ਸਜ਼ਾ ਸੰਭਵ ਨਹੀਂ ਲਗਦੀ ਪਰ ਪੱਕੀ ਰਿਹਾਈ ਦਾ ਫੈਸਲਾ ਇੱਕ ਸਿਆਸੀ ਫੈਸਲਾ ਹੈ ਅਤੇ ਉਹ ਸਿਆਸੀ ਇੱਛਾ ਸ਼ਕਤੀ ਜਾਂ ਲੋੜ ਮੁਤਾਬਕ ਹੀ ਲਿਆ ਜਾਂਦਾ ਹੈ। ਇਸ ਕੇਸ ਵਿੱਚ ਭਾਈ ਹਵਾਰੇ ਵਲੋਂ ਕੋਈ ਇਕਬਾਲੀਆ ਬਿਆਨ ਨਹੀਂ ਸੀ ਬੱਸ ਇਕ ਇੰਕਸ਼ਾਫ ਸੀ ਜਿਸਦੀ ਕਾਨੂੰਨ ਦੀਆਂ ਨਜ਼ਰਾਂ ਵਿੱਚ ਕੋਈ ਕੀਮਤ ਨਹੀਂ ਅਤੇ ਭਾਈ ਹਵਾਰੇ ਨੂੰ ਇਸ ਕਤਲ ਕੇਸ ਦਾ ਪਾਕਿਸਤਾਨ ਤੇ ਵਿਦੇਸ਼ਾਂ ਵਿੱਚ ਬੈਠੇ ਸਿੱਖ ਆਗੂਆਂ ਦਾ ਇਕ ਮੋਹਰਾ ਤੇ ਮੁਖ ਸੂਤਰਧਾਰ ਕਿਹਾ ਗਿਆ ਅਤੇ ਬੰਬ ਧਮਾਕੇ ਲਈ ਬਾਰੂਦ ਦਾ ਇੰਤਜਾਮ ਕਰਨ, ਬਾਕੀ ਸਹਿਦੋਸ਼ੀਆਂ ਵਿਚ ਤਾਲਮੇਲ ਕਰਨ ਤੇ ਭਾਈ ਜਗਤਾਰ ਸਿੰਘ ਤਾਰੇ ਨਾਲ ਮਿਲ ਕੇ ਧਮਾਕਾ ਸਥਾਨ ਤਕ ਪਹੁੰਚਣ ਲਈ ਐਂਬੈਸਡਰ ਕਾਰ ਦੀ ਕੀਮਤ ਅਦਾ ਕਰਨ ਦਾ ਦੋਸ਼ੀ ਮੰਨਿਆ ਕਿਉਂਕਿ ਬੱਬਰ ਖਾਲਸਾ ਵਲੋਂ ਕਤਲ ਕਾਂਡ ਲਈ ਜਿੰਮੇਵਾਰੀ ਪਹਿਲੇ ਦਿਨ ਹੀ ਲਈ ਜਾ ਚੁੱਕੀ ਸੀ ਇਸ ਲਈ ਬੱਬਰ ਖਾਲਸਾ ਨਾਲ ਸਬੰਧਤ ਦਰਸਾ ਕੇ ਇਕ ਅਜਿਹੇ ਸਖ਼ਸ਼ ਦੀ ਲੋੜ ਸੀ ਜਿਸ ਉੱਤੇ ਉੱਥੇ ਘੜ੍ਹੀ ਗਈ ਸਾਜਿਸ਼ ਨੂੰ ਲਾਗੂ ਕਰਨ ਦੀ ਜਿੰਮੇਵਾਰੀ ਪਾਈ ਜਾ ਸਕੇ ਪਰ ਹਾਈਕੋਰਟ ਦੀ ਜਜਮੈਂਟ ਵਿੱਚ ਇਸ ਗੱਲ ਨੂੰ ਮੰਨਿਆ ਜਾ ਚੁੱਕਾ ਹੈ ਕਿ ਭਾਈ ਹਵਾਰਾ 30 ਅਗਸਤ 1995 ਨੂੰ 2/2:30 ਵਜੇ ਦੁਪਹਿਰ ਤੋਂ ਬਾਅਦ ਅਤੇ 31 ਅਗਸਤ 1995 ਨੂੰ ਚੰਡੀਗੜ੍ਹ ਜਾਂ ਨੇੜੇ-ਤੇੜੇ ਵੀ ਨਹੀਂ ਸੀ ਅਤੇ ਇਸ ਦੇ ਨਾਲ ਹੀ ਹਾਈਕੋਰਟ ਨੇ ਇਹ ਗੱਲ ਵੀ ਮੰਨੀ ਕਿ ਭਾਈ ਹਵਾਰੇ ਸਬੰਧੀ ਸੀ.ਬੀ.ਅਈ ਇਸ ਗੱਲ ਨੂੰ ਸਾਬਤ ਕਰਨ ਵਿੱਚ ਨਾਕਾਮ ਰਹੀ ਹੈ ਕਿ ਭਾਰਤ-ਪਾਕਿ ਸਰਹੱਦ ਅਜਨਾਲੇ ਲਾਗਿਓ ਭਾਈ ਹਵਾਰਾ ਧਮਾਕੇ ਵਿੱਚ ਵਰਤਣ ਲਈ ਬਾਰੂਦ ਲੈ ਕੇ ਆਇਆ ਸੀ। ਐਂਬੈਸਡਰ ਕਾਰ ਖਰੀਦਣ ਵਾਲੀ ਗੱਲ ਵਿੱਚ ਵੀ ਕਾਰ ਦੇ ਮਾਲਕ ਨੇ ਅਦਾਲਤ ਵਿਚ ਭਾਈ ਜਗਤਾਰ ਸਿੰਘ ਤਾਰਾ ਨੂੰ ਹੀ ਪਛਾਣਿਆ ਅਤੇ ਭਾਈ ਹਵਾਰੇ ਨੂੰ ਕਾਰ ਦੇ ਰੁਪਏ ਅਦਾ ਕਰਨ ਵਾਲੇ ਦੇ ਤੌਰ ਤੇ ਪਹਿਚਾਣ ਨਹੀਂ ਕੀਤੀ। ਹਾਈਕੋਰਟ ਨੇ ਜਿੱਥੇ ਇਹਨਾਂ ਗੱਲਾਂ ਨੂੰ ਆਧਾਰ ਬਣਾ ਕੇ ਭਾਈ ਹਵਾਰੇ ਦੀ ਫਾਂਸੀ ਖਤਮ ਕਰ ਦਿੱਤੀ ਪਰ ਨਾਲ ਹੀ ਬੱਬਰ ਖਾਲਸਾ ਨਾਲ ਜੋੜ ਕੇ, ਮਾਸਟਰ ਮਾਈਂਡ ਦਰਸਾ ਕੇ ਉਮਰ ਕੈਦ ਦੀ ਸਜ਼ਾ ਦੇ ਦਿੱਤੀ ਜਿਸਦਾ ਕਾਨੂੰਨਨ ਆਧਾਰ ਘੱਟ ਸਗੋਂ ਸਿਆਸੀ ਆਧਾਰ ਜਿਆਦਾ ਲੱਗਦਾ ਹੈ।

ਇਸ ਕੇਸ ਵਿੱਚ ਨਾਮਜ਼ਦ ਕੀਤੀਆਂ ਗਈਆਂ ਸਖਸੀਅਤਾਂ ਦੀ ਆਪਸ ਵਿੱਚ ਅਤੇ ਸਫਾਈ ਧਿਰ ਨਾਲ ਤਾਲਮੇਲ ਦੀ ਕਮੀ ਨਜ਼ਰ ਆਉਂਦੀ ਹੈ ਜਿਸ ਨਾਲ ਇਸ ਕੇਸ ਵਿਚ ਉਹ ਨਤੀਜੇ ਨਹੀਂ ਆ ਸਕੇ ਜਿਹਨਾਂ ਲਈ ਸਫਾਈ ਧਿਰ ਕੰਮ ਕਰਦੀ ਹੈ। ਅਜਿਹਾ ਵਿਸ਼ਲੇਸ਼ਣ ਅਜਿਹੇ ਮਹੱਤਵਪੂਰਨ ਕੇਸਾਂ ਦਾ ਹੋਣਾ ਬਹੁਤ ਜਰੂਰੀ ਹੈ ਤਾਂ ਜੋ ਸਾਡੀ ਅਗਲੇਰੀ ਪੀੜੀ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਦੇ ਸਨਮੁਖ ਹੋ ਸਕੇ ਅਤੇ ਪੰਥਕ ਭਾਵਨਾਵਾਂ ਤੇ ਸਥਾਪਤ ਅਦਾਲਤੀ ਸਿਸਟਮ ਵਿਚਲੇ ਵਖਰੇਵਿਆਂ ਨੂੰ ਸਮਝ ਸਕੇ। ਇਹ ਵਿਸ਼ਲੇਸ਼ਣ ਸਥਾਪਤ ਨਿਆਂ ਪਰਬੰਧ ਦੀ ਲੋੜ ਤੇ ਪੰਥਕ ਭਾਵਨਾਵਾਂ ਵਿਚ ਵਖਰੇਵਿਆਂ ਕਾਰਨ ਪਈ ਫਿੱਕ ਨੂੰ ਦੂਰ ਕਰਨ ਲਈ ਇੱਕ ਯਤਨ ਮਾਤਰ ਹੈ। ਪਰ

ਵਖਰੇਵੇਂ ਤਾਂ ਹੀ ਖਤਮ ਹੋ ਸਕਦੇ ਹਨ ਜਦ ਵਖਰੇਵਿਆਂ ਦੇ ਕਾਰਨਾਂ ਨੂੰ ਗੁਰੂ ਖਾਲਸਾ ਪੰਥ ਭਵਿੱਖ ਸੰਵਾਰਨ ਦੀ ਮਨਸ਼ਾ ਨਾਲ ਵਿਚਾਰੇ।

ਹੁਣ ਸਮਾਂ ਬਹੁਤ ਹੋ ਚੁੱਕਾ ਹੈ ਅਤੇ ਇਕ ਨਵੇਂ ਸਮੇਂ ਦਾ ਪੜਾਅ ਆਰੰਭ ਹੋ ਚੁੱਕਾ ਹੈ। ਅਗਲੇਰੇ ਰਾਹ ਖੋਲਣ ਲਈ ਪਿਛਲੇਰੇ ਦਾ ਵਿਸ਼ਲੇਸ਼ਣ ਜਰੂਰੀ ਹੈ।ਪੰਥ ਦੇ ਵਡੇਰੇ ਹਿੱਤਾਂ ਲਈ ਮਿਲ-ਬੈਠ ਕੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਹੁਣ ਨਵੀਂ ਪੀੜੀ ਗੱਭਰੂ ਹੋ ਚੁੱਕੀ ਹੈ ਅਤੇ ਪਿਛਲੀਆਂ ਸੁਭਾਵਕ ਹੋਈਆਂ ਊਣਤਾਈਆਂ ਉਪਰ ਸਵਾਲ ਵੀ ਚੁੱਕ ਰਹੀ ਹੈ ਪਰ ਪੁਰਾਣਿਆਂ ਦਾ ਫਰਜ਼ ਹੈ ਕਿ ਨਵਿਆਂ ਦੇ ਹੱਥ ਆਪਣੇ ਤਜਰਬਿਆਂ ਦਾ ਖਜਾਨਾ ਸੌਂਪ ਦੇਣ ਤਾਂ ਜੋ ਅਗਲੇਰੇ ਰਾਹ ਖੋਲ ਕੇ ਮੰਜਲੇ ਮਕਸੂਦ ਦੀ ਪਰਾਪਤੀ ਕੀਤੀ ਜਾ ਸਕੇ।



# jus HINDI HD

## DAILY LIVE CALL IN SHOWS







## CALL NOW FOR SPECIAL ADVERTISEMENT RATES







America's Premiere Indian Television Channel

WATCH jus HINDI HD CHANNEL 725 ON

dish | sling TELEVISION

CALL TO ADVERTISE +1-718-752-9293 | CALL TO SUBSCRIBE +1-800-246-6242

www.jusbroadcasting.com


TRANS-ALLIANCE
cost plus
30 to 80
cents discount
at
TA Petro fuel station
TRANS-ALLIANCE TOGETHER WE SAVE
4201 3247 5388 5103
VALID FROM 01/12
GOOD THRU 31/15
CARDHOLDER NAME
EFS
TA TravelCenters of America
PETRO Stopping Centers
We also offer Line of Credit for Fuel Card
Additional Services with our Fuel Card
✓ National Tire Program ✓ PM & Light Mechanical
✓ 24 Hour Dedicated Repair Service
TRANS-ALLIANCE TOGETHER WE SAVE
ਪੰਜਾਬੀ ਵਿਚ ਜਾਣਕਾਰੀ ਲਈ
1.855.641.6955
1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com